# ਵਰਿਆਮ



Namdhari Elibrary

Namdhari Elibrary NamdhariElibrary@gmail.com



ਇਹ ਹੈ ਸੋਮਾ ਪਿਆਰਾਂ ਦਾ

ਖਿਮਾ, ਸ਼ੀਲਤਾ, ਸਚ, ਸੁਚ, ਸੰਜਮ,
ਘੇਰਾ ਇਦ੍ਹੋਂ ਦੀਦਾਰਾਂ ਦਾ

ਤਪਤ ਬੁਝੇ ਤਨ ਮਨ ਤੇ ਧਨ ਦੀ
ਪਾ ਝਲਕਾ ਇਕ ਵਾਰਾਂ ਦਾ

ਦੁਖ ਭੁਲਦੇ, ਸੁਖ ਸਹਿਜ ਉਪਜਦੇ
ਰਸ ਮਿਲਦਾ ਛਣਕਾਰਾਂ ਦਾ

ਸੂਖਮ, ਕੋਮਲ, ਸਦਾ ਸੁਗੰਧਤ
ਮਹਿਰਮ ਦਿਲ ਦੀਆਂ ਤਾਰਾਂ ਦਾ

ਮਾਨੁੱਖਤਾ ਦੇ ਬੂਟੇ ਉਤੇ
ਮਹਿਕਿਆ ਪੁਸ਼ਪ ਬਹਾਰਾਂ ਦਾ

ਪ੍ਰੀਤਮ ਸਿੰਘ ਕਵੀ

ਵਰਿਆਮ

Namdhari Elibrary NamdhariElibrary@gmail.com

Namdhari Elibrary NamdhariElibrary@gmail.com

ਕ ਵਰਿਆਮ ਵਿਸ਼ੇਸ਼ ਅੰਕ 1978

ਲਦ ਨੰ: 3 ਅੰਕ ਨੰ: 2—3—4

ਦਸੰਬਰ—ਜਨਵਰੀ—ਫਰਵਰੀ

**ਵਰਿਆਮ ਸਕੂਲਾਂ ਕਾਲਜਾਂ ਲਈ ਪਰਵਾਨ**

'ਵਰਿਆਮ' ਨਿਰਦੇਸ਼ਕ ਸਿਖਿਆ ਵਿਭਾਗ ਪੰਜਾਬ, ਚੰਡੀਗੜ੍ਹ ਦੇ ਪਤਰ ਨੰਬਰ 3/1-77-ਐਡੀਟਰਜ, ਮਿਤੀ 2-3-77 ਰਾਹੀਂ ਪੰਜਾਬ ਭਰ ਦੇ ਸਕੂਲਾਂ ਕਾਲਜਾਂ ਤੇ ਲਾਇਬਰੇਰੀਆਂ ਲਈ ਪ੍ਰਵਾਨ ਹੈ।

ਵਰਿਆਮ ਵਿਚ ਛਪੇ ਲੇਖਕਾਂ ਦੇ ਵਿਚਾਰਾਂ ਨਾਲ ਐਡੀਟਰ ਵਰਿਆਮ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ

ਮੁੱਖ ਸੰਪਾਦਕ : ਜਗਦੀਸ਼ ਸਿੰਘ

ਫ਼ ਪ੍ਰਤੀ ਕਾਪੀ : ਪੰਜਰੁਪਿਆਏ ਪੰਜ ਰੁਪਏ
ਨਾ ਚੰਦਾ ਦੇਸ : 12 ਰੁਪਏ
,, ਵਿਦੇਸ਼ : 30 ਰੁਪਏ (ਸਮੁੰਦਰੀ ਡਾਕ ਰਾਹੀਂ)
,, ਵਿਦੇਸ਼ : 100 ਰੁਪਏ (ਹਵਾਈ ਡਾਕ ਰਾਹੀਂ)
ਤ ਮੈਂਬਰਸ਼ਿਪ : 200 ਰੁਪਏ

ਨੋਟ :—ਸੁਮੇਰ ਜੀ ਅਤੇ ਮਾਸਟਰ ਨਿਹਾਲ ਸਿੰਘ ਜੀ ਦੇ ਲੇਖਾਂ ਨਾਲ ਸੰਪਾਦਕੀ ਨੋਟ ਛਪਣੋਂ ਰਹਿ ਗਏ ਹਨ ਉਹਨਾਂ ਪਾਸੋਂ ਸਾਦਰ ਖਿਮਾ ਚਾਹੁੰਦੇ ਹਾਂ।

ਪਰੂਫਾਂ ਦੀ ਹੋਰ ਗਲਤੀਆਂ ਤੋਂ ਇਲਾਵਾ ਸਫਾ 29 ਤੇ ਆਨੰਦ ਜੀ ਦੇ ਲੇਖ ਦੇ ਹੈਡਿੰਗ ਵਿਚ ਨਿਗਰ ਦੀ ਥਾਂ ਨਿਘਰ ਛਪ ਗਿਆ ਹੈ—ਪਾਠਕ ਆਪ ਹੀ ਸੋਧ ਲੈਣ :

ਾ ਦਾ ਪਤਾ : Office Address :
ਾ ਵਰਿਆਮ, Monthly WARIAM
ਾਲੀ ਰੋਡ (Punjabi)
ਧ—144001. Ladowali Road
72504 ਪੀ. ਪੀ. Jullundur-144001
Phone : 72504 P.P.



Namdhari Elibrary NamdhariElibrary@gmail.com

## ਇਸ ਅੰਕ ਵਿਚ


ਗੁਰ ਸਮ ਨ ਤੀਰਥ ਨਹੀ ਕੋਈ (ਕਵਿਤਾ)
ਸੁਰਜੀਤ ਰਾਮ ਪੁਰੀ 1.

ਸੰਪਾਦਕੀ 2.

ਸਿਮਰਨ (ਰੁਬਾਈਆਂ) ਪ੍ਰੀਤਮ ਸਿੰਘ ਕਵੀ 3.

ਸੰਘਰਸ਼ ਮਈ ਜੀਵਨ ਜਗਦੀਸ਼ ਸਿੰਘ 4.

ਮਹਿਰਮ ਬਾਝੋਂ (ਕਵਿਤਾ) ਕੁਲਵੰਤ ਜਗਰਾਓਂ 8.

ਤੂੰ ਮਿਲ ਜਾਵੇਂ (ਕਵਿਤਾ) ਸੁਰਿੰਦਰ ਸਾਗਰ 9.

ਗੀਤ ਸੁਰਿੰਦਰ ਸਾਗਰ 9.

ਸਤਿਗੁਰੂ ਜਗਜੀਤ ਸਿੰਘ : ਇਕ ਪਰਿਵਰਤਨ
ਪ੍ਰੀਤਮ ਸਿੰਘ ਕਵੀ 10

ਨਾਮ ਖੁਮਾਰੀ (ਕਵਿਤਾ) ਜਸਵੰਤ ਸਿੰਘ ਰਾਹੀ 16

ਸੇਵਕ ਕਉ ਗੁਰ ਸਦਾ ਦਇਆਲ
ਪ੍ਰੋ: ਕਿਰਪਾਲ ਸਿੰਘ ਕਸੇਲ 17.

ਯਥਾਰਥਕ ਪ੍ਰਭਾਵ ਡਾ: ਤਾਰਨ ਸਿੰਘ 20.

ਗ਼ਜ਼ਲ ਕਰਤਾਰ ਸਿੰਘ ਪੰਛੀ 22.

ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੇ
ਅੰਤਰ ਰਾਸ਼ਟਰੀ ਸਬੰਧ ਸਵਰਨ ਸਿੰਘ ਸਨੇਹੀ 23.

ਸੰਸਾਰ ਅਮਨ ਲਈ ਨਿਗਰ ਸਹਿਯੋਗ
ਜਗਜੀਤ ਸਿੰਘ ਅਨੰਦ 29.

ਦਸਤਾਰ ਬੰਦੀ ਸਮਾਗਮ ਪ੍ਰੀਤਮ ਸਿੰਘ ਕਵੀ 33.

ਸਤਿਗੁਰੂ ਜੀ ਕਲਾਕਾਰ ਦੀ ਨਜ਼ਰ ਵਿਚ
ਉਸਤਾਦ ਅਮਜਦ ਅਲੀ 45.

ਕੀਲ ਲੈਣ ਵਾਲੀ ਮੁਸਕਰਾਹਟ : ਪ੍ਰੀਤਮ ਸਿੰਘ ਪੰਛੀ 47.

ਜ਼ਰਾ ਲੜ ਕੇ ਤੇ ਵੇਖੋ ਅਮਰ ਭਾਰਤੀ 49.

ਬਾਲ ਗੋਵਿੰਦ : ਰਾਜਿੰਦਰ ਸਿੰਘ ਗੁਰੂ ਸਰ 52.

ਸ੍ਰੀ ਭੈਣੀ ਸਾਹਿਬ 'ਚ ਕੁਝ ਪਲ : ਈਸ਼ਰ ਸਿੰਘ ਅਟਾਰੀ 54.

ਨਾਮਧਾਰੀ ਸੰਪਰਦਾਇ ਦੇ ਆਗੂ
ਸ਼ਮਸ਼ੇਰ ਸਿੰਘ ਅਸ਼ੋਕ 59.

ਇਕ ਤੀਰਥ ਦੀ ਸੰਖੇਪ ਜਾਣਕਾਰੀ : ਡਾ; ਗੌਰੀ ਸ਼ੰਕਰ 59.

ਨਿਕੀਆਂ ਗਲਾਂ ਵਡੇ ਮਹੱਤਵ : ਕਰਤਾਰ ਸਿੰਘ ਪੰਛੀ 62.

ਅਨੂਪਮ ਘੜੀਆਂ ਸੁਮੇਰ 65

ਬਹੁਗੁਣੀ ਨੇਤਾ ਡਾ ਗੋਰਡਨ ਲਾਟੇ 67

ਨਾਮਧਾਰੀ ਤੇ ਖੇਡਾਂ 69

ਛੋਟਾ ਮੂੰਹ ਵੱਡੀ ਗਲ ਕ੍ਰਿਸ਼ਨ ਭਾਰਦਵਾਜ 71

ਗਰੀਬ ਨਿਵਾਜ (ਕਹਾਣੀ) ਮਾਸਟਰ ਨਿਹਾਲ ਸਿੰਘ 72

ਨਿਮਰਤਾ ਦੀ ਤਿਓੜੀ ਉਰਮਿਲਾ ਅਨੰਦ 74

ਤੇਰੇ ਬੋਲਾਂ ਦੀ ਖੁਸ਼ਬੋਈ ਕਲਦੀਪ ਸਿੰਘ ਮੀਲੂ 76

ਸਿਮਰਨ (ਪੁਸਤਕ ਚਰਚਾ) ਸੁਰਜੀਤ ਖੁਰਸ਼ੀਦੀ 77

ਸਾਡਾ ਪਹਿਰੇਦਾਰ (ਕਹਾਣੀ) ਬੂਟਾ ਸਿੰਘ 81

ਤੇਰੇ ਨੈਨੋ ਅਮ੍ਰਿਤ (ਕਵਿਤਾ) ਬਲਬੀਰ ਸਿੰਘ ਢਿਲੋਂ 85

ਸਾਨੂੰ ਆਪਣੇ ਸਦਾ ਬਣਾਈ ਰਖੋ (ਕਵਿਤਾ)
ਕੇਹਰ ਸਿੰਘ ਹਮਰਾਹੀ 86

ਬਿਅੰਤ ਪ੍ਰਗਤੀਆਂ ਦੇ ਸੁਆਮੀ
ਆਤਮਾ ਸਿੰਘ ਸਨਖਤਰਵੀ 87

ਮੇਰੀ ਪ੍ਰਥਮ ਭੇਂਟ ਜੁਗਿੰਦਰ ਬਾਵਰਾ 90

ਦੋ ਦੇਸ਼ਾਂ, ਦੋ ਧਰਮਾਂ ਦੀ ਮਿਲਣੀ 94

ਗੁਰੂ ਰਾਮ ਸਿੰਘ (ਕਵਿਤਾ) ਵੀਰ ਸਿੰਘ ਸੂਰਾ 96

ਗੁਰਬਖਸ਼ ਸਿੰਘ ਪ੍ਰੀਤ ਲੜੀ ਸਮਾਗਮ ਜਲੰਧਰ 97

ਪੁਸਤਕ ਵਮੋਚਨ ਸਮਾਰੋਹ 98

ਹਿੰਦ-ਰੂਸ ਦੋਸਤੀ ਸਪਲੀਮੈਂਟ 1—4


ਵਰਿਆਮ

Namdhari Elibrary NamdhariElibrary@gmail.com

# ਗੁਰ ਸਮਾਨ ਤੀਰਥ ਨਹੀਂ ਕੋਈ

—ਸੁਰਜੀਤ ਰਾਮਪੁਰੀ



ਗੁਰ ਕਾ ਦਰਸ਼ਨ ਦੇਖ ਕੇ ਜੀਵਾਂ
ਗੁਰ ਕੇ ਚਰਨ ਧੋਇ ਧੋਇ ਪੀਵਾਂ
ਮੇਰੇ ਹਿਰਦੇ ਅੰਦਰੋਂ ਆਵੇ
ਕੰਵਲਾਂ ਦੀ ਖੁਸ਼ਬੋਈ......
ਗੁਰ ਸਮਾਨ.........

ਦੁਨੀਆਂ ਦੇ ਵਿਚ ਘੋਰ ਹਨੇਰਾ
ਸਤਿਗੁਰ ਮੇਰੇ ਚਾਨਣ ਤੇਰਾ
ਇਕੋ ਰਿਸ਼ਮ ਤੂੰ ਬਖਸ਼ ਅਸਾਨੂੰ
ਸੁਣ ਸਾਡੀ ਅਰਜੋਈ......
ਗੁਰ ਸਮਾਨ.........

ਹੰਝੂਆਂ ਦੇ ਸੰਗ ਹਿਰਦਾ ਧੋਵਾਂ
ਜਨਮ ਜਨਮ ਦੀ ਮੈਲ ਨੂੰ ਖੋਵਾਂ
ਮੇਰੀ ਜਿੰਦ ਦੇ ਮਣਕੇ ਨੂੰ
ਧਾਗੇ ਵਿਚ ਪਾਵੇ ਕੋਈ......
ਗੁਰ ਸਮਾਨ.........

"ਏਕਾ ਸੇਜ ਵਿਛੀ ਧਨ ਕੰਤਾ"
"ਧਨ ਸੁੱਤੀ ਪਿਰ ਸਦ ਜਾਗੰਤਾ"
ਹੁਣ ਮੇਰੀ ਨੀਂਦਰ ਤਾਂ
ਜਗਰਾਤੇ ਦੇ ਅਰਪਣ ਹੋਈ
ਗੁਰ ਸਮਾਨ ਤੀਰਥ ਨਹੀਂ ਕੋਈ ।

—ਉਪ ਜ਼ਿਲਾ ਸਿੱਖਿਆ ਅਫਸਰ
ਪਟਿਆਲਾ ।

Namdhari Elibrary NamdhariElibrary@gmail.com

# ਸੰਪਾਦਕੀ

ਵਰਿਆਮ ਦਾ 'ਸਤਿਗੁਰੂ ਜਗਜੀਤ ਸਿੰਘ ਅੰਕ' ਪਾਠਕਾਂ ਦੀ ਸੇਵਾ ਵਿਚ ਹਾਜ਼ਰ ਹੈ। ਇਹ ਆਪਣੇ ਵਿਸ਼ੇ ਸਬੰਧੀ ਸਭ ਤੋਂ ਪਹਿਲਾ ਕੋਈ ਜਤਨ ਹੈ। ਅੰਕ ਵਾਸਤੇ ਪਾਠਕਾਂ ਦੀ ਤੀਬਰ ਉਡੀਕ ਅਤੇ ਵਧਦੀ ਉਤਸੁਕਤਾ ਦਾ ਵੀ ਗਿਆਨ ਹੈ ਅਤੇ ਇਸ ਦੇ ਪ੍ਰਕਾਸ਼ਨ ਵਿਚ ਹੋਈ ਅਸਾਧਾਰਨ ਦੇਰ ਕਾਰਨ ਪੈਦਾ ਹੋਏ ਸੰਭਾਵਤ ਸ਼ੰਕਿਆਂ ਤੇ ਸ਼ਿਕਵਿਆਂ ਦਾ ਅਨੁਮਾਨ ਲਾਉਂਦਿਆਂ ਖਿਮਾ ਵਾਸਤੇ ਯਾਚਨਾ ਵੀ ਹੈ।

ਸਤਿਗੁਰੂ ਜਗਜੀਤ ਸਿੰਘ ਜੀ ਦੀ ਇਕ ਵਿਲਖਣਤਾ ਹੈ ਕਿ ਆਪ ਆਮ ਪੱਧਰ ਨਾਲੋਂ ਬਹੁਤ ਮੁਸ਼ਕਲ ਕੰਮ ਕਰਦੇ ਹਨ। ਮੁਸ਼ਕਲ ਤੋਂ ਮੁਸ਼ਕਲ ਹਾਲਤਾਂ, ਸਮਸਿਆਵਾਂ ਨਾਲ ਦੋ ਚਾਰ ਹੋਣਾ ਆਪ ਦਾ ਨਿਤ ਕਰਮ ਹੈ। ਔਖੇ ਤੋਂ ਔਖੇ ਤਾਲਾਂ ਅਤੇ ਟੇਡੀਆਂ ਤੋਂ ਟੇਡੀਆਂ ਲੈਆਂ ਵਿਚ ਬੜੀਆਂ ਮੁਸ਼ਕਲ ਬੰਦਸ਼ਾਂ ਆਪ ਗਾਉਂਦੇ ਵਜਾਉਂਦੇ ਹਨ। ਮੁਸ਼ਕਲ ਤੈਰਾਕੀ, ਔਖੀ ਘੋੜ ਸੁਆਰੀ ਜਾਂ ਡਰਾਈਵਰੀ ਆਪ ਦਾ ਸ਼ੁਗਲ ਹੈ। ਆਪ ਵਰਗੀ ਮਰਯਾਦਾ ਅਤੇ ਸੰਜਮ ਦਾ ਪਾਲਨ ਜਨ ਸਾਧਾਰਨ ਲਈ ਬਹੁਤ ਕਠਨ ਹੈ। ਆਪ ਬਿਖੜੇ ਰਾਹਾਂ ਦੇ ਪਾਂਧੀ ਹਨ।

ਤਾਂ ਫਿਰ ਉਹਨਾਂ ਨਾਲ ਸਬੰਧਤ ਅੰਕ ਕਿਵੇਂ ਆਸਾਨੀ ਨਾਲ ਪ੍ਰਕਾਸ਼ਤ ਹੁੰਦਾ ?......

ਸਾਡੀ ਮੁਸ਼ਕਲ ਇਕ ਹੁੰਦੀ ਤਾਂ ਸ਼ਾਇਦ ਕਾਬੂ ਪਾ ਹੀ ਲੈਂਦੇ, ਬੀਮਾਰੀ, ਤਸਵੀਰਾਂ ਦੀ ਉਪਲਬਧੀ ਲਈ ਚੱਕਰ ਤੇ ਚੱਕਰ, ਬਲਾਕਾਂ ਦੀ ਤਿਆਰੀ 'ਚ ਦੇਰੀ ਤੇ ਫੇਰ ਵਿਸ਼ੇਸ਼ ਅੰਕ ਲਈ ਮਾਇਕ ਪਰਬੰਧ ਤਾਂ ਕਿਤੇ ਰਿਹਾ ਸਗੋਂ ਪਹਿਲੇ ਸਰੋਤਾਂ ਵਿਚ ਵੀ ਵਿਘਨ ਅਤੇ ਫਿਰ ਤਜਰਬਾ ਪਹਿਲਾ ਪਹਿਲਾ। ਧਾਰਮਿਕ ਵਿਸ਼ਵਾਸ ਅਨੁਸਾਰ ਤਾਂ ਇਹ ਇਵੇਂ ਹੀ ਹੋਣਾ ਸੀ। ਪਰ ਮੁਸ਼ਕਲਾਂ ਨੇ ਘਾਲਣਾ ਨੂੰ ਵਖਰ ਯੋਗ ਬਣਾ ਦਿਤਾ ਹੈ।

ਉਹਨਾਂ ਵਰਗੀ ਵਿਸ਼ਾਲ ਪ੍ਰਤਿਭਾ ਸੰਪਨ ਸ਼ਖਸੀਅਤ ਸਬੰਧੀ ਕਿਸੇ ਢੁਕਵੇਂ ਅੰਕ ਲਈ ਬੜੀ ਵਡੀ ਪੱਧਰ ਦੀ ਤਿਆਰੀ, ਬੜੇ ਵਿਦਵਾਨ ਐਡੀਟਰਾਂ ਦਾ ਬੋਰਡ ਅਤੇ ਤਗੜੇ ਮਾਇਕੀ ਸਰੋਤ ਚਾਹੀਦੇ ਹਨ ਅਤੇ ਇਹ ਕੰਮ ਜਾਂ ਸੰਸਥਾਵਾਂ ਕਰ ਸਕਦੀਆਂ ਹਨ ਜਾਂ ਸਰਕਾਰਾਂ। ਨਾਮਧਾਰੀ ਚਾਹੁਣ ਤਾਂ ਉਹਨਾਂ ਦੇ ਅੰਕ ਨੂੰ ਸੋਨੇ ਦੇ ਪਤਰਿਆਂ ਤੇ ਛਾਪ ਸਕਦੇ ਹਨ। ਪਰ "ਵਰਿਆਮ" ਦੇ ਸਾਧਨਾਂ ਦਾ ਦਾਇਰਾ ਬਹੁਤ ਸੀਮਤ ਹੈ।

ਇਹ ਅੰਕ ਨਾ ਤਾਂ ਇਤਿਹਾਸ ਹੈ ਅਤੇ ਨਾ ਹੀ ਰਿਪੋਰਟ। ਨਾ ਹੀ ਸਤਿਗੁਰੂ ਜਗਜੀਤ ਸਿੰਘ ਜੀ ਦੀ ਸ਼ਖਸੀਅਤ ਦਾ ਮੁਲਾਂਕਣ। ਕੇਵਲ ਉਹਨਾਂ ਦੀ ਮਹਾਨ ਸ਼ਖਸੀਅਤ ਤੇ ਇਕ ਝਾਤ ਦਾ ਜਤਨ ਮਾਤਰ ਹੈ ਜਿਸ ਵਿਚ ਪਹਿਲੀਆਂ ਗਲਾਂ ਦੇ ਬਿੰਬ ਜ਼ਰੂਰ ਦ੍ਰਿਸ਼ਟੀ ਗੋਚਰ ਹੋਣਗੇ।

ਇਹ ਝਾਤ ਅਸੀਂ ਕਿੰਨੀ ਕੁ ਪੁਆ ਸਕੇ ਹਾਂ ਇਸ ਦਾ ਨਿਰਨਾ ਪਾਠਕਾਂ ਨੇ ਕਰਨਾ ਹੈ।

ਇਸ ਅੰਕ ਵਿਚ ਦਰਜ ਲੇਖਕਾਂ ਦੇ ਵਿਚਾਰ ਆਪਣੇ ਹਨ। ਹੋ ਸਕਦਾ ਹੈ ਕਿਸੇ ਵੀ ਧਰਮ ਜਾਂ ਸਮਾਜ ਦੇ ਸਿਧਾਂਤਾਂ ਅਤੇ ਵਿਸ਼ਵਾਸ਼ਾਂ ਦੇ ਪ੍ਰਤੀਕੂਲ ਵੀ ਹੋਣ ਪਰ ਪਾਠਕਾਂ ਨੂੰ ਉਹਨਾਂ ਦੀ ਦ੍ਰਿਸ਼ਟੀਆਂ ਦੇ ਵੱਖ ਵੱਖ ਕੋਨਾਂ ਦਾ ਅਨੁਭਵ ਜ਼ਰੂਰ ਹੋਵੇਗਾ। ਇਸ ਅੰਕ ਦਾ ਮੰਤਵ ਨਾ ਤਾਂ ਕਿਸੇ ਧਰਮ ਜਾਂ ਸਮਾਜ ਦਾ ਪਰਚਾਰ ਹੈ ਅਤੇ ਨਾ ਹੀ ਕਿਸੇ ਦੀ ਵਿਰੋਧਤਾ ਸਗੋਂ ਐਸੀ ਸ਼ਖਸੀਅਤ ਤੇ ਚਾਨਣਾ ਪਾਉਣਾ ਹੈ ਜਿਸ ਦਾ ਆਪਣੇ ਹੀ ਪਖੋਂ ਸਾਡੇ ਸਭਿਆਚਾਰ ਲਈ ਵਿਸ਼ੇਸ਼ ਯੋਗਦਾਨ ਹੈ।

ਇਸ ਅੰਕ ਵਿਚ ਕਈ ਬਹੁ-ਮੁਲੀਆਂ ਤਸਵੀਰਾਂ ਅਤੇ ਵਧੀਆ ਲੇਖ ਛਪਣੋਂ ਰਹਿ ਗਏ ਹਨ, ਪਰੂਫ ਦੀਆਂ ਗਲਤੀਆਂ ਵੀ ਹਨ ਅਤੇ ਹੋਰ ਵੀ ਤਰੁਟੀਆਂ ਸੁਭਾਵਕ ਹੀ ਰਹਿ ਗਈਆਂ ਹਨ, ਇਸ ਲਈ ਪਾਠਕਾਂ ਅਤੇ ਲੇਖਕਾਂ ਤੋਂ ਸਨਿਮ੍ਰ ਖਿਮਾ ਚਾਹੁੰਦੇ ਹਾਂ।

— ਜਗਦੀਸ਼ ਸਿੰਘ



Namdhari Elibrary NamdhariElibrary@gmail.com

# ਸਿਮਰਨ

ਪ੍ਰੀਤਮ ਸਿੰਘ ਕਵੀ

ਤੇਰਾ ਨਾਮ ਲਿਆਂ ਦੁੱਖ ਨੱਸਣ, ਸੁਖ ਵੱਸਣ ਚੌਫੇਰੇ
ਹਿਰਦੇ ਠੰਢ, ਦਾਹ ਮਿਟ ਜਾਂਦੀ, ਦੁਸ਼ਮਣ ਹੁੰਦੇ ਨੇੜੇ
ਦੁਨੀਆਂ ਪਿਆਰੀ ਪਿਆਰੀ ਲਗਦੀ, ਮੌਤ – ਮਿਠੀ ਗਲਵਕੜੀ :
ਕੇਡਾ ਚੰਗਾ ਹੋਵੇ ਜਿ ਵਸੇਂ ਨਿਸ ਦਿਨ ਅੰਦਰ ਮੇਰੇ । ੩ ।

ਵੰਨ ਸੁਵੰਨੇ ਰੂਪ ਧਾਰਦਾ ਜੁਗ ਜੁਗਾਂਤਾਰੋਂ ਆਇਆ
ਦਇਆ ਧਰਮ ਦੀਆਂ ਕਿਰਨਾਂ ਸੁਟ ਸੁਟ, ਇਸ ਜੱਗ ਨੂੰ ਰੁਸ਼ਨਾਇਆ
ਸਦਕੇ ਉਸ ਦੇ ਪਿਆਰ ਦੇ, ਸਾਨੂੰ ਲਾਵਾਰਸ ਨਹੀਂ ਕੀਤਾ :
ਦੇ ਜਗਜੀਤ ਸਤਿਗੁਰੂ ਪਿਆਰਾ, ਉਸ ਵਿਚ ਆਪ ਛੁਪਾਇਆ ॥ ੯ ॥

ਬਖਸ਼ ਤੇਰੀ ਦੇ ਚਸ਼ਮੇ ਕੰਢੇ, ਬਹਿਕੇ ਮੌਜਾਂ ਲਈਆਂ
ਤ੍ਰਿਸ਼ਨਾ-ਤ੍ਰਿਖਾ ਨਿਵਾਰਨ ਕੀਤੀ, ਹੁਣ ਤਰਕਾਲਾਂ ਪਈਆਂ
ਉਨਕੇ ਘਰ ਨੂੰ ਹਾਂ ਤੁਰ ਚੱਲੇ, ਯਾਦੀਂ ਰਖ ਬਖਸ਼ੀਸ਼ਾਂ
ਲੇਖੇ ਦਾ ਝੰਜਟ ਨਹੀ ਕੋਈ, ਆਸ ਤ੍ਰਿਸਨ ਸੌਂ ਗਈਆਂ । ੧੩ ।

ਇਕ ਇਕ ਤਾਰ ਦਿਲੇ ਦੀ ਬਜਕੇ, ਇਕ ਇਕ ਸਵਾਸ ਪੁਕਾਰੇ
ਇਕ ਇਕ ਟੇਪੇ ਖੂਨ ਮੇਰੇ ਵਿਚ, ਲਖ ਲਖ ਤਿਰੇ ਨਜ਼ਾਰੇ
ਮਾਸ ਮਿਟੀ ਵਿਚ ਕਣ-ਕਣ ਤੇਰਾ, ਤੈਂ ਬਿਨ ਜੀਵਨ, ਮਰਨਾ :
ਤੈਂ ਜਾਂ ਤੇਰੀ ਯਾਦ ਬਿਨਾ, ਇਹ ਜੀਵਨ ਨਰਕ ਦੁਆਰ ਵੇ । ੧੪ ।

ਬੰਸੀ ਦੀ ਧੁਨ ਵਾਂਗਰਾਂ, ਸੁਹਣਿਆਂ ਤੇਰੇ ਬੋਲ
ਰਸ ਬਖੇਰਦੇ ਭਰੀ ਜਾਣ, ਮੇਰੇ ਕੰਨਾ ਕੋਲ
ਧੁਰ ਹਿਰਦੇ ਵਿਚ ਪਹੁੰਚਦੇ ਬਣ ਮਦ ਭਿੰਨਾ ਰਾਗ :
ਯਾਦ ਕਰਦਿਆਂ ਕੂਕ ਪਾਂ, ਮਿਲਸੈਂ ਕਦੋਂ ਅਡੋਲ । ੩੪ ।

ਸਦਾ ਸੁੰਦਰਤਾ ਤੇਰੇ ਮੁਖ ਤੇ, ਸਦਾ ਜ਼ਬਾਨੋਂ ਸ਼ਹਿਦ ਝਰੇ
ਸ਼ੁਭ ਇਛਾ ਮਨ ਤੋਂ ਨਿਤ ਉਠਦੀ, ਸਦ ਸ਼ਰੀਰ ਸ਼ੁਭ ਕਰਮ ਕਰੇ
ਸਦਾ ਚਰਨ ਲਾ ਸ਼ਰਨੀ ਜਗ ਨੂੰ, ਸਦ ਮਾਰਗ ਵੱਲ ਤੋਰਨ ਪਏ :
ਪ੍ਰਿਯ ਸਤਿਗੁਰ ਕਿਹੜਾ ਬਿਨ ਤੇਥੋਂ, ਜੋ ਦੁਬਿਧਾ ਤੋਂ ਨਾਹਿੰ ਡਰੇ । ੫੩ ।

ਦਰ ਦਰ ਅਲਖ ਜਗਾਈ ਭਾਵੇਂ, ਤ੍ਰਿਸ਼ਨ ਨ ਉਤਰੀ ਮੇਰੀ
ਚਰਨ ਤੇਰੇ ਜਦ ਨਜ਼ਰੀਂ ਪੈ ਗਏ, ਮੁੱਕ ਗਈ ਵਾਟ ਘਨੇਰੀ
ਮਨ ਅੰਦਰ ਇਕ ਸ਼ਾਂਤੀ ਆਈ, ਤਨ ਨੂੰ ਠੰਢ ਵਿਆਪੀ :
ਤ੍ਰਿੰਨੇ ਤਾਪ ਨਿਵਾਰਨ ਵਾਲੇ, ਕੈਸੀ ਉਪਮਾਂ ਤੇਰੀ । ੭੬ ।

ਖਿੜਿਆ ਵੇਖ ਗੁਲਾਬ ਕਿਸੇ ਦਾ, ਤੇਰਾ ਚੇਤਾ ਆਇਆ
ਕੀਕਰ ਰੂਪ-ਰੰਗ-ਰਸ-ਗੰਧ ਦਾ, ਤੂੰ ਸੰਜੋਗ ਬਣਾਇਆ
ਵਿੰਹਦਿਆਂ ਵਿੰਹਦਿਆਂ ਪੁਸ਼ਪ ਅੰਦਰੋਂ, ਤੇਰੀ ਸੂਰਤ ਡਿੱਠੀ :
"ਸਦਾ ਗੁਲਾਬ ਵਾਂਗ ਰਹੁ ਪ੍ਰੀਤਮ", ਤੂੰ ਮੁੱਖ ਤੋਂ ਫਰਮਾਇਆ । ੯੭ ।



Namdhari Elibrary NamdhariElibrary@gmail.com

# ਇਕ ਸੰਘਰਸ਼ ਮਈ ਜੀਵਨ

—ਜਗਦੀਸ਼ ਸਿੰਘ

ਸਤਿਗੁਰੂ ਜਗਜੀਤ ਸਿੰਘ ਜੀ ਦਾ ਜੀਵਨ ਸੰਘਰਸ਼ ਮਈ ਹੈ, ਲੜਾਈ ਦਾ ਹੈ। ਭਾਵੇਂ ਉਹਨਾਂ ਨੂੰ ਮਿਲਣ ਵਾਲਾ ਕੋਈ ਵੀ ਵਿਅਕਤੀ ਉਹਨਾਂ ਦੀ ਨਿਰਮਾਨਤਾ ਦਾ ਪ੍ਰਭਾਵ ਲਏ ਬਿਨਾਂ ਰਹਿ ਸਕਦਾ। ਉਹਨਾਂ ਦੀ ਮੁਸਕਰਾਹਟ ਤਪਦੇ ਦਿਲਾਂ ਨੂੰ ਠਾਰਦੀ ਹੈ। ਕੋਈ ਕਿੰਨੀ ਵੀ ਫਿਕਰਮੰਦੀ ਵਿਚ ਹੋਵੇ ਕਿਦਾ ਸੰਕਟ ਦਾ ਪਹਾੜ ਟੁਟ ਪਿਆ ਹੋਵੇ, ਕਾਰੋਬਾਰ ਬਰਬਾਦ ਹੋ ਗਿਆ ਹੋਵੇ। ਧਨ ਪਦਾਰਥ ਖਤਮ ਹੋ ਗਿਆ ਹੋਵੇ, ਸਰੀਰਕ ਰੋਗ ਹੋਵੇ ਜਾਂ ਕਿਸੇ ਪ੍ਰਕਾਰ ਦੀ ਚਿੰਤਾ ਹੋਵੇ ਉਹਨਾਂ ਵਲੋਂ ਧਰਵਾਸ, ਉਹਨਾਂ ਦੀ ਮੌਜੂਦਗੀ ਤਪਦੇ ਦਿਲਾਂ ਨੂੰ ਠੰਡ ਪਾਉਂਦੀ ਹੈ। ਉਹਨਾਂ ਦੀ ਇਕ ਪਿਆਰ ਭਰੀ ਮੁਸਕਰਾਹਟ ਨਾਲ ਹੀ ਸਾਰੀਆਂ ਚਿੰਤਾਵਾਂ ਦੂਰ ਹੋ ਜਾਂਦੀਆਂ ਹਨ। ਉਹਨਾਂ ਨੂੰ ਪਿਆਰ ਦਾ ਸੋਮਾ ਕਿਹਾ ਜਾਂਦਾ ਹੈ ਅਮਨ ਦੇ ਦੂਤ ਕਿਹਾ ਜਾਂਦਾ ਹੈ। ਸ: ਗੁਰਬਖਸ਼ ਸਿੰਘ ਪ੍ਰੀਤ ਲੜੀ ਨੇ ਆਪਣੀ ਜ਼ਿੰਦਗੀ ਦੀ ਅੰਤਮ ਲਿਖਤ ਵਿਚ ਉਹਨਾਂ ਬਾਰੇ ਲਿਖਿਆ ਹੈ "ਸਤਗੁਰ ਆਉਣ ਰਹਿ ਆਵੇ।" ਉਹ ਮਿਠ ਬੋਲੜੇ ਹਨ। ਪਿਆਰ ਨਾਲ ਕੀਲਦੇ ਹਨ। ਪਰ ਇਹਨਾਂ ਗੱਲਾਂ ਦੇ ਬਾਵਜੂਦ ਵੀ ਉਹ ਲਗਾਤਾਰ ਜੰਗ ਕਰ ਰਹੇ ਹਨ, ਸੰਘਰਸ਼ ਕਰ ਰਹੇ ਹਨ, ਉਹਨਾਂ ਦੀ ਲੜਾਈ ਦਿਨ ਰਾਤ ਜਾਰੀ ਰਹਿੰਦੀ ਹੈ।

ਉਹਨਾਂ ਦੀ ਲੜਾਈ ਹੈ ਸਮਾਜ ਦੇ ਕੂਹੜ ਵਿਰੁਧ, ਬੁਰਾਈਆਂ ਵਿਰੁਧ, ਜਹਾਲਤ ਵਿਰੁਧ ਅਪਣੇ ਮਿਸ਼ਨ ਦੀ ਪੂਰਤੀ ਵਾਸਤੇ। ਅਪਨੀ ਇਸ ਜੰਗ ਵਾਸਤੇ ਉਹ ਵੱਡੀ ਤੋਂ ਵੱਡੀ ਕੁਰਬਾਨੀ ਦੇਣ ਨੂੰ ਤਿਆਰ ਹੋ ਜਾਂਦੇ ਹਨ ਅਤੇ ਦਿੰਦੇ ਹਨ। ਇਕੋ ਸਮੇਂ ਉਹਨਾਂ ਦੀ ਲੜਾਈ ਕਈਆਂ ਫਰੰਟਾਂ ਤੇ ਜਾਰੀ ਹੈ। ਧਾਰਮਕ ਫਰੰਟ ਤੇ, ਸਮਾਜਕ ਫਰੰਟ ਤੇ ਅਤੇ ਸਭਿਆਚਾਰਕ ਖੇਤਰ 'ਚ।

ਕਿਸੇ ਵੀ ਗੁਰੂ ਨੂੰ ਸਭ ਤੋਂ ਪਿਆਰੀ ਚੀਜ਼ ਉਸ ਦੀ ਉਮਤ ਹੁੰਦੀ ਹੈ। ਅਜ ਦੁਨੀਆ ਵਿਚ ਅਨੇਕ ਧਾਰਮਕ ਅਤੇ ਦੂਸਰੇ ਰਾਹਨੁਮਾ ਹਨ। ਸਾਰੇ ਜ਼ੋਰ ਲਾ ਕੇ ਅਪਣੀ ਗਿਣਤੀ ਵਧਾਉਣ ਲਈ ਹਰ ਹੀਲੇ ਕਰਦੇ ਹਨ। ਹਰ ਫਿਰਕੇ ਹਰ ਸਿਆਸੀ ਪਾਰਟੀ ਦੀ ਅਤੇ ਹਰ ਧਾਰਮਕ ਆਗੂ ਦੀ ਖਾਹਸ਼ ਹੁੰਦੀ ਹੈ ਕਿ ਉਹਨਾਂ ਦੀ ਗਿਣਤੀ ਵਧੇ। ਜ਼ਿਆਦਾ ਤੋਂ ਜ਼ਿਆਦਾ ਪਬਲਿਕ ਇਕਠੀ ਕਰਨ ਲਈ ਬਾਰਸੂਖ ਆਦਮੀਆਂ ਨੂੰ, ਧਨਵਾਨਾਂ ਨੂੰ, ਰਾਜਸੀ ਨੇਤਾਵਾਂ ਨੂੰ ਨਾਲ ਗੰਢਿਆ ਜਾਂਦਾ ਹੈ। ਲੋਕਾਂ ਨੂੰ ਅਪਣੇ ਮਗਰ ਲਾਉਣ ਲਈ ਹਰ ਹੀਲੇ ਵਰਤੇ ਜਾਂਦੇ ਹਨ। ਪਰ ਸਤਿਗੁਰੂ ਜਗਜੀਤ ਸਿੰਘ ਅਸੂਲਾਂ ਲਈ, ਸਮਾਜ ਦੇ ਨਤਾਣੇ ਵਰਗ ਦੇ ਹਿਤਾਂ ਦੀ ਰਾਖੀ ਲਈ ਨਾ ਤਾਂ ਕਿਸੇ ਸਿਆਸੀ ਨੇਤਾ ਦੀ ਪਰਵਾਹ ਕਰਦੇ ਹਨ ਨਾ ਅਪਣੇ ਨਿਕਟੀ ਸੇਵਕਾਂ ਦੀ ਅਤੇ ਨਾ ਹੀ ਇਸ ਗਲ ਦੀ ਕਿ ਉਹਨਾਂ ਦੇ ਪੈਰੋਕਾਰ ਘਟ ਜਾਣਗੇ। ਇਸ ਜੰਗ ਦੇ ਕਈ ਰੂਪ ਹਨ।

ਇਕ ਬੁਰਾਈ ਜਿਸ ਨੇ ਸਾਰੀਆਂ ਸਮਾਜਾਂ ਦਾ ਨੱਕ ਵਿਚ ਦਮ ਕੀਤਾ ਹੋਇਆ, ਹੈ ਉਹ ਹੈ ਦਾਜ ਪ੍ਰਥਾ ਅਤੇ ਵਿਆਹ ਪ੍ਰਨਾਲੀ। ਅਨੇਕਾਂ ਮਜ਼ਹਬੀ ਤੇ ਸਮਾਜੀ ਆਗੂ, ਸਿਆਸੀ ਨੇਤਾ ਅਤੇ ਅਖਬਾਰ ਨਵੀਸ ਇਸ ਵਿਚ ਸੁਧਾਰ ਕਰਨ ਦਾ ਜਤਨ ਕਰ ਰਹੇ ਹਨ ਪਰ ਇਸ ਤੇ ਕਾਬੂ ਤਾਂ ਕੀ ਪਾਉਣਾ ਹੈ ਸਗੋਂ ਇਹ ਬੁਰਾਈ ਅਮਰ ਵੇਲ ਵਾਂਗ ਵਧਦੀ ਹੀ ਜਾਂਦੀ ਹੈ। ਇਸ ਨੂੰ ਖਤਮ ਕਰਨ ਵਾਲੇ ਆਪ ਮੁਕ ਗਏ ਪਰ ਇਹ ਜਿਓਂ

ਦੀ ਤਿਓਂ ਹੈ। ਨਾਮਧਾਰੀ ਸਤਿਗੁਰੂਆਂ ਨੇ ਵੀ ਇਸ ਬੁਰਾਈ ਨੂੰ ਖਤਮ ਕਰਨ ਲਈ ਸੁਧਾਰਾਂ ਦਾ ਆਰੰਭ 1863 ਈ: ਤੋਂ ਕੀਤਾ ਹੋਇਆ ਹੈ। ਆਮ ਲੋਕਾਂ ਦਾ ਖਿਆਲ ਹੋ ਸਕਦਾ ਹੈ ਕਿ ਨਾਮਧਾਰੀਆਂ ਨੇ ਇਸ ਮਸਲੇ ਨੂੰ ਬਿਲਕੁਲ ਨਜਿਠ ਲਿਆ ਹੈ। ਪਰ ਇਹ ਗਲ ਕਹਿਣ ਵਿਚ ਕੋਈ ਆਰ ਨਹੀਂ ਕਿ ਇਹ ਕੁਰੀਤੀ ਨਵੇ ਨਵੇਂ ਰੂਪਾਂ ਵਿਚ ਸਾਹਮਣੇ ਆਉਂਦੀ ਹੈ ਤੇ ਸਤਿਗੁਰੂ ਜੀ ਇਸ ਦੇ ਵਿਰੁਧ ਤਗੜੀ ਜੰਗ ਕਰਕੇ ਕਾਬੂ ਪਾਉਂਦੇ ਹਨ।

ਨਾਮਧਾਰੀਆਂ ਵਿਚ ਦਾਜ ਦਹੇਜ ਦਾ ਲੈਣਾ ਦੇਣਾ ਬੰਦ ਕੀਤਾ ਗਿਆ ਹੈ। ਇਸ ਦੀ ਨਾਕੇ ਬੰਦੀ ਲਈ ਠਾਕੇ ਤੇ ਸ਼ਗਨ ਦੀ ਰਸਮ ਦੀ ਮਨਾਹੀ, ਇਕਠੇ ਸਮੂਹਕ ਅਨੰਦ ਕਾਰਜ ਮੇਲਿਆਂ ਵਿਚ ਕਰਨ ਦਾ ਰਵਾਜ ਅਤੇ ਉਸ ਪਿਛੋਂ ਲੜਕੀ ਦਾ ਦੋ ਹਫਤਿਆਂ ਲਈ ਸਹੁਰੇ ਘਰ ਰਹਿਣਾ ਤਾਂ ਤਹਿ ਕੀਤਾ ਹੀ ਗਿਆ ਹੈ ਸਤਿਗੁਰੂ ਜੀ ਵਲੋਂ ਵਿਦਿਅਕ ਜਥੇ ਨੂੰ ਨਵੀਂ ਡਿਊਟੀ ਦਿਤੀ ਗਈ ਹੈ ਕਿ ਅਨੰਦ ਕਾਰਜ ਤੋਂ ਪਹਿਲਾਂ ਪੜਚੋਲ ਕਰਨ ਕਿ ਇਸ ਸਬੰਧ ਵਿਚ ਕੋਈ 'ਗਲਤੀ' ਤਾਂ ਨਹੀਂ ਕਿਸੇ ਪਾਸਿਓਂ ਹੋਈ।

ਇਸ ਅਸੂਲ ਨੇ ਜਿਥੇ ਗਰੀਬ ਲੋਕਾਂ ਨੂੰ ਸਹੂਲਤ ਦਿਤੀ ਹੈ ਉਥੇ ਸਰਦੇ ਪੁਜਦੇ ਲੋਕਾਂ ਲਈ ਪਰੇਸ਼ਾਨੀ ਵੀ ਪੈਦਾ ਕੀਤੀ ਕਿ ਉਹ ਆਪਣੇ ਪੈਸਿਆਂ ਦਾ ਜਲੌਅ ਕਿਥੇ ਵਧਾਉਣ। ਫਿਰ ਸਮਾਜਕ ਗੁਟ ਬੰਦਣ ਨਾਮਧਾਰੀਆਂ ਤੋਂ ਬਾਹਰ ਦੀ ਹੋਣ ਕਾਰਨ ਉਪਰਲੇ ਵਰਗ ਦੇ ਲੋਕਾਂ ਵਲੋਂ ਇਹਨਾਂ ਅਸੂਲਾਂ ਦੀ ਉਲੰਘਣਾਂ ਸੁਭਾਵਕ ਹੀ ਹੋ ਜਾਂਦੀ ਹੈ ਜਿਸ ਨਾਲ ਸਮਾਜ ਦੇ ਗਰੀਬ ਵਰਗ ਲਈ ਬਹੁਤ ਪਰੇਸ਼ਾਨੀਆਂ ਅਤੇ ਪੇਚੀਦਗੀਆਂ ਪੈਦਾ ਹੁੰਦੀਆਂ ਹਨ।

ਤਪਦੇ ਦਿਲਾਂ ਨੂੰ ਠਾਰਨ ਵਾਲੇ ਸਗਲੀ ਦੇ ਕਾਜ ਸੁਆਰਨ ਵਾਲੇ ਸਤਿਗੁਰੂ ਜਗਜੀਤ ਸਿੰਘ ਉਸ ਵੇਲੇ ਕਠੋਰ ਤੇ ਰੁਖੇ ਹੋ ਕੇ ਇਸ ਬੁਰਾਈ ਦੀ ਜੜ੍ਹ ਵਢਣ ਲਈ ਲੜਦੇ ਹਨ ਉਸ ਵੇਲੇ ਨਾ ਕਿਸੇ ਦੀ ਮਾਇਕ ਜਾਂ ਰਾਜਸੀ ਹੈਸੀਅਤ ਨਾ ਨੇੜਤਾ ਅਤੇ ਸੇਵਾ ਦਾ ਲਿਹਾਜ ਹੁੰਦਾ ਹੈ ਅਤੇ ਨਾ ਕਿਸੇ ਦੀ ਨਾਰਾਜ਼ਗੀ ਦਾ ਡਰ।

ਸਤਿਗੁਰੂ ਜੀ ਦੇ ਇਕ ਪਰਮ ਪ੍ਰੀਤਵਾਨ ਸੇਵਕ ਸੇਠ ਤਰਲੋਕ ਸਿੰਘ ਚਾਵਲਾ ਹਨ। ਦਿਲੀ ਵਿਚ ਹਮੇਸ਼ਾ ਉਹਨਾਂ ਦੀ ਕੋਠੀ ਵਿਚ ਨਿਵਾਸ ਕਰਦੇ ਹਨ। ਸਤਿਗੁਰੂ ਜੀ ਦੇ ਲੰਗਰ ਦਾ, ਟੈਲੀਫੋਨ ਦਾ, ਸਾਧ ਸੰਗਤ ਦੀ ਸੇਵਾ ਦਾ ਖਰਚ ਸੇਠ ਜੀ ਕਰਦੇ ਹਨ। ਸੇਠ ਜੀ ਆਪਣੀ ਸੇਵਾ ਅਤੇ ਸੁਭਾਅ ਕਾਰਨ ਆਮ ਸੰਗਤਾਂ ਵਿਚ ਵੀ ਹਰਮਨ ਪਿਆਰੇ ਹਨ ਅਤੇ ਸਰਕਾਰੇ ਦਰਬਾਰੇ ਉਹਨਾਂ ਦੀ ਪਹੁੰਚ ਵੀ ਬਹੁਤ ਹੈ। ਸਤਿਗੁਰੂ ਜੀ ਦੀ ਇੱਛਾ ਨੂੰ ਹੀ ਹੁਕਮ ਸਮਝਕੇ ਸਾਰਾ ਪਰਿਵਾਰ ਹੱਥ ਬੰਨ ਕੇ ਇਛਾ ਪੂਰਤੀ ਲਈ ਤੱਤਪਰ ਰਹਿੰਦਾ ਹੈ।

ਸੇਠ ਜੀ ਨੇ ਆਪਣੇ ਸਪੁਤਰ ਵਾਸਤੇ ਰਿਸ਼ਤੇ ਦੀ ਕਿਤੇ ਹਾਂ ਕੀਤੀ। ਉਹਨਾਂ ਦੇ ਗਿਆਨ ਵਿਚ ਜਾਂ ਗਿਆਨ ਤੋਂ ਬਾਹਰ ਹੀ ਲੜਕੀ ਵਾਲੇ ਫਲਾਂ ਦੇ ਟੋਕਰੇ ਆਦਿਕ ਸਮਾਨ ਸੇਠ ਜੀ ਦੀ ਕੋਠੀ ਛੱਡ ਆਏ। ਇਨੀ ਦਿਨੀਂ ਹੀ ਸਤਿਗੁਰੂ ਜੀ ਦੇ ਅਤਿ ਪਿਆਰੇ ਸੇਵਕ ਸੰਤ ਰਤਨ ਸਿੰਘ ਦੇ ਅਕਾਲ ਚਲਾਣੇ ਦੇ ਨਮਿਤ ਮੇਲਾ ਵੀ ਸੇਠ ਜੀ ਨੇ ਸਾਰਾ ਕਰਾਇਆ। ਜਿਸ ਕਰਕੇ ਹੋਰ ਵੀ ਉਹ ਕਿਰਪਾ ਦੇ ਪਾਤਰ ਸਨ।

ਪਰ ਜਦੋਂ ਹੀ ਸਤਿਗੁਰੂ ਜੀ ਨੂੰ ਪਤਾ ਲਗਾ ਕਿ ਸੇਠ ਜੀ ਲੜਕੇ ਦੇ ਰਿਸ਼ਤੇ ਦੇ ਸਬੰਧ ਵਿਚ ਕੁਝ ਉਪਹਾਰ ਉਹਨਾਂ ਦੇ ਘਰ ਆਏ ਹਨ ਉਦੋਂ ਹੀ ਆਪ ਨੇ ਉਹਨਾਂ ਦੀ ਸਾਰੀ ਘਾਲਣਾ ਨੂੰ ਲੱਤ ਮਾਰ ਉਹਨਾਂ ਦੀ ਕੋਠੀ ਅਤੇ ਘਰ ਦੇ ਜਲ ਪਾਣੀ ਦੀ ਤਿਆਗਣ ਦਾ ਫੈਸਲਾ ਕਰ ਲਿਆ। ਇਹ ਫੈਸਲਾ ਸਤਿਗੁਰੂ ਜਗਜੀਤ ਸਿੰਘ ਹੀ ਕਰ ਸਕਦੇ ਸਨ। ਇਸ ਫੈਸਲੇ ਦਾ ਮਤਲਬ ਸੀ ਕਿ ਬਹੁਤ ਵੱਡੀ ਸਮਰੱਥਾ ਵਾਨ ਸ਼ਕਤੀ ਦਾ ਤਿਆਗ। ਇਹ ਵਡੀ ਲੜਾਈ ਦਾ ਮੁਢ ਵੀ ਹੋ ਸਕਦਾ ਸੀ।

ਸੇਵਕ ਸੇਠ ਪਰਿਵਾਰ ਵੀ ਹੱਥ ਜੋੜ ਕੇ ਖੜੋ ਗਿਆ ਕਿ ਸਾਡੇ ਗੁਨਾਹ ਮੁਆਫ ਕਰੋ। ਸਤਿਗੁਰੂ ਜੀ ਨੇ ਜੋ ਸ਼ਰਤ ਰਖੀ ਉਹ ਵਡਿਆਂ ਵਡਿਆਂ ਨੂੰ ਪੈਰਾਂ ਹੇਠੋਂ ਕਢ ਦਿੰਦੀ ਹੈ—"ਰਿਸ਼ਤਾ ਛੱਡ ਦਿਓ।" ਸੇਠ ਜੀ ਨੇ ਉਸੇ ਵੇਲੇ ਸਤਿ ਬਚਨ ਕਹਿ ਦਿਤਾ। ਉਸ ਪਿਛੋਂ.........

ਸੇਠ ਤਰਲੋਕ ਸਿੰਘ ਜੀ ਦੀ ਕੋਠੀ ਨਵੀਂ ਦਿਲੀ ਵਿਚ ਰਾਤ ਦੇ ਗਿਆਰਾਂ ਵਜੇ ਪੰਜਾਬ ਦਾ ਇਕ ਸਾਬਕ ਮੁਖ ਮੰਤਰੀ ਅਤੇ ਪਰਦੇਸ਼ ਦੀ ਮੁਖੀ ਸਿਆਸੀ ਪਾਰਟੀ ਦਾ ਪਰਧਾਨ ਹਾਜ਼ਰ ਹੋਇਆ। ਮੁਖ ਮੰਤਰੀ ਨੇ ਆਪਣੀ ਲੜਕੀ ਦਾ ਰਿਸ਼ਤਾ ਇਕ ਐਸੇ ਪਰਿਵਾਰ ਦੇ ਮੁੰਡੇ ਨਾਲ ਤਹਿ ਕੀਤਾ ਜਿਹਨਾਂ ਦਾ ਪਿਛੋਕੜ ਨਾਮਧਾਰੀ ਸੀ ਅਤੇ ਜਿਨ੍ਹਾਂ ਦੀ ਸੂਬੇ ਅਤੇ ਕੇਂਦਰ ਦੇ ਵਡੇ ਤੋਂ ਵਡੇ ਅਧਿਕਾਰੀ ਤਕ ਪਹੁੰਚ



Namdhari Elibrary NamdhariElibrary@gmail.com

ਸੀ ਤੇ ਚੰਗਾ ਪਦਾਰਥਕ ਤੇ ਸਿਆਸੀ ਦਬਦਬਾ ਸੀ। ਦੋਵੇਂ ਪਰਿਵਾਰ ਚਾਹੁੰਦੇ ਸਨ ਕਿ ਵਿਆਹ ਆਪਣੀ ਮਰਜ਼ੀ ਨਾਲ ਕਰ ਲਿਆ ਜਾਵੇ ਪਰ ਸਤਿਗੁਰੂ ਜੀ ਤੋਂ ਸਰਸਰੀ ਆਗਿਆ ਲੈ ਲਈ ਜਾਵੇ। ਦੋਹਾਂ ਪਰਿਵਾਰਾਂ ਦੀ ਹੈਸੀਅਤ ਅਤੇ ਅਸਰ ਰਸੂਖ ਦੇ ਸਨਮੁਖ ਇਹ ਇਕ ਰਸਮੀਂ ਜਿਹੀ ਗੱਲ ਸੀ।

ਸਤਿਗੁਰੂ ਜੀ ਨੇ ਫਰਮਾਇਆ ਕਿ ਇਹ ਅਨੰਦ ਕਾਰਜ ਭੈਣੀ ਸਾਹਿਬ ਹੋਵੇ। ਮੁਖ ਮੰਤਰੀ ਜੀ ਨੇ ਬਹਾਨਾ ਬਣਾਇਆ ਕਿ ਮੈਂ ਅਪਣੇ ਹਲਕੇ ਵਿਚ ਕਰਨਾ ਚਾਹੁੰਦਾ ਹਾਂ ਆਪ ਕ੍ਰਿਪਾ ਕਰੋ। ਸਤਿਗੁਰੂ ਜੀ ਨੇ ਕਿਹਾ ਕਿ ਮੇਰਾ ਹਲਕਾ ਤਾਂ ਸਾਰਾ ਸੰਸਾਰ ਹੈ। ਸਾਡੇ ਵਿਚ ਕੁੜਮਾਈ ਕਰਨੀ ਵੀ ਵਿਵਰਜਤ ਹੈ ਤੁਸੀਂ ਸਾਰੀਆਂ ਰਸਮਾਂ ਕਰ ਲਈਆਂ ਹਨ। ਚਲੋ ਤੁਸੀਂ ਨਵੇਂ ਹੋਣ ਕਰ ਕੇ ਮੁਆਫ ਕੀਤੀਆਂ ਪਰ ਅਨੰਦ—ਸਾਦੀ ਰੀਤੀ ਅਨੁਸਾਰ ਭੈਣੀ ਸਾਹਿਬ ਦੀ ਹੀ ਆਗਿਆ ਮੈਂ ਦੇ ਸਕਦਾ ਹਾਂ ਅਤੇ ਇਸੇ ਗਲ ਤੇ ਅੰਤ ਤਕ ਡੱਟੇ ਰਹੇ।

ਅਪਣੇ ਸੇਵਕਾਂ ਦਾ ਕੁੜਮ ਬੜਾ ਸਕਤੀਸ਼ਾਲੀ ਮੁਖ ਮੰਤਰੀ ਹੋਵੇ ਅਤੇ ਉਹ ਦਰ ਤੇ ਖੁਦ ਹਾਜ਼ਰ ਹੋ ਕੇ ਯਾਚਨਾ ਕਰ ਰਿਹਾ ਹੋਵੇ। ਇਹ ਕਿਸੇ ਵੀ ਗੁਰੂ ਸਰਬਰਾਹ ਵਾਸਤੇ ਇਕ ਫ਼ਖਰ ਯੋਗ ਗਲ ਹੋ ਸਕਦੀ ਸੀ ਅਤੇ ਅਖਬਾਰਾਂ ਵਿਚ ਤਸਵੀਰਾਂ ਸਮੇਤ ਚਰਚਾ ਦਾ ਵਿਸ਼ਾ ਬਣ ਸਕਦੀ ਸੀ ਅਤੇ ਸਤਿਗੁਰੂ ਜਗਜੀਤ ਸਿੰਘ ਜੀ ਵਰਗੀ ਸਰਬ ਅਧਿਕਾਰਤ ਸ਼ਖਸੀਅਤ ਲਈ ਉਹਨਾਂ ਵਾਸਤੇ ਇਹੋ ਜਿਹੀ ਆਗਿਆ ਦੇਣਾ ਵੀ ਆਸਾਨ ਸੀ ਪਰ ਉਹਨਾਂ ਨੇ ਇਸ ਵਿਆਹ ਦਾ ਬਾਈਕਾਟ ਕੀਤਾ। ਐਡੀ ਵਡੀ ਤਾਕਤ ਅਤੇ ਪਬਲਿਸਿਟੀ ਨੂੰ ਠੁਕਰਾਨਾ ਅਤੇ ਸੰਭਵ ਮੁਖਾਲਫਤ ਸਹੇੜਨਾ ਇਹ ਕੇਵਲ ਤੇ ਕੇਵਲ ਸਤਿਗੁਰੂ ਜਗਜੀਤ ਸਿੰਘ ਜੀ ਹੀ ਕਰ ਸਕਦੇ ਹਨ। ਸਤਿਗੁਰੂ ਜਗਜੀਤ ਸਿੰਘ ਜਿਹੜੇ ਅੱਗ ਤੇ ਪਾਣੀ ਦਾ ਮੇਲ ਕਰ ਸਕਦੇ ਹਨ। ਵੱਖ ਵੱਖ ਪਾਰਟੀਆਂ ਗਰੁਪਾਂ ਨੂੰ ਇਕ ਥਾਂ ਬੈਠਾ ਸਕਦੇ ਹਨ ਜਿਨ੍ਹਾਂ ਦੇ ਹਰ ਬਚਨ ਕਰਮ ਚੋਂ ਸ਼ਾਂਤੀ ਤੇ ਮਿਤਰਤਾ ਦੀਆਂ ਖੁਸ਼ਬੋਆਂ ਆਉਂਦੀਆਂ ਪਰ ਗਰੀਬ ਲੋਕਾਂ ਦੇ ਹਿਤਾਂ ਲਈ ਬੜੇ ਸਖਤ ਹੋ ਜਾਂਦੇ ਹਨ। ਕਿਸੇ ਵੀ ਭੈੜੇ ਤੋਂ ਭੈੜੇ ਸਿਟੇ ਦੀ ਪਰਵਾਹ ਕੀਤੇ ਬਗੈਰ ਡੱਟਦੇ ਹਨ ਉਸ ਵੇਲੇ ਨਾ ਕਿਸੇ ਮੁਖ ਮੰਤਰੀ ਦੀ ਚਲ ਸਕਦੀ ਹੈ ਨਾ ਪਰਧਾਨ ਮੰਤਰੀ ਦੀ ਨਾ ਕਿਸੇ ਸਿਫਾਰਸ਼ੀ ਦੀ ਅਤੇ ਨਾ ਹੀ ਕਿਸੇ ਅਤਿ ਨਿਕਟੀ ਸੇਵਕ ਦੀ।

ਸ੍ਰੀ ਜੀਵਨ ਨਗਰ ਦੇ ਇਲਾਕੇ ਦੇ ਪਿੰਡਾਂ ਵਿਚ ਇਕ ਮੁੰਡਾ ਹੱਥ 'ਚ ਝੋਲਾ ਫੜਿਆ ਆ ਹਾਜ਼ਰ ਹੋਇਆ। ਅਰਜ਼ ਕੀਤੀ "ਮੇਰਾ ਅਨੰਦ ਕਾਰਜ ਹੋਇਆ ਹੈ ਆਪ ਨੇ ਦਾਜ ਲੈਣ ਦੀ ਮਨਾਹੀ ਕੀਤੀ ਹੈ ਮੇਰਾ ਬਾਪ ਦਾਜ ਲੈ ਆਇਆ ਹੈ ਮੈਂ ਕੀ ਕਰਾਂ ?" ਹੁਕਮ ਕੀਤਾ ਤੂੰ ਜੀਵਨ ਨਗਰ ਡੇਰੇ ਆ ਜਾ ਸਾਰਿਆਂ ਨੂੰ ਛੱਡ ਕੇ। ਫੇਰ ਤੇਰੇ ਬਾਪ ਨਾਲ ਗਲ ਕਰਾਂਗੇ। ਉਸ ਮੁੰਡੇ ਨੇ ਇਵੇਂ ਹੀ ਕੀਤਾ। ਅਜਿਹੀਆ ਕਈ ਮਿਸਾਲਾਂ ਹਨ ਜਿਥੇ ਨੌਜੁਆਨਾਂ ਨੂੰ ਸਤਿਗੁਰੂ ਜੀ 'ਵੰਗਾਰਦੇ' ਹਨ। ਮਾਪਿਆਂ ਦੀ ਆਗਿਆ ਪਾਲਣ ਦਾ ਆਦੇਸ਼ ਦੇਣ ਵਾਲੇ ਆਪ ਆਗਿਆ ਦੀ ਉਲੰਘਣਾ ਲਈ ਪਰੇਰਦੇ ਹਨ ਇਸ ਮੌਕੇ ਤੇ ਉਹ ਨੌਜੁਆਨਾਂ ਨੂੰ ਪ੍ਰਹਿਲਾਦ ਵਾਂਗ ਬਾਪ ਦੀ ਮੁਖਾਲਫਤ ਲਈ ਹਲਾ ਸ਼ੇਰੀ ਦਿੰਦੇ ਹਨ। ਇਥੇ ਇਹ ਦਸ ਦੇਣਾ ਜ਼ਰੂਰੀ ਹੈ ਕਿ ਵਿਆਹਾਂ ਸਬੰਧੀ ਇਹ 'ਦੋਸ਼' ਆਮ ਲੋਕਾਂ ਦੇ ਰਿਵਾਜਾਂ ਸਾਹਮਣੇ ਬਿਲਕੁਲ ਨਿਰਮੂਲ ਹੁੰਦੇ ਹਨ।

ਸੰਘਰਸ਼ ਸਤਿਗੁਰੂ ਜੀ ਦੇ ਜੀਵਨ ਦਾ ਲਖਸ਼ ਹੈ। ਇੰਨੇ ਸਮਰਥਾਵਾਨ ਹੁੰਦੇ ਹੋਏ, ਕਾਰਾਂ ਦੇ ਮਾਲਕ ਹੁੰਦੇ ਹੋਏ ਉਹ ਜ਼ਰਾ ਵੀ ਆਰਾਮ ਪ੍ਰਸਤ ਨਹੀਂ ਬਲਕਿ ਤੂਫਾਨਾਂ ਨਾਲ ਖੇਡਣਾ ਉਹਨਾਂ ਦਾ ਸ਼ੌਕ ਹੈ। ਮੁਸ਼ਕਲ ਕੰਮ ਕਰਨ 'ਚ ਆਸਾਨੀ ਮਹਿਸੂਸ ਕਰਦੇ ਹਨ।

ਇਕ ਵਾਰ ਵਰਿਆਂ ਹੜਾਂ ਦੇ ਵੇਲੇ ਸ੍ਰੀ ਜੀਵਨ ਨਗਰ ਦੇ ਇਲਾਕੇ ਵਿਚੋਂ ਲੰਘਦੀ ਘਗਰ ਨਦੀ ਜਿਸ ਨੂੰ ਉਥੇ ਨਾਲੀ ਕਹਿੰਦੇ ਹਨ, ਨੇ ਤਬਾਹੀ ਲਿਆ ਦਿਤੀ। ਨਾਲੀ ਦੇ ਨਾਲ ਲਗਦੇ ਪਿੰਡਾਂ ਦੇ ਖਤਮ ਹੋਣ ਦਾ ਖਤਰਾ ਪੈਦਾ ਹੋ ਗਿਆ। ਲੋਕ ਘਬਰਾ ਗਏ, ਉਸ ਵੇਲੇ ਸਤਿਗੁਰੂ ਜੀ ਆਪਣੀ ਜਾਨ ਜ਼ੋਖੋਂ ਵਿਚ ਪਾ ਕੇ ਲੋਹੇ ਦੇ ਇਕ ਵਡੇ ਕੜਾਹੇ ਤੇ ਚੜ੍ਹ ਕੇ (ਬੇੜੀ ਕੋਈ ਨਹੀਂ ਸੀ) ਲੋਕਾਂ ਦੀ ਹਿੰਮਤ ਬਨਾਉਣ ਲਈ ਠਿਲ੍ਹ ਪਏ। ਜਾ ਕੇ ਵੰਗਾਰਿਆ "ਤਗੜੇ ਹੋ ਜਾਵੋ। ਘਬਰਾਓ ਨਾ ਬੰਨ੍ਹ ਨੂੰ ਮਜ਼ਬੂਤ ਕਰੋ।" ਸਤਿਗੁਰੂ ਜੀ ਨੂੰ ਆਪਣੇ ਵਿਚ ਵੇਖਦਿਆਂ ਸਾਰ ਲੋਕਾਂ ਦੇ ਹੌਸਲੇ ਉਚੇ ਹੋ ਗਏ ਉਹਨਾਂ ਜੈਕਾਰੇ ਛਡੇ ਤੇ ਜ਼ੋਰ ਸ਼ੋਰ ਨਾਲ ਬੰਨ੍ਹ ਨੂੰ ਮਜ਼ਬੂਤ ਕਰਨ ਲਈ ਕਮਰਕਸੇ ਕਰ ਲਏ।



Namdhari Elibrary NamdhariElibrary@gmail.com

ਆਪ ਕਿਸੇ ਉਚੇਚ ਨੂੰ ਪਸੰਦ ਨਹੀਂ ਕਰਦੇ । ਜੇ ਕਿਤੇ ਆਪ ਨਾਲ ਵਿਚਰਣ ਦਾ ਸੁਅਵਸਰ ਪ੍ਰਾਪਤ ਹੋ ਜਾਵੇ ਤਾਂ ਨਿਤ ਨਵੀਆਂ ਗਲਾ ਵੇਖਣ ਨੂੰ ਮਿਲਣਗੀਆਂ। ਉਹਨਾਂ ਦੇ ਨਾਲ ਸ੍ਰੀ ਜੀਵਨ ਨਗਰ ਦੇ ਇਲਾਕੇ ਦੇ ਪਿੰਡਾਂ ਦੇ ਦੌਰੇ ਦਾ ਥੋਹੜਾ ਕੁ ਸੁਭਾਗ ਮੈਨੂੰ ਮਿਲਿਆ । ਨਾਲੀ ਤੋਂ ਉਰਲੇ ਇਲਾਕੇ ਵਿਚ ਤਾਂ ਸਤਿਗੁਰੂ ਜੀ ਨੇ ਅਗਵਾਈ ਕਰਕੇ ਸਾਰੀਆਂ ਸੜਕਾਂ ਪਕੀਆਂ ਬਣਵਾ ਦਿਤੀਆ ਹਨ ਪਰ ਪਾਰ ਅਜੇ ਰਸਤੇ ਕਚੇ ਹੀ ਹਨ। ਘਟਾ ਮਿਟੀ ਨਾਲ ਭਰਪੂਰ ਇਲਾਕਾ ਗਡੀ ਉਛਲ ਉਛਲ ਜਾਂਦੀ । ਸਤਿਗੁਰੂ ਜੀ ਹਰ ਪਿੰਡ ਦੋ ਚਾਰ ਮਿੰਟ ਰੁਕ ਦੇ ਸਿਖਾਂ ਦਾ ਹਾਲ ਚਾਲ ਪੁਛਦੇ ਅਗੇ ਚਲੇ ਜਾਂਦੇ । ਕਈਆਂ ਢਾਹਾਂ ਤੇ ਸਿਖ ਅਗੋਂ ਵਾਹੀ ਆ ਕੇ ਮਿਲਦੇ। ਇਕ ਸਿਖ ਦਾ ਖੂਹ ਵਿਕਲਵੰਜਾ ਸੀ। ਅਸੀਂ ਨਹਿਰ ਤੋਂ ਉਤਰਕੇ ਸੂਏ ਦੇ ਕੰਢੇ ਕੰਢੇ ਗਡੀ ਤੇ ਜਾ ਰਹੇ ਸੀ ਕਿ ਮੰਜ਼ਲ ਤੇ ਪਹੁੰਚ ਕੇ ਪਤਾ ਲਗਾ ਕਿ ਅਸੀਂ ਸੂਏ ਦੇ ਗਲਤ ਪਾਸੇ ਆ ਗਏ ਹਾਂ। ਸਿਖ ਦਾ ਡੇਰਾ ਤਾਂ ਸੂਏ ਤੋਂ ਦੂਸਰੇ ਪਾਰ ਹੈ। ਮੇਰੇ ਵਰਗੇ ਤਾਂ ਉਤਰ ਕੇ ਸੰਭਾਵਨਾ ਸੋਚਣ ਲਗੇ ਕਿ ਹੁਣ ਵਾਪਸ ਜਾ ਕੇ ਆਉਣ ਤੇ ਕਿੰਨਾ ਚਕਰ ਪਵੇਗਾ ਪਰ ਸਤਿਗੁਰੂ ਜੀ ਸੰਤ ਬਲਕਾਰ ਸਿੰਘ ਦੇ ਮੋਢਿਆਂ ਤੇ ਚੜ੍ਹ ਕੇ ਸੂਏ ਤੋਂ ਪਾਰ ਪਹੁੰਚ ਕੇ ਸਿਖਾਂ ਵਲ ਨੂੰ ਛਪਾ ਛਪ ਚਲੇ ਜਾ ਰਹੇ ਸਨ ।

ਸਤਿਗੁਰੂ ਪ੍ਰਤਾਪ ਸਿੰਘ ਜੀ ਨੇ ਸ੍ਰੀ ਜੀਵਨ ਨਗਰ ਦੀ ਬੰਜਰ ਕਰੀਰਾਂ ਝੰਡਿਆਂ ਵਾਲੀ ਨਿਰਜਿੰਦ ਧਰਤੀ ਨੂੰ ਵਾਹ ਕੇ ਸ਼ਿੰਗਾਰ ਕੇ ਸੋਹਣੀ ਸਵਛ ਸੋਨਾ ਉਪਜਾਊ ਧਰਤੀ ਬਣਾਇਆ । ਸਤਿਗੁਰੂ ਜਗਜੀਤ ਸਿੰਘ ਜੀ ਨੇ ਮਨਾਂ ਦੀ ਬੰਜਰ ਧਰਤੀ 'ਚੋਂ ਸੰਗੀਤ ਦੀ ਗੁਲਜ਼ਾਰ ਖਿੜਾਈ ਹੈ ।

ਕਦੇ ਕਿਆਸ ਵੀ ਨਹੀਂ ਸੀ ਕੀਤਾ ਜਾ ਸਕਦਾ ਕਿ ਆਮ ਕਿਰਤੀਆਂ ਕਿਸਾਨਾਂ ਤੇ ਜ਼ਮੀਨ ਨਾਲ ਘੋਲ ਕਰਨ ਵਾਲੇ ਪੇਂਡੂਆਂ ਦੇ ਬਚੇ ਕਦੇ ਸ਼ਹਿਰੀਆਂ ਦੇ 'ਕ੍ਰੀਕ' ਰਾਗ, ਸੰਗੀਤ ਦੇ ਮੁਕਾਬਲੇ ਵਿਚ ਹੀ ਖੜੇ ਹੋ ਸਕਣਗੇ : ਪਰ ਸਤਿਗੁਰੂ ਜਗਜੀਤ ਸਿੰਘ ਜੀ ਨੇ ਇਹਨਾਂ ਬਚਿਆਂ ਨੂੰ ਮੁਕਾਬਲੇ ਤੇ ਖੜਿਆਂ ਕਰਨਾ ਤਾਂ ਇਕ ਪਾਸੇ ਇਹਨਾਂ ਨੂੰ ਸਾਡੇ ਮੱਤਾਂ, ਸਵਾ ਚੋਦਾਂ, ਪੌਣੇ ਪੰਦਰਾਂ ਮਾਤਰਾਂ ਦੀਆਂ ਤਾਲਾਂ ਸਿਖਾ ਕੇ ਸੰਗੀਤ ਦੇ ਵੱਡੇ ਵੱਡੇ ਪੰਡਤਾਂ ਨੂੰ ਹੈਰਾਨ ਕਰ ਦਿਤਾ । ਸਤਿਗੁਰੂ ਜੀ ਦੇ ਸੰਪਰਕ ਵਿਚ ਆਉਣ ਵਾਲੇ ਵਡੇ ਵਡੇ ਹੋਰ ਸੰਗੀਤਕਾਰਾਂ ਨੇ ਵੀ ਇਹਨਾਂ ਤਾਲਾਂ ਨੂੰ ਅਪਣਾਇਆ ।

ਸੰਗੀਤ ਲਈ ਪਰੇਮ ਅਤੇ ਸੰਘਰਸ਼ ਦਾ ਇਕ ਨਵਾਂ ਨਮੂਨਾ ਪੇਸ਼ ਹੈ। 1973 ਵਿਚ ਰਾਜਧਾਨੀ ਵਿਚ ਪਹਿਲੇ ਸਰਬ ਹਿੰਦ ਸੰਗੀਤ ਸੰਮੇਲਨ ਵਿਚ ਜੰਮੂ ਦੀ ਕਲਚਰਲ ਅਕੈਡਮੀ ਚੋਂ ਵਿਦਿਆਰਥੀਆਂ ਦੇ ਇਕ ਗਰੁਪ ਵਿਚ ਦਰਸ਼ਕਾਂ ਵਜੋਂ ਭਾਗ ਲੈਣ ਲਈ ਅਸੀਂ ਆਏ। ਅਸੀਂ ਆਪਣੇ ਠਹਿਰਣ ਦੇ ਥਾਂ ਬਾਰੇ ਸੋਚ ਰਹੇ ਸਾਂ ਜਦ ਸਟੇਸ਼ਨ ਤੇ ਗਡੀ ਪਹੁੰਚੀ ਤਾਂ ਕੀ ਦੇਖਦੇ ਹਾਂ ਕਿ ਸਤਿਗੁਰੂ ਜੀ ਹਰ ਪ੍ਰਕਾਰ ਦੇ ਕਾਇਦੇ ਤਿਆਗ ਕੇ ਆਪ ਸਟੇਸ਼ਨ ਤੇ ਲੈਣ ਲਈ ਆਏ ਹੋਏ ਸਨ । ਵਿਦਿਆਰਥੀਆਂ ਦੇ ਗਲਿਆਂ 'ਚ ਹਾਰ ਪਾ ਰਹੇ ਸਨ ਤਸਵੀਰਾਂ ਖਿਚ ਰਹੇ ਸਨ, ਇਹ ਉਹਨਾਂ ਦਾ ਆਪਣਾ ਢੰਗ ਸੀ ਜਿਸ ਰਾਹੀਂ ਉਹਨਾਂ ਸਾਰਿਆਂ ਨੂੰ ਦਰਸਾ ਦਿਤਾ ਕਿ ਉਹ ਸੰਗੀਤ ਕਲਾ ਨਾਲ ਲਗਾਓ ਰਖਣ ਵਾਲਿਆਂ ਨਾਲ ਕਿੰਨਾ ਕੁ ਹਿਤ ਰਖਦੇ ਹਨ ।

ਅਜ ਦੇਸ਼ ਵਿਚ ਅਨੇਕਾਂ ਲੋਕ ਸੰਗੀਤ ਸੰਮੇਲਣ ਵੀ ਕਰਦੇ ਹਨ ਤੇ ਸੰਗੀਤ ਦੇ ਪਰਚਾਰ ਦਾ ਦਾਅਵਾ ਵੀ ਪਰ ਜਿਸ ਤਰ੍ਹਾਂ ਅਤੇ ਜਿੰਨੇ ਥੋਹੜੇ ਸਮੇਂ ਵਿਚ ਕਲਾਕਾਰ ਸਤਿਗੁਰੂ ਜਗਜੀਤ ਸਿੰਘ ਜੀ ਨੇ ਪੈਦਾ ਕੀਤੇ ਹਨ ਇਹ ਕਰਾਮਾਤ ਹੀ ਹੈ ।

ਅਜ ਅਵਤਾਰ ਸਿੰਘ ਉਸਤਾਦ ਇਮਰਤ ਖਾਂ ਸਾਹਿਬ ਨਾਲ ਤਬਲਾ ਵਜਾਉਣ ਯੂਰਪ ਗਿਆ ਹੈ ਅਤੇ ਵਾਪਸੀ ਤੇ ਉਸਤਾਦ ਵਲਾਇਤ ਖਾਂ ਸਾਹਿਬ ਨਾਲ ਅਮਰੀਕਾ ਜਾਣ ਦਾ ਪ੍ਰੋਗਰਾਮ ਬਣ ਰਿਹਾ ਹੈ। ਗੁਰਦੇਵ ਸਿੰਘ ਸਰੋਦ ਦੇ ਪ੍ਰੋਗਰਾਮ ਦੇਣ ਲਈ ਹਵਾਈ ਜਹਾਜ਼ਾਂ ਰਾਹੀਂ ਕਾਨਫਰੰਸਾਂ ਤੇ ਜਾਂਦਾ ਹੈ। ਧਰਮਵੀਰ ਸਿੰਘ ਦੀ ਸਿਤਾਰ ਦੇ ਪ੍ਰੋਗਰਾਮ ਨੂੰ ਲੋਕ ਪਸੰਦ ਕਰਦੇ ਹਨ। ਚਰਨ ਸਿੰਘ ਦੀ ਸਿਤਾਰ, ਹਰਪਾਲ ਸਿੰਘ ਦਾ ਤਬਲਾ ਉਚੇ ਪਧਰਾਂ ਦੇ ਹੋ ਗਏ ਹਨ। ਛੋਟੇ ਛੋਟੇ ਬਚੇ ਹਰ ਸ਼ਹਿਰ ਵਿਚ ਸੰਗੀਤ ਦੇ ਗਿਆਨ ਨੂੰ ਗ੍ਰਹਿਣ ਕਰ ਰਹੇ ਹਨ। ਏਨਾਂ ਕੁਝ ਸਰਕਾਰੀ ਤੇ ਗੈਰ ਸਰਕਾਰੀ ਪਧਰ ਦੀਆਂ ਸੰਸਥਾਵਾਂ ਵੀ ਨਹੀਂ ਕਰ ਸਕੀਆਂ ।

ਸੰਘਰਸ਼ ਚਲਦਾ ਹੈ ਨਿਤ ਨਵੀਆਂ ਔਕੜਾਂ ਨਿਤ ਨਵੀਆਂ ਮੁਹਿੰਮਾਂ । ਨਾ ਇਹ ਸੰਘਰਸ਼ ਖਤਮ ਹੋਣਾ ਹੈ ਅਤੇ ਨਾ ਹੀ ਇਸ ਨਾਲ ਸਬੰਧਤ ਕਥਾਵਾਂ ਹਰ ਖੇਤਰ ਵਿਚ ਸੰਘਰਸ਼ ਹੈ ਅਤੇ ਇਸ ਨੂੰ ਅੰਕਿਤ ਕਰਨ ਲਈ ਕਈ ਜਿਲਦਾਂ ਚਾਹੀਦੀਆਂ ਹਨ ।



Namdhari Elibrary NamdhariElibrary@gmail.com

# ਮਹਿਰਮ ਬਾਝੋਂ

ਜੇ ਨਾ ਦਿਲ ਦਾ ਮਹਿਰਮ ਮਿਲਿਆ
ਕਿਸ ਕੰਮ ਸਾਡਾ ਜੀਣਾ ਹੂ

ਨੀਂਦਰ ਭੁੱਖ ਆਰਾਮ ਗਿਆ ਸਭ
ਮੂੰ ਕਿਆ ਖਾਣਾਂ ਪੀਣਾ ਹੂ

ਬਿਰਹੋਂ ਬੁਲ੍ਹੇ ਆਣ ਖਿੰਡਾਂਦੇ
ਨਿੱਤ ਸਾਹਾਂ ਦਾ ਚੀਣਾ ਹੂ

ਮਹਿਰਮ ਬਾਝੋਂ ਫੱਟ ਜਿਗਰ ਦਾ
ਹੋਰ ਕਿਸੇ ਨਾ ਸੀਣਾ ਹੂ ।

ਇਸ਼ਕ ਜਿਹਾ ਕੋਈ ਰੋਗ ਨਾ ਦਿਲ ਦਾ
ਨਾ ਇਸ ਵਰਗਾ ਦਾਰੂ ਹੂ

ਇਸ਼ਕ ਝਨਾਂ ਦਾ ਪਾਣੀ ਡੂੰਘਾ
ਡੁੱਬ ਜਾਂਦੇ ਸੈ ਤਾਰੂ ਹੂ

ਸਿਦਕੀ ਸਿਦਕ ਭੁਲਾਂਦੇ ਨਾਹੀਂ
ਲੱਖ ਝੁਲੇ ਵਾ ਮਾਰੂ ਹੂ

ਇਸ਼ਕ ਦੀ ਬਾਜ਼ੀ ਸੋਈਓ ਜਿਤਦਾ
ਤਨ ਮਨ ਜਿਹੜਾ ਵਾਰੂ ਹੂ ।

ਤੈਨੂੰ ਮਿਲਿਆਂ ਬਾਝ ਵੇ ਸਜਣਾਂ
ਚੈਨ ਕਿਵੇਂ ਦਸ ਆਵੇ ਹੂ

ਰੋਜ਼ ਅਸਾਨੂੰ ਹਿਜਰ ਤੇਰੇ ਦਾ
ਝੋਰਾ ਵੱਢ ਵੱਢ ਖਾਵੇ ਹੂ

ਤੈਂ ਜੋ ਲਾਇਆ ਰੋਗ ਅਵਲੜਾ
ਕਿਹੜਾ ਵੈਦ ਹਟਾਵੇ ਹੂ

ਪਰ ਸਜਣਾਂ ਜੇ ਤੂੰ ਮਿਲ ਜਾਵੇਂ
ਰਬ ਸਾਨੂੰ ਮਿਲ ਜਾਵੇ ਹ ।

—ਕੁਲਵੰਤ ਜਗਰਾਉਂ



Namdhari Elibrary NamdhariElibrary@gmail.com



**ਸਤਿਗੁਰੂ ਰਾਮ ਸਿੰਘ ਜੀ :**

ਸਤਿਗੁਰੂ ਜਗਜੀਤ ਸਿੰਘ ਜੀ ਦੇ ਵਡੇ ਦਾਦਾ (ਦਾਦਾ ਜੀ ਦੇ ਵਡੇ ਭ੍ਰਾਤਾ) ਜਿਨ੍ਹਾਂ ਨੇ ਉਨ੍ਹੀਵੀ ਸਦੀ ਈਸਵੀ ਵਿਚ ਸਮਾਜ ਨੂੰ ਆਤਮਕ, ਸਮਾਜਕ ਤੇ ਰਾਜਨੀਤਕ ਤੌਰ ਤੇ ਰਸਾਤਲ ਚੋਂ ਕੱਢ ਕੇ ਦੇਸ਼ ਸੁਤੰਤਰਤਾ ਦਾ ਨਾਦ ਵਜਾਇਆ। ਅੰਗਰੇਜ਼ੀ ਸਾਮਰਾਜ ਵਿਰੋਧੀ ਅੰਦੋਲਨ ਵਿਚ—ਨਾ ਮਿਲਵਰਤਨ, ਸੁਦੇਸ਼ੀ ਨੂੰ ਸਿਆਸੀ ਹਥਿਆਰ ਵਜੋਂ ਈਜਾਦ ਕੀਤਾ। ਆਪ ਦੇ ਪੈਰੋਕਾਰ ਫਾਂਸੀਆਂ ਤੇ ਚੜ੍ਹੇ ਤੇ ਤੋਪਾਂ ਸਾਹਵੇਂ ਉਡੇ। 18 ਜਨਵਰੀ 1872 ਈ: ਨੂੰ ਬੰਗਾਲ ਰੈਗੂਲੇਸ਼ਨ ਐਕਟ 1818 ਧਾਰਾ ਤਿੰਨ ਅਧੀਨ ਬਗੈਰ ਮੁਕਦਮਾ ਚਲਾਇਆ ਆਪ ਨੂੰ ਜਲਾਵਤਨ ਕੀਤਾ ਗਿਆ।

Namdhari Elibrary NamdhariElibrary@gmail.com

Namdhari Elibrary NamdhariElibrary@gmail.com

## 'ਤੂੰ ਮਿਲ ਜਾਵੇਂ'

ਸੁਰਿੰਦਰ ਸਾਗਰ

ਮੈਂ ਖੁਦ ਵਿਚ ਕੋਈ ਪੂਰਣ 'ਮੈਂ' ਨਹੀਂ।
ਤੂੰ ਮਿਲ ਜਾਵੇਂ, ਪੂਰਣ ਥੀਵਾਂ।

ਤੂੰ ਪਾਰਸ, ਮੈਂ ਪੱਥਰ ਕੋਰਾ
ਮੈਂ ਇਕ ਤ੍ਰਿਸ਼ਨਾ, ਤੂੰ ਇਕ ਤ੍ਰਿਪਤੀ,
ਤੂੰ ਇਕ ਸੁਭ, ਦਵਾ ਹਰ ਦੁਖ ਦੀ,
ਮੈਂ ਇਕ ਉਲਝਨ, ਮੈਂ ਇਕ ਵਿਪਤੀ।
ਮੈਂ ਬਿਖਰੀ ਸੀਮੇ ਦੀ ਕੀਚਰ
ਤੂੰ ਚੁਕ ਲੇ, ਮੈਂ ਕੰਚਨ ਥੀਵਾਂ॥

ਮੈਂ ਨਾਪਾਕ ਗਲੀ ਦਾ ਰੋੜਾ
ਤੂੰ ਮੰਦਰ ਦੀ ਪੂਜਯ ਮੂਰਤ,
ਮੈਂ ਵਿਸ਼, ਮੇਰਾ ਨਾਮ ਵਿਸ਼ੈਲਾ
ਪਾਵਨ ਅੰਮ੍ਰਿਤ ਤੇਰੀ ਸੂਰਤ।
ਮੈਂ ਸੋਕਾ, ਤੂੰ ਘੋਰ ਘਟਾ ਹੈਂ
ਤੂੰ ਵਰਸੇਂ, ਮੈਂ ਸਾਵਨ ਥੀਵਾਂ॥

ਤੂੰ ਮਿੱਠੀ ਸੁਰ-ਸੰਧੀ ਬੰਸੀ
ਮੈਂ ਇਕ ਬੇਢਬ ਟੇਢੀ ਲੱਕੜ,
ਤੂੰ ਰਸਵੰਤੀ ਪਾਵਨ ਕਵਿਤਾ
ਮੈਂ ਬੇਅਰਥ ਅਧੂਰਾ ਅੱਖਰ।
ਮੇਰਾ ਤਨ, ਸਾਹਾਂ ਦੀ ਅਰਥੀ
ਤੂੰ ਮਿਲ ਜਾਵੇਂ, ਜੀਵਨ ਥੀਵਾਂ।

---

## ਗੀਤ

ਯਾਰ ਬਿਨਾਂ ਦਿਲ ਤੋਲੇ ਜੀਕਣ
ਪਾਣੀ ਤੋਲੇ ਥਾਲੀ ਦਾ।
ਦੱਸੋ ਯਾਰੋ, ਯਾਰ ਗੁਆਚਾ
ਕਿਥੇ ਕਿਥੇ ਭਾਲੀ ਦਾ॥

ਕਿਹੜੇ ਥਲ ਵਿਚ ਡਾਚੀ ਦਾ ਖੁਰ
ਲੱਭਾਂ ਯਾਰੋ ਜਾ ਕੇ ਮੈਂ
ਕਿਸ ਦਰਿਆ ਨੂੰ ਤਰਾਂ, ਤੇ ਕਿਹੜਾ
ਬੇਲਾ ਆਵਾਂ ਗਾਹ ਕੇ ਮੈਂ
ਕਿਸ ਧਰਤੀ ਕਿਸ ਅੰਬਰ ਕੋਲੋਂ
ਪੁੱਛਾਂ ਹਾਲ ਸਿਆਲੀ ਦਾ॥ ਦੱਸੋ ਯਾਰੋ......

ਕਿਹੜੇ ਗੁਲ ਚੋਂ ਯਾਰੋ ਉਸਦਾ
ਰੂਪ ਸੁਰਜੀ ਝਲਕੇਗਾ
ਕਿਹੜੀ ਕਲੀਓਂ ਯਾਰੋ ਉਸਦਾ
ਉਹ ਕੋਮਲ ਪਨ ਛਲਕੇਗਾ
ਉਸ ਵਰਗਾ ਵਰਤਾਵਾ ਸੋਹਣਾ
ਹੋਵੇਗਾ ਕਿਸ ਮਾਲੀ ਦਾ॥ ਦੱਸੋ ਯਾਰੋ......

ਕਿਹੜੀ ਸਰਗਮ ਵਿਚੋਂ ਉਸਦੀ
ਹਾਸੀ ਮੈਨੂੰ ਲੱਭੇਗੀ
ਕਿਸ ਕਵਿਤਾ ਦੀ ਲੈਅ ਚੋਂ ਉਸਦੀ
ਤੋਰ ਝਲਕਦੀ ਲੱਭੇਗੀ
ਉਸ ਵਰਗਾ ਪਰਛਾਵਾਂ "ਸਾਗਰ"
ਹੋਵੇਗਾ ਕਿਸ ਡਾਲੀ ਦਾ॥ ਦੱਸੋ ਯਾਰੋ......

ਸੁਰਿੰਦਰ ਸਾਗਰ
ਕਾਲਾਂਵਾਲੀ—125 01
(ਸਿਰਸਾ)

Namdhari Elibrary NamdhariElibrary@gmail.com

# ਸਤਿਗੁਰੂ ਜਗਜੀਤ ਸਿੰਘ :
# ਇਕ ਪਰਿਵਰਤਨ

—ਪ੍ਰੀਤਮ ਸਿੰਘ ਕਵੀ



ਕਵੀ ਜੀ ਵਰਿਆਮ ਦੇ ਪਾਠਕਾਂ ਲਈ ਕਿਸੇ ਤੁਆਰਫ਼ ਦੇ ਮੁਹਤਾਜ ਨਹੀਂ। ਜੀਵਨ ਵਿਚ ਕਈ ਮੁਹਾਜ਼ਾਂ ਤੇ ਲੜਦਿਆਂ ਸਤਿਗੁਰੂ ਜੀ ਨਾਲ ਇਹਨਾਂ ਦਾ ਅੰਦਰਲਾ ਸੰਪਰਕ ਹਰ ਵਕਤ ਕਾਇਮ ਰਿਹਾ ਹੈ। ਬਚਪਨ ਵੀ ਉਹਨਾਂ ਨਾਲ ਬਿਤਾਇਆ ਹੈ ਤੇ ਵਿਦੇਸ਼ਾਂ ਵਿਚ ਉਡ ਗੀਆਂ ਵੀ ਉਹਨਾਂ ਨਾਲ ਮਾਣੀਆਂ ਹਨ। ਕਵੀ ਜੀ ਵਰਗਾ ਸੂਖਮ ਭਾਵੀ, ਨਵੇਕਲੀ ਸੂਝ ਬੂਝ ਵਾਲਾ, ਬਾਰੀਕਬੀਨੀ ਨਾਲ ਘੋਖਨ ਪਰਖਨ ਵਾਲਾ ਮਾਨਵ ਪਿਆਰ ਦਾ ਨਸ਼ਿਆਇਆ ਸ਼ਬਦਾਂ ਦਾ ਜਾਦੂਗਰ ਹੋਵੇ ਤੇ ਵਿਸ਼ਾ ਹੋਵੇ ਸਤਿਗੁਰੂ ਜਗਜੀਤ ਸਿੰਘ ਵਰਗੀ ਸਰਬ ਪਿਆਰੀ ਮਨਮੋਹਨੀ ਸ਼ਖਸੀਅਤ ਤਾਂ ਕਿਉਂ ਚਿਤਰਨ ਹੋਂ ਆਪਣੇ ਆਪ ਸਾਖਿਆਤ ਪ੍ਰਗਟ ਹੋਵੇ—ਸੰਪਾਦਕ

ਨਾਮਧਾਰੀ ਪੰਥ ਦੇ ਸਿਰਤਾਜ, ਸਤਿਗੁਰੂ ਜਗਜੀਤ ਸਿੰਘ ਜੀ ਦੀ ਪ੍ਰਤਿਭਾ ਸੰਪੰਨ ਸ਼ਖਸੀਅਤ ਦਾ ਧਿਆਨ ਕਰਦਿਆਂ ਮੈਨੂੰ ਉਹਨਾ ਦਾ ਬਚਪਨ ਯਾਦ ਆ ਜਾਂਦਾ ਹੈ ਜਿਸ ਵਿਚ ਅੱਜ ਵਾਲੇ ਉਹਨਾਂ ਦੇ ਗੁਣ-ਭੰਡਾਰਾਂ ਦੇ ਅੰਕੁਰ, ਬੀਜ ਰੂਪ ਵਿਚ ਪਏ, ਵਿਕਾਸ ਲਈ ਤਾਂਘ ਰਹੇ ਸਨ। ਕਿਉਂਕਿ ਘੱਟੋ ਘੱਟ 20 ਬਹਾਰਾਂ ਮੈਂ ਉਹਨਾ ਨਾਲ ਖੇਡਿਆ-ਮੱਲਿਆ, 'ਲੜਿਆ-ਝਗੜਿਆ' ਤੇ ਪਿਆਰ-ਮਲ੍ਹਾਰ ਕੀਤੇ ਹਨ ਇਸ ਲਈ ਉਹਨਾਂ ਦੇ "ਅੱਜ" ਵਿਚ ਮੈਨੂੰ ਉਹ ਸਭ ਕੁਝ ਸਪਸ਼ਟ ਲਭਦਾ ਹੈ ਜੋ ਉਹਨਾ ਦੇ ਦੂਰ ਬੀਤੇ "ਕੱਲ੍ਹ" ਵਿਚ ਸੀ।

ਅੱਜ ਤਾਂ ਮੈਂ ਸਤਿਗੁਰੂ ਜਗਜੀਤ ਸਿੰਘ ਜੀ ਦੀ ਉਸਾਰੀ ਸਮਰਥਾ ਉਤੇ, "ਵਰਿਆਮ" ਦੇ ਪਾਠਕਾਂ ਲਈ, ਸੰਖੇਪ ਵਿਚ ਚਾਨਣਾ ਪਾਵਾਂਗਾ।

ਆਪ ਜੀ ਪੂਰੇ 39 ਸਾਲ ਸਿੱਖ ਰੂਪ ਵਿਚ ਗੁਰੂ-ਪਿਤਾ ਦੀ ਸੇਵਾ ਵਿਚ ਰਹੇ। ਇਸ ਸਮੇਂ ਵਿਚ ਉਹ ਅਨੇਕ ਪਰਕਾਰ ਨਾਲ ਸਾਧਾਰਨ ਸਿੱਖਾਂ ਨਾਲ ਸਿੱਧਾ ਸੰਪਰਕ ਰਖਦੇ ਅਤੇ ਕਈ ਤਰ੍ਹਾਂ ਦੀਆਂ ਕਠਿਨਾਈਆਂ ਨਾਲ ਵੀ ਸੰਗਰਾਮ ਕਰਦੇ ਰਹੇ। ਆਪ ਨੇ ਜੀਵਨ ਵਿਚ ਆਪਣੇ ਦਾਦਾ-ਗੁਰੂ* ਦੇ ਜੀਵਨ-ਲੱਛਣ ਅਪਣਾਏ। ਨਿਮਰਤਾ, ਉਦਾਰਤਾ, ਖਿਮਾ ਅਤੇ ਸੀਲਤਾ ਦਾਦਾ ਸਤਿਗੁਰੂ ਜੀ ਦੇ ਵਿਸ਼ੇਸ਼ ਲੱਛਣ ਸਨ। ਸਤਿਗੁਰੂ ਜਗਜੀਤ ਸਿੰਘ ਜੀ ਨੇ ਇਹਨਾਂ ਸਦਗੁਣਾਂ ਨਾਲ ਸਮੇਂ ਦੀ ਸਿਆਣਪ ਨੂੰ ਸੰਜੋਅ ਕੇ ਅਜਿਹੀ ਅਵਸਥਾ ਪੈਦਾ ਕੀਤੀ ਕਿ ਸਮਾਜ ਵਿਚ ਸਭ ਪਾਸੇ ਸੰਤੁਸ਼ਟਤਾ ਦੀ ਝਲਕ ਦਿਸਣ ਲੱਗੀ।

ਗੱਦੀ ਨਸ਼ੀਨ ਹੁੰਦਿਆਂ ਹੀ ਪਹਿਲਾਂ ਆਪ ਨੇ ਸਾਰੇ ਅਸੰਤੁਸ਼ਟ ਵਿਅਕਤੀਆਂ ਅਤੇ ਧੜਿਆਂ ਨੂੰ ਸ਼ਾਂਤ ਕਰਕੇ ਵਿਰੋਧੀ ਅਵਾਜ਼ਾਂ ਨੂੰ ਦਬਾ ਦਿਤਾ। ਕੈਰੋਂ ਸਰਕਾਰ ਦੀ ਨਾਰਾਜ਼ਗੀ ਤੋਂ ਉਠੇ ੨੨ ਤੋਂ ਵੱਧ ਕੇਸਾਂ ਦਾ ਨਿਪਟਾਰਾ ਕਰਵਾਇਆ। ਸੰਬੰਧਤ ਧਿਰਾਂ ਨੂੰ ਵਿਸ਼ਵਾਸ ਵਿਚ ਲਿਆ। ਜੀਵਨ ਨਗਰ, ਜੋ ਕਿ ਨਾਮਧਾਰੀ ਕੇਂਦਰ ਦਾ ਦੂਜਾ ਹੈੱਡਕੁਆਟਰ ਸੀ, ਪੰਜਾਬ ਸਰਕਾਰ ਤੇ ਨਾਮਧਾਰੀ ਵਿਰੋਧੀਆਂ ਦਾ ਕਿੰਨਾ ਹੀ ਸਮਾਂ ਨਿਸ਼ਾਨਾ ਬਣਿਆ ਰਿਹਾ। ਸਤਿਗੁਰੂ ਜੀ ਦੀ ਸ: ਪ੍ਰਤਾਪ ਸਿੰਘ ਕੈਰੋਂ ਵੱਲ ਉਸਾਰੂ ਪਹੁੰਚ ਕਾਰਨ, ਉਸ ਦੇ ਮਹਾਰਾਜ ਬੀਰ ਸਿੰਘ ਜੀ ਤੋਂ ਖਿਮਾ ਮੰਗ ਲੈਣ ਬਾਅਦ ਏਸ ਹਲਕੇ ਵਿਚ ਸਾਰੇ ਵਿਰੋਧੀਆਂ ਦੀ ਸ਼ਕਤੀ ਦੀ ਫੂਕ ਨਿਕਲ ਗਈ।

ਸ੍ਰੀ ਮਹਾਰਾਜ ਨਿਹਾਲ ਸਿੰਘ ਜੀ, ਜੋ ਆਪ ਦੇ ਚਾਚਾ ਜੀ ਲਗਦੇ ਸਨ, ਦੇ ਪਰਵਾਰ ਨਾਲ ਸਤਿਗੁਰੂ ਜੀ ਨੇ ਪਿਆਰ-ਸਤਿਕਾਰ ਦਾ ਹੱਥ ਵਧਾ ਕੇ ਐਸਾ ਵਾਤਾਵਰਣ ਸਿਰਜਿਆ ਕਿ ਅੱਜ ਗੁਰੂ ਹਰੀ ਸਿਘ ਜੀ ਦੀ ਸਾਰੀ ਸੰਤਾਨ ਹੀ ਪਰਸਪਰ ਘਿਉ ਖਿਚੜੀ ਹੈ।

ਗੁਰੂ ਘਰ ਵਿਚ ਜਾਇਦਾਦ ਦੇ ਵਾਰਸਾਂ ਦੇ ਆਪਸ ਵਿਚ ਝਗੜੇ ਤੇ ਵਿਰੋਧ ਸਿਖ ਇਤਿਹਾਸ ਵਿਚ ਇਕ ਨੁਮਾ-ਇਆਂ ਹੈਸੀਅਤ ਰਖਦੇ ਹਨ ਪਰ ਸਤਿਗੁਰੂ ਜਗਜੀਤ ਸਿੰਘ ਜੀ ਨੇ ਬਚਪਨ ਵਿਚ ਕੀਤੇ ਇਰਾਦੇ ਨੂੰ ਵਕਤ ਆਉਣ ਤੇ

*ਗੁਰੂ ਹਰੀ ਸਿੰਘ ਜੀ — ਸੰ :



Namdhari Elibrary NamdhariElibrary@gmail.com

ਅਮਲੀ ਸ਼ਕਲ ਦਿੰਦਿਆਂ ਆਪਣੇ ਛੋਟੇ ਵੀਰ ਮਹਾਰਾਜ ਬੀਰ ਸਿੰਘ ਜੀ ਨਾਲ ਅਤੇ ਉਹਨਾਂ ਦੀ ਸੰਤਾਨ ਨਾਲ ਏਨੀ ਅਨਿਸ਼ਚਤਾ ਕਾਇਮ ਰਖੀ ਹੈ ਕਿ ਅੱਜ ਇਹ ਸਾਰੇ ਸ੍ਰੀ ਸਤਿਗੁਰੂ ਜੀ ਦੇ ਸਰਬ ਸਤਿਕਾਰ ਸਿੱਖ ਰੂਪ ਵਿਚ ਸ਼ੋਭਾ ਪਾ ਰਹੇ ਹਨ ।

ਆਪ ਨੇ ਮੁਢ ਵਿਚ ਹੀ ਸਮਾਜਕ ਜੀਵਨ ਨੂੰ ਬਲਵਾਨ ਕਰਨ ਤੇ ਨਾਮਧਾਰੀ ਇਤਿਹਾਸ ਨੂੰ ਪਰਚਾਰਨ ਪਰਸਾਰਨ ਲਈ, ਪਹਿਲਾਂ ਤਾਂ ਸੰਤ ਮੰਗਲ ਸਿੰਘ ਜੀ ਲਾਇਲਪੁਰੀ ਮਾਲਿਕ "ਨਵਾਂ ਹਿੰਦੁਸਤਾਨ" ਨਵੀਂ ਦਿਲੀ ਨੂੰ ਹਰ ਮਹੀਨੇ ਦੋ ਹਜ਼ਾਰ ਰੁਪਏ ਮਦਦ ਦੇ ਕੇ ਨਿਵਾਜਿਆ ਫਿਰ ਉਨ੍ਹਾਂ ਦੇ ਛੋਟੇ ਭਾਈ ਸ੍ਰੀ ਅਮਰ ਭਾਰਤੀ ਦੀ ਕਲਮੀ ਯੋਗਤਾ ਨੂੰ ਨਿਖਾਰਨ ਤੇ ਵਿਸਤਾਰਨ ਲਈ 'ਨਵਾਂ ਹਿੰਦੁਸਤਾਨ' ਦੇ ਕੁਲ ਅਧਿਕਾਰ ਲਾਇਲਪੁਰੀ ਜੀ ਤੋਂ ਲੈ ਕੇ ਭਾਰਤੀ ਜੀ ਦੇ ਹਵਾਲੇ ਕਰਕੇ 5000 ਮਹੀਨਾ ਦੇ, ਨਾਮਧਾਰੀਆਂ ਲਈ ਵਿਚਾਰ-ਪਰਚਾਰ ਦਾ ਇਕ ਮੰਚ ਸਥਾਪਤ ਕੀਤਾ, ਹੋਰ ਵੀ ਅਨੇਕਾਂ ਲੇਖਕਾਂ ਵਲ ਉਦਾਰਤਾ ਪੂਰਨ ਰਵਈਆ ਰਖ ਕੇ ਉਹਨਾਂ ਦੀ ਕਲਮ ਦੀ ਕਦਰ ਪਾਈ । ਅਮਰ ਭਾਰਤੀ ਦੀ ਖੋਜ ਪੂਰਣ ਪੁਸਤਕ 'ਸਿਖ ਇਤਿਹਾਸ ਤੇ ਕੂਕੇ' ਏਸੇ ਸਮੇਂ ਦੀ ਰਚਨਾ ਹੈ । ਸੁਤੰਤਰ ਲੇਖਕ ਵੀ ਜੋ ਆਪ ਦੀ ਸਰਣ ਆਇਆ, ਨਿਵਾਜਿਆ । ਪਰ ਵਿਸ਼ੇਸ਼ ਕਾਰਨਾਂ ਨੇ 'ਨਵਾਂ ਹਿੰਦੁਸਤਾਨ' ਨੂੰ ਵਰਤਮਾਨ ਸਮੇਂ ਤਕ ਚਲਦੇ ਰਹਿਣ ਵਿਚ ਰੁਕਾਵਟਾਂ ਪੈਦਾ ਕਰ ਦਿਤੀਆਂ ਤੇ ਉਹ ਅਜ ਤੋਂ ਕਰੀਬ ਦਸ ਸਾਲ ਪਹਿਲਾਂ ਹੀ ਚਿਰ-ਨਿੰਦਰਾ ਅਧੀਨ ਹੋ ਗਿਆ ।

ਧਰਮ ਕਰਮ ਦੇ ਪੱਖੋਂ ਆਪ ਤਾਂ ਬਚਪਨ ਤੋਂ ਹੀ ਵਿਸ਼ੇਸ਼ ਮਾਣ-ਮਰਿਆਦਾਵਾਂ ਅਤੇ ਰਹੁ-ਰੀਤਾਂ ਨਾਲ ਨਿਪਟਦੇ ਆਏ ਸਨ । ਆਪ ਦੇ ਰੋਜ਼ਾਨਾ ਜੀਵਨ ਵਿਚ ਢਾਈ ਤਿੰਨ ਵਜੇ ਸੁਵੇਲੇ ਉਠ ਕੇ ਜੰਗਲ ਜਾਣਾ, ਦਾਤਨ ਕਰਨੀ, ਸਕੇਸ ਸ਼ਨਾਨ ਕਰਨਾ, ਭਜਨ ਕਰਨਾ ਅਤੇ 10 ਬਾਣੀ ਦਾ ਪਾਠ ਕਰਨਾ, ਸੁੱਚ-ਪਵਿਤਰਤਾ ਵਾਲਾ ਨੇਮ ਪਾਲਣਾ ਸ਼ਾਮਲ ਸੀ । ਪਰ ਸਤਿਗੁਰੂ ਲਈ "ਆਪ ਜਪੈ ਅਵਰਹ ਨਾਮ ਜਪਾਵੈ" ਦਾ ਨੇਮ ਸਨਾਤਨ ਗੁਰੂਆਂ ਤੋਂ ਤੁਰਿਆ ਆਉਂਦਾ ਹੈ । ਇਸ ਪਾਸੇ ਧਿਆਨ ਦੇ ਕੇ ਸ਼ੁਰੂ-ਸ਼ੁਰੂ ਵਿਚ ਪਿੰਡ-ਪਿੰਡ ਜਾ ਕੇ ਨਾਮਧਾਰੀ ਜਵਾਨ ਬੱਚੇ-ਬੱਚੀਆਂ ਨੂੰ ਸਿੱਖੀ ਅਤੇ ਮਰਿਆਦਾ ਦਾ ਪਾਠ ਪੜ੍ਹਾਇਆ । ਨਿੱਤ-ਕਰਮਾਂ ਨੂੰ ਸੁਆਦਲਤਾ ਵਲ ਪਰੇਰ ਕੇ ਆਪ ਨੇ ਇਕ ਘੰਟਾ ਨਾਮ ਸਿਮਰਨ ਨੂੰ ਸਮੂਚੇ ਨਾਮਧਾਰੀ ਘਰਾਂ ਵਿਚ ਪ੍ਰਚਲਤ ਕੀਤਾ । ਪਰ ਸਮੂਹਕ ਰੂਪ ਵਿਚ ਵੀ ਇਸ ਦੀ ਐਸੀ ਪਰਿਪਾਟੀ ਚਲਾਈ ਕਿ ਅੱਜ ਸਤਿਗੁਰੂ ਜੀ ਦੀ ਹਜ਼ੂਰੀ ਵਿਚ ਹੁੰਦੇ ਨਾਮ-ਸਿਮਰਨ ਸਮੇਂ ਵੱਧ ਤੋਂ ਵੱਧ ਲੋਕ ਹਾਜ਼ਰ ਹੁੰਦੇ ਹਨ । ਇਸ ਨੂੰ ਦਿਲਚਸਪ ਤੇ ਸਿਖਿਆਦਾਇਕ ਬਨਾਣ ਲਈ ਆਪ ਜੀ ਨੇ ਅਜਿਹੇ ਇਕੱਠਾਂ ਸਮੇਂ ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਟੇਪ-ਭਾਸ਼ਣ ਸੁਣਾਣ ਦਾ ਪ੍ਰਬੰਧ ਕਰ ਛਡਿਆ ਹੈ ਜਿਨ੍ਹਾਂ ਦੁਆਰਾ ਨਾਮਧਾਰੀ ਸੰਗਤ ਆਪਣੇ ਇਤਿਹਾਸ ਅਤੇ ਪਿਛੋਕੜ ਨੂੰ ਜਾਣਦੀ ਹੋਈ ਨਵੀਆਂ ਲੱਭਤਾਂ ਬਾਰੇ ਵੀ ਜਾਣਕਾਰੀ ਹਾਸਲ ਕਰਦੀ ਹੈ ।

ਸਤਿਗੁਰੂ ਜਗਜੀਤ ਸਿੰਘ ਜੀ ਨੇ ਬਿਰਧ ਨਾਮਧਾਰੀਆਂ ਲਈ ਤਾਂ ਸ੍ਰੀ ਜੀਵਨ ਨਗਰ ਤੇ ਭੈਣੀ ਸਾਹਿਬ ਵਿਚ ਸਤਿਗੁਰ ਪ੍ਰਤਾਪ ਸਿੰਘ ਜੀ ਦੀਆਂ ਜਾਰੀ ਕੀਤੀਆਂ ਭਜਨ ਤੇ ਭਗੌਤੀ ਦੀਆਂ ਵਰਨੀਆਂ ਨੂੰ ਤਰਕੀ ਕਰ ਦਿਤਾ ਨਾਲ ਹੀ ਇਸ ਪਵਿਤਰ ਧਰਮ-ਕਰਮ ਨੂੰ ਬਿਰਧ-ਸ਼ਾਲਾਵਾਂ ਵਿਚ ਖੀ ਬਦਲ ਦਿਤਾ ਕਿ ਜ਼ਿੰਦਗੀ ਦੇ ਆਖਰੀ ਸਫ਼ਰ ਨੂੰ ਸੁਖਾਵੀਂ ਤਰਾਂ ਨੇਪਰੇ ਚਾੜ੍ਹਨ ਲਈ ਬਜ਼ੁਰਗ ਵਿਹਲੀਆਂ ਤੇ ਸੁਅੱਛ ਖਾਣ ਤੇ ਈਸ਼ਵਰ ਚਿੰਤਨ ਵਿੱਚ ਹੀ ਸਮਾ ਬਤੀਤ ਕਰਨ ।

ਨੌਜੁਆਨਾਂ ਨੂੰ ਨਾਮ ਬੰਦ ਕਰ ਉਹਨਾਂ ਨਾਲ ਨੇੜੇ ਦਾ ਸੰਬੰਧ ਬਣਾਈ ਰਖਣ ਲਈ 1965 ਤੋਂ 'ਸਰਬ ਹਿੰਦ ਨਾਮਧਾਰੀ ਵਿਦਿਅਕ ਜਥਾ' ਦੀ ਸਥਾਪਨਾ ਕੀਤੀ ਜੋ ਹਰ ਸਾਲ ਚਾਰ ਤੋਂ ਦਸ ਦਿਨਾਂ ਤਕ ਵਖ-ਵਖ ਥਾਵਾਂ ਤੇ ਅਪਣਾ ਸਾਲਾਨਾ ਸਮਾਗਮ ਕਰਦਾ ਅਤੇ ਲਈਆਂ ਹੋਈਆਂ ਜ਼ਿਮੇਵਾਰੀਆਂ ਦੀ ਪੜਤਾਲ ਕਰ-ਕਰਵਾ ਕੇ ਅਗੋ ਲਈ ਹੋਰ ਨਿਸ਼ਾਨੇ ਮਿਥਦਾ ਹੈ ।

ਨਾਮਧਾਰੀਆਂ ਦੀ ਸਮੁਚੀ ਏਕਤਾ ਨੂੰ ਮੁਖ ਰਖਦਿਆਂ ਆਪ ਨੇ ਗੱਦੀ ਨਸ਼ੀਨੀ ਦੇ ਸਮੇਂ ਹੀ ਸ੍ਰੀਮਾਨ ਸੰਤ ਹਰਨਾਮ ਸਿੰਘ ਜੀ ਕਿਲੇਵਾਲਿਆਂ, ਮਹਾਰਾਜ ਜੰਗ ਸਿੰਘ ਜੀ ਅਤੇ ਸੰਤ ਮੋਹਨ ਸਿੰਘ ਆਦਿ ਵੱਲ ਉਸਾਰੂ ਪਹੁੰਚ ਅਪਣਾਈ । ਪਿਛਲੇ ਦੋ ਮਹਾਨ ਵਿਅਕਤੀ ਤਾਂ ਏਕਤਾ ਸੂਤਰ ਵਿਚ ਪਰੁਚ ਗਏ ਜਦੋਂ ਕਿ ਪਹਿਲਿਆਂ ਨੇ ਮੁੜ-ਜੁੜਨ ਦੀ ਉਦਾਰਤਾ ਨਾ ਵਖਾਈ । ਪਰ ਸਤਿਗੁਰੂ ਜੀ ਦਾ ਆਧਾਰ ਹੈ : ਜਦ ਤਕ ਸਾਸ ਤਦ ਤਕ ਆਸ ।



Namdhari Elibrary NamdhariElibrary@gmail com

ਜੀਵਨ ਨਗਰ ਇਲਾਕੇ ਦੀ ਜ਼ਮੀਨ ਖਰੀਦਣ ਸਮੇਂ ਆਪ ਨੇ ਸ੍ਰ. ਅਵਤਾਰ ਸਿੰਘ ਕਰੀਵਾਲਾ ਨਾਲ, ਅਗਵਾਈ ਕਰਦਿਆਂ ਜ਼ਮੀਨ ਨੂੰ ਵੰਡਣ-ਵੰਡਾਣ ਤੇ ਪਾਕਿਸਤਾਨੋਂ ਉਜੜ ਕੇ ਆਏ ਨਾਮਧਾਰੀਆਂ ਨੂੰ ਜ਼ਮੀਨ ਇਕੋ ਥਾਂ ਅਤੇ ਨਾਲ ਲਗਵੀਂ ਲੈਣ ਦੇ ਜਤਨਾਂ ਤੋਂ ਲੈ ਉਹਨਾਂ ਨੂੰ ਖਰੀਦੀ ਅਤੇ ਅਲਾਟ ਹੋਈ ਜ਼ਮੀਨ ਇੱਕਠੀ ਕਰਨ ਵਿਚ ਸਿੱਧੀ ਸਾਹਵੀਂ ਦਿਲਚਸਪੀ ਲਈ।

ਸਰਸਾ ਦੇ ਕਰੀਬ ਪੰਦਰਾਂ ਵੀਹ ਪਿੰਡਾਂ ਵਿਚ ਨਾਮਧਾਰੀਆਂ ਨੂੰ ਜ਼ਮੀਨਾਂ ਦੇ ਦਿਵਾਕੇ ਉਹਨਾਂ ਦੀ ਮੁੜ-ਵਸਣ ਤਕ ਦੀ ਸਮਸਿੱਆ ਨੂੰ ਸਰਗਰਮੀ ਨਾਲ ਨਜਿੱਠਿਆ ਅਤੇ ਅੱਜ ਸਾਰੇ ਹਰਿਆਣੇ-ਪੰਜਾਬ ਦੀ ਵਧੀਆ ਜ਼ਮੀਨ ਦੇ ਇਹ ਮਾਲਕ ਆਰਥਕ ਤੌਰ ਤੇ ਬਹੁਤ ਮਜ਼ਬੂਤ ਹੋ ਗਏ ਹਨ ਭਾਵੇਂ ਉਹਨਾਂ ਦਾ ਸਮਾਜਕ ਪੱਖ ਕੁਝ-ਕੁਝ ਸੁੰਕਿਤ ਹੋਈ ਜਾਂਦਾ ਹੈ।

ਗੁਰ ਗੱਦੀ ਵਿਰਾਜਣ ਤੋਂ ਹੁਣ ਤਕ ਆਪਨੇ ਉਸ ਇਲਾਕੇ ਵਿਚ ਚੰਗੇ ਦੁਧੇਲ ਪਸ਼ੂ, ਵਧੀਆ ਕਿਸਮਾਂ ਦੇ ਬੀਜ ਅੰਕੁਰ-ਖੇਤੀ ਤੇ ਬਾਗ਼ਬਾਨੀ ਲਈ ਪਰੇਰਨਾ ਦਿਤੀ ਆਪ ਜੀ ਨੂੰ ਨੀਮ ਸਰਕਾਰੀ ਸੰਸਥਾ ਗੋ-ਸੰਵਰਧਨ ਨੇ "ਗੋਪਾਲ ਰਤਨ" ਦਾ ਸਨਮਾਨ ਦੇ ਕੇ ਸੁਕੀਰਤੀ ਖੱਟੀ। ਪਰ ਪਿਛਲੇ ਪੰਜ ਸਾਲਾਂ ਦੌਰਾਨ ਸ੍ਰੀ ਜੀਵਨ ਨਗਰ ਇਲਾਕੇ ਦੀਆਂ ਸੜਕਾਂ ਵੀ ਆਪ ਦੇ ਉਦਮ ਸਦਕਾ ਹੀ ਨਾਮਧਾਰੀਆਂ ਦੁਆਰਾ ਮਿੱਟੀ ਸੁਟਵਾ, ਰੋੜੀ ਪੁਆ ਕੇ ਪੱਕੀਆਂ ਬਣਵਾਈਆਂ ਗਈਆਂ ਜਿਨ੍ਹਾਂ ਦੀ ਕੁਲ ਲੰਬਾਈ ਵੀਹ ਮੀਲ ਤੋਂ ਵੱਧ ਹੈ। ਅਤੇ ਏਥੇ ਹੀ ਮਸਤਾਨ ਗੜ੍ਹ ਨਾਮੀ ਇਲਾਕੇ ਦੇ ਸੋਲਾਂ ਮੁਰਬੇ ਦਲਦਲੀ ਧਰਤੀ ਨੂੰ ਇਲਾਕੇ ਦੇ ਸਮੂਹ ਨਾਮਧਾਰੀਆਂ ਦੀ ਮਦਦ ਲੈ ਕੇ ਟਰੈਕਟਰਾਂ ਦੁਆਰਾ ਮਿਟੀ ਪੁਟਵਾ, ਸੁਟਵਾ ਤੇ ਪਧਰਾਅ ਕੇ ਦਰਸ਼ਨ ਯੋਗ ਉਪਜਾਊ ਜ਼ਮੀਨ ਵਿਚ ਬਦਲ ਦਿਤਾ ਗਿਆ ਹੈ।

ਪੂਰਵ ਸਤਿਗੁਰੂਆਂ ਤੋਂ ਵਧੇਰੇ ਸਮੇਂ ਦੀ ਤੇਜ਼ੀ ਤੇ ਚੁੰਧਿਆਊ ਪਦਾਰਥਕ ਸ਼ਕਤੀਆਂ ਦਾ ਆਪ ਨੂੰ ਟਾਕਰਾ ਹੈ ਪਰ ਇਸ ਵਿਗਿਆਨਕ ਯੁਗ ਨੇ ਆਪ ਦੀ ਦੈਹਿਕ ਪਹੁੰਚ ਵੀ ਹਜ਼ਾਰਾਂ ਮੀਲਾਂ ਦੇ ਫਾਸਲੇ ਤੋਂ ਕਰਨ ਵਾਲੀ ਬਣਾ ਦਿਤੀ ਹੈ ਅਤੇ ਆਪ ਗੁਰੂ ਨਾਨਕ, ਗੁਰੂ ਗੋਬਿੰਦ ਸਿੰਘ ਤੇ ਗੁਰੂ ਰਾਮ ਸਿੰਘ ਜੀ ਦਾ ਸੰਦੇਸ਼ ਲੈ ਕੇ ਪੰਜਾਂ ਮਹਾਂ ਦੀਪਾਂ ਵਿਚ ਘੁੰਮਦੇ ਰਹਿੰਦੇ ਹਨ। ਹਜ਼ਾਰਾਂ ਨਾਮਧਾਰੀ ਪਰਿਵਾਰ ਆਪ ਜੀ ਦੇ ਦਰਸ਼ਨਾਂ ਲਈ ਵਿਦੇਸ਼ਾਂ ਵਿਚ ਬੇਤਾਬ ਰਹਿੰਦੇ ਹਨ। ਅਤੇ ਕਦੇ-ਕਦੇ ਹੀ ਉਹਨਾਂ ਦੀ ਇਛਾ ਪੂਰਤੀ ਹੁੰਦੀ ਹੈ।

ਸ੍ਰੀ ਭੈਣੀ ਸਾਹਿਬ ਭਾਵੇਂ ਲੱਖਾਂ ਦੇਸ਼ਭਗਤ ਨਾਮ-ਧਾਰੀਆਂ ਦਾ ਤੀਰਥ ਹੈ, ਪਰ ਅਜੇ ਪਿਛਲੇ ਦਹਾਕੇ ਤਕ ਇਹ ਨਾਮਧਾਰੀ ਕੇਂਦਰ ਕੱਚੇ ਜਾਂ ਕਚਪਕੇ ਮਕਾਨਾਂ ਅਥਵਾ ਛੱਪਰਾਂ ਦੁਆਰਾ ਹੀ ਸੁਸੱਜਤ ਸੀ ਪਰ 1973 ਤੋਂ ਲੈ ਕੇ ਅੱਜ ਦੇ ਦਿਨਾਂ ਤਕ ਪਹਿਲਾਂ ਵਾਲੀ ਸਾਦਗੀ ਨੂੰ ਕਾਇਮ ਰਖਦਿਆਂ ਲੋੜੀਂਦੀਆਂ ਨਹਾਨ ਧੋਣ ਆਦਿ ਦੀਆਂ ਸਹੂਲਤਾਂ ਨਾਲ 300 ਕਮਰੇ (ਛੋਟੇ ਵਡੇ) ਤਿਆਰ ਕੀਤੇ ਗਏ ਹਨ। ਸਤਿਗੁਰੂ ਜਗਜੀਤ ਸਿੰਘ ਜੀ ਨੇ ਪਹਿਲੇ ਮਕਾਨਾਂ ਨੂੰ ਉਸੇ ਸ਼ਕਲ ਅਤੇ ਤਜਵੀਜ਼ ਵਿਚ ਰਖਿਆ ਹੈ ਪਰ ਨਵੇਂ ਮਕਾਨ ਜਿਨ੍ਹਾਂ ਵਿਚ ਦੋ ਸੌ ਤਕ ਕਮਰੇ ਹਨ ਨਵੀਂ ਤਜਵੀਜ਼ ਅਨੁਸਾਰ ਉਸਰਵਾਏ ਹਨ। ਲੰਗਰ ਦੀ ਨਿਰੰਤਰਤਾ ਨੂੰ ਕਾਇਮ ਰਖਦਿਆਂ, ਉਸ ਵਿਚ ਗੁਰੂ ਰਾਮ ਸਿੰਘ ਜੀ ਦੀ ਗੜਵਾਈ ਲੋਹ ਨੂੰ ਜਿਉਂ ਦਾ ਤਿਉਂ ਸੰਭਾਲਦਿਆਂ ਜਿਸ ਉਤੇ ਅੱਜ ਤਕ ਰੋਜ਼ਾਨਾ ਪ੍ਰਸਾਦੇ ਪਕਾਏ ਜਾਂਦੇ ਹਨ ਅਤੇ ਉਸ ਕਮਰੇ ਨੂੰ ਵੀ ਪਹਿਲਾਂ ਵਾਲੀ ਹਾਲਤ ਵਿਚ ਸੁਰੱਖਿਅਤ ਕਰਦਿਆਂ ਜਿਸ ਵਿਚ ਨਾਮਧਾਰੀਆਂ ਨੇ ਕਈ ਵੀਹਾਂ ਸਾਲ ਗੁਪਤ ਅਖੰਡ ਪਾਠ ਕੀਤੇ, ਸਾਰੇ ਮਕਾਨ ਨੂੰ ਅਜੋਕੀਆਂ ਲੋੜਾਂ ਅਨੁਸਾਰ ਤਿਆਰ ਕਰਵਾ ਦਿਤਾ ਹੈ।

ਆਉਣ ਵਾਲੀ ਸੰਗਤ ਨੂੰ ਹੁਣ ਆਮ ਕਰਕੇ ਜਗਹ ਦੀ ਥੁੜੋਂ ਨਹੀਂ ਵਿਆਪੇ ਗੀ।

ਵੀਹਵੀਂ ਸਦੀ ਦੇ ਪਹਿਲੇ ਤਿੰਨ ਦਹਾਕਿਆਂ ਤਕ ਤਾਂ ਢੱਟੀਆਂ(ਲਾਇਲਪੁਰ) ਦੇ ਨਾਮਧਾਰੀਆਂ ਨੇ ਰੱਸਾ ਕਸ਼ੀ ਤੇ ਕੌਡੀ ਆਦਿ ਖੇਡ ਕੇ ਸ਼ਾਕਾਹਾਰੀ ਲੋਕਾਂ ਦੇ ਅਤੁਲ-ਬਲ ਤੇ ਖੇਡ-ਸਮਰਥਾ ਦੀ ਧਾਂਕ ਜਮਾਈ ਰਖੀ ਪਰ ਇਸ ਤੋਂ ਪਿਛੋਂ ਤਾਂ ਜਿਵੇਂ ਨਾਮਧਾਰੀਆਂ ਖੇਡ ਜਗਤ ਵਲੋਂ ਸੰਨਿਆਸ ਲੈ ਲਿਆ ਹੁਣ ਫਿਰ (1974 ਤੋਂ) ਸਤਿ ਗੁਰੂ ਜੀ ਦੀ ਪ੍ਰੇਰਨਾ ਤੇ ਉਤਸਾਹ ਨਾਲ ਸ੍ਰੀ ਜੀਵਨ ਨਗਰ ਦੀ ਨਾਮਧਾਰੀ ਹਾਕੀ ਟੀਮ ਨੇ ਜੋਹਰ ਵਖਾਣੇ ਸ਼ੁਰੂ ਕਰ ਦਿਤੇ ਹਨ ਠਾਕੁਰ ਉਦੇ ਸਿੰਘ ਟੀਮ ਦੇ ਕਪਤਾਨ ਹਨ। 1977 ਵਿਚ ਇਨ੍ਹਾਂ ਦੀ ਕਪਤਾਨੀ ਹੇਠ ਮਦਰਾਸ ਵਿਚ ਹਰਿਆਣੇ ਦੀ ਪ੍ਰਤੀਨਿਧਤਾ ਕੀਤੀ ਇਸ ਟੀਮ ਨੇ ਅਤੇ ਹਰਿਆਣਾ ਹਾਕੀ ਐਸੋਸੀਏਸ਼ਨ ਦੀ ਅਸਮਰਥਤਾ ਕਾਰਨ ਨੈਸ਼ਨਲ ਟੂਰਨਾਮੈਂਟ ਤੇ



Namdhari Elibrary NamdhariElibrary@gmail.com

ਟੀਮ ਦਾ ਜੋ ਵੀ ਖਰਚ ਆਇਆ ਉਹ ਗੁਰੂ ਕੇ ਖਜ਼ਾਨਿਓਂ ਤਾਰਿਆ ਗਿਆ ।

ਕੇਵਲ ਤਿੰਨ ਸਾਲ ਦੇ ਜਤਨਾਂ ਨਾਲ ਨਾਮਧਾਰੀ ਟੀਮ ਨੇ ਏਨੀ ਪ੍ਰਗਤੀ ਕੀਤੀ ਹੈ ਕਿ ਦੋ ਵਾਰ ਤਾਂ ਜਵਾਹਰ ਲਾਲ ਜੂਨੀਅਰ ਹਾਕੀ ਟੂਰਨਾਮੈਂਟ ਅਤੇ ਦੋ ਵਾਰ ਹੀ ਜੂਨੀਅਰ ਨੈਸ਼ਨਲ ਹਾਕੀ ਚੈਂਪੀਅਨਸ਼ਿਪ ਵਿਚ ਹਰਿਆਣੇ ਦੀ ਪ੍ਰਤੀਨਿਧਤਾ ਕੀਤੀ ਹੈ* । ਮਹਾਰਾਜ ਬੀਰ ਸਿੰਘ ਜੀ ਦੇ ਛੋਟੇ ਸਪੁਤ੍ਰ ਠਾਕਰ ਉਦੇ ਸਿੰਘ ਉਤਸਾਹੀ ਤੇ ਗਤੀਸ਼ੀਲ ਵਿਚਾਰਾਂ ਦੇ ਧਾਰਨੀ ਹਨ ਅਤੇ ਆਸ ਕੀਤੀ ਜਾਂਦੀ ਹੈ ਕਿ ਨਿਕਟ ਭਵਿੱਖ ਵਿਚ ਨਾਮਧਾਰੀ ਹਾਕੀ ਟੀਮ ਹੋਰ ਵੀ ਚਮਤਕਾਰ ਵਿਖਾਏਗੀ ।

ਜਦੋਂ ਸਤਿਗੁਰੂ ਜਗਜੀਤ ਸਿੰਘ ਜੀ ਦੇ ਧਿਆਨ ਵਿਚ ਦੂਜੇ ਸਮਾਜਾਂ ਦੀ ਦਾਜ ਦੀ ਮੁਸ਼ਕਲ ਕਾਰਨ ਨੌਜਵਾਨ ਬੇਟੀਆਂ ਦਾ ਅਣਵਿਆਹਿਆਂ ਰਹਿ ਜਾਣਾ ਜਾਂ ਸਹੁਰੇ ਘਰ ਦੀ ਝਿੜਕ-ਝੰਬ ਤੇ ਸਤਾਊ ਵਤੀਰੇ ਕਾਰਨ ਸੜ ਮਰਨ ਜਾਂ ਹੋਰ ਢੰਗਾਂ ਨਾਲ ਆਤਮ ਹੱਤਿਆ ਕਰਨ ਤਕ ਦੀ ਨੌਬਤ ਦੀ ਗੱਲ ਆਈ ਤਾਂ ਆਪ ਨੇ ਪਹਿਲਾਂ ਚਲਦੀ ਅਨੰਦ ਮਰਿਆਦਾ ਦੀ ਸਾਦਗੀ ਨੂੰ ਕਾਇਮ ਰਖਦਿਆਂ ਨੌਜਵਾਨਾਂ ਤੇ ਉਹਨਾਂ ਦੇ ਮਾਪਿਆਂ ਨੂੰ ਪ੍ਰੇਰਣਾ ਦੇਣ ਦਾ ਬੀੜਾ ਉਠਾ ਲਿਆ ਕਿ ਸਾਰੇ ਆਨੰਦ-ਵਿਵਹਾਰ ਏਨੇ ਸਾਦਾ ਕੀਤੇ ਜਾਣ ਕਿ ਉਹਨਾਂ ਵਿਚ ਮੰਗਣੇ ਦੀ ਰਸਮ, ਸਧਾਰਨ ਜਿਹਾ ਸ਼ਗੁਨ ਸ਼ਾਰ ਜਾਂ ਅਰਦਾਸ ਤਕ ਵੀ ਨਾ ਕੀਤੀ ਜਾਵੇ । ਸ੍ਰੀ ਮਹਾਰਾਜ ਬੀਰ ਸਿੰਘ ਜੀ ਦੇ ਵੱਡੇ ਸਪੁਤ੍ਰ ਠਾਕਰ ਦਲੀਪ ਸਿੰਘ ਜੀ ਦੀ ਸਰਦਾਰੀ ਹੇਠ ਇਕ ਐਸਾ ਕਮਿਸ਼ਨ ਮੁਕਰਰ ਕੀਤਾ ਜੋ ਵਿਆਹ ਸ਼ਾਦੀਆਂ ਦੀ ਸਾਦਗੀ ਦੀ ਨਿਗਾਹਬਾਨੀ ਕਰੇ । ਨਾਮਧਾਰੀਆਂ ਦੇ ਬੱਚੇ ਬੱਚੀਆਂ ਨੂੰ ਮਹਿੰਗੇ ਵਿਆਹਾਂ ਤੇ ਵਿੱਤ ਦਾਜ ਦੀ ਕੋਈ ਮਜਬੂਰੀ ਨਹੀਂ ।

ਕਾਰੋਬਾਰਾਂ ਅਤੇ ਸਨਅਤ ਨੂੰ ਨਾਮਧਾਰੀਆਂ ਵਿਚ ਵਿਸ਼ੇਸ਼ ਤੌਰ ਤੇ ਉਸਾਰਣ ਵਾਸਤੇ, ਸਤਿਗੁਰੂ ਜਗਜੀਤ ਸਿੰਘ ਜੀ ਨੇ ਨਾਮਧਾਰੀ ਮਾਲਦਾਰਾਂ ਨੂੰ ਪ੍ਰੇਰ ਸ੍ਰੀ ਜੀਵਨ ਨਗਰ (ਸਰਸਾ) ਇਲਾਕੇ ਵਿਚ ਜਿਨਿੰਗ ਤੇ ਝੋਨਾ ਛੜਨ ਦੀਆਂ ਮਿਲਾਂ ਸਥਾਪਤ ਕੀਤੀਆਂ । ਦਿੱਲੀ ਵਿਚ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਮਾਰਕੀਟ ਉਸਰਵਾ ਕੇ ਨਾਮਧਾਰੀ ਸ਼ਾਪਿੰਗ ਸੈਂਟਰ ਨਾਮੀ ਤਕੜੀ ਕਾਰੋਬਾਰੀ ਫਰਮ ਕਾਇਮ ਕਰਵਾਈ ਇਸ ਸੈਂਟਰ ਵਿਚੋਂ ਹਰ ਪਰਕਾਰ ਦੀਆਂ ਚੀਜ਼ਾਂ ਸਸਤੇ ਮੁੱਲੋਂ ਅਤੇ ਵਧੀਆ ਕੁਆਲਿਟੀ ਵਿਚ ਮਿਲ ਸਕਦੀਆਂ ਹਨ । ਇਨ੍ਹਾਂ ਸਭਨਾਂ ਵਿਚ ਡਾਲਟਨ ਗੰਜ ਦੇ ਪ੍ਰਸਿਧ ਨਾਮਧਾਰੀ ਭਰਾਵਾਂ ਦੀ ਸੇਠ ਕਿਰਪਾਲ ਸਿੰਘ ਜੀ ਦੀ ਅਗਵਾਈ ਵਿਚ ਸਹਾਇਤਾ ਜਾਰੀ ਹੈ ।

ਬੈਂਕਿੰਗ ਵਿਚ, ਪ੍ਰਸਿੱਧ ਨਾਮਧਾਰੀ ਸੇਠ ਤ੍ਰਲੋਕ ਸਿੰਘ ਅਤੇ ਸ੍ਰ. ਹਰਵਿੰਦਰ ਸਿੰਘ ਹੰਸਪਾਲ ਦਿੱਲੀ ਵਾਲਿਆਂ ਨੂੰ ਉਤਸ਼ਾਹ ਬਖਸ਼ ਕੇ ਸਤਿਗੁਰੂ ਜੀ ਨੇ ਦਿੱਲੀ, ਸ੍ਰੀ ਜੀਵਨ ਨਗਰ, ਭੈਣੀ ਸਾਹਿਬ ਅਤੇ ਜਲੰਧਰ ਆਦਿ ਵਿਖੇ 15 ਤਕ ਸ਼ਾਖਾਵਾਂ ਖੋਲ੍ਹ ਦਿਤੀਆਂ ਹਨ ।

ਸਿੱਖਾਂ ਵਿਚ ਸੰਗੀਤ ਅਤੇ ਖਾਸਕਰ ਗੁਰਮਤ ਸੰਗੀਤ ਦਾ ਖ਼ਾਤਮਾ ਹੁੰਦਾ ਵੇਖ ਸਤਿਗੁਰੂ ਜੀ ਨੇ ਸ਼ਾਸਤਰੀ ਸੰਗੀਤ ਦੇ ਨਾਮਧਾਰੀਆਂ ਵਿਚ ਪ੍ਰਚਲਣ ਨੂੰ ਬਾਕਾਇਦਾ ਉਦੇਸ਼ ਮਿਥ ਲਿਆ । ਇਸ ਅਨੁਸਾਰ ਹਿੰਦੁਸਤਾਨ ਦੇ ਚੋਟੀ ਦੇ ਸ਼ਸਤਰੀ ਸੰਗੀਤ ਦੇ ਪੰਡਿਤਾਂ, ਉਸਤਾਦ ਸਾਹਿਬਿਆਂ ਅਤੇ ਮਾਹਿਰ ਤਬਲਾਵਾਦਕਾਂ ਨਾਲ ਰਾਬਤਾ ਰਖਣ ਲਈ ਸਤਿਗੁਰੂ ਪ੍ਰਤਾਪ ਸਿੰਘ ਨੇ ਸੰਗੀਤ ਸੰਮੇਲਨਾਂ ਦੀ ਪਰਿਪਾਟੀ ਪਾਈ । ਹਜ਼ਾਰਾਂ ਰੁਪੈ ਦੇ ਖਰਚੇ ਨਾਲ ਹੁੰਦੇ ਸੰਮੇਲਨਾਂ ਵਿਚ ਸੰਗੀਤ ਰਸੀਆਂ ਨੂੰ ਬੇਖਰਚ ਨਿਉਂਤਾ ਦਿਤਾ ਜਾਂਦਾ ਹੈ ਅਤੇ ਨਾਲ ਹੀ ਇਸ ਮੰਚ ਦੁਆਰਾ ਅਪਣੇ ਬੱਚਿਆਂ ਦੀ ਕਲਾ ਪਰਦਰਸ਼ਨੀ ਕੀਤੀ ਜਾਂਦੀ ਹੈ । ਸ੍ਰੀ ਗੁਰਦੇਵ ਸਿੰਘ ਸਰੋਦ ਵਾਦਕ ਤੇ ਸ੍ਰੀ ਹਰਭਜਨ ਸਿੰਘ ਦੀ ਜੋੜੀ ਅਜਿਹੇ ਕਾਰਜ ਖੇਤਰ ਵਿਚ ਮੋਹਰੀ ਹੁੰਦੀ ਹੈ । ਸ੍ਰੀ ਸਤਿਗੁਰੂ ਜੀ ਨੇ ਅੰਮ੍ਰਿਤਸਰ, ਜੰਮੂ, ਜਲੰਧਰ, ਦਿੱਲੀ, ਡੇਹਰਾਦੂਨ, ਬਨਾਰਸ ਅਤੇ ਬੰਬਈ ਆਦਿ ਵਿਚ ਬੱਚਿਆਂ ਲਈ ਸੰਗੀਤ ਸਕੂਲਾਂ ਦਾ ਪ੍ਰਬੰਧ ਕੀਤਾ ਹੈ ।

ਹੁਣ ਆਪ ਨੇ ਦੇਸ਼ ਵਿਦੇਸ਼ ਵਿਚੋਂ ਥੋੜਾ ਜਿਨਾ ਵੀ ਸੰਗੀਤ ਸ਼ੌਕ ਰਖਣ ਵਾਲੇ ਬੱਚਿਆਂ ਨੂੰ ਮੰਗਵਾ ਕੇ ਭਾਰਤ ਦੇ ਸਿਖਰ ਦੇ ਵਾਦਕਾਂ, ਗਾਇਕਾਂ ਤੇ ਪਖਾਵਜੀਆਂ ਦੀ ਸ਼ਾਗਿਰਦੀ ਵਿਚ ਭੇਜ ਦਿਤਾ ਹੈ ਜਿਨ੍ਹਾਂ ਦਾ ਖਾਣ ਪੀਣ ਤੇ ਰਿਹਾਇਸ਼ ਅਤੇ ਉਸਤਾਦ ਕਲਾਕਾਰਾਂ ਦਾ ਖਰਚ ਆਦਿ ਗੁਰੂ ਕਾ ਖਜ਼ਾਨਾ ਸਹਾਰਦਾ ਹੈ ।

ਸ੍ਰੀ ਜੀਵਨ ਨਗਰ ਵਿਚ ਖਰੀਦੀ ਤੇ ਅਲਾਟ ਕਰਵਾਈ ਜ਼ਮੀਨ ਨੇ ਜਿਥੇ ਨਾਮਧਾਰੀਆਂ ਨੂੰ ਪਦਾਰਥ ਪੱਧਰੋਂ ਉਚੇਰਿਆਂ ਕੀਤਾ ਹੈ ਓਥੇ ਗੁਰੂ ਘਰ ਨੂੰ ਵੀ ਕਾਫੀ ਆਰਥਕ ਸਥਿਰਤਾ ਮਿਲੀ ਹੈ । ਹੁਣ ਇਕ ਫਾਰਮ ਬੈਂਗਲੌਰ

*ਨਹਿਰੂ ਹਾਕੀ (ਸੀਨੀਅਰ) ਟੂਰਨਾਮੈਂਟ ਵਿਚ ਇਸ ਵਾਰ (ਸੰਨ 1977) ਨਾਮਧਾਰੀ ਵਿਦਿਅਕ ਜਥੇ ਦੀ ਟੀਮ ਨੇ ਵੀ ਭਾਗ ਲਿਆ-ਸੰ:



Namdhari Elibrary NamdhariElibrary@gmail.com

(ਕਰਨਾਟਕ) ਤੋਂ 35-40 ਕਿਲੋਮੀਟਰ ਦੇ ਫਾਸਲੇ ਤੇ ਖਰੀਦਿਆ ਗਿਆ ਹੈ। ਇਸ ਨਾਲ ਨਾਮਧਾਰੀ ਪਰਵਾਰਾਂ ਨੂੰ ਉਤਸਾਹ ਮਿਲਿਆ ਹੈ ਅਤੇ ਉਹ ਉੱਤਰਪ੍ਰਦੇਸ਼ ਅਤੇ ਹੋਰ ਪ੍ਰਾਂਤਾਂ ਵਿਚ ਜ਼ਮੀਨ ਦੀ ਭਾਲ ਵਿਚ ਚੜ੍ਹ ਨਿਕਲੇ ਹਨ ਅਤੇ ਕਈ ਥਾਈਂ ਤਕੜੇ ਉਪਜਾਊ ਫਾਰਮ ਬਣਾ ਲਏ ਗਏ ਹਨ।

ਦੇਸ਼ ਅਤੇ ਵਿਦੇਸ਼ਾਂ ਵਿਚ ਨਾਮਧਾਰੀਆਂ ਦੀ ਪ੍ਰਗਤੀ ਜ਼ਰੂਰਤ ਨੂੰ ਮੁਖ ਰਖਦਿਆਂ ਨਾਮਧਾਰੀ ਧਰਮ ਸ਼ਾਲਾਵਾਂ ਨੂੰ ਨਾਮਧਾਰੀ ਕੇਂਦਰਾਂ ਵਲੋਂ ਬਣਵਾਇਆ ਜਾਂ ਬਣੀਆਂ-ਬਣਾਈਆਂ ਬਿਲਡਿੰਗਾਂ ਖਰੀਦ ਕੇ ਸਥਾਪਤ ਕੀਤਾ ਗਿਆ ਹੈ। ਅੱਜ ਵਿਦੇਸ਼ਾਂ ਵਿਚ ਪਹਿਲਾਂ ਨਾਲੋਂ ਕਿਤੇ ਵਧੀਕ ਅਤੇ ਖਾਸ ਕਰਕੇ ਇੰਗਲੈਂਡ, ਅਮਰੀਕਾ, ਕੈਨੇਡਾ ਆਦਿ ਦੂਰ ਦੇਸ਼ਾਂ ਵਿਚ ਮਾਣਯੋਗ ਥਾਵਾਂ ਤੇ ਸਮਾਜਕ ਇਕੱਠਾਂ ਲਈ ਧਰਮਸ਼ਾਲਾਵਾਂ ਵਿਕਾਸ ਕਰ ਰਹੀਆਂ ਹਨ। ਸਤਿਗੁਰੂ ਜਗਜੀਤ ਸਿੰਘ ਜੀ ਨੇ ਪਹਿਲਾਂ ਪਹਿਲ, ਪਿਤਾ-ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਹੁੰਦਿਆਂ ਲੁਧਿਆਣਾ ਵਿਚ ਇਕ ਕਚਪਕੀ ਧਰਮਸ਼ਾਲਾ ਨੂੰ 'ਮਾਡਰਨ' ਬਣਾ ਕੇ ਆਉਣ ਵਾਲੇ ਸਮੇਂ ਲਈ ਸੰਕੇਤ ਕੀਤਾ ਸੀ। ਇੰਗਲੈਂਡ ਜਿਥੇ ਬਾਰਾਂ ਹਜ਼ਾਰ ਤੋਂ ਵੱਧ ਨਾਮਧਾਰੀ ਪਰਵਾਰ ਵਿਕਾਸ ਪਾ ਰਹੇ ਹਨ, ਉਥੇ ਵੀ ਸ਼ਹਿਰ ਸ਼ਹਿਰ ਲਈ ਨਾਮਧਾਰੀ ਧਰਮ ਸ਼ਾਲਾਵਾਂ ਵਜੂਦ ਵਿਚ ਆ ਰਹੀਆਂ ਹਨ।

ਅਪਣੇ ਸਮਾਜ ਵਿਚ ਸਭ ਤੋਂ ਉੱਚਾ ਤੇ ਸੁੱਚਾ ਸਥਾਨ ਰਖਦਿਆਂ ਇਹ ਪੂਰਵ ਸਤਿਗੁਰੂਆਂ ਵਾਂਗ 'ਸੱਚੇ ਪਾਤਸ਼ਾਹ' ਹੀ ਹਨ ਤੇ ਲੱਖਾਂ ਨਾਮਧਾਰੀਆਂ ਦੇ ਹਿਰਦਿਆਂ ਉਤੇ ਰਾਜ ਕਰਦੇ ਹਨ ਪਰ ਇਸ ਤੋਂ ਬਿਨਾਂ ਦੇਸ਼ ਅਤੇ ਦੁਨੀਆਂ ਦੇ ਦੂਜੇ ਸਮਾਜੀ, ਧਾਰਮਕ ਜਾਂ ਰਾਜਸੀ ਸੰਗਠਨਾਂ ਵਿਚ ਸ਼ਮੂਲੀਅਤ ਰਖਦੇ ਅਤੇ ਉਨ੍ਹਾਂ ਲਈ ਰੁਪੇ ਪੈਸੇ ਦੀ ਮਦਦ-ਇਮਦਾਦ ਵੀ ਕਰਦੇ ਰਹਿੰਦੇ ਹਨ। ਆਪ ਕੇਵਲ ਉਨ੍ਹਾਂ ਸੰਗਠਨਾਂ ਲਈ ਹੀ ਸਹਾਇਤਾ ਜਾਂ ਸਰਪ੍ਰਸਤੀ ਕਰਦੇ ਹਨ ਜੋ ਸਰਬ ਧਰਮ ਸਮਾਨਤਾ, ਮਾਨਵਤਾ, ਅਹਿੰਸਾ, ਸ਼ਾਕਾਹਾਰ ਅਤੇ ਵਿਸ਼ਵ ਸ਼ਾਂਤੀ ਲਈ ਪ੍ਰਯਤਨ ਕਰਦੇ ਹਨ। ਸ੍ਰੀ ਸਵਰਨ ਸਿੰਘ ਸਨੇਹੀ ਅਜਿਹੇ ਕੰਮਾਂ ਲਈ ਸ੍ਰੀ ਸਤਿਗੁਰੂ ਜੀ ਦੇ ਵਿਸ਼ੇਸ਼ ਸਕੱਤਰ ਹਨ।

ਉਪਰੋਕਤ ਸਭ ਤਰ੍ਹਾਂ ਦੀ ਉਸਾਰੀ ਵਾਸਤੇ ਲੱਖਾਂ ਰੁਪੈਆਂ ਦੀ ਜ਼ਰੂਰਤ ਹੋ ਸਕਦੀ ਹੈ। ਇਹ ਕਿਥੋਂ ਆਉਂਦੇ ਹਨ? ਸਤਿਗੁਰੂ ਜੀ ਨੂੰ ਹੁੰਦੀ ਦਰਸ਼ਨ-ਭੇਟਾ ਤੋਂ, ਖੇਤੀ ਬਾੜੀ ਤੇ ਪਸ਼ੂ ਫਾਰਮਾਂ ਦੇ ਖਰਚੋਂ ਵਧੀ ਰਕਮ ਚੋਂ ਅਤੇ ਨਾਮਧਾਰੀਆਂ ਦੇ ਧਨੀਮਾਨੀ ਪੁਰਸ਼ਾਂ ਤੋਂ। ਕੀ ਵੱਡੇ ਤੇ ਕੀ ਛੋਟੇ ਨਾਮਧਾਰੀ ਅਪਣਾ ਤਨ, ਮਨ, ਧਨ ਸਤਿਗੁਰੂ ਦਾ ਸਮਝਦੇ ਹਨ। ਉਹ ਅਸਲੀ ਅਰਥਾਂ ਵਿਚ ਗੁਰਬਾਣੀ ਦੀ ਇਹ ਤੁਕ ਰੂਪਮਾਨ ਕਰਦੇ ਹਨ : "ਤਨ ਮਨ ਧਨ ਸਭ ਸਉਪਿ ਗੁਰ ਕਉ ਹੁਕਮਿ ਮੰਨਿਐ ਪਾਈਐ।" ਨਾਮਧਾਰੀਆਂ ਦੇ ਉਸਰੇ ਮੰਦਰ-ਧਰਮਸ਼ਾਲਾਵਾਂ ਵਿੱਚ ਰਕਮਾਂ ਸਵੈ-ਇੱਛਾ ਜਾਂ ਗੁਰੂ-ਇੱਛਾ ਅਨੁਸਾਰ ਆਉਂਦੀਆਂ ਜਾਂਦੀਆਂ ਹਨ ਅਤੇ ਕਿਸੇ ਬਸ਼ਰ ਵਿਚ ਵੀ ਇਹ ਹਉਂ ਸਿਰ ਨਹੀਂ ਚੁਕਦੀ ਕਿ ਉਹਦਾ ਨਾਂ ਕਮਰਿਆਂ-ਕੋਠਿਆਂ ਜਾਂ ਪੱਖਿਆਂ-ਪਉੜੀਆਂ ਤੇ ਲਿਖਵਾਇਆ ਜਾਵੇ। ਇਹ ਤਿਆਗ ਸਤਿਗੁਰੂ ਜੀ ਦੇ ਆਸਰੇ ਹੁਣ ਤਕ ਵੀ ਬਣਿਆ ਆ ਰਿਹਾ ਹੈ ਜਦੋਂ ਕਿ ਸਤਿਗੁਰੂ ਪ੍ਰਤਾਪ ਸਿੰਘ ਸਿਮਰਤੀ ਮੰਦਰ (134 ਫੁਟ ਚੌੜਾ ਤੇ 228 ਫੁਟ ਲੰਬਾ) ਦੀ ਉਸਾਰੀ ਬਿਨ-ਥੰਮਾਂ ਹੋ ਰਹੀ ਹੈ।

ਆਪਣੇ ਨਿੱਜੀ ਧਰਮ-ਕਰਮਾਂ ਨੂੰ ਨਿਰੰਤਰ ਭੁਗਤਾਂਦਿਆਂ, ਦੇਸ਼-ਵਿਦੇਸ਼ ਦੇ ਨਾਮਧਾਰੀਆਂ ਤੇ ਹੋਰ ਸਿੱਖਾਂ-ਸੇਵਕਾਂ ਵਿਚ ਗੁਰ ਸਿਖੀ ਤੇ ਕੂਕਾਮਤ ਦਾ ਪਰਚਾਰ ਕਰਦਿਆਂ ਆਪ ਆਪਣੇ ਨਿੱਜੀ ਸੇਵਕਾਂ ਸੰਤ ਬਲਕਾਰ ਸਿੰਘ ਤੇ ਸੰਤ ਮਹਿੰਦਰ ਸਿੰਘ ਪੁਰਬਾ ਨਾਲ ਰਾਤ ਦਿਨ ਸਫਰ ਵਿਚ ਰਹਿੰਦੇ ਹਨ। ਆਪ ਜੀ ਦੇ ਛੋਟੇ ਭਾਈ ਸ੍ਰੀ ਮਹਾਰਾਜ ਬੀਰ ਸਿੰਘ ਜੀ ਸ੍ਰੀ ਭੈਣੀ ਸਾਹਿਬ ਸ੍ਰੀ ਜੀਵਨ ਨਗਰ ਦੇ ਪ੍ਰਬੰਧਕ ਮਾਮਲਿਆਂ ਨੂੰ ਨਜਿੱਠਦੇ ਹਨ। ਸ੍ਰੀ ਮਹਾਰਾਜ ਜੀ ਦੇ ਦੋਵੇਂ ਸਪੁੱਤਰ ਵੀ ਸ੍ਰੀ ਸਤਿਗੁਰੂ ਜੀ ਦੀ ਆਗਿਆ ਅਨੁਸਾਰ ਪ੍ਰਬੰਧ-ਕਾਰਜਾਂ ਵਿਚ ਹਥ ਵਟਾਂਦੇ ਹਨ।

ਗੁਰ ਗੱਦੀ ਸਮੇਂ ਤੋਂ ਬਾਅਦ ਦੇ ਕਾਰਜਾਂ ਦਾ ਇਹ ਸਿਧਾ ਵਲੋਕਨ ਹੀ ਹੈ, ਵਿਆਖਿਆ ਕਰਨੀ ਹੋਵੇ ਤਾਂ ਇਕ ਇਕ ਨੁਕਤੇ ਤੇ ਪੁਸਤਕ ਤਿਆਰ ਹੋ ਸਕਦੀ ਹੈ, ਪਰ ਤਾਂ ਵੀ ਅਜਿਹੇ ਹੋਰ ਵੀ ਕਾਰਜ ਹਨ ਜੋ ਆਪ ਦਾ ਧਿਆਨ


Namdhari Elibrary NamdhariElibrary@gmail.com

ਮੰਗਦੇ ਰਹਿੰਦੇ ਹਨ। ਉਨ੍ਹਾਂ ਲਈ ਪਦਾਰਥਕ ਸਹੂਲਤਾਂ ਤੇ ਇੱਛਾ ਅਨੁਸਾਰ ਸੰਚਾਲਨ ਕਰਨ ਵਾਲੇ ਵਿਅਕਤੀਆਂ ਦੀ ਢੂੰਡ ਦੇਰੀ ਦਾ ਕਾਰਨ ਬਣੀ ਹੋਈ ਹੈ।

ਏਨੇ ਸਾਰੇ ਰੁਝੇਵਿਆਂ, ਮੁਹਿੰਮਾਂ ਅਤੇ ਅੰਨ-ਧਰਮੀਆਂ ਨਾਲ ਤਾਲ ਮੇਲ ਰਖਦਿਆਂ ਸਤਿਗੁਰੂ ਜਗਜੀਤ ਸਿੰਘ, ਅਨੰਦ ਦੀ ਗੰਗਾ ਵਹਾਂਦੇ, ਬੱਚਿਆਂ-ਬਿਰਧਾਂ, ਨੌਜਵਾਨਾਂ ਮੁਟਿਆਰਾਂ ਅਤੇ ਵਿਹਾਣੀਂ ਖੁਭੇ ਜੋੜਿਆਂ ਨੂੰ ਧਰਮ-ਕਰਮ ਦ੍ਰਿੜ੍ਹਾਂਦੇ ਇਕ ਰਸ ਤੁਰੇ ਰਹਿੰਦੇ ਹਨ। ਭਾਵੇਂ ਕਿੰਨੀ ਵੀ ਅਰਾਮਦਿਹ ਮੋਟਰ ਥੱਲੇ ਹੋਵੇ, ਹਵਾਈ ਜਹਾਜ਼ ਕਿੰਨੀ ਵੀ ਤੇਜ਼ ਉਡਾਣ ਭਰ ਰਿਹਾ ਹੋਵੇ ਪਰ ਸਤਿਗੁਰੂ ਜੀ ਦੀ ਕੋਮਲ ਕਾਇਆ ਨੂੰ ਆਰਾਮ ਕਿਥੇ! ਉਡੀਕਵਾਨਾਂ ਦੀਆਂ ਬੇ-ਬਹਾ ਭੀੜਾਂ ਪਿਆਰ ਭਰੇ ਹਰਦਿਆਂ ਨਾਲ ਅੱਖੀਆਂ ਚੁਕ ਚੁਕ ਉਨ੍ਹਾਂ ਰਾਹਾਂ ਵਲ ਵੇਖਦੀਆਂ ਹਨ। ਜਿਨ੍ਹਾਂ ਤੋਂ ਹਿਰਦੇ ਸਮਰਾਟ ਸਤਿਗੁਰੂ ਜੀ ਆਉਂਦੇ ਹੋਣ!

ਸਤਿਗੁਰਾਂ ਦਾ ਕੋਡ ਆਫ ਕੰਡਕਟ ਤਾਂ ਗੁਰਬਾਣੀ ਹੈ। ਉਨ੍ਹਾਂ ਦਾ ਚਰਿਤਰ ਅਜਿਹੀ ਕੁਠਾਲੀ ਵਿਚ ਢਲਿਆ ਹੋਇਆ ਹੈ ਜਿਸ ਵਿਚ ਪੂਰਵ ਸਤਿਗੁਰੂਆਂ ਦੇ ਆਦਰਸ਼ ਵਾਕਾਂ ਦੀ ਅਗਨੀ ਤਪਦੀ ਰਹਿੰਦੀ ਹੈ। ਇਸ ਲਈ ਉਨ੍ਹਾਂ ਦਾ ਆਪਣਾ ਨੇਮ-ਕਰਮ ਕੋਈ ਉਪਰੋਂ ਮਜਬੂਰੀ ਨਹੀਂ ਸਗੋਂ ਸਹਿਜ-ਸੁਭਾਵੀ ਕਿਰਿਆ ਹੈ।

ਸਤਿਗੁਰੂ ਜੀ ਦੇ ਰੋਜ਼ਾਨਾ ਨੇਮਾਂ ਵਿਚ ਤਿੰਨ ਵਜੇ ਅੰਮ੍ਰਿਤ ਵੇਲੇ ਉਠਕੇ ਜੰਗਲ ਮੈਦਾਨ ਜਾਣਾ, ਸਕੇਸ਼ ਇਸ਼ਨਾਨ ਕਰਨਾ, ਆਸਾ ਦੀ ਵਾਰ ਦਾ ਕੀਰਤਨ ਸੁਣਨਾ-ਕਰਨਾ, ਦਿਨ ਚੜ੍ਹੇ ਮੇਲ-ਮੁਲਾਕਾਤਾਂ, ਦਰਸ਼ਨ ਪਰਸਨ, ਦੁਪਹਿਰ ਦਾ ਇਕ ਘੰਟਾ ਸਮੂਹਕ ਸਿਮਰਨ, ਸ਼ਾਮ ਦਾ ਦੀਵਾਨ ਅਤੇ ਪ੍ਰਬੰਧ-ਸੰਬੰਧਤ ਵਿਅਕਤੀਆਂ ਨਾਲ ਸਲਾਹ ਮਸ਼ਵਰੇ ਅਤੇ ਰਾਤੀਂ ਜੇ ਸਮਾਂ ਮਿਲ ਸਕੇ ਤਾਂ ਦਸ ਵਜੇ ਤਕ ਵਿਰਾਜ ਜਾਣਾ ਹੁੰਦਾ ਹੈ। ਵਖ ਵਖ ਸਮਿਆਂ ਤੇ ਕਰੀਬ ਚਾਰ ਇਸ਼ਨਾਨ! ਅਤੇ—ਚਲਦੇ ਸਾਰੇ ਪ੍ਰੋਗਰਾਮਾਂ ਵਿਚ ਇਕ ਵੇਲੇ ਪ੍ਰਸ਼ਾਦ ਪਾਣੀ ਦੂਜੇ ਵੇਲੇ ਫਲਾਹਾਰ ਤੇ ਸ਼ਾਮ ਨੂੰ ਇਕ ਛੋਟਾ ਗਿਲਾਸ ਠੰਢੇ ਦੁੱਧ ਦਾ—ਏਨੇ ਕੁ ਆਹਾਰ ਨਾਲ ਔਸਤ ਆਦਮੀ ਨਾਲੋਂ ਕਈ ਗੁਣਾਂ ਵੱਧ ਸਰਗਰਮੀ ਨਾਲ ਜੀਉਣਾ ਇਹ ਸਤਿਗੁਰੂ ਪੁਰਖ ਦਾ ਹੀ ਕੰਮ ਹੈ।

ਗੁਰਬਾਣੀ ਦਾ ਇਹ ਸ਼ਬਦ ਅੱਖਰ ਅੱਖਰ ਸਤਿਗੁਰੂ ਜਗਜੀਤ ਸਿੰਘ ਉਤੇ ਢੁਕਦਾ ਹੈ:

ਮਿਠ ਬੋਲੜਾ ਜੀ, ਹਰਿ ਸਜਣੁ ਸੁਆਮੀ ਮੋਰਾ

ਹਉ ਸੰਮਲਿ ਥਕੀ ਜੀ, ਉਹ ਕਦੇ ਨ ਬੋਲੈ ਕਉਰਾ

ਕਉੜਾ ਬੋਲਿ ਨ ਜਾਨੈ, ਪੂਰਨ ਭਗਵਾਨੈ, ਅਉਗੁਣ ਕੋ ਨ ਚਿਤਾਰੇ

ਪਤਿਤ ਪਾਵਨੁ ਹਰਿ ਬਿਰਦੁ ਸਦਾਏ, ਇਕੁ ਤਿਲੁ ਨਹੀਂ ਭੰਨੈ ਘਾਲੇ

—

ਅੰਤ ਤੇਰਿਆਂ ਪਿਆਰਾਂ ਦਾ ਨਾ, ਨਾ ਸਾਡੇ ਅਪਰਾਧਾਂ ਦਾ
ਬੰਨਾ ਤੇਰੀਆਂ ਮਿਹਰਾਂ ਦਾ ਨ ਸਾਡੀਆਂ ਨਿਤ ਉਪਾਧਾਂ ਦਾ
ਮਾਣ ਕਿਹੜੀ ਕਰਨੀ ਦਾ ਕਰੀਏ ਪੁਤਲੀ ਵਾਂਗ ਨਿ-ਕਰਮਣ ਹਾਂ;
ਅਪਣਾ ਅਪਣਾ ਫ਼ਰਜ਼ ਪੁਗਾਈਏ ਦਸਿਆ ਏਹੋ ਸਾਧਾਂ ਦਾ। ਚਰ।



Namdhari Elibrary NamdhariElibrary@gmail.com

# ਨਾਮ ਖੁਮਾਰੀ

—ਜਸਵੰਤ ਸਿੰਘ ਰਾਹੀ.

ਹੇ ਸਤਗੁਰ !
ਸਾਨੂੰ ਇਕ ਪਿਆਲਾ ਮਸਤੀ ਦਾ
ਚਰਨ-ਕੰਵਲ ਵਿਚ ਲੀਨ ਹੋ ਜਾਵਾਂ
ਚੇਤਾ ਭੁੱਲ ਜਾਏ ਹਸਤੀ ਦਾ ।
ਹੇ ਸਤਗੁਰ !

ਦਰਸ਼ਨ ਦੀ ਹੈ ਸਿੱਕ ਕਲੇਜੇ
ਹਰ ਦੱਮ ਰਹਿੰਦੀ ।
ਆਸ ਮਿਲਣ ਦੀ ਸੀਨੇ ਦੇ ਵਿਚ
ਉੱਠਦੀ ਬਹਿੰਦੀ ।
ਉੱਚੇ ਅੰਬਰੀਂ ਉੱਡ ਉੱਡ ਜਾਈਏ
ਝੇੜਾ ਮੁੱਕ ਜਾਏ ਪਸਤੀ ਦਾ ।
ਹੇ ਸਤਗੁਰ !

ਬਚਨ ਤੁਹਾਡੇ ਸ਼ਹਿਤੋਂ ਮਿੱਠੇ
ਬੜੇ ਪਿਆਰੇ ।
ਮੱਥੇ ਉਤੇ ਚਮਕਣ ਚੰਦ
ਸੂਰਜ ਤੇ ਤਾਰੇ ।
ਸਰਦਲ ਲੰਘਿਆਂ ਸੀਸ ਝੁਕਾਇਆਂ
ਮੇਲਾ ਭੁੱਖ ਪਏ ਬਸਤੀ ਦਾ ।
ਹੇ ਸਤਗੁਰ !

ਫੁੱਲ ਆਉਂਦੇ ਨੇ ਤੁਸਾਂ ਕੋਲੋਂ
ਖੁਸ਼ਬੂਆਂ ਮੰਗਣ ।
ਦੁਖੀ ਹੋਏ ਦਿਲ ਕਈ ਆਉਂਦੇ
ਲੈ ਆਪਾ ਰੰਗਣ ।
ਮਹਿੰਗੇ ਸੀਸ ਨੇ ਦੇਖੇ ਝੁੱਕਦੇ
ਕੰਮ ਕੀ ਸ਼ਰਧਾ ਸਸਤੀ ਦਾ
ਹੇ ਸਤਗੁਰ !

ਬਚਨਾਂ ਦੀ ਜੱਦ ਵਰਸ਼ਾ ਹੁੰਦੀ
ਚਾਰ ਚੁਫੇਰੇ ।
ਉੱਡ ਜਾਂਦੇ ਨੇ ਰਾਹਾਂ ਵਿੱਚੋਂ
ਘੁੱਪ ਹਨੇਰੇ ।
ਸਾਖਯਾਤ ਭਗਵਾਨ ਦੇ ਦਰਸ਼ਨ
ਕੰਮ ਕੀ ਬੁੱਤ-ਪ੍ਰਸਤੀ ਦਾ
ਹੇ ਸਤਗੁਰ !

ਮੈਂ ਨ ਜਾਣੀ ਤੇਰੇ ਮੰਦਰ
ਲਾਈ ਸਮਾਧੀ ।
ਨਿਗਾਹ ਤੁਹਾਡੀ ਚੁੰਮਣ ਦੀ ਮੈਂ
ਹੋ ਗਈ ਆਦੀ ।
ਪਲਕਾਂ ਦੇ ਨਾਲ ਝਾੜੂ ਦੇਵਾਂ
ਸਾਹ ਟੁੱਟਿਆ ਖਰਮਸਤੀ ਦਾ ।
ਹੇ ਸਤਗੁਰ !

ਚਰਨੀ ਲਾਉ ਸੀਨੇ ਲਾਉ
ਹੱਥ ਛੁਹਾਉ ਮਿਹਰਾਂ ਦਾ ।
ਕਰੋ ਇਲਾਜ ਸਵਾਮੀ ਛੇਤੀ
ਦਿਲ ਨੂੰ ਪੈਂਦੀਆਂ ਘੇਰਾਂ ਦਾ
ਤਨ ਮਨ ਧਨ ਸੱਭ ਅਰਪਨ ਕੀਤਾ
ਦੇ ਦਿਉ ਵਰ ਸੁਰਸਤੀ ਦਾ ।
ਹੇ ਸਤਗੁਰ !

ਹੇ ਸਤਗੁਰ !
ਸਾਨੂੰ ਇਕ ਪਿਆਲਾ ਮਸਤੀ ਦਾ
ਚਰਨ-ਕੰਵਲ ਵਿਚ ਲੀਨ ਹੋ ਜਾਵਾਂ
ਚੇਤਾ ਭੁਲ ਜਾਏ ਹਸਤੀ ਦਾ.
ਹੇ ਸਤਗੁਰ !



Namdhari Elibrary NamdhariElibrary@gmail.com



ਭਾਰਤ ਦੇ ਪਹਿਲੇ ਪ੍ਰਧਾਨ ਮੰਤਰੀ ਪੰਡਤ ਜਵਾਹਰ ਲਾਲ ਨਹਿਰੂ ਨਾਮਧਾਰੀਆਂ ਦੀਆਂ ਦੇਸ਼ ਪ੍ਰਤੀ ਕੀਤੀਆਂ ਕੁਰਬਾਨੀਆਂ ਤੋਂ ਬਹੁਤ ਪ੍ਰਭਾਵਤ ਸਨ ਅਤੇ ਸ੍ਰੀ ਭੈਣੀ ਸਾਹਿਬ ਜੀ ਦੋ ਵਾਰ ਯਾਤਰਾ ਲਈ ਆਏ ਸਨ। ਸਤਿਗੁਰੂ ਜੀ ਪ੍ਰਤੀ ਬਹੁਤ ਸਨੇਹ ਭਰੀ ਭਾਵਨਾ ਰਖਦੇ ਸਨ। ਦਿਲੀ ਵਿਖੇ ਸਤਿਗੁਰੂ ਰਾਮ ਸਿੰਘ ਜੀ ਦੇ ਜਨਮ ਉਤਸਵ ਬਸੰਤ ਸਮੇਂ ਸਤਿਗੁਰੂ ਜਗਜੀਤ ਸਿੰਘ ਜੀ ਨਾਲ।

**ਵਰਿਆਮ**

Namdhari Elibrary NamdhariElibrary@gmail.com

Namdhari Elibrary NamdhariElibrary@gmail com

# ਸੇਵਕ ਕਉ ਗੁਰ ਸਦਾ ਦਇਆਲ

—ਪ੍ਰੋ: ਕਿਰਪਾਲ ਸਿੰਘ ਕਸੇਲ



ਲੇਖਕ

ਕਸੇਲ ਜੀ ਨੂੰ ਨਵੀਨ ਪੰਜਾਬੀ ਆਲੋਚਕਾਂ ਦੀ ਪਹਿਲੀ ਪੀੜ੍ਹੀ ਦੇ ਸਰਦਾਰ ਕਹਿ ਲਿਆ ਜਾਵੇ ਤਾਂ ਕੋਈ ਅਤਿ ਕਥਨੀ ਨਹੀਂ ਹੋਵੇਗੀ। ਆਪ ਸਮਾਜ-ਵਾਦੀ ਦ੍ਰਿਸ਼ਟੀ ਦੇ ਧਾਰਨੀ ਹਨ ਪਰ ਗੁਰਬਾਣੀ ਦੀ ਸਮਾਂਲੋਚਨਾ ਅਤੇ ਵਿਆਖਿਆ ਵਿਗਿਆਨਿਕ ਲੀਹਾਂ ਉਤੇ ਇਕ ਆਸਤਕ ਦੀ ਦ੍ਰਿਸ਼ਟੀ ਤੋਂ ਕਰਨਾ ਠੀਕ ਸਮਝਦੇ ਹਨ। ਆਪ ਸਾਹਿਤ ਵਿਚ ਸਦਾਚਾਰਕ ਕੀਮਤਾਂ ਦੇ ਸਮਰਥਕ ਹਨ ਅਤੇ ਨਵੀਨ ਪੰਜਾਬੀ ਸਾਹਿਤ ਦੇ ਵਿਵੇਚਨ ਵਿਚ ਵਿਸ਼ੇਸ਼ ਰੁਚੀ ਰਖਦੇ ਹਨ। ਆਪ ਕਾਫ਼ੀ ਦੇਰ ਪੰਜਾਬੀ ਸਾਹਿਤ ਸਮੀਖਿਆ ਬੋਰਡ ਦੇ ਪ੍ਰਧਾਨ, ਪੰਜਾਬੀ ਸਾਹਿਤ ਅਕਾਡਮੀ ਦੇ ਸਕੱਤਰ ਅਤੇ ਕੇਂਦਰੀ ਪੰਜਾਬੀ ਲੇਖਕ ਦੇ ਅਗਜ਼ੈਕਟਿਵ ਮੈਂਬਰ ਰਹੇ ਹਨ। ਗਵਰਨਮੈਂਟ ਕਾਲਜ, ਲੁਧਿਆਣਾ ਤੋਂ ਉਪ੍ਰੰਤ ਭਾਸ਼ਾ ਵਿਭਾਗ ਵਿਚ ਕੁਝ ਚਿਰ ਕੰਮ ਕਰਨ ਪਿਛੋਂ ਅਜ ਕਲ ਆਪ ਗਵਰਨਮੈਂਟ ਮਹਿਲਾਂ ਕਾਲਜ ਪਟਿਆਲਾ ਵਿਚ ਅਧਿਆਪਕ ਹਨ। ਆਪ ਨੇ ਬਹੁਤ ਸਾਰੀਆਂ ਪੁਸਤਕਾਂ ਲਿਖੀਆਂ ਹਨ ਜਿਨ੍ਹਾਂ ਵਿਚੋਂ ਪੰਜਾਬੀ ਸਾਹਿਤ ਉਤਪਤੀ ਤੇ ਵਿਕਾਸ, ਪੰਜਾਬੀ ਸਾਹਿਤ ਦਾ ਇਤਿਹਾਸ (ਭਾਸ਼ਾ ਵਿਭਾਗ) ਰਾਜਹੰਸ (ਜੀਵਨ ਸ੍ਰ: ਪੂਰਨ ਸਿੰਘ) ਅਤੇ 'ਇੰਦਰ ਧਨੁਸ਼' ਨਾਂ ਦੀ ਇਕ ਕਰਿਆਤਮਿਕ ਸਾਹਿਤ ਨਿਬੰਧਾਂ ਦੀ ਪੁਸਤਕ ਲਿਖ ਕੇ ਪ੍ਰੋ: ਪੂਰਨ ਸਿੰਘ ਦੇ 'ਖੁਲ੍ਹੇ ਲੇਖ' ਨਾਮੀ ਪੁਸਤਕ ਦੀ ਪਰੰਪਰਾ ਨੂੰ ਅਗੇ ਤੋਰਿਆ ਹੈ। ਆਪਦਾ ਇਕੋ ਇਕ ਨਾਟਕ 'ਵਾਰਡ ਨੰਬਰ ਦਸ' ਪੰਜਾਬੀ ਕਲਮ ਸਾਹਿਤ ਦੀ ਇਕ ਵਿਸ਼ੇਸ਼ ਪ੍ਰਾਪਤੀ ਹੈ। ਆਪ ਦੀ ਆਲੋਚਨਾ ਤੇ ਗਦ ਸ਼ੈਲੀ ਦਾ ਆਪਣਾ ਨਿਵੇਕਲਾ ਰੰਗ ਹੈ।

—ਸੰਪਾਦਕ

ਜੀਉੜਾ ਭੂਲਣ ਹਾਰ ਹੈ ਸਤਿਗੁਰ ਹੈ ਬਖਸਿੰਦ,
ਸੱਭੇ ਆਸਾਂ ਪੁੰਨੀਆਂ, ਪਰਸ ਚਰਨ ਅਰਵਿੰਦ ॥

ਸ੍ਰੀ ਗੁਰੂ ਅਰਜਨ ਦੇਵ ਜੀ ਨੇ ਸੁਖਮਨੀ ਸਾਹਿਬ ਦੀ ਇਕ ਸੰਪੂਰਨ ਅਸ਼ਟਪਦੀ ਵਿਚ ਸਤਿਗੁਰੂ ਦੀ ਮਹਿਮਾਂ ਦਾ ਵਰਣਨ ਕੀਤਾ ਹੈ। ਗਹੁ ਨਾਲ ਵਿਚਾਰਿਆਂ ਇਸ ਅਸ਼ਟਪਦੀ ਵਿਚ ਸਤਿਗੁਰੂ ਦੇ ਮਾਨਵੀ ਭਾਵ ਸਰੀਰੀ ਸਤਿ-ਸਰੂਪ ਦੀ ਵਿਆਖਿਆ ਕੀਤੀ ਗਈ ਹੈ ਅਤੇ ਕਲਯੁਗ ਰੂਪੀ ਤਮ-ਸੰਸਾਰ ਸਤਿਗੁਰੂ ਦੀ ਸਤਿ ਪੁਰਖੀ ਕਲਾ ਦੇ ਸੰਪੂਰਨ ਕਰਤੱਵ ਨੂੰ ਪ੍ਰਗਟ ਕੀਤਾ ਗਿਆ ਹੈ। ਭਾਵੇਂ ਗੁਰਮਤ ਦੀ ਮਰਿਯਾਦਾ ਅਤੇ ਵਿਚਾਰ ਦਰਸ਼ਨ ਵਿਚ ਥਾਂ ਪਰ ਥਾਂ ਸਤਿਗੁਰੂ ਦੇ ਸਰਗੁਣ ਸਰੂਪ ਬਾਰੇ ਅਨੇਕ ਕਥਨ ਕੀਤੇ ਗਏ ਹਨ ਪਰ ਪ੍ਰਤੀਤ ਇੰਜ ਹੁੰਦਾ ਹੈ ਕਿ ਸਿੰਘ ਸਭਾਈ ਸੰਸ਼ੋਧਨਵਾਦੀ ਪ੍ਰਵਿਰਤੀ ਨੇ ਸਤਿਗੁਰੂ ਦੇ ਇਸ ਸਰਗੁਣ ਸਰੂਪ ਨੂੰ ਅਖੋਂ



Namdhari Elibrary NamdhariElibrary@gmail com

ਪਰੋਖੇ ਕਰ ਦਿਤਾ ਹੈ ਅਤੇ ਨਿਰਗੁਣਵਾਦੀ ਸੰਕਲਪਾਂ ਦੇ ਭਾਰ ਥਲੇ ਸਤਿਗੁਰੂ ਤੇ ਸਿੱਖ ਦੇ ਵਾਸਤਵਿਕ ਰਿਸ਼ਤੇ ਨੂੰ ਲਗਪਗ ਜੇ ਲਕੋ ਨਹੀਂ ਦਿੱਤਾ ਤਾਂ ਅਤਿ ਧੁੰਦਲਾ ਜ਼ਰੂਰ ਕਰ ਦਿਤਾ ਹੈ। ਹਾਲਾਂ ਕਿ ਗੁਰ ਇਤਿਹਾਸ ਦੀਆਂ ਅਨੇਕ ਘਟਨਾਵਾਂ ਅਤੇ ਸਾਖੀਆਂ ਸਤਿਗੁਰੂ ਸਿੱਖ ਦੇ ਪ੍ਰੇਮ ਰਹੱਸ ਅਤੇ ਸਤਿਗੁਰੂ ਦੇ ਬਿਰਧ-ਪਾਲਕ ਤੇ ਆਪਣੇ ਸੇਵਕ ਨੂੰ ਜੀਅ ਨਾਲ ਸੰਭਾਲਣ ਦੇ ਬਰਤਾਰੀ ਕਰਤੱਵ ਨਾਲ ਭਰੀਆਂ ਪਈਆਂ ਹਨ। ਗੁਰਬਾਣੀ ਵਿਚ ਅਨੇਕ ਪੰਕਤੀਆਂ ਅਜਿਹੇ ਅਦੁਤੀ ਚਮਤਕਾਰਾਂ ਤੇ ਬਖਸ਼ਿਸ਼ਾਂ ਦੀ ਗਵਾਹੀ ਦਿੰਦੀਆਂ ਹਨ ਜੋ ਗੁਰੂ ਤੇ ਸਿੱਖ ਦੇ ਪ੍ਰੇਮਮਿਹਰ ਅਤੇ ਸਿੱਖ ਦੀ ਸਿਦਕੀ ਸੇਵਾ ਦੇ ਵਿਸਮਾਦੀ ਪੱਖਾਂ ਉਤੇ ਪ੍ਰਕਾਸ਼ ਪਾਉਂਦੀਆਂ ਹਨ। ਏਸੇ ਤਰ੍ਹਾਂ ਭਾਈ ਗੁਰਦਾਸ ਜੀ ਦੀ ਬਾਣੀ ਵਿਚੋਂ ਅਨੇਕ ਉਦਾਹਰਣ ਪੇਸ਼ ਕੀਤੇ ਜਾ ਸਕਦੇ ਹਨ, ਜਿਨ੍ਹਾਂ ਵਿਚ ਸਤਿਗੁਰੂ ਤੇ ਸਿੱਖ ਦਾ ਰਿਸ਼ਤਾ ਅਧਿਆਤਮਕ ਦੇ ਨਾਲ ਨਾਲ ਮਨੁੱਖੀ ਪੱਧਰ ਦਾ ਵੀ ਬਣਿਆ ਰਹਿੰਦਾ ਹੈ। ਇਸ ਲਈ ਗੁਰੂ ਦੇ ਸਿੱਖਾਂ ਨੂੰ ਇਸ ਮਨੁੱਖੀ ਤੇ ਵਾਸਤਵਿਕ ਰਿਸ਼ਤੇ ਨੂੰ ਗਹੁ ਨਾਲ ਸਮਝਣ ਦੀ ਲੋੜ ਹੈ।

ਪ੍ਰੋਫੈਸਰ ਪੂਰਨ ਸਿੰਘ ਨੇ ਗੁਰੂ ਤੇ ਸਿੱਖ ਦੇ ਇਸ ਨਿੱਜੀ ਤੇ ਅਨੁਭਵੀ ਪੱਖ ਦੀ ਕਈ ਥਾਂ ਤੇ ਬੜੀ ਸੁੰਦਰ ਵਿਆਖਿਆ ਕੀਤੀ ਹੈ। ਉਹ ਤਾਂ ਸਿੱਖ ਇਤਿਹਾਸ ਨੂੰ ਵੀ ਗੁਰੂ ਤੇ ਸਿੱਖ ਪ੍ਰੇਮ ਦੀ ਨਿੱਜੀ ਲੀਲਾ ਦਸਦੇ ਹਨ। ਜਿਸਦੇ ਵਿਸਮਾਦ ਨੂੰ ਕਥਨ ਕਰ ਸਕਣਾ ਬੜਾ ਕਠਨ ਹੈ, ਕਿਉਂਕੇ ਇਹ ਇਕ ਬੰਨੇ ਬੜਾ ਸਪਸ਼ਟ ਤੇ ਮਨੁਖੀ ਰਿਸ਼ਤਾ ਹੁੰਦਾ ਹੈ ਅਤੇ ਦੂਜੇ ਪਾਸੇ ਬੜਾ ਸੂਖਮ ਅਤੇ ਅਦ੍ਰਿਸ਼ਟ। ਇਹ ਸਤਿਗੁਰੂ ਦੀ ਹੀ ਕਰਾਮਾਤ ਹੈ ਕਿ ਉਹ ਆਪਣੇ ਸੇਵਕ ਦੇ ਸਿਰ ਉਤੇ ਜਦੋਂ ਮਿਹਰ ਭਰਿਆ ਹੱਥ ਰੱਖਦਾ ਹੈ ਤਾਂ ਉਸ ਦੀਆਂ ਸਭੇ ਮਨੋ-ਕਾਮਨਾਵਾਂ ਇੰਜ ਜਾਪਦੀਆਂ ਹਨ, ਜਿਵੇਂ ਪੂਰੀਆਂ ਹੋ ਗਈਆਂ ਹੋਣ। ਮਨੋ-ਵਿਕਾਰ ਸ਼ਾਂਤ ਹੋ ਗਏ ਹੋਣ ਅਤੇ ਕਹਿਣ ਸੁਣਨ ਵਾਲੀ ਗੱਲ ਕੋਈ ਬਾਕੀ ਰਹੀ ਨਾ ਹੋਵੇ ਅਤੇ ਇੰਜ ਚਿੱਤ ਕਰਦਾ ਰਹੇ ਕਿ ਗੁਰੂ ਚਰਨਾਂ ਵਿਚ ਬੈਠ ਕੇ ਚਰਨ-ਕਮਲਾਂ ਦੀ ਪ੍ਰੀਤ ਦੇ ਵਿਸਮਾਦੀ-ਅਨੰਦ ਨੂੰ ਸਦਾ ਮਾਣੀ ਜਾਈਏ। ਇਕ ਠੰਢੀ ਮਿੱਠੀ ਛਾਂ-ਠਰੂਗੀ ਸ਼ਾਂਤੀ ਦੇਣ ਵਾਲੀ ਅਤੇ ਰੋਮ ਰੋਮ ਨੂੰ ਵਿਸਮਾਦੀ ਜੀਭ ਲਾ ਦੇਣ ਵਾਲੀ ਨਿਰੋਲ ਖੇੜੇ ਦੀ ਸਦ ਵਿਗਾਸੀ ਅਵਸਥਾ ਇਹ ਸਤਿਗੁਰੂ ਦੀ ਹੀ ਬਖਸ਼ਿਸ਼ ਹੈ ਕਿ ਉਹ ਆਪਣੇ ਸੇਵਕਾਂ ਉਤੇ ਕਦੀ-ਕਦੀ ਅਜਿਹੀ ਕਿਰਪਾ ਵੀ ਕਰਦਾ ਹੈ ਕਿ ਸਿੱਖ ਦੀ ਦੇਹੁਰੀ ਅੰਮ੍ਰਿਤ ਭਿੰਨੀ ਹੋ ਜਾਂਦੀ ਹੈ ਅਤੇ ਉਸ ਉਤੇ ਕੰਚਨਵੰਨਾ ਚਲੂਲਾ ਰੰਗ ਛਾ ਜਾਂਦਾ ਹੈ।

ਇਨ੍ਹਾਂ ਪੰਕਤੀਆਂ ਦੇ ਲੇਖਕ ਉਤੇ ਸ੍ਰੀ ਸਤਿਗੁਰੂ ਜੀ ਦੀ ਅਪਾਰ ਕਿਰਪਾ ਹੈ। ਅਤੇ ਬੜੀਆਂ ਅਸੀਮ ਬਖਸ਼ਿਸ਼ਾਂ ਨਾਲ ਉਨ੍ਹਾਂ ਨੇ ਆਪਣੇ ਦਾਸ ਦੀ ਝੋਲੀ ਨੂੰ ਨੱਕੋ ਨੱਕ ਭਰਪੂਰ ਕੀਤਾ ਹੈ। ਇਹ ਸਭ ਕੁਝ ਧੁਰੋਂ ਪ੍ਰਾਪਤ ਸੰਜੋਗ ਸਦਕਾ ਅਤੇ ਗੁਰੂ ਮਿਹਰ ਸਦਕਾ ਵਾਪਰਿਆ ਹੈ। ਦਾਸ-ਸੇਵਕ ਤਾਂ ਇਸ ਲੀਲਾ ਵਿਚ ਕੇਵਲ ਆਕਰਮਕ ਪਾਤਰ ਹੀ ਹੁੰਦਾ ਹੈ। ਇਹਨਾਂ ਬਖਸ਼ਿਸ਼ਾਂ ਦੇ ਕੁਝ ਅੰਸ਼ ਹੀ ਏਥੇ ਵਰਣਨ ਕਰਨੇ ਉਚਿਤ ਹਨ ਤਾਂ ਜੋ ਪਾਠਕ-ਜਨ ਆਪ ਹੀ ਇਸ ਸੂਖਮ ਅਤੇ ਅਦ੍ਰਿਸ਼ਟ ਪਰ ਵਾਸਤਵਿਕ ਅਤੇ ਸਦ੍ਰਿਸ਼ਟ ਰਿਸ਼ਤੇ ਨੂੰ ਜਾਣ ਸਕਣ। ਕੇਵਲ ਸੰਕੇਤ ਮਾਤਰ ਦੋ ਤਿੰਨ ਵਾਰਤਾਵਾਂ ਦਾ ਵਰਣਨ ਕਰਦਾ ਹਾਂ।

'ਸਿਖਰ ਦੁਪਹਿਰ ਹੋਣ ਵਾਲੀ ਹੈ, ਸਤਿਗੁਰੂ ਜੀ ਦਾ ਹਜ਼ੂਰੀ ਦੀਵਾਨ ਕਿਸੇ ਪਿੰਡ ਵਿਚ ਲਗਣਾ ਨਿਸ਼ਚਿਤ ਹੋਇਆ ਹੈ, ਗੁਰੂ ਦਾ ਸਿੱਖ ਇਕੱਲਾ ਹੀ ਜਾ ਰਿਹਾ ਹੈ, ਚਮਕਦੀ ਧੁੱਪ ਹੈ, ਦਰਖਤ ਟਾਵਾਂ ਟਾਵਾਂ ਰਸਤੇ ਉਤੇ ਹੈ ਅਤੇ ਰਹਿਮਤ ਭਰਪੂਰ ਛਾਂ ਦੀ ਇਕ ਨਿਕੀ ਬਦਲੋਟੀ ਸੇਵਕ ਦੇ ਸਿਰ ਉਤੋਂ ਕਦੀ ਏਧਰ ਕਦੀ ਉਧਰ ਗੁਜ਼ਰਦੀ ਹੈ, ਕੜਕਦੀ ਧੁੱਪ ਵਿਚ ਵੀ ਉਸ ਨੂੰ ਇਸ ਤਰ੍ਹਾਂ ਦੀ ਛਾਂ ਦੇਂਦੀ ਹੈ ਜਿਸ ਤਰ੍ਹਾਂ ਉਸ ਉਤੇ ਕੋਈ ਛੱਤਰ ਤਣਿਆ ਹੋਇਆ ਹੋਵੇ।

ਸ੍ਰੀ ਭੈਣੀ ਸਾਹਿਬ ਵਿਖੇ ਇਕ ਸਾਹਿਤਕ ਇਕੱਤਰਤਾ ਬੁਲਾਈ ਜਾਂਦੀ ਹੈ. ਵੱਡੇ ਵੱਡੇ ਲੇਖਕ ਉਸ ਵਿਚ ਸ਼ਾਮਲ ਹੁੰਦੇ ਹਨ। ਸ੍ਰੀ ਸਤਿਗੁਰੂ ਜੀ ਸਮਾਪਤੀ ਪਿਛੋਂ ਵਿਦਾਇਗੀ ਸਮੇਂ ਆਏ ਲੇਖਕਾਂ ਨੂੰ ਉਨੀ ਮਾਲਾ ਬਖਸ਼ਦੇ ਹਨ। ਕੁਝ ਲੇਖਕ ਸਜਣ ਇਸ ਬਖਸ਼ਿਸ਼ ਉਤੇ ਮੁਸਕਰਾ ਛਡਦੇ ਹਨ, ਕੁਝ ਹੋਰ ਸ਼ਰਧਾ ਭਾਵ ਵਿਚ ਉਸ ਨੂੰ ਅੰਗੀਕਾਰ ਕਰਦੇ ਹਨ। ਸਮਾਂ ਗੁਜ਼ਰ ਜਾਂਦਾ ਹੈ।

ਇਕ ਲੇਖਕ ਦੇ ਮਨ ਵਿਚ ਫੁਰਨਾ ਫੁਰਦਾ ਹੈ ਕਿ ਉਹ ਉਸ ਰਹਿਮਤ ਭਰੀ ਬਖਸ਼ਿਸ਼ (ਉਨ ਦੀ ਮਾਲਾ) ਦਾ ਸਦਉਪਯੋਗ ਕਰੇ। ਉਸ ਨੂੰ ਮਾਲਾ ਮਿਲੀ ਹੈ, ਨਾਮ ਦੀ ਦਾਤ ਹਾਲੀ ਪ੍ਰਾਪਤ ਨਹੀਂ ਹੋਈ. ਉਹ ਸਤਿਗੁਰੂ ਦੇ ਚਰਨਾਂ ਉਤੇ ਅਰਦਾਸ ਕਰਦਾ ਹੈ, 'ਹੇ ਸਚੇ ਪਾਤਸ਼ਾਹ! ਮਾਲਾ ਦੀ ਬਖਸ਼ਿਸ਼ ਕੀਤੀ ਹੈ ਨਾਮ ਦੀ ਦਾਤ ਵੀ ਬਖਸ਼ੋ। ਗੁਰੂ ਕਿਰਪਾ ਨਾਲ ਮੰਤਰ ਫੁਰ ਪੈਂਦਾ ਹੈ, ਸੇਵਕ ਉਸ ਮਾਲਾ ਉਤੇ ਉਸ ਮੰਤਰ ਦਾ ਸਿਮਰਨ ਕਰਦਾ ਹੈ। ਫਿਰ ਹੋਰ ਸਮਾਂ ਪਾ ਕੇ ਜਦੋਂ ਉਸ ਸੇਵਕ ਨੂੰ ਨਾਮ ਦੀ ਦਾਤ ਗੁਰੂ ਕਿਰਪਾ ਰਾਹੀਂ ਪ੍ਰਾਪਤ ਹੁੰਦੀ ਹੈ ਤਾਂ ਉਹ ਹੈਰਾਨ ਹੋ ਜਾਂਦਾ ਹੈ ਕਿ ਸਤਿਗੁਰੂ



Namdhari Elibrary NamdhariElibrary@gmail.com

ਨੇ ਉਸ ਤੋਂ ਪਹਿਲਾਂ ਵੀ ਇਹੀ ਮੰਤਰ-ਜਾਪ ਆਪਣੀ ਬਖਸ਼ੀ ਹੋਈ ਮਾਲਾ ਉਤੇ ਕਰਵਾਇਆ ਹੈ। ਧੰਨ ਹੈ ਸਤਿਗੁਰੂ ਜੀ ਦੀ ਕਰਤਾਰੀ ਲੀਲਾ।

ਉਹੀ ਸੇਵਕ ਮੁੜ ਲੰਮੀ ਬਿਮਾਰੀ ਦਾ ਸ਼ਿਕਾਰ ਹੋ ਜਾਂਦਾ ਹੈ ਇੰਜ ਜਾਪਦਾ ਹੈ ਕਿ ਉਹ ਅੰਧਕਾਰਮਈ ਟੋਏ ਵਿਚ ਸੁਟਿਆ ਜਾ ਰਿਹਾ ਹੈ। ਸਤਿਗੁਰੂ ਜੀ ਬਹੁੜਦੇ ਹਨ, ਉਸ ਨੂੰ ਨਾਮ ਦੀ ਦਾਤ ਬਖਸ਼ਦੇ ਹਨ ਅਤੇ ਜਿਸ ਪ੍ਰਕਾਰ ਸੁਖਮਨੀ ਸਾਹਿਬ ਵਿਚ ਕਥਨ ਆਉਂਦਾ ਹੈ ਗੁਰੂ ਦਾ ਅਮੋਲਕ ਸ਼ਬਦ ਨਾਮ ਰਤਨ ਮਨ ਵਿਚ ਥੰਮੀ ਦਾ ਕੰਮ ਨਿਭਾਉਂਦਾ ਹੈ। ਏਸੇ ਤਰ੍ਹਾਂ ਸਿੱਖ ਦੇ ਮਨ ਦੀ ਡੋਲਦੀ ਅਵਸਥਾ ਨੂੰ ਥੰਮਾਂ ਦੇ ਕੇ ਅਡੋਲ ਕਰ ਦਿਤਾ ਜਾਂਦਾ ਹੈ। ਫਿਰ ਉਸ ਦੇ ਕਈ ਅਪਰੇਸ਼ਨ ਹੁੰਦੇ ਹਨ। ਉਸਨੂੰ ਇੰਜ ਮਹਿਸੂਸ ਹੁੰਦਾ ਹੈ ਜਿਵੇਂ ਉਨ੍ਹਾਂ ਸਾਹਵੇਂ ਸ੍ਰੀ ਸਤਿਗੁਰੂ ਜੀ ਆਪ ਡਾਕਟਰਾਂ ਦੇ ਸੰਗ ਅਪਰੇਸ਼ਨ ਟੇਬਲ ਉਤੇ ਉਸ ਦੇ ਸਿਰ ਦੀ ਬਾਹੀ ਖੜੇ ਹਨ।

ਇਸ ਤਰ੍ਹਾਂ ਨਾਲ ਸਤਿਗੁਰੂ ਆਪਣੇ ਸੇਵਕਾਂ ਉਤੇ ਅਨੇਕ ਮਿਹਰਾਂ ਭਰੇ ਕੌਤਕ ਕਰ ਵਿਖਾਉਂਦਾ ਹੈ। ਕਿਉਂਜੋ ਉਸ ਨੂੰ ਆਪਣੇ ਸੇਵਕਾਂ ਨੂੰ ਆਪਣੀ ਛਾਤੀ ਨਾਲ ਲਾ ਕੇ ਰੱਖਣਾ, ਬਖਸ਼ਣਾ ਤੇ ਸੱਚੇ ਮਾਰਗ ਉਤੇ ਪਾਉਣਾ ਹੁੰਦਾ ਹੈ। ਸਤਿਗੁਰੂ ਦੀ ਜੋਤ ਹਰ ਕਾਲ ਵਿਚ ਹਰ ਸਮੇਂ ਜਗਦੀ ਹੈ ਅਤੇ ਉਸ ਦਾ ਪ੍ਰਕਾਸ਼ ਸਦੀਵੀ ਰਹਿਣ ਵਾਲਾ ਅਨਾਦੀ ਤੇ ਸਦਾ ਸਥਿਰ ਹੈ। ਜਿਵੇਂ ਕਿ ਨਿਰੰਕਾਰ ਦੀ ਲੀਲਾ ਹੈ ਤਿਵੇਂ ਧਰਤੀ ਉਤੇ ਸਤਿਗੁਰੂ ਦੀ ਜੋਤ ਨਿਰੰਤਰ ਜਗਦੀ ਹੈ ਅਤੇ ਅਗਿਆਨ ਦੇ ਅੰਧੇਰੇ ਵਿਚ ਚਾਨਣ ਬਖਸ਼ਦੀ ਹੈ। ਮੈਂ ਇਕ ਵਾਰ ਆਪ ਸ੍ਰੀ ਸਤਿਗੁਰੂ ਜੀ ਦੇ ਮੁਖਾਰਬਿੰਦ ਤੋਂ ਇਹ ਸ਼ਬਦ ਸੁਣੇ ਸਰਵਣ ਕੀਤੇ ਸਨ ਕਿ ਨਾਮ ਦੀ ਦਾਤ ਜੋ ਸਤਿਗੁਰੂ ਦੇ ਭੰਡਾਰੇ ਵਿਚੋਂ ਵੰਡੀ ਜਾਂਦੀ ਹੈ 'ਹੀਰੇ ਦੀ ਕਣੀ' ਨਿਆਂਈਂ ਹੈ। ਹੀਰਾ ਸਭ ਤੋਂ ਸਖਤ ਧਾਤ ਮੰਨੀ ਜਾਂਦੀ ਹੈ ਇਸ ਲਈ ਕਿਡੀ ਵੱਡੀ ਮਜ਼ਬੂਤ ਤੇ ਕੀਮਤੀ ਦਾਤ ਹੈ ਜੋ ਗੁਰੂ ਆਪਣੇ ਸੇਵਕ ਨੂੰ ਦੇਂਦਾ ਹੈ। ਜਿਸ ਦੀ ਵਰਤੋਂ ਨਾਲ ਗੁਰੂ ਦਾ ਸਿੱਖ ਆਪਣੇ ਸ਼ਖਸੀ ਆਚਰਣ ਨੂੰ ਉੱਚਾ ਕਰਦਾ ਅਤੇ ਨਿਰਮਲ ਬਣਾਉਂਦਾ ਹੈ ਅਤੇ ਜਿਸ ਰਾਹੀਂ ਮਨੁੱਖ ਮਨੁੱਖ ਤੋਂ ਦੇਵਤਾ ਬਣਨਾ ਸ਼ੁਰੂ ਹੋ ਜਾਂਦਾ ਹੈ। ਸੱਚ ਪੁਛੋ ਤਾਂ ਮਨੁੱਖ ਬਣਨਾ ਹੀ ਕਾਫੀ ਕਠਨ ਹੈ। ਕਿਉਂਜੋ ਬਹੁਤ ਵਾਰ ਸਾਡੇ ਅੰਦਰ ਛੁਪਿਆ ਪਸ਼ੂ ਤੇ ਜੰਗਲੀ ਹੈਵਾਨ ਸਾਨੂੰ ਮੁੜ ਮੁੜ ਬਘਿਆੜ ਵਾਂਗ ਪਸ਼ੂ ਪ੍ਰਵਿਰਤੀ ਵਲ ਖਿਚੀ ਫਿਰਦਾ ਹੈ। ਵਿਵੇਕ ਬੁਧ ਰਾਹੀਂ ਹੀ ਸੰਸਾਰ ਵਿਚ ਚੰਗੇ-ਮੰਦੇ ਦੀ ਪਛਾਣ ਹੁੰਦੀ ਹੈ ਅਤੇ ਇਹੀ ਮਨੁੱਖਤਾ ਦਾ ਆਦਿ ਬਿੰਦੂ ਹੈ। ਪਰ ਗੁਰੂ ਇਸ ਮਨੁੱਖਤਵ ਨੂੰ ਦੇਵਤਵ ਵਿਚ ਬਦਲ ਦਿੰਦਾ ਹੈ ਅਤੇ ਇਹ ਕਰਤਾਰੀ ਕਰਤਵ ਗੁਰੂ ਦੀ ਕਿਰਪਾ ਰਾਹੀਂ ਸਿਰੇ ਚੜ੍ਹਦਾ ਹੈ ਅਤੇ ਅਜਿਹੇ ਕਰਮ ਵਿਚ ਕੋਈ ਦੇਰ ਨਹੀਂ ਲਗਦੀ— (ਕਰਤ ਨਾ ਲਾਗੀ ਬਾਰ) ਪਰ ਜਦੋਂ ਇਹ ਬਖਸ਼ਿਸ਼ ਹੋ ਜਾਵੇ ਅਤੇ ਸਿੱਖ ਨੂੰ ਗੁਰੂ ਆਪਣੇ ਪਵਿਤਰ ਚਰਨਾਂ ਦਾ ਆਸਰਾ ਦੇ ਕੇ ਨਵਾਜ ਦੇਵੇ ਤਾਂ ਫਿਰ ਉਸ ਗੁਰਸਿਖੀ ਅਵਸਥਾ ਨੂੰ ਸਥਿਰ ਰਖਣ ਲਈ ਉਹ ਨਾਮ ਰੂਪੀ 'ਹੀਰੇ ਦੀ ਕਣੀ' ਹੀ ਸਹਾਇਤਾ ਕਰਦੀ ਹੈ। ਉਪਰੋਕਤ ਵਰਣਨ ਕੀਤੀ ਗਈ ਘਟਨਾ ਦੇ ਸਬੰਧ ਵਿਚ ਹੀ ਮੈਂ ਆਪਣੇ ਰਚੇ ਹੋਏ ਇਕ ਦੋਹੇ ਵਿਚ ਇਸ ਤਰ੍ਹਾਂ ਲਿਖਿਆ ਸੀ :—

ਸਤਿਗੁਰ ਮਾਲਾ ਬਖਸ਼ ਕੇ,
ਕੀਤਾ ਵੱਡ ਉਪਕਾਰ।
ਚਰਨ ਕੰਵਲ ਤੋਂ ਵਾਰਨੇ,
ਮਿਲਿਆ ਨਾਮ ਆਧਾਰ।

ਸੰਤ ਖਾਲਸਾ ਬਰਾਦਰੀ ਤੇ ਨਾਮਧਾਰੀ ਜਾਣਦੇ ਹਨ ਕਿ ਸ੍ਰੀ ਸਤਿਗੁਰੂ ਰਾਮ ਸਿੰਘ ਅਤੇ ਉਨ੍ਹਾਂ ਦੇ ਉਤਰਾਅਧਿਕਾਰੀਆਂ ਨੇ ਕਿਵੇਂ ਪਿਛਲੇ ਸੌ ਸਾਲਾਂ ਤੋਂ ਵੀ ਵਧੀਕ ਸਮੇਂ ਵਿਚ ਦੇਸ਼ ਤੇ ਕੌਮ ਦੀ ਅਗਵਾਈ ਕੀਤੀ ਹੈ। ਆਪਣੇ ਸਰਗੁਣੀ ਸਰੂਪਾਂ ਵਿਚ ਸਾਰੇ ਨਾਮਧਾਰੀ ਸਤਿਗੁਰੂ ਸਾਹਿਬਾਨ ਨੇ ਆਪਣੇ ਸੇਵਕਾਂ ਦੇ ਹਲਤ ਤੇ ਪਲਤ ਦੋਵੇਂ ਹੀ ਸਵਾਰੇ ਹਨ। ਸ੍ਰੀ ਦਸਮੇਸ਼ ਜੀ ਤੋਂ ਪਿਛੋਂ ਜੋ ਗੁਰੂ ਵਿਅਕਤੀ ਇਸ ਜਲਦੇ ਬਲਦੇ ਸੰਸਾਰ ਦੀ ਰਖਿਆ ਲਈ ਆਏ ਉਹਨਾਂ ਦੀ ਹਜ਼ੂਰੀ ਮਹਿਮਾਂ ਵਿਚ ਇਹ ਪ੍ਰੇਮ ਭੇਟਾ ਅਰਪਣ ਕਰਕੇ, ਇਨ੍ਹਾਂ ਨਿਮਨ ਲਿਖਤ ਕਾਵਿ ਪੰਗਤੀਆਂ ਦੀ ਭੇਟਾ ਕਰਕੇ ਮੈਂ ਇਸ ਲਘੂ ਨਿਬੰਧ ਨੂੰ ਸਮਾਪਤ ਕਰਨ ਦੀ ਆਗਿਆ ਮੰਗਦਾ ਹਾਂ :—

ਬਾਲਕ ਰਹਿਓ ਗੁਪਤ ਹੈ,
ਰਾਮ ਸਿੰਘ ਪਰਗਟ ਹੋਇ ਆਇਓ।
ਹਰੀ ਸਿੰਘ ਵਿਚ ਜੋਤ ਧਰ,
ਵਡ-ਪ੍ਰਤਾਪੀ ਰੂਪ ਬਣਾਇਓ।
ਵਾਹੁ ਵਾਹ ਗੁਰ ਜਗਜੀਤ ਹੈ,
ਭੈਣੀ ਸਤਿਗੁਰ ਜੋਤ ਜਗਾਇਓ।
ਸੀਤਲ, ਦਾਤਾ ਮਿਹਰਬਾਨ,
ਚਰਨ ਪਰਸ ਅੰਮ੍ਰਿਤ ਫਲ ਪਾਇਓ।



Namdhari Elibrary NamdhariElibrary@gmail.com

# ਯਥਾਰਥਕ ਪ੍ਰਭਾਵ

—ਡਾ: ਤਾਰਨ ਸਿੰਘ



ਲੇਖਕ

ਅਧਿਆਤਮਕ ਸਾਹਿਤ ਦੇ ਨਵੀਨ ਅਤੇ ਵਿਗਿਆਨਿਕ ਖੋਜੀਆਂ ਦੀ ਮੂਹਰਲੀ ਕਤਾਰ ਵਿਚ ਆਪਦਾ ਸਥਾਨ ਬੜਾ ਸਿਰਕਢਵਾਂ ਹੈ। ਪੰਜਾਬੀ, ਹਿੰਦੀ, ਸੰਸਕ੍ਰਿਤ ਦੇ ਇਲਾਵਾ ਅੰਗਰੇਜ਼ੀ ਦੇ ਪਰਮੁਖ ਵਿਦਵਾਨ ਹਨ। ਬਹੁਤ ਦੇਰ ਖਾਲਸਾ ਕਾਲਜ ਅੰਮ੍ਰਿਤਸਰ ਦੇ ਧਾਰਮਿਕ ਵਿਭਾਗ ਦੇ ਮੁਖੀ ਰਹੇ ਹਨ ਅਤੇ ਕੁਝ ਚਿਰ ਬਿੰਦ੍ਰਾਬਨ ਵੀ ਰਹੇ, ਕੁਝ ਚਿਰ ਮਲਾਇਆ ਵਿਚ ਵੀ ਭਰਪਨ ਕੀਤਾ। ਅਜ ਕਲ ਪੰਜਾਬੀ ਯੂਨੀਵਰਸਿਟੀ, ਪਟਿਆਲਾ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਅਧਿਐਨ ਵਿਭਾਗ ਦੇ ਮੁਖੀ ਹਨ। ਭਿੰਨ-ਭਿੰਨ ਧਰਮਾਂ ਦੇ ਤੁਲਨਾਤਮਿਕ ਅਧਿਐਨ ਅਤੇ ਗੁਰਬਾਣੀ ਦੀ ਵਿਗਿਆਨਿਕ ਵਿਆਖਿਆ ਲਈ ਆਪ ਨੂੰ ਨਿਪੁੰਨ ਵਿਸ਼ੇਸ਼ਗ ਦਾ ਸਥਾਨ ਪ੍ਰਾਪਤ ਹੈ। ਆਪ ਦੀ ਸ਼ੈਲੀ ਅਤੇ ਸ਼ਬਦਾਵਲੀ ਸਿਰਜਨਾਤਮਿਕ ਗਦ ਦਾ ਸੁੰਦਰ ਨਮੂਨਾ ਪੇਸ਼ ਕਰਦੀ ਹੈ। ਆਪ ਨੇ ਬਹੁਤ ਸਾਰੀਆਂ ਪੁਸਤਕਾਂ ਲਿਖੀਆਂ ਹਨ ਜਿਨ੍ਹਾਂ ਵਿਚੋਂ ਗੁਰੂ ਨਾਨਕ : ਚਿੰਤਨ ਕਲਾ, ਬਾਰਾਮਾਹ ਦਰਪਣ, ਸਹਜ ਤੇ ਆਨੰਦ, ਭਗਤੀ ਤੇ ਸ਼ਕਤੀ ਅਤੇ ਪੰਜਾਬੀ ਸਾਹਿਤ ਤੇ ਸਾਹਿਤਕਾਰ ਪ੍ਰਸਿੱਧ ਹਨ। —ਸੰਪਾਦਕ

ਸਤਿਗੁਰੂ ਜਗਜੀਤ ਸਿੰਘ ਜੀ ਅਤੇ ਉਹਨਾਂ ਦੇ ਵੀਰ ਬਾਬਾ ਬੀਰ ਸਿੰਘ ਜੀ ਨੂੰ ਮਿਲਣ ਦਾ ਮੌਕਾ ਮੈਨੂੰ ਇਸ ਤਰ੍ਹਾਂ ਪ੍ਰਾਪਤ ਹੋਇਆ। ਪੰਜਾਬੀ ਯੂਨੀਵਰਸਿਟੀ, ਪਟਿਆਲਾ ਦੇ ਸ੍ਰੀ ਗੁਰੂ ਗ੍ਰੰਥ ਸਾਹਿਬ ਅਧਿਐਨ ਵਿਭਾਗ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਰਾਗਾਂ ਦੀਆਂ ਪੁਰਾਤਨ ਰੀਤਾਂ ਰੀਕਾਰਡ ਕਰਨ ਦੀ ਇਕ ਯੋਜਨਾ ਉਲੀਕੀ। ਯੋਜਨਾ ਇਹ ਸੀ ਕਿ ਸੁਪ੍ਰਸਿਧ ਰਾਗੀ ਜਥਿਆਂ ਅਤੇ ਸੰਗੀਤਕਾਰਾਂ ਤੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਰਾਗਾਂ ਦੀਆਂ ਪੁਰਾਤਨ ਰੀਤਾਂ ਪਹਿਲਾਂ ਟੇਪਰੀਕਾਰਡ ਕੀਤੀਆਂ ਜਾਣ ਅਤੇ ਫਿਰ ਉਹਨਾਂ ਦੀ ਨੋਟੇਸ਼ਨ ਕਰਾਈ ਜਾਵੇ ਅਤੇ ਨੋਟੇਸ਼ਨ ਪ੍ਰਕਾਸ਼ਤ ਕੀਤੀ ਜਾਵੇ। ਯੋਜਨਾ ਵਿਚ ਇਹ ਵੀ ਸ਼ਾਮਲ ਸੀ ਕਿ ਪਾਕਿਸਤਾਨ ਜਾ ਚੁਕੇ ਰਬਾਬੀਆਂ ਤੋਂ ਵੀ ਪੁਰਾਤਨ ਰੀਤਾਂ ਇਕਤਰ ਕੀਤੀਆਂ ਜਾਣ ਪਰ ਇਹ ਸੰਭਵ ਨਹੀਂ ਸੀ ਹੋ ਸਕਿਆ। ਇਸ ਯੋਜਨਾ ਨੂੰ ਹਥ ਵਿਚ ਲੈਣ ਲਈ ਪਹਿਲਾਂ ਇਹ ਜ਼ਰੂਰੀ ਸੀ ਕਿ ਜਿਨ੍ਹਾਂ ਰਾਗੀਆਂ ਤੇ ਸੰਗੀਤਕਾਰਾਂ ਪਾਸ ਪੁਰਾਤਨ ਰੀਤਾਂ ਦਾ ਖਜ਼ਾਨਾ ਹੈ ਉਹ ਲੱਭੇ ਜਾਣ। ਇਸ ਭਾਲ ਵਿਚ ਕਈ ਰਾਗੀਆਂ ਪਾਸੋਂ ਅਜਮਾਇਸ਼ੀ ਤੌਰ ਤੇ ਪੁਰਾਤਨ ਰੀਤਾਂ ਦੀ ਰੀਕਾਰਡਿੰਗ ਕੀਤੀ ਗਈ। ਜਿਵੇਂ ਕਿ ਭਾਈ ਪ੍ਰਤਾਪ ਸਿੰਘ ਰਾਗੀ ਸੀਸ ਗੰਜ ਦਿੱਲੀ ਸਵਰਗਵਾਸੀ ਭਾਈ ਸਮੁੰਦ ਸਿੰਘ ਜੀ ਭਾਈ ਧਰਮ ਸਿੰਘ ਜੀ ਜ਼ਖਮੀ, ਭਾਈ ਸੁਧ ਸਿੰਘ ਪ੍ਰਧਾਨ ਸਿੰਘ ਆਦਿ। ਇਸ ਸੰਬੰਧ ਵਿਚ ਪਤਾ ਲੱਗਾ ਕਿ ਸਤਿਗੁਰੂ ਜਗਜੀਤ ਸਿੰਘ ਜੀ ਅਤੇ ਬਾਬਾ ਬੀਰ ਸਿੰਘ ਜੀ ਪਾਸ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਰਾਗਾਂ ਦੀਆਂ ਪੁਰਾਤਨ ਰੀਤਾਂ ਦਾ ਬੜਾ ਵਡਾ ਖਜ਼ਾਨਾ ਹੈ। ਇਹ ਸਚਮੁਚ ਐਸਾ ਹੀ ਸੀ। ਇਸੇ ਸੰਬੰਧ ਵਿਚ ਮੈਂ ਤੇ ਮੇਰੇ ਸਾਥੀ ਸ੍ਰ: ਬਲਕਾਰ ਸਿੰਘ, ਬਾਬਾ ਬੀਰ ਸਿੰਘ ਜੀ ਨੂੰ ਮਿਲੇ। ਉਹਨਾਂ ਨੇ ਬੜੀ ਉਦਾਰਤਾ ਨਾਲ ਸੇਠ ਤਰਲੋਕ ਸਿੰਘ ਜੀ ਦੀ ਕੋਠੀ ਵਿਖੇ ਬਹੁਤ ਸਾਰੀਆਂ ਪੁਰਾਤਨ ਰੀਤਾਂ ਦੀ ਰੀਕਾਰਡਿੰਗ ਕਰਾਈ। ਇਸ ਤਰ੍ਹਾਂ ਮੇਰਾ ਸਤਿਗੁਰੂ ਜਗਜੀਤ ਸਿੰਘ ਜੀ ਅਤੇ ਬਾਬਾ ਬੀਰ ਸਿੰਘ ਜੀ ਨਾਲ ਸੰਪਰਕ ਬਣਿਆ। ਇਹ ਸੰਪਰਕ ਦਿਨ ਬਦਿਨ ਬੜੀ ਨੇੜਤਾ ਪ੍ਰਾਪਤ ਕਰਦਾ ਰਿਹਾ। ਇਸੇ ਸੰਬੰਧ ਵਿਚ ਇਕ ਵਾਰੀ ਸਲਾਨਾ ਸਮਾਗਮ ਦੇ ਅਵਸਰ ਤੇ ਭੈਣੀ ਸਾਹਿਬ ਪਹੁੰਚਣ ਲਈ ਮੈਨੂੰ ਸਦਾ ਬਖਸ਼ਿਆ ਗਿਆ।



Namdhari Elibrary NamdhariElibrary@gmail.com

ਉਸ ਅਦੁਤੀ ਦੀਵਾਨ ਵਿਚ ਮੈਨੂੰ ਕੁਝ ਸ਼ਬਦ ਕਹਿਣ ਦਾ ਵੀ ਅਵਸਰ ਦਿਤਾ ਗਿਆ। ਇਸ ਤਰ੍ਹਾਂ ਕਈ ਮੌਕੇ ਸਤਿਗੁਰੂ ਜੀ ਅਤੇ ਬਾਬਾ ਜੀ ਨੂੰ ਮਿਲਣ ਦੇ ਬਣਦੇ ਰਹੇ।

ਸਤਿਗੁਰੂ ਜਗਜੀਤ ਸਿੰਘ ਜੀ ਬਾਰੇ ਕਈ ਪ੍ਰਕਾਰ ਦੇ ਪ੍ਰਭਾਵ ਮੇਰੇ ਮਨ ਤੇ ਯਥਾਰਥਕ ਤੌਰ ਤੇ ਉਕਰੇ ਹੋਏ ਹਨ। ਯਥਾਰਥਕ ਤੌਰ ਤੇ ਦਾ ਭਾਵ ਹੈ ਕਿ ਇਹ ਪ੍ਰਭਾਵ ਨਾ ਓਪਰੇ ਨਾ ਅਣਅਜ਼ਮਾਏ ਤੇ ਨਾ ਅਣਵਿਚਾਰੇ ਹੋਏ ਹਨ ਸਗੋਂ ਵੇਖੇ ਚਾਖੇ ਤੇ ਪਰਖੇ ਪੜਤਾਲੇ ਹੋਏ ਹਨ। ਗੱਲਾਂ ਕਈ ਕਹਿਣ ਵਾਲੀਆਂ ਹਨ ਪਰ ਚਾਰ ਦਾ ਇਸ ਵੇਲੇ ਵਿਸ਼ੇਸ਼ ਵਰਣਨ ਕਰਦਾ ਹਾਂ :—

(1) ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਨੂੰ ਮਿਲਦਿਆਂ ਪਹਿਲਾ ਪ੍ਰਭਾਵ ਉਹਨਾ ਦੀ ਸਾਦਾ ਰਹਿਣੀ ਬਹਿਣੀ ਦਾ ਹੈ। ਪਰ ਉਹਨਾ ਦੀ ਸਾਦਗੀ ਇਕ ਭੇਸ ਜਾਂ ਬਾਹਰਲਾ ਪਹਿਰਾਵਾ ਹੀ ਨਹੀਂ, ਇਹ ਸਾਦਗੀ ਉਹਨਾਂ ਦਾ ਅੰਤਰੀਵ ਸੁਭਾਅ ਹੈ ਅਤੇ ਉਹਨਾਂ ਦੀ ਆਤਮਾ ਦਾ ਸਾਥੀ ਹੈ। ਜਿਤਨੇ ਨਿਰਮਲ, ਦੁਧ ਚਿਟੇ, ਮੋਟੇ ਖੱਦਰ ਦੇ ਉਹਨਾ ਦੇ ਬਸਤਰ ਹਨ, ਉਤਨਾ ਹੀ ਨਿਰਮਲ ਪਵਿਤਰ ਉਹਨਾਂ ਦਾ ਮਨ ਹੈ ਅਤੇ ਉਤਨੀ ਹੀ ਉਹਨਾਂ ਦੀ ਹੰਸ ਰੂਪ ਆਤਮਾ ਹੈ। ਬਹੁਤੀਆਂ ਗੱਲਾਂ ਉਹ ਨਹੀਂ ਕਰਦੇ ਪਰ ਥੋੜੇ ਹੀ ਸ਼ਬਦਾਂ ਵਿਚ ਉਹ ਸਾਰੀ ਨਿਘ ਮਿਲਣ ਵਾਲੇ ਨੂੰ ਦੇ ਦਿੰਦੇ ਹਨ। ਬਸਤਰਾਂ ਦੀ ਸਾਦਗੀ ਉਹਨਾਂ ਦੇ ਸਾਦਾ ਖਾਣ ਪਾਣ ਤੇ ਸਾਦਾ ਰਹਿਣ ਬਹਿਣ ਵਿਚ ਵੀ ਸਾਖਿਆਤ ਰਹਿੰਦੀ ਹੈ। ਸੋਚਣੀ ਸਾਦਾ ਤੇ ਸਪਸ਼ਟ ਹੈ। ਬਿਆਨ ਸਾਦਾ ਤੇ ਸਪਸ਼ਟ ਹਨ। ਮਨ ਤੇ ਮੁਖ ਦੇ ਬਚਨ ਸਾਦਾ ਤੇ ਸਪਸ਼ਟ ਹਨ। ਭੈਣੀ ਸਾਹਿਬ ਦਾ ਸਾਰਾ ਵਾਤਾਵਰਣ ਸਾਦਗੀ ਦਾ ਹੈ। ਹੁਣ ਤੀਕ ਕੱਚੇ ਕੋਠਿਆਂ, ਕੱਚਾ ਖੁਲ੍ਹਾ ਦੀਵਾਨ ਅਸਥਾਨ ਹੈ। ਸਾਦਾ ਪਰ ਅਮੁਕ ਭੰਡਾਰੇ ਵਾਲਾ ਲੰਗਰ ਅਸਥਾਨ ਹੈ। ਸਾਦਗੀ ਸਤਿਗੁਰੂ ਜਗਜੀਤ ਸਿੰਘ ਜੀ ਦਾ ਜੀਵਨ ਹੈ।

(2) ਸਿਮਰਨ :—ਨਾਮ ਦਾ ਸਿਮਰਨ ਹੀ ਕੇਵਲ ਸਾਦਗੀ ਦੇ ਸਕਦਾ ਹੈ। ਸੇਠ ਤਰਲੋਕ ਸਿੰਘ ਜੀ ਦੀ ਕੋਠੀ ਅੰਮ੍ਰਿਤ ਵੇਲੇ ਤਿੰਨ ਵਜੇ ਸਤਿਗੁਰੂ ਜਗਜੀਤ ਸਿੰਘ ਜੀ ਨੂੰ ਭਰਪੂਰ ਦੀਵਾਨ ਵਿਚ ਸ੍ਰੀ ਆਸਾ ਜੀ ਦੀ ਵਾਰ ਦਾ ਕੀਰਤਨ ਕਰਦਿਆਂ ਮੈਂ ਆਪ ਸੁਣਿਆ ਵੇਖਿਆ ਹੈ। ਬਾਬਾ ਬੀਰ ਸਿੰਘ ਜੀ ਉਹਨਾਂ ਦੇ ਵੀਰ ਵੀ ਹਨ ਤੇ ਕੀਰਤਨ ਦੇ ਸਾਥੀ ਵੀ। ਭੈਣੀ ਸਾਹਿਬ ਵਿਖੇ ਸਤਿਗੁਰੂ ਜੀ ਨੂੰ ਕੀਰਤਨ ਕਰਦਿਆਂ ਮੈਂ ਆਪ ਵੇਖਿਆ ਤੇ ਸੁਣਿਆ ਹੈ। ਸਤਿਗੁਰੂ ਪ੍ਰਤਾਪ ਸਿੰਘ ਜੀ ਨੇ ਹੋਰ ਅਨੇਕ ਬਖਸ਼ਿਸ਼ਾਂ ਇਹਨਾ ਵੀਰਾਂ ਤੇ ਕੀਤੀਆਂ ਹਨ। ਸਿਮਰਨ ਤੇ ਕੀਰਤਨ ਦੀ ਜੋ ਦਾਤ ਉਹਨਾਂ ਦਿਤੀ ਹੈ ਉਹ ਅਮੋਲਕ ਹੈ। ਸਤਿਗੁਰੂ ਪ੍ਰਤਾਪ ਸਿੰਘ ਜੀ ਤੋਂ ਹੀ ਇਹਨਾਂ ਨੂੰ ਰਾਗ ਦੀ ਦਾਤ ਮਿਲੀ ਹੈ, ਸ਼ਿਮਰਨ ਦੀ ਗੁੜ੍ਹਤੀ ਮਿਲੀ ਹੈ, ਪਸ਼ੂ ਪਾਲਣ ਦਾ ਸ਼ੌਕ ਮਿਲਿਆ ਹੈ। ਗਊ ਘੋੜੇ ਦੀ ਪਰਖ ਮਿਲੀ ਹੈ। ਸਿਮਰਨ ਸਤਿਗੁਰੂ ਜਗਜੀਤ ਸਿੰਘ ਜੀ ਦੀ ਸਾਰੀ ਟੇਕ ਹੈ। ਭੈਣੀ ਸਾਹਿਬ ਵਿਖੇ ਦਰਜਨਾਂ ਵਿਅਕਤੀਆਂ ਨੂੰ ਸਿਮਰਨ ਵਿਚ ਸਮਾਧੀ ਅਸਥਿਤ ਹੋਇਆਂ ਮੈਂ ਵੇਖਿਆ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਸਿਖਿਆ ਦਾ ਸਾਰ ਅੰਮ੍ਰਿਤ ਨਾਮ ਦਾ ਸਿਮਰਨ ਹੈ। ਜਿਹੜਾ ਵੀ ਇਹ ਕਮਾ ਲੈਂਦਾ ਹੈ ਉਹ ਨਾਮਧਾਰੀ ਹੈ ਤੇ ਸੱਚਾ ਸੁੱਚਾ ਸਿਖ ਹੈ। ਨਾਮਧਾਰੀਆਂ ਨੇ ਸਿਮਰਨ ਦੀ ਕਮਾਈ ਕਰ ਲਈ ਹੈ ਤੇ ਕਰ ਰਹੇ ਹਨ। ਇਹ ਲਾਗ ਉਹਨਾਂ ਨੂੰ ਸਤਿਗੁਰੂ ਜਗਜੀਤ ਸਿੰਘ ਜੀ ਤੋਂ ਹੈ।

(3) ਤੀਜੀ ਗਲ ਸਤਿਗੁਰੂ ਜਗਜੀਤ ਸਿੰਘ ਜੀ ਤੇ ਬਾਬਾ ਬੀਰ ਸਿੰਘ ਜੀ ਦੀ ਨਿਮਰਤਾ ਹੈ। ਇਹ ਬੜੇ ਸਮਰਥ ਹਨ। ਜੀਵਨ ਨਗਰ ਦੇ ਦਰਸ਼ਨ ਮੈਂ ਨਹੀਂ ਕੀਤੇ। ਪਰ ਇਹਨਾਂ ਪਾਸ ਜ਼ਮੀਨਾਂ ਹਨ, ਫਾਰਮ ਹਨ, ਪਸ਼ੂ ਹਨ, ਕਾਰਾਂ ਤੇ ਜੀਪਾਂ ਹਨ, ਬਦੇਸ਼ਾਂ ਵਿਚ ਇਹ ਆਮ ਆਉਂਦੇ ਜਾਂਦੇ ਹਨ, ਹਜ਼ਾਰਾਂ ਸਿਖ ਸੇਵਕ ਇਹਨਾਂ ਨੂੰ ਕਰੋੜਾਂ ਰੁਪਏ ਭੇਟ ਕਰਨ ਦੇ ਸਮਰਥ ਹਨ। ਪਰ ਜਦੋਂ ਵੀ ਜਿਸ ਹਾਲਤ ਵਿਚ ਵੀ ਇਹਨਾ ਨੂੰ ਮਿਲਣ ਦਾ ਮੌਕਾ ਮਿਲਿਆ ਹੈ, ਇਉਂ ਹੀ ਪ੍ਰਤੀਤ ਹੋਇਆ ਹੈ ਕਿ ਇਹ ਬੜੀ ਨਿਮਰਤਾ ਨਾਲ ਮਿਲਦੇ ਹਨ, ਨਿਮਰਤਾ ਨਾਲ ਗਲਬਾਤ ਕਰਦੇ ਹਨ ਅਤੇ ਇਹਨਾਂ ਦੀ ਨਿਮਰਤਾ ਕੁਝ ਸਮੇਂ ਲਈ ਧਾਰਨ ਕੀਤਾ ਹੋਇਆ ਵਿਖਾਵਾ ਨਹੀਂ ਹੈ ਸਗੋਂ ਇਹਨਾਂ ਨੂੰ ਮਾਨ ਹੰਕਾਰ ਤੇ ਹੈਂਕੜਬਾਜ਼ੀ ਕਰਨੀ ਆਉਂਦੀ ਹੀ ਨਹੀਂ। ਬਾਬਾ ਬੀਰ ਸਿੰਘ ਦੋ-ਤਿੰਨ ਵਾਰੀ ਜੀਪਾਂ ਗਡੀਆਂ ਲਈ ਪੰਜਾਬੀ ਯੂਨੀਵਰਸਿਟੀ ਵਿਖੇ ਮੇਰੇ ਨਿਵਾਸ ਅਸਥਾਨ ਤੇ ਅਚਾਨਕ ਹੀ ਆਏ ਹਨ। ਦੋ-ਤਿੰਨ ਵਾਰੀ ਉਹਨਾ ਦੇ ਸਪੁਤਰ ਸ੍ਰੀ ਗੁਰੂ ਗ੍ਰੰਥ ਸਾਹਿਬ ਅਧਿਐਨ ਵਿਭਾਗ ਵਿਖੇ ਆ ਕੇ ਮਿਲੇ ਹਨ, ਘਰ ਆ ਕੇ ਮਿਲੇ ਹਨ। ਇਹ ਨਾਮਧਾਰੀ ਮੈਨੂੰ ਬੜੇ ਪਿਆਰੇ ਤੇ ਚੰਗੇ ਚੰਗੇ ਲਗੇ ਹਨ। ਚੰਡੀਗੜ੍ਹ ਮੇਰਾ ਮਕਾਨ ਜਿਨ੍ਹਾਂ ਕਾਮਿਆਂ ਨੇ ਬਣਾਇਆ ਉਹ ਵੀ ਸਬਬ ਨਾਲ ਨਾਮਧਾਰੀ ਸਨ। ਇੱਟਾਂ ਲਗਾਂਦਿਆਂ, ਰੰਦਾ ਫੇਰਦਿਆਂ ਉਹ ਕਥਾ ਵਾਰਤਾ ਕਰਦੇ, ਬਾਣੀ ਪੜ੍ਹਦੇ ਅਤੇ ਕੀਰਤਨ ਕਰਦੇ ਹਨ। ਨਿਮਰਤਾ



Namdhari Elibrary NamdhariElibrary@gmail.com

ਨਾਮਧਾਰੀਆਂ ਦਾ ਸਰਟੀਫਿਕੇਟ ਹੈ, ਉਹਨਾਂ ਦੇ ਸਿਮਰਨ ਦਾ ਸਬੂਤ ਹੈ।

(4) ਜੋ ਗਲ ਸਭ ਤੋਂ ਵਚਿਤਰ ਹੈ ਉਹ ਸਤਿਗੁਰੂ ਜਗਜੀਤ ਸਿੰਘ ਜੀ ਦੀ ਉਦਾਰਤਾ ਹੈ, ਸਮਦ੍ਰਿਸ਼ਟਤਾ ਹੈ, ਸਹਿਵਾਸ ਦੀ ਭਾਵਨਾ ਹੈ। ਮੈਂ ਨਾਮਧਾਰੀ ਨਹੀਂ, ਇਹਨਾਂ ਦੇ ਦੀਵਾਨਾਂ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪ੍ਰਕਾਸ਼ ਨਹੀਂ ਹੁੰਦਾ। ਨਾਮਧਾਰੀ ਸਤਿਗੁਰੂ ਜੀ ਨੂੰ ਮੱਥਾ ਟੇਕਦੇ ਹਨ, ਮੈਂ ਅੰਦਰੋਂ ਇਹਨਾਂ ਨੂੰ ਮੱਥਾ ਟੇਕ ਦਿੱਤਾ ਹੈ ਪਰ ਰਸਮੀ ਤੌਰ ਤੇ ਨਹੀਂ ਟੇਕਿਆ। ਮੇਰਾ ਅਨੁਭਵ ਇਹ ਹੈ ਕਿ ਉਹਨਾਂ ਦੇ ਮੂੰਹ ਤੇ ਕਦੇ ਮਲਾਲ ਨਹੀਂ ਆਇਆ। ਉਹਨਾਂ ਨੂੰ ਇਸ ਗਲ ਦੀ ਪ੍ਰਵਾਹ ਨਹੀਂ ਕਿ ਕੋਈ ਉਹਨਾਂ ਨੂੰ ਮੱਥਾ ਟੇਕੇ। ਕਿਸੇ ਦੂਰ ਦੇ ਇਸ਼ਾਰੇ ਨਾਲ ਵੀ ਉਹਨਾਂ ਇਹ ਕਦੇ ਪ੍ਰਗਟ ਨਹੀਂ ਕੀਤਾ ਕਿ ਮੈਂ ਜਾਂ ਕੋਈ ਹੋਰ ਉਹਨਾਂ ਦੀ ਸੰਪ੍ਰਦਾ ਵਿਚ ਆਵੇ। ਜਦੋਂ ਵੀ ਉਹ ਸਿਖੀ ਤੇ ਪੰਥ ਦੀ ਕੋਈ ਗਲ ਕਰਦੇ ਹਨ, ਕਦੇ ਵੀ ਆਪਣੀ ਸੰਪ੍ਰਦਾ ਦੀ ਮਹਾਨਤਾ ਦਾ ਕੋਈ ਇਸ਼ਾਰਾ ਨਹੀਂ ਕਰਦੇ। ਕਟੜਪੁਣਾ, ਤੰਗਨਜ਼ਰੀਆ ਸਦਾ ਉਹਨਾਂ ਤੋਂ ਕੋਹਾਂ ਦੂਰ ਰਹੇ ਹਨ। ਇਹ ਮੇਰੇ ਮਨ ਤੇ ਪ੍ਰਭਾਵ ਹੈ। ਉਹ ਸਦਾ ਵਿਸ਼ਾਲ ਹਿਰਦੇ ਨਾਲ ਗਲਬਾਤ ਕਰਦੇ ਹਨ। ਵਿਸ਼ਾਲਤਾ ਵਿਚ ਵਿਚਰਦੇ ਹਨ, ਸਭ ਵਿਚਾਰਾਂ ਦਾ ਸਤਿਕਾਰ ਕਰਦੇ ਹਨ, ਸਭ ਨਾਲ ਸਹਿਵਾਸ ਰਖ ਸਕਦੇ ਹਨ। ਇਹ ਬੜੀ ਵਡੀ ਸ਼ਖਸੀਅਤ ਦਾ ਭੂਸ਼ਣ ਹੈ।

ਮੇਰੀ ਸਮਰਥਾ ਵਿਚ ਨਹੀਂ ਹੈ ਕਿ ਮੈਂ ਸਤਿਗੁਰੂ ਜਗਜੀਤ ਸਿੰਘ ਜੀ ਦੀ ਸ਼ਖਸੀਅਤ ਨੂੰ ਮਾਪਣ ਦੇ ਕੋਈ ਮਿਆਰ ਕਾਇਮ ਕਰ ਸਕਾਂ ਜਾਂ ਉਹਨਾਂ ਦੀ ਸ਼ਖਸੀਅਤ ਦਾ ਮੁਲ ਪਾ ਸਕਾਂ। ਇਹਦੇ ਨਾਲ ਉਹਨਾਂ ਨੂੰ ਨਮਸਕਾਰ ਕਰਕੇ ਮੈਂ ਇਹ ਬਿਆਨ ਸਮਾਪਤ ਕਰਦਾ ਹਾਂ ਅਤੇ ਅਰਦਾਸ ਕਰਦਾ ਹਾਂ ਕਿ ਅਕਾਲ ਪੁਰਖ ਉਹਨਾਂ ਤੇ ਹੋਰ ਬਖਸ਼ਿਸ਼ ਕਰੇ।

# ਗ਼ਜ਼ਲ

ਕਰਤਾਰ ਸਿੰਘ ਪੰਛੀ

ਇਹ ਕੈਸੀ ਮੁਸਕਾਨ ਪਾਤਸ਼ਾਹ,
ਖੁਸ਼ੀਆਂ ਦਾ ਫਰਮਾਨ ਪਾਤਸ਼ਾਹ।
ਸਜਿਜ ਸੁਭਾ ਮਨ ਆਖੀ ਜਾਵੇ
ਹੋ ਜਾਵਾਂ ਕੁਰਬਾਨ ਪਾਤਸ਼ਾਹ।
ਹਰ ਪਲ ਧੜਕਣ ਅੰਦਰ ਵਸੋ,
ਇਹੋ ਨੇ ਅਰਮਾਨ ਪਾਤਸ਼ਾਹ।
ਧੜਕਣ ਸਰਗਮ ਵਰਗੀ ਹੋਵੇ,
ਐਸੀ ਮਾਰੋ ਤਾਨ ਪਾਤਸ਼ਾਹ।
ਜਿਸ ਤੇ ਨਜ਼ਰ ਮੇਹਰ ਦੀ ਹੋਵੇ,
ਪਾ ਜਾਂਦੇ ਹੋ ਜਾਨ ਪਾਤਸ਼ਾਹ।
ਝੋਲੀ ਉਸ ਦੀ ਭਰ ਜਾਂਦੀ ਹੈ,
ਜਿਧਰ ਕਰੋ ਧਿਆਨ ਪਾਤਸ਼ਾਹ।
ਦੁਖੀਆਂ ਦੇ ਦੁੱਖ ਹਰਨ ਦੀ ਖਾਤਰ,
ਹੁੰਦੇ ਰਹੇ ਹੈਰਾਨ ਪਾਤਸ਼ਾਹ।
"ਅਮਨਾਂ ਅੰਦਰ ਹੈ ਖੁਸ਼ਹਾਲੀ",
ਕਰਦੇ ਰਹੇ ਐਲਾਨ ਪਾਤਸ਼ਾਹ।
ਜਿਸ ਤੇ ਹੱਥ ਮੇਹਰ ਦਾ ਰਖੋਂ,
ਬਣ ਜਾਵੇ ਗੁਣਵਾਨ ਪਾਤਸ਼ਾਹ।
ਸਚ, ਸੇਧ ਤੇ ਭਜਨ ਬੰਦਗੀ,
ਉਪਮਾ ਕਰੇ ਜਹਾਨ ਪਾਤਸ਼ਾਹ।
'ਪੰਛੀ' ਮੱਤ ਅਸਾਡੀ ਥੋਹੜੀ,
ਸਿਫਤ ਕਰਨ ਵਿਦਵਾਨ ਪਾਤਸ਼ਾਹ।



Namdhari Elibrary NamdhariElibrary@gmail.com

# ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੇ ਅੰਤਰ ਰਾਸ਼ਟਰੀ ਸਬੰਧ

—ਸਵਰਨ ਸਿੰਘ ਸਨੇਹੀ ਐਮ. ਏ.



ਲੇਖਕ

ਅਕੈਡਮੀ ਆਫ ਨਾਮਧਾਰੀ ਕਲਚਰ ਦੇ ਸੰਸਥਾਪਕ ਸ੍ਰੀ ਸਵਰਨ ਸਿੰਘ ਸਨੇਹੀ ਨੌਜਵਾਨ ਨਾਮ-ਧਾਰੀਆਂ ਦੇ ਚੌਧਕ ਵਰਗਾ ਦੀ ਪ੍ਰਤੀਨਿਧਤਾ ਕਰਦੇ ਹਨ। ਸਰਬ ਹਿੰਦ ਨਾਮਧਾਰੀ ਵਿਦਿਆਕ ਜਥਾ, ਹਿੰਦ ਰੂਸ ਦੋਸਤੀ ਸੰਸਥਾ, ਸੰਸਾਰ ਸ਼ਾਂਤੀ ਕੌਂਸਲ ਅਤੇ ਸੰਸਾਰ ਸ਼ਾਕਾਹਾਰ ਕਾਂਗਰਸ ਦੇ ਮੰਚ ਤੇ ਫਖਰ ਯੋਗ ਯੋਗਦਾਨ ਪਾ ਰਹੇ ਹਨ। ਸਤਿਗੁਰੂ ਜੀ ਦੇ ਨਿੱਜੀ ਸਕੱਤਰ ਹੋਣ ਕਰਕੇ ਉਹਨਾ ਨਾਲ ਜਾਂ ਉਹਨਾਂ ਦੀ ਰਾਸ਼ਟਰੀ ਤੇ ਅੰਤਰਰਾਸ਼ਟਰੀ ਕਾਨਫਰੰਸਾਂ ਵਿਚ ਪ੍ਰਤੀ-ਨਿਧਤਾ ਕਰਦਿਆਂ ਕਈ ਵਾਰ ਵਿਦੇਸ਼ਾ ਦਾ ਭਰਮਣ ਕਰ ਚੁਕੇ ਹਨ। ਵਧੀਆਂ ਲੇਖਕ ਤੇ ਸੰਪਾਦਕ ਹਨ। ਵੀਤਨਾਮ ਬਾਰੇ ਲਿਖੀ ਪੁਸਤਕ 'ਰਤੇ ਵਹਿਣ' ਕਾਰਣ ਸੰਨ 1969 ਵਿਚ ਰਾਸ਼ਟਰਪਤੀ ਤੋਂ ਸੋਵੀਅਤ ਲੈਂਡ ਨਹਿਰੂ ਐਵਾਰਡ ਪ੍ਰਾਪਤ ਕਰ ਚੁਕੇ ਹਨ। – ਸੰਪਾਦਕ

ਇਹ ਕਹਿਣਾ ਕਿਸੇ ਵੀ ਤਰ੍ਹਾਂ ਅਤਕਥਨੀ ਨਹੀਂ ਹੋ ਸਕਦਾ ਕਿ ਬਦੇਸ਼ਾਂ ਦੀਆਂ ਸੰਗਤਾਂ ਨੂੰ ਨਾਮਦਨ ਦੇਣ ਵਾਸਤੇ ਸਮੁੰਦਰੋਂ ਪਾਰਲੀਆਂ ਧਰਤੀਆਂ ਨੂੰ ਪਵਿਤਰ ਚਰਨ ਛੂਹ ਬਖਸ਼ਣ ਦਾ ਉਪਕਾਰ ਗੁਰੂ ਨਾਨਕ ਪਿੱਛੋਂ ਸਤਿਗੁਰੂ ਪ੍ਰਤਾਪ ਸਿੰਘ ਜੀ ਨੇ ਹੀ ਕੀਤਾ। ਆਪ ਨੇ ਦੇਸ਼ ਸੁਤੰਤਰਤਾ ਤੋਂ ਵੀ ਪਹਿਲਾਂ ਥਾਈਲੈਂਡ ਤੇ ਫਿਰ ੧੯੫੨ ਪੜ ਈ: ਵਿਚ ਪੂਰਬੀ ਅਫਰੀਕਾ ਦੀ ਧਰਤੀ ਤੇ ਵਸਦੇ, ਆਪਣਾ ਪਿਛੋਕੜ ਭੁਲ ਚੁਕੇ, ਭਾਰਤੀਅ ਤੇ ਪੰਜ ਬੀਆਂ ਨੂੰ ਫਿਰ ਤੋਂ ਸਿੱਖੀ ਵਿਚ ਸਰ ਸਬਜ਼ ਕਰਨ ਦੀ ਕਿਰਪਾ ਕੀਤੀ। ਭਾਵੇਂ ਆਪ ਸਮੇਂ ਸਮੇਂ ਇਨ੍ਹਾਂ ਬਦੇਸ਼ੀ ਧਰਤੀਆਂ ਨੂੰ ਨਿਵਾਜਣ ਦੀ ਕਿਰਪਾ ਕਰਦੇ ਹੀ ਰਹੇ ਪਰ ਇਸ ਸਬੰਧ ਵਿਚ ਅਸੀਂ ਦੋ ਗੱਲਾਂ ਨੂੰ ਅੱਖੋਂ ਪਰੋਖੇ ਨਹੀਂ ਕਰ ਸਕਦੇ। ਇਕ ਤਾਂ ਇਹ ਕਿ ਆਪ ਦੀਆਂ ਇਨ੍ਹਾਂ ਯਾਤਰਾਵਾਂ ਦਾ ਘੇਰਾ ਥਾਈਲੈਂਡ, ਸਿੰਘਾਪੁਰ ਤੇ ਅਫਰੀਕਾ ਵਰਗੇ ਦੇਸ਼ਾਂ ਤਕ ਹੀ ਸੀਮਤ ਰਿਹਾ ਤੇ ਦੂਜੀ ਇਹ ਕਿ ਆਪ ਦੇ ਪਰਚਾਰ ਦਾ ਘੇਰਾ ਕੇਵਲ ਧਾਰਮਕ ਤੇ ਸਮਾਜਕ ਖੇਤਰ ਤਕ ਹੀ ਬਣਿਆ ਰਿਹਾ। ਇਸ ਦਾ ਇਕ ਕਾਰਨ ਤਾਂ ਇਹ ਸੀ ਕਿ ਨਾਮਧਾਰੀ ਉਦੋਂ ਅਜੇ ਬਾਹਰ ਇੰਨੇ ਖਿਲਰੇ ਨਹੀਂ ਸਨ ਤੇ ਨਿੱਕੇ ਮੋਟੇ ਕੰਮਕਾਰ ਕਰਕੇ ਦੇਸ਼ ਵਿਚ ਹੀ ਗੁਜ਼ਾਰਾ ਕਰੀ ਜਾ ਰਹੇ ਸਨ— ਦੂਜੇ ਇਹ ਵੀ ਸੀ ਕਿ ਜਿਥੇ ਕਿਤੇ ਕੋਈ ਇਕ ਅਧ ਨਾਮਧਾਰੀ ਘਰ ਕਿਸੇ ਦੂਰ ਦੁਰੇਡੀ ਧਰਤੀ ਤੇ ਰਹਿ ਵੀ ਰਿਹਾ ਹੋਵੇਗਾ ਉਹ ਹੋ ਸਕਦੇ, ਇੰਨੇ ਵਡੇ ਪ੍ਰੋਗਰਾਮ ਦੀ ਜ਼ਿੰਮੇਂਵਾਰੀ ਆਪਣੇ ਸਿਰ ਲੈਣ ਦਾ ਉਦਮ ਕਰਨ ਤੋਂ ਝਿਜਕਦਾ ਰਿਹਾ ਹੋਵੇ। ਪਰ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੇ ੧੯੫੯ ਵਿਚ ਗੱਦੀ ਤੇ ਬਿਰਾਜਮਾਨ



Namdhari Elibrary NamdhariElibrary@gmail com

ਹੋਣ ਪਿਛੋਂ ਇਨ੍ਹਾਂ ਦੋਹਾਂ ਖੇਤਰਾਂ ਨੂੰ ਹੋਰ ਪ੍ਰਫੁਲਤ ਹੋਣ ਦਾ ਮੌਕਾ ਮਿਲਿਆ ਕਿਉਂਕਿ ਛੇਤੀ ਹੀ ਆਪ ਦਾ ਧਿਆਨ ਅਜਿਹੀਆਂ ਲੋੜਾਂ ਤੇ ਸਮਸਿਆਵਾਂ ਨੇ ਆਕਰਸ਼ਤ ਕਰਨਾ ਸ਼ੁਰੂ ਕਰ ਦਿੱਤਾ ਜਿਨ੍ਹਾਂ ਦਾ ਸਬੰਧ ਸਿਰਫ ਭਾਰਤ ਨਾਲ ਹੀ ਨਹੀਂ ਸਗੋਂ ਅੰਤਰਰਾਸ਼ਟਰੀ ਸੀ ।

ਸੁਤੰਤਰਤਾ ਪ੍ਰਾਪਤੀ ਤਕ ਨਾਮਧਾਰੀਆਂ ਨੇ ਅੰਗਰੇਜ਼ ਦੇ ਚਲਾਏ ਸਕੂਲਾਂ ਦਾ ਬਾਈਕਾਟ ਰਖਿਆ ਸੀ । ਇਸ ਕਰ ਕੇ ਪਿਛਲੀ ਪੀੜ੍ਹੀ ਮੁੱਖ ਤੌਰ ਤੇ ਸੰਪਰਦਾਇਕ ਵਿਦਿਆ ਪ੍ਰਾਪਤੀ ਤਕ ਹੀ ਸੀਮਿਤ ਰਹੀ । ਆਜ਼ਾਦੀ ਪਿਛੋਂ ਨਾਮਧਾਰੀ ਯੁਵਕ-ਯੁਵਤੀਆਂ ਨੇ ਸਕੂਲਾਂ ਵਿਚ ਜਾਣਾ ਸ਼ੁਰੂ ਕੀਤਾ ਤੇ ਵਿਗਿਆਨ ਡਾਕਟਰੀ, ਭਵਨ ਕਲਾ, ਇੰਜਨੀਅਰੀ ਤੇ ਹੋਰ ਖੇਤਰਾਂ ਵਿਚ ਵਿਦਿਆ ਪ੍ਰਾਪਤ ਕਰ ਕੇ ਜਿਵੇਂ ਪਿਛਲੀਆਂ ਕਸਰਾਂ ਹੀ ਕਢ ਦਿਤੀਆਂ ਹੋਣ । ਹੁਣ ਉਹ ਚੰਗੇ ਚੰਗੇ ਅਹੁਦਿਆਂ ਤੇ ਸਰਕਾਰੀ ਦਫਤਰਾਂ ਵਿਚ ਕੰਮ ਕਰ ਰਹੇ ਹਨ ਜਾਂ ਆਪਣੇ ਨਿਜੀ ਵੱਡੇ ਵੱਡੇ ਕਾਰਖਾਨਿਆਂ ਦੇ ਮਾਲਕ ਬਣੇ ਬੈਠੇ ਹਨ ।

ਭਾਵੇਂ ਪੰਜਾਬੀ ਲੋਕ ਸੁਤੰਤਰਤਾ ਪ੍ਰਾਪਤੀ ਤੋਂ ਪਹਿਲਾਂ ਹੀ ਰੁਜ਼ਗਾਰ ਦੀ ਭਾਲ ਵਿਚ ਸਮੁੰਦਰੋਂ ਪਾਰ ਜਾਣ ਲਗ ਪਏ ਸਨ ਪਰ ਨਾਮਧਾਰੀਆਂ ਵਿਚ ਝੁਕਾਅ ਇੰਨਾ ਜ਼ੋਰਦਾਰ ਨਹੀਂ ਸੀ । ਸਮੇਂ ਦੀ ਉੱਨਤੀ ਨਾਲ ਸਾਡੀ ਵਸੋਂ ਵਧੀ । ਜਿਸ ਕਾਰਨ ਦੇਸ਼ ਵਿਚਲੇ ਆਮਦਨ ਸ੍ਰੋਤਾਂ ਅਤੇ ਕੰਮਾਂ ਕਾਰਾਂ ਤੇ ਵੀ ਅਸਰ ਪਿਆ । ਪੰਜਾਬ ਵਿਚੋਂ ਵਿਸ਼ੇਸ਼ ਕਰ ਕੇ ਲੋਕਾਂ ਦੀਆਂ ਵਹੀਰਾਂ ਬਦੇਸ਼ਾਂ ਨੂੰ ਤੁਰੀਆਂ । ਖਾਸ ਕਰ ਕੇ ਟੀਚਾ ਹੁੰਦਾ ਸੀ ਇੰਗਲੈਂਡ ਪਹੁੰਚਣ ਦਾ ਇਸ ਲਹਿਰ ਦੇ ਅਸਰ ਤੋਂ ਪੜ੍ਹੇ ਲਿਖੇ ਤੇ ਅਨਪੜ੍ਹ ਨਾਮਧਾਰੀ ਵੀ ਨਾ ਬਚ ਸਕੇ ਤੇ ਉਹ ਵੀ ਆਪੋ ਆਪਣੇ ਗਿਆਨ, ਵਿੱਤ ਤੇ ਵਿਦਿਆ ਪ੍ਰਾਪਤੀ ਦੇ ਆਧਾਰ ਤੇ ਕਿੰਨੇ ਮੁਲਕਾਂ ਵਿਚ ਹੀ ਖਿਲਰੇ ਹੋਏ ਆਪਣੀ ਰੋਟੀ ਕਮਾ ਰਹੇ ਸਨ ।

ਹਰ ਨਾਮਧਾਰੀ ਦੇਹ ਧਾਰੀ ਸਤਿਗੁਰੂ ਦਾ ਉਪਾਸ਼ਕ ਹੋਣ ਦੇ ਨਾਤੇ ਇਹ ਇਛਾ ਰਖਦਾ ਹੈ ਕਿ ਸਤਿਗੁਰੂ ਦੇ ਦਰਸ਼ਨ ਕਰਨ ਦਾ ਸੁਭਾਗ ਉਸ ਨੂੰ ਪ੍ਰਾਪਤ ਹੋਵੇ । ਉਸ ਵਿਚ ਹੁਣ ਉਹ ਪਹਿਲਾਂ ਵਾਲੀ ਝਿਜਕ ਵੀ ਨਹੀਂ ਰਹੀ । ਜਥੇਬੰਦਕ ਤੌਰ ਤੇ ਭਾਵੇਂ ਨਾਮਧਾਰੀਆਂ ਨੇ ਅੰਗਰੇਜ਼ ਦੇ ਵੇਲੇ ਬਹੁਤੀ ਨਿਪੁੰਨਤਾ ਨਾਲ ਕੰਮ ਕਰਨ ਦਾ ਅਭਿਆਸ ਕੀਤਾ ਹੋਇਆ ਹੈ ਪਰ ਵਰਤਮਾਨ ਢੰਗ ਦੀ ਜਥੇਬੰਦੀ ਤੋਂ ਵੀ ਉਹ ਪਿਛੇ ਨਹੀਂ । ਇਸ ਲਈ ਕਿੰਨੇ ਮੁਲਕਾਂ ਵਿਚ ਹੀ 'ਨਾਮਧਾਰੀ ਸੰਗਤਾਂ' ਦੇ ਨਾਂ ਹੇਠ ਨਾਮਧਾਰੀ ਜਥੇਬੰਦ ਹੋ ਕੇ ਆਪਣੇ ਪੰਥ ਵਾਸਤੇ ਮਾਣ ਦਾ ਕਾਰਨ ਬਣੇ ਹਨ । ਹੁਣ ਨਾਮਧਾਰੀ ਦੁਨੀਆਂ ਦੇ ਕਈ ਕੋਨਿਆਂ ਵਿਚ ਪਹੁੰਚੇ ਹੋਏ ਹਨ ਤੇ ਸਤਿਗੁਰੂ ਦਰਸ਼ਨ ਦੀ ਇੱਛਾ ਹਿੱਤ ਜਥੇਬੰਦਕ ਉਦਮ ਕਰ ਕੇ ਲਗਪਗ ਹਰ ਸਾਲ ਇਕ ਵਾਰੀ ਦਰਸ਼ਨ-ਪਰਸਨ ਦਾ ਸੁਭਾਗ ਪ੍ਰਾਪਤ ਕਰ ਲੈਂਦੇ ਹਨ । ਇਉਂ ਸਤਿਗੁਰੂ ਜਗਜੀਤ ਸਿੰਘ ਜੀ ਦੇ ਪ੍ਰਚਾਰ ਦੌਰਿਆਂ ਦਾ ਘੇਰਾ ਚੌੜਾ ਹੋ ਕੇ ਥਾਈਲੈਂਡ ਅਫਰੀਕਾ ਤੋਂ ਹੁੰਦਾ ਹੋਇਆ ਇੰਗਲੈਂਡ, ਅਮਰੀਕਾ, ਕਨੇਡਾ, ਡੁਬਈ ਆਦਿ ਤਕ ਜਾ ਪੁਜਾ ਹੈ । ਇਕ ਵਾਰੀ ਪਾਕਿਸਤਾਨ ਵੀ ਉਹ ਧਾਰਮਿਕ ਸਿਲਸਿਲੇ ਵਿਚ ਹੀ ਹੋ ਆਏ ਹਨ ਤੇ ਵਿਸ਼ਵ ਧਰਮ ਸੰਮੇਲਨ ਵਿਚ ਭਾਗ ਲੈਣ ਲਈ ਜਾਪਾਨ ਵੀ ਜਾ ਚੁਕੇ ਹਨ । ਹੁਣ ਇੰਗਲੈਂਡ ਵਿਚ ਨਾਮਧਾਰੀ ਹਜ਼ਾਰਾਂ ਦੀ ਗਿਣਤੀ ਵਿਚ ਹਨ । ਸਿਧੀਆਂ ਨਾਮਧਾਰੀ ਦਸਤਾਰਾਂ ਸਜਾਉਣ ਵਾਲੇ ਵੀ ਕਾਫੀ ਸਰੀਰ ਮਿਲਦੇ ਹਨ । ਲੰਡਨ ਵਿਚ ਬਣਾਈ ਆਪਣੀ ਧਰਮਸ਼ਾਲਾ ਤੇ ਉਨ੍ਹਾਂ ਨੂੰ ਪ੍ਰਸੰਨਤਾ ਅਤੇ ਮਾਣ ਹੈ ਤਾਂ ਕੇਵਲ ਸਤਿਗੁਰੂ ਜਗਜੀਤ ਸਿੰਘ ਜੀ ਦੀ ਕਿਰਪਾ ਸਦਕਾ ।

ਪਰ ਧਾਰਮਕ ਤੇ ਸਮਾਜਕ ਖੇਤਰ ਦੇ ਨਾਲੋ ਨਾਲ ਆਪ ਦਾ ਸਬੰਧ ਵਿਸ਼ਵ ਭਾਈਚਾਰੇ ਨਾਲ ਵੀ ਸੰਘਣਾ ਹੈ । ਕਿਤੇ ਕੋਈ ਲੜਾਈ ਲੱਗੀ ਹੋਈ ਹੈ, ਕਿਤੇ ਬੰਬਾਂ ਜਹੇ ਮਾਰੂ ਹਥਿਆਰਾਂ ਦਾ ਖਤਰਾ ਖੜਾ ਹੋ ਗਿਆ ਹੈ । ਦੁਨੀਆਂ ਵਿਚ ਖੁਰਾਕ ਦਾ ਮਸਲਾ ਵੀ ਘਟ ਨਹੀਂ । ਫਿਰ ਖੁਰਾਕ ਵੀ ਉਹ ਜੋ ਪੌਸ਼ਟਕ ਵੀ ਹੋਵੇ ਤੇ ਸਰੀਰ ਲਈ ਹਾਨੀਕਾਰਕ ਵੀ ਨਾ ਹੋਵੇ । ਪਸ਼ੂ ਧਨ ਦੀ ਉੱਨਤੀ ਤੋਂ ਬਿਨਾਂ ਦੁੱਧ ਦੀ ਚੰਗੀ ਪ੍ਰਾਪਤੀ ਵੀ ਸੰਭਵ ਨਹੀਂ । ਇਹ ਕੁਝ ਅਜਿਹੀਆਂ ਸਮੱਸਿਆਵਾਂ ਹਨ ਜਿਨ੍ਹਾਂ ਵਿਚ ਦਿਲਚਸਪੀ ਰੱਖਣ ਕਾਰਨ ਸਤਿਗੁਰੂ ਜੀ ਦੇ ਅੰਤਰਰਾਸ਼ਟਰੀ ਸਬੰਧਾਂ ਵਿਚ ਚੋਖਾ ਵਾਧਾ ਤੇ ਉੱਨਤੀ ਹੋਈ ਹੈ । ਇਸੇ ਆਧਾਰ ਤੇ ਆਪ ਵਿਸ਼ਵ ਅਮਨ ਕੌਂਸਲ ਨਾਲ ਸਬੰਧਤ ਹਨ । ਪੰਜਾਬ ਤੇ ਹਰਿਆਣੇ ਦੀਆਂ ਅਮਨ ਕੌਂਸਲਾਂ ਦੇ ਸਾਂਝੇ ਪਰਧਾਨ ਰਹਿਣ ਦਾ ਮੌਕਾ ਵੀ ਆਪ ਨੂੰ ਮਿਲ ਚੁਕਾ ਹੈ । ਵੀਅਤਨਾਮ ਦੀ ਜੰਗ ਸਮੇਂ ਤਾਂ ਅਮਨ ਕੌਂਸਲ ਦੀ ਪ੍ਰਭੁਸਤਾ ਹੇਠ ਆਪ ਨੇ ਅਣਥਕ ਜਤਨ ਕੀਤੇ ਹਨ । ਅੰਮ੍ਰਿਤਸਰ ਦਾ ਅਮਨ ਸਮਾਗਮ, ਹੈਦਰਾਬਾਦ, ਦਿੱਲੀ ਵਿਚਲੀਆਂ ਅਮਨ ਕਾਨਫਰੰਸਾਂ ਤੇ ਹੈਲਸਿੰਕੀ ਕਾਨਫਰੰਸ ਇਸ ਸਬੰਧ ਵਿਚ ਗਿਣੀਆ ਜਾਣ ਵਾਲੀਆਂ ਘਟਨਾਵਾਂ ਹਨ ।


Namdhari Elibrary NamdhariElibrary@gmail.com



ਪਰੇਡ ਗਰਾਊਂਡ ਲਾਲ ਕਿਲ੍ਹਾ ਦਿਲੀ ਵਿਚ 20-8-77 ਨੂੰ ਸੰਤ ਕਿਰਪਾਲ ਸਿੰਘ ਜੀ ਦੇ ਤੀਜੇ ਭੰਡਾਰੇ ਸਮੇਂ ਸਦਾਚਾਰ ਸਮੇਲਨ ਦੇ ਆਰੰਭ ਸਮੇਂ ਬੈਠੇ ਖਬਿਓਂ ਸੱਜੇ : ਕਿਬਲਾ ਪੀਰ ਨਜ਼ਾਮੀ ਮਜ਼ਾਰ ਹਜ਼ਰਤ ਨਿਜ਼ਾਮੁਦੀਨ ਨਵੀਂ ਦਿਲੀ, ਸਤਿਗੁਰੂ ਜਗਜੀਤ ਸਿੰਘ ਜੀ, ਸੰਤ ਦਰਸ਼ਨ ਸਿੰਘ ਜੀ ਮਹਾਰਾਜ, ਗਦੀ ਨਸ਼ੀਨ (ਰਾਧਾ ਸੁਆਮੀ ਸੰਤ ਕਿਰਪਾਲ ਸਿੰਘ ਮਹਾਰਾਜ ਜੀ ਦੇ ਸਪੁਤਰ) ਖੜੇ : ਠਾਕਰ ਓਦੇ ਸਿੰਘ, ਸ੍ਰੀ ਪ੍ਰੀਤਮ ਸਿੰਘ ਕਵੀ, ਸ: ਹਰਵਿੰਦਰ ਸਿੰਘ ਹੰਸਪਾਲ ਤੇ ਮਹਾਰਾਜ ਜੀ ਦੇ ਇਕ ਹੋਰ ਸੇਵਕ ।

**ਵਰਿਆਮ**

Namdhari Elibrary NamdhariElibrary@gmail.com



ਕੀਨੀਆ ਦੇ ਰਾਸ਼ਟਰਪਤੀ ਸ੍ਰੀ ਜੋਮੋ ਕਨਿਆਟਾ ਸਤਿਗੁਰੂ ਜੀ ਨਾਲ ਬਹੁਤ ਸਨੇਹ ਰਖਦੇ ਹਨ :
ਤਸਵੀਰ ਵਿਚ ਨੈਰੋਬੀ ਵਿਖੇ ਰਾਸ਼ਟਰਪਤੀ ਭਵਨ ਵਿਚ ਸਤਿਗੁਰੂ ਜੀ ਦਾ ਸਵਾਗਤ ਕਰਦੇ ਹੋਏ । ਪਿਛੇ ਸੇਠ ਤ੍ਰਲੋਕ ਸਿੰਘ ਜੀ ਖੜੇ ਹਨ ।



ਪਿਛਲੇ ਰਾਸ਼ਟਰਪਤੀ ਸੁਰਗਵਾਸੀ ਸ੍ਰੀ ਫਖਰੁਦੀਨ ਅਲੀ ਅਹਿਮਦ ਸਤਿਗੁਰੂ ਜੀ ਦੇ ਨਾਲ ਇਕ ਸਮਾਗਮ ਸਮੇਂ

Namdhari Elibrary NamdhariElibrary@gmail com



ਭਾਰਤ ਦੇ ਪਿਛਲੇ ਪ੍ਰਧਾਨ ਮੰਤਰੀ ਸ੍ਰੀਮਤੀ ਇੰਦਰਾ ਗਾਂਧੀ ਇਕ ਨਾਮਧਾਰੀ ਸਮਾਗਮ ਸਮੇਂ ਸਤਿਗੁਰੂ ਜੀ ਤੋਂ ਪੁਸ਼ਪ ਭੇਟਾ ਸਵੀਕਾਰਦੇ ਹੋਏ। (ਦਿਲੀ ਹੋਲਾ ਮਹਲਾ ਸੰਨ 1966)



ਸੰਗੀਤ ਦੇ ਖਿੜਦੇ ਫੁੱਲ: ਸ੍ਰੀ ਅੰਮ੍ਰਿਤਸਰ ਦੇ ਚਾਰ ਸੌ ਸਾਲਾ ਸਥਾਪਨਾ ਸਮਾਰੋਹ ਦੇ ਸਬੰਧ ਵਿਚ ਮੰਜੀ ਸਾਹਿਬ ਵਿਖੇ ਸ਼ਾਸਤਰੀ ਗੁਰਮਤ ਸੰਗੀਤ ਅਨੁਸਾਰ ਕੀਰਤਨ ਕਰ ਰਹੇ ਬਚੇ : ਉਮਰ ਵਿਚ ਭਾਵੇਂ ਛੋਟੇ ਦਿਸਦੇ ਪਰ ਕਲਾ ਵਿਚ ਪ੍ਰੌਢ ਸੰਗੀਤਕਾਰਾਂ ਦੇ ਕੀਰਤਨ ਨੂੰ ਸੰਗਤ ਅਤੇ ਸੰਗੀਤ ਵਿਸ਼ੇਸ਼ਗਾਂ ਨੇ ਉਚੇਚਿਆਂ ਸਲਾਹਿਆ ਇਹ ਸਤਿਗੁਰੂ ਜੀ ਦੀ ਸੰਗੀਤ ਫੁਲਵਾੜੀ ਦਾ ਕੇਵਲ ਇਕ ਨਮੂਨਾ ਹੀ ਸੀ।

Namdhari Elibrary NamdhariElibrary@gmail com



ਹਾਕੀ ਦੇ ਮੈਦਾਨ ਵਿਚ ਕਛਹਿਰੇ ਧਾਰੀਆਂ ਦਾ ਪ੍ਰਵੇਸ਼ : ਨਾਮਧਾਰੀ ਵਿਦਿਅਕ ਜੱਥਾ ਅਤੇ ਗੁਰੂ ਹਰੀ ਸਿੰਘ ਮਹਾਂ-ਵਿਦਿਆਲਾ ਦੀਆਂ ਟੀਮਾਂ ਹੁਣ ਕੁਲ ਹਿੰਦ ਪੱਧਰ ਦੇ ਟੂਰਨਾਮੈਂਟਾਂ ਵਿਚ ਹਿਸਾ ਲੈਂਦੀਆਂ ਹਨ। ਉਪਰਲੀ ਤਸਵੀਰ ਵਿਚ ਰਾਜਾ ਭਾਲਿੰਦਰ ਸਿੰਘ ਵਿਦਿਆਲੇ ਦੀ ਟੀਮ ਨਾਲ ਪਰੀਚੇ ਕਰਦੇ ਹੋਏ ਅਤੇ ਹੇਠ, ਨਹਿਰੂ ਹਾਕੀ ਟੂਰਨਾਮੈਂਟ ਵਿਚ ਜਰਮਨੀ ਦੀ ਟੀਮ ਨਾਲ ਮੈਚ ਦਾ ਇਕ ਦ੍ਰਿਸ਼।



Namdhari Elibrary NamdhariElibrary@gmail.com

ਹੈਲਸਿੰਕੀ ਕਾਨਫਰੰਸ ਵਿਚ, ਕੁਝ ਅਸਵਸਥ ਹੋਣ ਕਾਰਨ, ਆਪ ਭਾਵੇਂ ਨਹੀਂ ਜਾ ਸਕੇ ਪਰ ਆਪ ਨੇ ਆਪਣੇ ਛੋਟੇ ਭਾਈ ਮਹਾਰਾਜ ਬੀਰ ਸਿੰਘ ਜੀ ਨੂੰ ਆਪਣੇ ਪ੍ਰਤੀਨਿਧ ਦੇ ਰੂਪ ਵਿਚ ਉਥੇ ਭੇਜਿਆ ਤਾਂ ਕਿ ਨਾਮਧਾਰੀ ਉਸ ਅਹਿਮ ਵਿਚਾਰ ਵਟਾਂਦਰੇ ਤੋਂ ਪਿਛੇ ਨਾ ਰਹਿਣ। ਵੀਅਤਨਾਮ ਦੀ ਜੰਗ ਨੂੰ ਖਤੰਮ ਕਰਾਉਣ ਹਿੱਤ, ਉਨ੍ਹਾਂ ਮਜ਼ਲੂਮਾਂ ਦੀ ਮਦਦ ਕਰਨ ਹਿਤ ਹਰ ਮਤੇ ਦੀ ਭਰਵੀਂ ਪ੍ਰੋੜ੍ਹਤਾ ਆਪ ਨੇ ਕੀਤੀ ਤੇ ਹੋਰ ਜੋ ਵਧੋ ਵੱਧ ਹੋ ਸਕਿਆ, ਕੀਤਾ। ਅਮਨ ਦੇ ਨਾਲ ਆਪ ਦੇ ਗਹਿਰੇ ਸਨੇਹ ਦਾ ਸੰਕੇਤ ਤਾਂ ਇਥੋਂ ਵੀ ਮਿਲਦਾ ਹੈ ਕਿ ੧੯੬੬ ਵਿਚ ਦਿੱਲੀ ਵਿਚ ਹੋਏ ਮਹਾਨ ਨਾਮਧਾਰੀ ਹੋਲੇ ਦੇ ਮੇਲੇ ਵਿਚ ਇਕ ਸਮਾਗਮ ਅਮਨ ਨੂੰ ਵੀ ਸਮਰਪਤ ਸੀ ਜਿਸ ਵਿਚ ਹੋਰਨਾਂ ਦੇਸ਼ੀ ਬਦੇਸ਼ੀਆਂ ਤੋਂ ਬਿਨਾਂ ਵਿਸ਼ਵ-ਅਮਨ ਕੌਂਸਲ ਦੀ ਜੁੜਵੀਂ ਪ੍ਰਧਾਨ ਸ੍ਰੀਮਤੀ ਇਸਾਬੈੱਲ ਬਲੂਮ ਤੇ ਕ੍ਰਿਸ਼ਨਾ ਮੈਨਨ ਵਰਗੇ ਮਹਾਨ ਅਮਨ ਘੁਲਾਟੀਆਂ ਨੇ ਵੀ ਸ੍ਰੁ ਤਿਆਂ ਨਾਲ ਆਪਣੇ ਵਿਚਾਰ ਸਾਂਝੇ ਕੀਤੇ ਸਨ।

ਲੋਕਾਂ ਦੀਆਂ ਸਿਹਤਾਂ ਬੜੀਆਂ ਹੇਠਾਂ ਜਾ ਰਹੀਆਂ ਹਨ। ਵੀਹਵੀਂ ਸਦੀ ਵਿਚ ਵਿਗਿਆਨ ਨੇ ਨਿਰਸੰਦੇਹ ਉੱਨਤੀ ਕੀਤੀ ਹੈ ਪਰ ਭੋਜਨ ਦੇ ਪਖੋਂ ਅਸੀਂ ਨਿਕੰਮੇ ਹੋ ਰਹੇ ਹਾਂ। ਲੋਕਾਂ ਵਿਚ ਜਿਸਮ ਪ੍ਰਸਤ ਕਾਇਮ ਰਖਣ ਦਾ ਰਿਵਾਜ ਵਧਿਆ ਹੈ। ਰਸਾਇਣਕ ਚੀਜ਼ਾਂ ਤੇ ਉਨ੍ਹਾਂ ਨਾਲ ਬਣੇ ਖਾਧ-ਪਦਾਰਥਾਂ ਦੀ ਵਰਤੋਂ ਜ਼ੋਰਾਂ ਤੇ ਹੋ ਰਹੀ ਹੈ ਜੋ ਸਾਡੀਆਂ ਮੰਦੀਆਂ ਸਿਹਤਾਂ ਦੇ ਰੂਪ ਵਿਚ ਪ੍ਰਗਟ ਹੋ ਰਹੀ ਹੈ। ਇਸ ਸਬੰਧ ਵਿਚ ਜਦੋ-ਜਹਿਦ ਕਰਨ ਵਾਲੀਆਂ ਤੇ ਜਨ-ਸਾਧਾਰਨ ਨੂੰ ਲੋੜੀਂਦਾ ਗਿਆਨ ਦੇ ਕੇ ਸਿੱਖਿਆ ਕਰਨ ਵਾਲੀਆਂ ਜਥੇ-ਬੰਦੀਆਂ ਵੀ ਅੰਤਰ ਰਾਸ਼ਟਰੀ ਪੱਧਰ ਤੇ ਕੰਮ ਕਰ ਰਹੀਆਂ ਹਨ। ਇਸ ਦੇ ਵਿਚੋਂ ਅੰਤਰ ਰਾਸ਼ਟਰੀ ਸ਼ਾਕਾਹਾਰੀ ਸੰਗਠਨ ਤੇ ਇੰਗਲੈਂਡ ਵਿਚ ਸਥਿਤ 'ਜ਼ਮੀਨੀ ਜਥੇਬੰਦੀਆਂ' ਦੇ ਨਾਂ ਗਿਣੇ ਜਾ ਸਕਦੇ ਹਨ। ਦੋਹਾਂ ਸੰਸਥਾਵਾਂ ਦੇ ਮੈਂਬਰ ਦੁਨੀਆਂ ਦੇ ਹਰ ਕੋਨੇ ਵਿਚ ਹਨ ਤੇ ਦੋਵੇਂ ਹੀ ਖੁਰਾਕ ਦੇ ਸਬੰਧ ਵਿਚ ਆਪਣਾ ਯੋਗਦਾਨ ਦੇ ਰਹੀਆਂ ਹਨ। ਪਹਿਲੀ ਜੇ ਸਬਜ਼ੀਆਂ ਖਾਣ ਦਾ ਪ੍ਰਚਾਰ ਕਰਦੀ ਹੈ ਤਾਂ ਦੂਜੀ ਸਬਜ਼ੀਆਂ ਤੇ ਹੋਰਨਾਂ ਅਨਾਜਾਂ ਨੂੰ ਸਹੀ ਤਰ੍ਹਾਂ, ਬਿਨਾਂ ਰਸਾਇਣੀ ਪਦਾਰਥਾਂ ਦੀ ਮਦਦ ਤੋਂ ਪੈਦਾ ਕਰਨ ਤੇ ਬਲ ਦਿੰਦੀ ਹੈ। ਸਤਿਗੁਰੂ ਜੀ ਦੋਹਾਂ ਸੰਸਥਾਵਾਂ ਨਾਲ ਸਬੰਧਤ ਹਨ। ਪਹਿਲੀ ਦੇ ਉਪ-ਪ੍ਰਧਾਨਾਂ ਵਿਚ ਆਪ ਦਾ ਨਾਂ ਸ਼ਾਮਲ ਹੈ ਤੇ ਦੂਜੀ ਦੇ ਮੈਂਬਰਾਂ ਵਿਚ।

ਸ਼ਾਕਾਹਾਰ ਨਾਲ ਤਾਂ ਨਾਮਧਾਰੀ ਜਨਮ ਤੋਂ ਹੀ ਸਬੰਧਤ ਹੁੰਦਾ ਹੈ। ਨਿਰਸੰਦੇਹ ਆਮ ਭਾਰਤੀ ਲੋਕ ਵੀ ਸ਼ਾਕਾਹਾਰੀ ਹੁੰਦੇ ਹਨ ਤਾਂ ਵੀ ਦੂਜੇ ਦੇਸ਼ਾਂ ਵਿਚ ਸਮੇਂ ਤੇ ਸੰਗਤ ਦੇ ਪ੍ਰਭਾਵ ਦਾ ਮਾੜਾ ਅਸਰ ਕਦੀ ਵਾਰੀ ਚੰਗਿਆਂ ਬੰਦਿਆਂ ਨੂੰ ਵੀ ਲੈ ਬਹਿੰਦਾ ਹੈ। ਦੇਸ਼ ਵਿਚ ਵੀ ਮਾਸਾਹਾਰ ਦਾ ਬਹੁਤਾ ਜ਼ੋਰ ਵੀ ਗ਼ਲਤ ਪਰਚਾਰਾਂ ਤੇ ਕੁਸੰਗਤ ਦਾ ਸਿੱਟਾ ਹੀ ਸਮਝਣਾ ਚਾਹੀਦਾ ਹੈ। ਪਰ ਲੋਕਾਂ ਨੂੰ ਇਸ ਗ਼ਲਤ ਪਾਸਿਓਂ ਮੋੜਨ ਦਾ ਗੁਰੂ ਨਾਨਕ ਵਾਲਾ ਨੇਮ ਸਤਿਗੁਰੂ ਜੀ ਨੇ ਵੀ ਅਪਣਾਇਆ ਹੋਇਆ ਹੈ। ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਪਹਿਲੀ ਵਾਰ ਅਫਰੀਕਾ ਜਾਣ ਸਮੇਂ, ਆਪ ਦੇ ਮੁੰਬਾਸੇ ਦੀ ਬੰਦਰਗਾਹ ਤੋਂ ਉਤਰਨ ਤੇ ਜਦੋਂ ਲੋਕਾਂ ਨੂੰ ਪਤਾ ਲਗਾ ਕਿ (ਨਾਮਧਾਰੀ) ਸਤਿਗੁਰੂ ਜੀ ਤਾਂ ਉਸ ਘਰ ਦਾ ਅੰਨ ਜਲ ਵੀ ਪ੍ਰਵਾਨ ਨਹੀਂ ਕਰਦੇ, ਜਿਸ ਘਰ ਵਿਚ ਮਾਸ-ਸ਼ਰਾਬ ਦੀ ਵਰਤੋਂ ਹੁੰਦੀ ਹੋਵੇ ਤਾਂ ਅਫਰੀਕਾ ਵਿਚ ਵਸਦੇ ਪੰਜਾਬੀਆਂ ਵਿਚ ਹੈਰਾਨੀ ਦੀ ਹੱਦ ਨਾ ਰਹੀ ਕਿਉਂਕਿ ਉਹ ਸਾਰੇ ਉਥੋਂ ਦੇ ਲੋਕਾਂ ਨਾਲ ਰਲ ਮਿਲ ਕੇ ਖਾਣ ਪੀਣ ਲਗ ਪਏ ਸਨ ਤੇ ਇਸ ਤਰ੍ਹਾਂ ਦੇ ਨਿਯਮਾਂ ਦਾ ਪਾਲਕ ਧਾਰਮਕ ਰਹਿਬਰ ਵੀ ਅਜੇ ਤਕ ਉਥੇ ਕੋਈ ਨਹੀਂ ਸੀ ਪਹੁੰਚਿਆ। ਸਿੱਟਾ ਇਹ ਹੋਇਆ ਕਿ ਅਫਰੀਕਾ ਦੇ ਸਾਰੇ ਸ਼ਹਿਰਾਂ ਵਿਚ ਤਾਰਾਂ ਖੜਕ ਗਈਆਂ ਕਿ ਜਿਸ ਕਿਸੇ ਨੇ ਸਤਿਗੁਰੂ ਜੀ ਦੇ ਨਿਵਾਸ ਅਸਥਾਨ ਜਾਂ ਲੰਗਰ ਦਾ ਪ੍ਰਬੰਧ ਕਰਨਾ ਹੋਵੇ ਉਹ ਉਨ੍ਹਾਂ ਦੇ ਇਸ ਨੇਮ ਨੂੰ ਪਹਿਲਾਂ ਧਿਆਨ ਵਿਚ ਰਖੇ। ਫਲਸਰੂਪ ਕਿੰਨੇ ਹੀ ਲੋਕਾਂ ਨੇ ਮਾਸ ਸ਼ਰਾਬ ਤੋਂ ਤੋਬਾ ਕੀਤੀ ਸੀ।

ਵਲਾਇਤ ਵਿਚ ਵਸਦੇ ਨਾਮਧਾਰੀਆਂ ਵਿਚ ਬਹੁਗਿਣਤੀ ਉਨ੍ਹਾਂ ਲੋਕਾਂ ਦੀ ਹੈ ਜੋ ਅਫਰੀਕਾ ਤੋਂ ਆਏ ਹੋਏ ਹਨ ਤੇ ਇਸੇ ਕਾਰਨ ਇਥੇ ਪਹਿਲੀ ਵਾਰ ੧੯੬੭ ਵਿਚ ਪਧਾਰਨ ਸਮੇਂ ਵਰਤਮਾਨ ਸਤਿਗੁਰੂ ਜੀ ਨੂੰ ਇਸ ਪਖੋਂ ਉਨੀ ਔਖਿਆਈ ਦਾ ਸਾਹਮਣਾ ਨਹੀਂ ਕਰਨਾ ਪਿਆ ਜਿੰਨੀ ਦਾ ਪਹਿਲੀ ਵਾਰੀ ਅਫਰੀਕਾ ਜਾਣ ਸਮੇਂ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਨੂੰ ਕਰਨਾ ਪਿਆ ਸੀ। ਇਸ ਦਾ ਭਾਵ ਇਹ ਵੀ ਨਹੀਂ ਕਿ ਇਥੇ ਸਾਰੇ ਦੇ ਸਾਰੇ ਨਾਮਧਾਰੀ ਹੀ ਵਸਦੇ ਸਨ ਜਾਂ ਭਾਰਤੀ ਲੋਕ ਮਾਸ ਨਹੀਂ ਖਾਂਦੇ ਸਨ। ਸਗੋਂ ਇਹ ਕਹਿਣਾ ਕੋਈ ਗਲਤ ਨਹੀਂ ਹੋਵੇਗਾ ਕਿ ਅਜੇ ਅੰਗਰੇਜ਼ ਲੋਕ ਤਾਂ ਅਜਿਹੇ ਬਹੁਤੇ ਮਿਲ ਸਕਦੇ ਹਨ ਜੋ ਵਲਾਇਤ ਵਿਚ ਜਨਮ ਲੈ ਕੇ ਵੀ ਜਨਮ ਤੋਂ ਹੀ ਮਾਸ ਤੋਂ ਪਰਹੇਜ਼ ਕਰਦੇ ਰਹੇ ਹਨ—ਪਰ ਭਾਰਤੀ ਲੋਕਾਂ ਦੇ ਦਿਮਾਗ ਵਿਚ ਇਕ ਹਊਆ ਇਹ ਬੈਠਾ ਹੋਇਆ ਸੀ



Namdhari Elibrary NamdhariElibrary@gmail.com

ਕਿ ਮਾਂਸ ਸ਼ਰਾਬ ਦੀ ਵਰਤੋਂ ਕਰਨ ਬਿਨਾਂ ਬੰਦਾ ਉਸ ਧਰਤੀ ਤੇ ਬਚ ਨਹੀਂ ਸਕਦਾ—ਇਹ ਹਉਆ ਕੇਵਲ ਸਤਿਗੁਰੂ ਜੀ ਨੇ ਹੀ ਕਢਿਆ।

ਅੱਜ ਵਲਾਇਤ ਵਿਚ ਭਾਰਤੀ ਸ਼ਾਕਾਹਾਰੀਆਂ ਦੀ ਭਾਰੀ ਗਿਣਤੀ ਵਸਦੀ ਹੈ। ਸਤਿਗੁਰੂ ਜੀ ਹਰ ਦੌਰੇ ਸਮੇਂ ਜਤਨ ਕਰਦੇ ਹਨ ਕੁਛ ਸਥਾਨਕ ਸ਼ਾਕਾ-ਹਾਰੀਆਂ ਨਾਲ ਮਿਲ ਕੇ ਵਿਚਾਰ ਵਟਾਂਦਰਾ ਕਰਨ ਤੇ ਪ੍ਰਸਪਰ ਸਨੇਹ ਵਧਾਉਣ ਦਾ। ਹਾਲੈਂਡ ਦੀ ਰਾਜਧਾਨੀ ਹੇਗ ਵਿਚ ੧੯੭੧ ਵਿਚ ਵਿਸ਼ਵ ਸ਼ਾਕਾਹਾਰੀ ਸਮੇਲਨ ਵਿਚ ਹਿੱਸਾ ਲੈ ਰਹੇ ਸਾਂ। ਉਥੇ ਟੈਲੀਵੀਜ਼ਨ ਤੇ ਅਖਬਾਰਾਂ ਰਾਹੀਂ ਸਾਡੇ ਸ਼ਾਕਾਹਾਰ ਦੀ ਕਾਫੀ ਚਰਚਾ ਹੋਈ ਸੀ। ਇਕ ਬੁਤਘਾੜੇ ਦੀ ਬੁਢੀ ਵਿਧਵਾ ਨੇ ਪ੍ਰਭਾਵਤ ਹੋ ਕੇ ਇਕ ਕਾਸਦ ਰਾਹੀਂ ਸਤਿਗੁਰੂ ਜੀ ਪਾਸ ਅਰਜ਼ਾਂ ਕਰ ਭੇਜੀਆਂ ਕਿ ਉਸ ਦੇ ਘਰ ਦਰਸ਼ਨ ਦੇਣ। ਆਪ ਸਾਰੇ ੧੩ ਸਾਥੀਆਂ ਸਮੇਤ ਉਥੇ ਪਧਾਰੇ। ਮਾਈ, ਜਿਸ ਦਾ ਨਾਂ ਹੁਜਵਰਫ ਸੀ, ਨੇ ਆਪਣੇ ਘਰ ਪਈ ਲਿਖਤੀ ਪੁਰਾਣੀ ਬਾਈਬਲ ਦਿਖਾਈ, ਆਪਣੇ ਪਤੀ ਦੀਆਂ ਕਿਰਤਾਂ ਤੇ ਕਿਤਾਬਾਂ ਦਿਖਾਈਆਂ, ਤੇ ਫਿਰ ਫਲ ਫਰੂਟ ਅਗੇ ਲਿਆ ਰਖੇ। ਸੁਭਾਵਕ ਤੌਰ ਤੇ ਸਤਿਗੁਰੂ ਜੀ ਨੇ ਉਸ ਨੂੰ ਮਾਸ ਸ਼ਰਾਬ ਦੀ ਵਰਤੋਂ ਬਾਰੇ ਪੁਛਿਆ ਉਤਰ ਮਿਲਿਆ ਸਿਰਫ ਕਦੇ ਕਦੇ ਆਂਡੇ ਦੀ ਵਰਤੋਂ ਕੀਤੀ ਜਾਂਦੀ ਹੈ। ਸਤਿਗੁਰੂ ਜੀ ਦੇ ਹੁਕਮ ਕਰਨ ਤੇ ਉਹ ਵੀ ਛਡ ਦਿੱਤਾ। ਇਹ ਕੰਮ ਸਥਾਨਕ ਸ਼ਾਕਾ-ਹਾਰੀ ਜਾਂ 'ਅੰਤਰਰਾਸ਼ਟਰੀ ਸੰਗਠਨ' ਵਾਲੇ ਨਹੀਂ ਸਨ ਕਰ ਸਕਦੇ। ਅਜੇਹੇ ਉਦਮ ਕਾਰਨ ਹੀ ਤਾਂ ਅੰਤਰ-ਰਾਸ਼ਟਰੀ ਸੰਗਠਨ ਦਾ ਪ੍ਰਧਾਨ ਡਾ: ਲਾਟੋ ਆਪ ਦੇ ਵਿਸ਼ੇਸ਼ ਸਲਾਹਕਾਰਾਂ ਤੇ ਸਨੇਹੀਆਂ ਵਿਚੋਂ ਇਕ ਹੈ। ਇਸ ਸੰਗਠਨ ਦੇ ਜਨਰਲ ਸਕੱਤਰ ਫਨਕਿੰਗ ਦੇ ਸਨੇਹ ਨੂੰ ਮੁੱਖ ਰਖਦਿਆਂ ੧੯੭੪ ਵਿਚ ਆਪ ਉਸ ਦੇ ਘਰ ਉਤਰੀ ਆਇਰਲੈਂਡ ਵਿਚ ਇਕ ਰਾਤ ਕੱਟ ਵੀ ਆਏ ਹਨ। ਯਹੂਦੀਆਂ ਦੀ ਸ਼ਾਕਾਹਾਰੀ ਸਭਾ ਦੇ ਪ੍ਰਧਾਨ ਪਿਕ ਹੋਰੀ ਸਾਡੇ ਲਈ ਕਾਫੀ ਪੁਰਾਣੇ ਹੋ ਚੁੱਕੇ ਹਨ। ਸਤਿਗੁਰੂ ਜੀ ਵਲੋਂ ਸ਼ਾਕਾਹਾਰ ਦੇ ਪ੍ਰਚਾਰ ਵਿਚ ਇਨਾ ਭਰਵਾਂ ਸਹਿਯੋਗ ਦੇਣ ਕਾਰਨ ਹੀ ਜੁਲਾਈ ੧੯੭੪ ਵਿਚ ਲੀਡਜ਼ ਦੀ ਸ਼ਾਕਾਹਾਰੀ ਕਮੇਟੀ ਦੇ ਅੰਗਰੇਜ਼ ਮੈਂਬਰਾਂ ਨੇ



ਪਿਛਲੇ ਦਿਨੀ ਦਿਲੀ ਵਿਚ ਹੋਈ ਸੰਸਾਰ ਸ਼ਾਕਾਹਾਰੀ ਕਾਨਫਰੰਸ ਵਿਚ ਨਾਇਜੇਰੀਆ ਦੇ ਨੁਮਾਇੰਦੇ ਸ੍ਰੀ ਏ. ਬੀ. ਦਾਲੰਬ ਅਤੇ ਭਾਰਤੀ ਸ਼ਾਕਾਹਾਰ ਕਾਂਗਰਸ ਦੇ ਜਨਰਲ ਸਕੱਤਰ ਸ੍ਰੀ ਸੁਰਿੰਦਰ ਮਹਿਤਾ ਨਾਲ ਸਤਿਗੁਰੂ ਜੀ। ਖਬੇ ਬੰਨੇ ਠਾਕਰ ਦਲੀਪ ਸਿੰਘ ਜੀ, ਪਿਛਲੇ ਪਾਸੇ ਸੰਤ ਮਹਿੰਦਰ ਸਿੰਘ ਪੂਰਬਾ ਅਤੇ ਸਜੇ ਸ: ਹਰਵਿੰਦਰ ਸਿੰਘ ਹੰਜਪਾਲ ਖੜੇ ਹਨ।



Namdhari Elibrary NamdhariElibrary@gmail.com

ਆਪ ਦੇ ਸੁਆਗਤ ਵਿਚ ਇਕ ਸਭਾ ਦਾ ਆਯੋਜਨ ਕੀਤਾ ਜੋ ਬਹੁਤ ਸ਼ਾਨਦਾਰ ਪ੍ਰੋਗਰਾਮ ਸੀ। ਸ਼ਾਕਾਹਾਰ ਦੇ ਸੰਬੰਧ ਵਿਚ ਹੀ ਆਪ ਨਾ ਜਾ ਸਕਣ ਕਾਰਨ ਜਨਵਰੀ ੧੯੭੩ ਵਿਚ ਲੰਕਾ ਤੇ ਅਗਸਤ ੧੯੭੫ ਵਿਚ ਅਮਰੀਕਾ ਵਿਚ ਨਾਮਧਾਰੀਆਂ ਦੀ ਪ੍ਰਤੀਨਿਧਤਾ ਕਰਨ ਲਈ ਆਪ ਨੇ ਸ੍ਰੀ ਮਹਾਰਾਜ ਬੀਰ ਸਿੰਘ ਜੀ ਦੇ ਨਾਲ ਇਨ੍ਹਾਂ ਸਤਰਾਂ ਦੇ ਲੇਖਕ ਨੂੰ ਵੀ ਭੇਜਿਆ

ਇਸ ਦਾ ਅਸਰ ਉਨ੍ਹਾਂ ਪ੍ਰੀਤੀਵਾਨਾਂ ਤੇ ਕਿਸ ਤਰ੍ਹਾਂ ਹੁੰਦਾ ਹੈ ਇਹ ਤਾਂ ਜੇ ਉਨ੍ਹਾਂ ਨੂੰ ਹੀ ਮਿਲ ਕੇ ਪੁਛਿਆ ਜਾਵੇ ਤਾਂ ਵਧੇਰੇ ਚੰਗਾ ਰਹੇਗਾ। ਅਮਰੀਕਾ ਦੇ ਸ਼ਿਕਾਗੋ ਵਰਗੇ ਘੁਗ ਵਸਦੇ ਸ਼ਹਿਰ ਵਿਚ ਵੀ ਇਕ ਨਾਮਧਾਰੀ ਵਿਚਾਰਾਂ ਵਾਲੀ ਸ਼ਾਕਾਹਾਰੀ ਸੰਸਥਾ ਨੇ ਜੋ ੧੯੭੫ ਵਿਚ ਜਨਮ ਲਿਆ ਹੈ ਤਦ ਉਹ



ਇੰਗਲੈਂਡ ਦੀ ਇਕ ਪੁਰਾਣੀ [illegible] ਦੇ ਮੇਅਰ ਅਤੇ ਲੇਡੀ ਮੇਅਰ ਨਾਲ ਸਤਿਗੁਰੂ ਜਗਜੀਤਸਿੰਘ ਜੀ

ਅਗਸਤ ੧੯੭੩ ਵਿਚ ਸਵੀਡਨ ਵਿਚ ਹੋਈ ਸ਼ਾਕਾਹਾਰੀ ਕਾਨਫਰੰਸ ਸਮੇਂ ਤਾਂ ਆਪ ਦੀ ਪ੍ਰਤੀਨਿਧਤਾ ਕੇਵਲ ਇਸ ਲੇਖਕ ਤੋਂ ਹੀ ਕਰਵਾਉਣ ਦਾ ਮਾਣ ਬਖਸ਼ਿਆ।

ਹੁਣ ਤਕ ਇਹ ਰਿਵਾਜ ਹੀ ਬਣਿਆ ਰਿਹਾ ਹੈ ਕਿ ਹਰ ਦਸਵੇਂ ਵਰ੍ਹੇ ਇਸ ਵਿਸ਼ਵ ਸ਼ਾਕਾਹਾਰੀ ਸਮਾਗਮ ਦਾ ਇਕੱਠ ਭਾਰਤ ਵਿਚ ਹੁੰਦਾ ਆਇਆ ਹੈ। ੧੯੫੭, ੧੯੬੭ ਤੋਂ ਪਿਛੋਂ ੧੯੭੭ ਵਿਚ। ਸਤਿਗੁਰੂ ਜੀ ਹਰ ਅਜਿਹੇ ਸਮਾਗਮ ਸਮੇਂ ਅੰਤਰ ਰਾਸ਼ਟਰੀ ਪ੍ਰਾਹੁਣਿਆਂ ਦੇ ਸਨਮਾਨ ਵਿਚ ਇਕ ਪ੍ਰੀਤੀ ਭੋਜ ਦਾ ਪ੍ਰਬੰਧ ਕਰਦੇ ਹਨ—

ਸਿਰਫ ਸਤਿਗੁਰੂ ਜੀ ਦੇ ਜਤਨਾਂ ਦਾ ਸਿੱਟਾ ਹੀ ਸਮਝਣਾ ਚਾਹੀਦਾ ਹੈ।

ਜ਼ਮੀਨੀ ਸੰਸਥਾ ਜਿਵੇਂ ਉੱਪਰ ਦਸਿਆ ਵੀ ਗਿਆ ਹੈ, ਰਸਾਇਣਕ ਖਾਦਾ ਤੇ ਹੋਰ ਅਜਿਹੇ ਪਦਾਰਥਾਂ ਦੀ ਵਰਤੋਂ ਤੋਂ ਪੈਦਾ ਹੋਣ ਵਾਲੇ ਨੁਕਸਾਨਾਂ ਬਾਰੇ ਪ੍ਰਯੋਗ ਕਰਦੀ ਹੈ ਤੇ ਆਪਣੇ ਮੈਂਬਰਾਂ ਤੇ ਪ੍ਰਕਾਸ਼ਨਾਵਾਂ ਰਾਹੀਂ ਆਮ ਜਨਤਾ ਨੂੰ ਸਾਵਧਾਨ ਕਰਦੀ ਹੈ। ਇਸ ਸੰਸਥਾ ਨੇ ਇਹ ਪ੍ਰਯੋਗ ਕੀਤਾ ਹੈ ਕਿ ਇੰਨੇ ਸ਼ਕਤੀਸ਼ਾਲੀ ਜਾਨਵਰ ਘੋੜੇ ਨੂੰ, ਜਿਸ ਦੀ ਸ਼ਕਤੀ ਦਾ ਸਿੱਕਾ



Namdhari Elibrary NamdhariElibrary@gmail.com

ਸਾਰੀ ਦੁਨੀਆਂ ਵਿਚ ਮੰਨਿਆਂ ਜਾਣ ਕਾਰਨ ਵੱਡੇ ਵੱਡੇ ਇੰਜਨਾਂ ਦੀ ਸ਼ਕਤੀ ਵੀ ਇਸ ਘੋੜੇ ਦੀ ਤਾਕਤ ਨਾਲ ਹੀ ਨਾਪੀ ਜਾਂਦੀ ਹੈ, ਜੇ ਰਸਾਇਣਕ ਖਾਦਾਂ ਨਾਲ ਉਗਾਈਆਂ ਗਾਜਰਾਂ ਖਾਣ ਨੂੰ ਦਿੱਤੀਆਂ ਜਾਣ ਉਹ ਉਸ ਦੀ ਸਿਹਤ ਤੇ ਬਹੁਤ ਮਾੜਾ ਅਸਰ ਪਾਉਂਦੀਆਂ ਹਨ। ਇਸ ਖੋਜ ਸੰਸਥਾ ਨੇ ਇਹ ਵੀ ਪ੍ਰਯੋਗਾਂ ਰਾਹੀਂ ਸਿੱਧ ਕੀਤਾ ਹੈ ਕਿ ੧੫ ਗਊਆਂ ਨੂੰ ਰਸਾਇਣਕ ਖਾਦਾਂ ਨਾਲ ਉਗਾਏ ਚਾਰੇ ਦੇਣ ਤੇ ਉਨ੍ਹਾਂ ਦਾ ਪ੍ਰਤੀ ਗਊ ਪ੍ਰਤੀ ਸੂਏ ਵਿਚ ਉਸ ਦੂਜੀ ਗਊ ਨਾਲੋਂ ੧੦੦੦ ਪੌਂਡ ਦੁਧ ਘੱਟ ਗਿਆ ਜਿਸ ਨੂੰ ਦੂਜੇ ਢੇਰ-ਰੂੜੀ ਨਾਲ ਉਗਾਏ ਪੱਠੇ ਦਿੱਤੇ ਗਏ ਸਨ। ਸਤਿਗੁਰੂ ਜੀ ਆਪ ਇਨ੍ਹਾਂ ਖਾਦਾਂ ਤੇ ਰਸਾਇਣਕ ਪਦਾਰਥਾਂ ਦੀ ਵਰਤੋਂ ਨਹੀਂ ਕਰਦੇ ਤੇ ਨਾ ਇਨ੍ਹਾਂ ਦੇ ਹੱਕ ਵਿਚ ਹਨ। ਇਸ ਲਈ ਇਸ ਉਕਤ ਸੰਸਥਾ ਨਾਲ ਆਪਦੇ ਵਿਚਾਰ ਕਾਫੀ ਹੱਦ ਤਕ ਮਿਲਦੇ ਹਨ। ਆਪਣੇ ਵਿਦੇਸ਼ੀ ਦੌਰਿਆਂ ਸਮੇਂ ਅਕਸਰ ਜਤਨ ਕਰਦੇ ਰਹਿੰਦੇ ਹਨ ਕਿ ਪ੍ਰਯੋਗਵਾਦੀ ਮੈਂਬਰਾਂ ਨਾਲ ਮਿਲ ਕੇ ਇਸ ਵਿਸ਼ੇ ਤੇ ਅਗੋਂ ਹੋਰ ਵਿਚਾਰ ਵਟਾਂਦਰਾ ਕੀਤਾ ਜਾਵੇ।

ਸ਼ਾਕਾਹਾਰੀ ਸੰਗਠਨ ਦੇ ਬਹੁਤੇ ਮੈਂਬਰ ਇਸ ਜ਼ਮੀਨੀ ਖੋਜ ਸੰਸਥਾ ਦੇ ਮੈਂਬਰ ਵੀ ਹਨ ਕਿਉਂਕਿ ਦੋਵਾਂ ਸੰਸਥਾਵਾਂ ਦੇ ਨਿਯਮ ਤੇ ਵਿਚਾਰ ਪ੍ਰਸਪਰ ਕਾਫੀ ਮਿਲਦੇ ਜੁਲਦੇ ਹਨ। ਸਤਿਗੁਰੂ ਜੀ ਦਾ ਜਤਨ ਹੁੰਦਾ ਹੈ ਵਧੋਂ ਵਧ ਏਕਤਾ ਕਾਇਮ ਰਖਣ ਦਾ। ਉਨ੍ਹਾਂ ਨੇ ੧੯੭੧ ਵਿਚ ਇਸ ਗੱਲ ਵਾਸਤੇ ਜਤਨ ਆਰੰਭੇ ਕਿ ਇਹ ਦੋਵੇਂ ਸੰਸਥਾਵਾਂ ਇਕ ਦੂਜੀ ਦੇ ਹੋਰ ਨੇੜੇ ਹੋ ਕੇ ਕੁਝ ਕੰਮ ਰਲਵੇਂ ਜਤਨ ਵਜੋਂ ਕਰਨ ਤਾਂ ਕਿ ਜਨ ਸਾਧਾਰਨ ਨੂੰ ਹੋਰ ਵਧ ਲਾਭ ਮਿਲ ਸਕੇ। ਇਸ ਸੰਬੰਧ ਵਿਚ ਇਕ ਮੀਟਿੰਗ ਇੰਗਲੈਂਡ ਤੇ ਦੂਜੀ ਹਾਲੈਂਡ ਦੀ ਰਾਜਧਾਨੀ ਹੇਗ ਵਿਚ ਕੀਤੀ ਗਈ। ਦੋਹਾਂ ਸੰਸਥਾਵਾਂ ਦੇ ਕੁਝ ਅਹੁਦੇਦਾਰ ਤੇ ਮੈਂਬਰ ਇਸ ਗੱਲ ਦੇ ਹਕ ਵਿਚ ਵੀ ਸਨ ਪਰ ਕੁਝ ਨੇ ਇਸ ਦਾ ਵਿਰੋਧ ਵੀ ਕੀਤਾ ਜਿਸ ਕਾਰਨ ਇਹ ਗੱਲ ਅਜੇ ਤਕ ਉਥੇ ਦੀ ਉਥੇ ਖੜ੍ਹੀ ਹੈ।

ਪਸ਼ੂ ਪਾਲਨ ਵਿਚ ਤੇ ਪਸ਼ੂ ਧਨ ਨੂੰ ਉੱਨਤ ਕਰਨ ਵਿਚ ਆਪ ਦੀ ਦਿਲਚਸਪੀ ਦੀ ਧਾਂਕ ਸਾਰੇ ਦੇਸ਼ ਵਿਚ ਮੰਨੀ ਜਾਂਦੀ ਹੈ। ਪਰ ਇਸ ਦੀ ਕਨਸੋਅ ਸਮੁੰਦਰੋਂ ਪਾਰ ਵੀ ਪੈ ਚੁਕੀ ਹੈ। ਇਸ ਸਬੰਧ ਵਿਚ ਅੰਤਰ-ਰਾਸ਼ਟਰੀ ਪੱਧਰ ਤੇ ਸਫਲ ਜਤਨ ਕਰਨ ਵਾਲੀ ਇਕ ਸੰਸਥਾ ਹੈ ਪੱਛਮੀ ਜਰਮਨੀ ਦੀ 'ਵਰਬੈਂਡ ਦੋਇਸ਼ਰ ਸ਼ਵਾਰਟਬੁੰਟਜ਼ੁਖਟਰ'। ਇਹ ਸੰਸਥਾ ਹਰ ਦੂਜੇ ਵਰ੍ਹੇ ਯੂਰਪ ਦੇ ਕਾਫੀ ਮੁਲਕਾਂ ਦੀਆਂ ਗਊਆਂ ਦੀ ਨੁਮਾਇਸ਼ ਤੇ ਗਊ ਪਾਲਕਾਂ ਦੀ ਮਿਲਣੀ ਅਤੇ ਵਿਚਾਰ ਵਟਾਂਦਰੇ ਦਾ ਪ੍ਰਬੰਧ ਕਰਦੀ ਹੈ। ੧੯੬੭ ਵਾਲੀ ਪ੍ਰਦਰਸ਼ਨੀ ਤੇ ਸਤਿਗੁਰੂ ਜੀ ਤੇ ਮਹਾਰਾਜ ਜੀ ਵੀ ਪੁਜੇ ਸਨ। ਉਦੋਂ ਤੋਂ ਉਨ੍ਹਾਂ ਲੋਕਾਂ ਨਾਲ ਵੀ ਸਨੇਹ ਜਿਹਾ ਹੋ ਗਿਆ ਜਾਪਦਾ ਹੈ। ਗਊ ਪਾਲਕਾਂ ਲਈ ਆਪ ਵਲੋਂ ਭਾਰਤ ਵਿਚ ਕੀਤੇ ਗਏ ਸਫਲ ਜਤਨਾਂ ਤੇ ਗਊ ਸੰਬੰਧੀ ਆਪ ਦੀ ਭਾਵਨਾ ਦੀ ਇਹ ਲੋਕ ਕਾਫੀ ਕਦਰ ਕਰਦੇ ਹਨ। ਜੇ ਵਕਤ ਦਿੱਤੇ ਜਾਣ ਦੀ ਗੁੰਜਾਇਸ਼ ਹੋਵੇ ਤਾਂ ਨਿਰੀਖਿਅਕਾਂ ਵਿਚ ਆਪ ਨੂੰ ਸ਼ਾਮਲ ਕਰਨ ਵਿਚ ਇਹ ਲੋਕ ਮਾਣ ਮਹਿਸੂਸ ਕਰਦੇ ਹਨ। ੧੯੭੬ ਵਾਲੀ ਪ੍ਰਦਰਸ਼ਨੀ ਵਿਚ ਦੇਖਿਆ ਕਿ ਕਿੰਨੇ ਲੋਕ ਕਿੰਨੇ ਸਨੇਹ ਨਾਲ ਸਾਡੇ ਨਾਲ ਗੱਲਬਾਤ ਕਰਨ ਨੂੰ ਉਤਸਕ ਸਨ। ਇਕ ਬਜ਼ੁਰਗ ਨੇ ਖੂੰਡੀ ਹਥ ਵਿਚ ਫੜ ਕੇ ਬਹੁਤ ਦੂਰ ਤਕ ਲੱਗੀ ਪ੍ਰਦਰਸ਼ਨੀ ਵਿਚ ਸਾਡੀ ਅਗਵਾਈ ਕੀਤੀ ਸੀ। ਇਸ ਸੰਸਥਾ ਦੇ ਪ੍ਰਬੰਧਕ ਤੇ ਸਕੱਤਰ ਡਾ: ਗੋਰਥੇ ਨੇ ਸਾਨੂੰ ਦੱਸਿਆ ਸੀ ਕਿ ਭਾਵੇਂ ਡੈਨਮਾਰਕ, ਗਊ ਦੇ ਦੁਧ ਅਤੇ ਦੁਧ ਤੋਂ ਬਣੇ ਪਦਾਰਥਾਂ ਵਾਸਤੇ ਵਿਸ਼ਵ ਭਰ ਵਿਚ ਪ੍ਰਸਿੱਧ ਹੈ ਪਰ ਹੁਣ ਜਰਮਨੀ ਗਊ ਵੀ ਇੰਨੀ ਉੱਨਤ ਕਰ ਲਈ ਗਈ ਹੈ ਕਿ ਕੁਝ ਰਹਿੰਦਾ ਫਰਕ ਕੁਝ ਹੀ ਸਾਲਾਂ ਵਿਚ ਪੂਰਾ ਕਰਕੇ ਉਹ ਜੇ ਡੈਨਮਾਰਕ ਦੀ ਗਊ ਤੋਂ ਅਗੇ ਨਾ ਵਧੀ ਤਦ ਬਰਾਬਰ ਜ਼ਰੂਰ ਹੋ ਜਾਵੇਗੀ। ਇਸ ਕੌਮਾਂਤਰੀ ਮੇਲੇ ਵਿਚ ਕਾਫੀ ਵਿਦਵਾਨ ਤੇ ਖੋਜੀ ਗਊ ਪਾਲਕ ਤੇ ਖੇਤੀ ਬਾੜੀ ਦੇ ਮਾਹਰ ਆਏ ਹੁੰਦੇ ਹਨ। ੧੯੭੫ ਵਿਚ ਵੀ ਇਸ ਪ੍ਰਦਰਸ਼ਨੀ ਵਿਚ ਸ਼ਮੂਲੀਅਤ ਵਾਸਤੇ ਨਿਮੰਤਰਣ ਮਿਲਿਆ ਸੀ ਜਿਸ ਦੀ ਹੋਰ ਰੁਝੇਵਿਆਂ ਕਾਰਨ ਵਰਤੋਂ ਨਹੀਂ ਸੀ ਕੀਤੀ ਜਾ ਸਕੀ। ਕਹਿਣ ਦਾ ਭਾਵ ਹੈ ਕਿ ਗਊ ਪਾਲਕਾਂ ਦੇ ਇਸ ਕੌਮਾਂਤਰੀ ਖੇਤਰ 'ਚ ਵੀ ਸਤਿਗੁਰੂ ਜੀ ਦਾ ਵਿਸ਼ੇਸ਼ ਸਥਾਨ ਹੈ।

ਸਤਿਗੁਰੂ ਜੀ ਦੇ ਕੌਮਾਂਤਰੀ ਸੰਬੰਧਾਂ ਤੇ ਅੰਤਰਰਾਸ਼ਟਰੀ ਸਮਸਿਆਵਾਂ ਵਲ ਆਪ ਦੀ ਪਹੁੰਚ ਤੇ ਇਹ ਇਕ ਕੇਵਲ ਪੰਛੀ ਝਾਤ ਜਹੀ ਹੈ।

★



Namdhari Elibrary NamdhariElibrary@gmail.com

# ਸੰਸਾਰ ਅਮਨ ਲਈ ਨਿਘੌਰ ਸਹਿਯੋਗ



—ਜਗਜੀਤ ਸਿੰਘ ਅਨੰਦ

ਬਾਮੁਹਾਵਰਾ, ਠੇਠ ਪੰਜਾਬੀ ਤੇ ਵਿਸ਼ੇਸ਼ ਅਧਿਕਾਰ ਹੋਣ ਕਰਕੇ ਜਗਜੀਤ ਸਿੰਘ ਅਨੰਦ ਨੂੰ ਕਲਮ ਅਤੇ ਜ਼ਬਾਨ ਦਾ ਧਨੀ ਕਿਹਾ ਜਾਂਦਾ ਹੈ।

ਮੌਲਕ ਰਚਨਾਵਾਂ, ਸੰਪਾਦਨਾਂ, ਸਾਹਿਤਕ ਅਤੇ ਰਾਜਸੀ ਅਨੁਵਾਦ ਦੀਆਂ ਲਗਪਗ ਤੀਹ ਪੁਸਤਕਾਂ ਅਤੇ ਰੋਜ਼ਾਨਾ ਨਵਾਂ ਜ਼ਮਾਨਾ ਦੇ ਅਸਰਦਾਇਕਸੰਪਾਦਕੀ ਇਹਨਾਂ ਦੀ ਪ੍ਰੌੜ ਸਾਹਿਤਕ ਅਤੇ ਰਾਜਸੀ ਸੂਝ ਬੂਝ ਦੇ ਸੂਚਕ ਹਨ। ਪੰਜਾਬ ਸਰਕਾਰ ਵਲੋਂ ਸਾਲ 1973-74 ਵਿਚ ਸ਼੍ਰੋਮਣੀ ਪੱਤਰਕਾਰ ਵਜੋਂ ਸਨਮਾਨੇ ਗਏ। ਹਿੰਦ ਕਮਿਊਨਿਸਟ ਪਾਰਟੀ, ਹਿੰਦ-ਰੂਸ ਸਭਿਆਚਾਰਕ ਸੰਸਥਾ, ਸੰਸਾਰ ਅਮਨ ਕੌਂਸਲ, ਕੇਂਦਰੀ ਪੰਜਾਬੀ ਲੇਖਕ ਸਭਾ ਅਤੇ ਹੋਰ ਬਹੁਤ ਸਾਰੀਆਂ ਵਿਦਿਅਕ, ਸਮਾਜਕ ਅਤੇ ਰਾਜਨੀਤਕ ਸੰਸਥਾਵਾਂ ਵਿਚ ਉਘਾ ਰੋਲ ਅਦਾ ਕਰ ਰਹੇ ਹਨ। ਅਜ ਕਲ ਪਾਰਲੀਮੈਂਟ (ਰਾਜ ਸਭਾ) ਦੇ ਮੈਂਬਰ ਵੀ ਹਨ।

ਨਾਮਧਾਰੀ ਪੰਥ ਨਾਲ ਮੇਰਾ ਸਨੇਹ ਹੁਣ ਤੋਂ ਪਹਿਲੀ ਪੀੜ੍ਹੀ ਦਾ ਹੈ ਤੇ ਪੜ੍ਹਣ ਸੁਣਨ ਵਾਲਾ ਸੋਚ ਹੀ ਨਹੀਂ ਸਕਦਾ ਕਿ ਇਕ ਪੱਕੇ ਨਾਸਤਕ ਦਾ ਅਜਿਹੇ ਪਹੁੰਚੇ ਹੋਏ ਆਸਤਕਾਂ ਨਾਲ ਇਹੋ ਜਿਹਾ ਸਨੇਹ ਹੋ ਕਿਵੇਂ ਸਕਦਾ ਹੈ।

ਸਤਿਗੁਰੂ ਪ੍ਰਤਾਪ ਸਿੰਘ ਜੀ ਜਿੰਨੇ ਨਿਘੇ ਤੇ ਮਿਲਾਪੜੇ ਸਨ ਉਨੇ ਹੀ ਦਿਲ ਗੁਰਦੇ ਵਾਲੇ ਤੇ ਦਲੇਰ ਸਨ। ਸਾਂਝੇ ਕਾਜ ਖਾਤਰ ਉਹ ਅਗੇ ਵੱਧ ਕੇ ਤਫਰਕੇ ਮਿਟਾਉਣ ਲਈ ਤਿਆਰ ਰਹਿੰਦੇ ਸਨ। ਜਦੋਂ ਦੂਜੀ ਜੰਗ ਦੇ ਦਿਨੀਂ ਸਿਖਾਂ ਦੇ ਭਵਿਖ ਬਾਰੇ ਵਿਚਾਰਾਂ ਕਰਨ ਲਈ ਸ: ਗੁਰਬਖਸ਼ ਸਿੰਘ ਨੇ ਸਭਨਾਂ ਧਿਰਾਂ ਨੂੰ ਪ੍ਰੀਤ ਨਗਰ ਆਉਣ ਦਾ ਸੱਦਾ ਦਿਤਾ, ਇਹ ਸਤਿਗੁਰੂ ਪ੍ਰਤਾਪ ਸਿੰਘ ਦੀ ਅਰਦਾਸ ਦੇ ਮਾਮਲੇ ਵਿਚ ਖੁਲ੍ਹ ਦਿਲੀ ਹੀ ਸੀ ਜਿਸ ਨੇ ਉਹਨਾਂ ਨੂੰ ਤੇ ਮਾਸਟਰ ਤਾਰਾ ਸਿੰਘ ਨੂੰ "ਦਿਲ ਸਾਝੇ ਦੀ ਧੜਕਣ" ਦਾ ਅਲਾਪ ਕਰਨ ਵਾਲੇ ਸ: ਗੁਰਬਖਸ਼ ਸਿੰਘ ਦੇ ਨਗਰ ਵਿਚ ਇਕੋ ਪਲੇਟ ਫਾਰਮ ਤੇ ਲੈ ਆਂਦਾ।

ਸਤਿਗੁਰੂ ਪ੍ਰਤਾਪ ਸਿੰਘ ਜੀ ਬਾਰੇ ਯਾਦਾਂ ਤਾਂ ਹੋਰ ਵੀ ਸਬੰਧਤ ਹਨ ਪਰ ਇਥੇ ਦੋ ਦਾ ਹੀ ਜ਼ਿਕਰ ਕਰਾਂਗਾ। ਪਹਿਲੀ ਜਦੋਂ ਸੰਸਾਰ ਅਮਨ ਕੌਂਸਲ ਦੀ ਸਟਾਕ ਹਾਲਮ ਕਾਨਫਰੰਸ ਉਤੇ ਪੁਜਣ ਦੀ ਬੇਨਤੀ ਕੀਤੀ ਗਈ ਤਾਂ ਆਪਨੇ ਪੰਜਾਬ ਦੀ ਤਿਆਰੀ ਕਾਨਫਰੰਸ ਵਿਚ ਆਖਿਆ ਕਿ ਮਹਾਰਾਜ ਬੀਰ ਸਿੰਘ ਜੀ ਉਹਨਾਂ ਦੀ ਪ੍ਰਤੀਨਿਧਤਾ ਕਰਣਗੇ। ਪੱਛਮ ਦੇ ਦੇਸ਼ਾਂ ਵਿਚ ਇਕ ਸੋਧੀ ਨਾਮਧਾਰੀ ਸਿੰਘ ਦਾ ਕਰਤਵ ਨਿਭਾਉਣ ਦੀਆਂ ਔਕੜਾਂ ਦਾ ਜ਼ਿਕਰ ਆਇਆ ਤਾਂ ਆਪ ਨੇ ਕਿਹਾ ਕਿ ਇਹ ਸਾਰੀਆਂ ਔਕੜਾਂ ਮਹਾਰਾਜ ਬੀਰ ਸਿੰਘ ਖਿੜੇ ਮੱਥੇ ਝਲਣਗੇ ਤੇ ਜੇ ਕੋਈ ਅਵਗਿਆ ਹੋ ਗਈ ਤਾਂ ਸਤਿਗੁਰੂ ਆਪੇ ਮੁੜ ਸੋਧੀ ਬਣਾ ਲੈਣਗੇ। ਮਹਾਰਾਜ ਬੀਰ ਸਿੰਘ 1958 ਵਿਚ ਸਟਾਕਹਾਲਮ ਤਾਂ ਨਾ ਜਾ ਸਕੇ, ਪਰ 1965 ਵਿਚ ਜਦੋਂ ਹੇਲਸਿੰਕੀ ਗਏ ਉਹਨਾਂ ਨੇ ਜਿਸ ਕਮਾਲ ਨਾਲ ਆਪਣੇ ਧਰਮ ਦਾ ਸਾਰਾ ਨੇਮ ਬੇਦੋਸ਼ ਨਿਭਾਇਆ ਉਸ ਨੂੰ ਮੈਥੋਂ ਵੱਧ ਕੋਈ ਨਹੀਂ ਜਾਣਦਾ ਕਿਉਂਕਿ ਮੈਂ ਤੇ ਉਹ ਸਾਰਾ ਸਫਰ ਇਕੱਠੇ ਰਹੇ ਤੇ ਸਾਰਾ ਸਮਾਂ ਇਕੋ ਕਮਰੇ ਵਿਚ। ਉਹਨਾਂ ਦੀ ਰਹਿਤ-ਬਹਿਤ ਤੇ ਉਹਨਾਂ ਦੇ ਕਾਨਫਰੰਸ ਵਿਚ ਯੋਗਦਾਨ ਨੇ ਵੀ ਸਭ ਨੂੰ ਪ੍ਰਭਾਵਤ ਕੀਤਾ।

ਨਾਮਧਾਰੀ ਪੰਥ ਦੇ ਆਗੂ ਸਤਿਗੁਰੂ ਜਗਜੀਤ ਸਿੰਘ ਨੂੰ ਵੀ ਮੈਂ ਵਡੇ ਸਤਿਗੁਰਾਂ ਦੇ ਵੇਲੇ ਤੋਂ ਹੀ ਜਾਣਦਾ ਹਾਂ ਪਰ ਉਹਨਾਂ ਨਾਲ ਨੇੜਲਾ ਸੰਪਰਕ ਉਹਨਾਂ ਵਲੋਂ ਮੁਖ ਜ਼ਿਮੇਵਾਰੀ



Namdhari Elibrary NamdhariElibrary@gmail.com

ਸੰਚਾਲਨ ਦੇ ਪਹਿਲੇ ਮਹੀਨਿਆਂ ਵਿਚ ਹੀ ਹੋਇਆ। ਉਹਨਾਂ ਮੈਥੋਂ ਕਿਸੇ ਮਾਮਲੇ ਬਾਰੇ ਸਲਾਹ ਪੁਛੀ ਜਿਸਦਾ ਇਕ ਪਹਿਲੂ ਮੰਦਾ ਸਿਆਸੀ ਸੀ ਤੇ ਦੂਜਾ ਨਾਮਧਾਰੀ ਸੰਪਰਦਾਇ ਦੇ ਹਿਤਾਂ ਨਾਲ ਸਬੰਧਤ। ਸਿਆਸੀ ਪਹਿਲੂ ਭਾਵੇਂ ਬੜਾ ਚਮਕ-ਦਮਕ ਵਾਲਾ ਸੀ, ਉਹਨਾਂ ਦੇ ਹਾਲਾਤ ਵਿਚ ਮੈਨੂੰ ਦੂਜੇ ਪਹਿਲੂ ਨੂੰ ਅਗੇਤ ਦੇਣਾ ਹੀ ਠੀਕ ਜਾਪਿਆ। ਮੇਰੀ ਸਲਾਹ ਦੀ ਸੁਹਿਰਦਤਾ ਨੇ ਉਹਨਾਂ ਨੂੰ ਏਨਾਂ ਮੋਹ ਲਿਆ ਕਿ ਉਦੋਂ ਦੀ ਪਈ ਪੱਕੀ ਪੀਡੀ ਸਾਂਝ ਵਿਚ ਵਾਲ ਭਰ ਫਰਕ ਨਹੀਂ ਆਇਆ।

ਸੰਸਾਰ ਅਮਨ ਨਾਮਧਾਰੀ ਪੰਥ ਦੇ ਮੁਢਲੇ ਆਸ਼ਿਆਂ ਵਿਚੋਂ ਹੈ। ਇਸੇ ਲਈ ਨਾ ਸਤਿਗੁਰੂ ਪ੍ਰਤਾਪ ਸਿੰਘ ਜੀ ਨੇ ਨਾ ਹੀ ਸਤਿਗੁਰੂ ਜਗਜੀਤ ਸਿੰਘ ਜੀ ਨੇ ਸੰਸਾਰ ਅਮਨ ਦੇ ਸਵਾਲ ਤੇ ਸਹਿਯੋਗ ਦੇਣ ਵਿਚ ਰੰਚਕ ਮਾਤਰ ਵਿਚ ਝਿਜਕ ਵਿਖਾਈ ਸਗੋਂ ਸਤਿਗੁਰੂ ਜਗਜੀਤ ਸਿੰਘ ਜੀ ਨੇ ਤਾਂ ਦੇਖੀਆਂ ਦੇ ਇਸ ਪਰਚਾਰ ਨੂੰ ਝਲ ਕੇ ਵੀ ਦਿਲੀ, ਅੰਮ੍ਰਿਤਸਰ, ਪਟਨੇ ਕਲਕੱਤੇ ਦੀਆਂ ਕੁਲ ਹਿੰਦ ਅਮਨ ਕਾਨਫਰੰਸਾਂ ਤੋਂ ਲੈ ਕੇ ਕੌਮਾਂਤਰੀ ਅਮਨ ਇਕਠਾਂ ਦੀ ਕਾਮਯਾਬੀ ਲਈ ਆਪਣਾ ਅਮਲੀ ਤੇ ਠੋਸ ਸਹਿਯੋਗ ਦਿਤਾ। ਸੰਸਾਰ ਅਮਨ ਲਹਿਰ ਨੂੰ ਕਮਿਊਨਿਸਟਾਂ ਦੀ ਲਹਿਰ ਕਹਿ ਕੇ ਭੰਡਿਆ ਜਾਂਦਾ ਸੀ। ਵਿਰੋਧੀ ਦਲੀਲਾਂ ਵਾਲੇ ਸਿਆਸੀ ਤੇ ਸਮਾਜੀ ਹੈਸੀਅਤ ਵੀ




ਹੋਲਾ ਮਹੱਲਾ ਦਿੱਲੀ ਸੰਨ 1966 ਵਿਚ ਹੋਏ ਅਮਨ ਸਮਾਗਮ ਦੀ ਇਕ ਝਾਕੀ—ਸ੍ਰੀਮਤੀ ਅਰੁਨਾ ਆਸਿਫ ਅਲੀ ਤਕਰੀਰ ਕਰ ਰਹੇ ਹਨ। ਸਟੇਜ ਤੇ ਸਤਿਗੁਰੂ ਜੀ ਦੇ ਨਾਲ ਖਬੇ ਕੋਨੇ ਤੇ ਰਮੇਸ਼ ਚੰਦਰ ਸੰਸਾਰ ਅਮਨ ਕੌਂਸਲ ਦੇ ਜਨਰਲ ਸਕੱਤਰ ਹਨ। ਸਾਹਮਣੇ ਜਗਜੀਤ ਸਿੰਘ ਅਨੰਦ, ਪ੍ਰੀਤਮ ਸਿੰਘ ਕਵੀ, ਮਾਸਟਰ ਨਿਹਾਲ ਸਿੰਘ, ਪੰਡਤ ਗੋਪਾਲ ਸਿੰਘ ਮਹਾਰਾਜ ਬੀਰ ਸਿੰਘ ਤੇ ਹੋਰ ਸਜਨ ਦਿਖਾਈ ਦੇ ਰਹੇ ਹਨ।



Namdhari Elibrary NamdhariElibrary@gmail.com

ਵੱਡੀ ਰਖਦੇ ਸਨ ਤੇ ਸਤਿਗੁਰੂ ਜੀ ਨਾਲ ਸ਼ਰਧਾ ਵੀ ਅਗਾਧ। ਸਤਿਗੁਰੂ ਜੀ ਨੇ ਉਹਨਾਂ ਦੇ ਸਭ ਹੀਲਿਆਂ ਹ ਤਿਆਂ ਦਾ ਅਜਿਹਾ ਉੱਤਰ ਦਿਤਾ ਕਿ ਵਿਰੋਧੀ ਸਦਾ ਲਈ ਅਵਾਕ ਰਹਿ ਗਏ। ਉਹਨਾਂ ਆਖਿਆ "ਜੇ ਮੇਰੇ ਘਰ ਨੂੰ ਅੱਗ ਲਗੀ ਹੋਵੇ ਤੇ ਪਾਣੀ ਦੀਆਂ ਬਾਲਟੀਆਂ ਲੈ ਕੇ ਕੋਈ ਕਮਿਊਨਿਸਟ ਭਜਾ ਆਵੇ ਤਾਂ ਕੀ ਮੈਂ ਉਸ ਦਾ ਰਾਹ ਰੋਕ ਖਲੋਵਾਂਗਾ?"

ਇਹ ਉਹਨਾਂ ਦਿਨਾਂ ਦੀ ਗੱਲ ਹੈ ਜਿਨ੍ਹੀਂ ਦਿਨੀਂ ਪੰਡਤ ਜਵਾਹਰ ਲਾਲ ਨਹਿਰੂ ਵਰਗੇ ਅਮਨ ਦੇ ਆਸ਼ਕ ਵੀ ਅਜੇ ਸੰਸਾਰ ਅਮਨ ਲਹਿਰ ਬਾਰੇ ਉਪ੍ਰੋਕਤ ਤੁਅਸਬਾਂ ਤੋਂ ਮੁਕਤ ਨਹੀਂ ਸਨ ਹੋਏ ਅਤੇ ਇਕ ਵਾਰ ਤਾਂ ਅਜਿਹੀ ਚਰਚਾ ਖੁਦ ਪੰਡਤ ਜੀ ਨਾਲ ਵੀ ਛਿੜੀ। ਪਿਛੋਂ ਜਾ ਕੇ ਪੰਡਤ ਜੀ ਜਿਹੜਾ ਮੋੜ ਕੱਟ ਗਏ ਉਸ ਵਿਚ ਵੀ ਸਤਿਗੁਰੂ ਜਗਜੀਤ ਸਿੰਘ ਦੇ ਇਸ ਸੁਹਿਰਦ ਸਟੈਂਡ ਦੀ ਝਲਕ ਲਭਦੀ ਸੀ।

ਉਹ ਸਾਰੇ ਸੰਸਾਰ ਨੂੰ ਆਪਣਾ ਘਰ ਮੰਨਦੇ ਹਨ ਤੇ ਜੰਗ ਦੇ ਭਾਂਬੜਾਂ ਨੂੰ ਇਸ ਘਰ ਤੋਂ ਦੂਰ ਰਖਣ ਲਈ ਹਰ ਕਿਸੇ ਦਾ ਸਹਿਯੋਗ ਲੈਣ ਤੇ ਹਰ ਕਿਸੇ ਨੂੰ ਸਹਿਯੋਗ ਦੇਣ ਲਈ ਸਦਾ ਤਿਆਰ ਰਹਿੰਦੇ ਹਨ। ਸ੍ਰੀ ਜੀਵਨ ਨਗਰ ਵਿਚ, ਸ੍ਰੀ ਭੈਣੀ ਸਾਹਿਬ ਵਿਚ, ਜੰਮੂ ਵਿਚ, ਦਿੱਲੀ ਵਿਚ, ਮੰਡੀ ਵਿਚ ਤੇ ਹੋਰਨੀਂ ਥਾਈਂ ਜਦੋਂ ਵੀ ਨਾਮਧਾਰੀ ਪੰਥ ਦੇ ਵਡੇ ਸਤਸੰਗ ਜੁੜਦੇ ਹਨ ਸੰਸਾਰ ਅਮਨ ਲਹਿਰ ਨੂੰ, ਇਸਦੇ ਆਸ਼ਿਆਂ ਤੇ ਮਨੋਰਥਾਂ ਨੂੰ ਮਹਾਂਮਾਰੂ ਹਥਿਆਰਾਂ ਦੀ ਭਿਅੰਕਰਤਾ ਨੂੰ, ਜੰਗ ਨੂੰ ਜਹਾਨੋਂ ਦੂਰ ਰਖਣ ਨੂੰ ਉਚੇਚਾ ਵਜ਼ਨ ਦਿਤਾ ਜਾਂਦਾ ਹੈ। ਉਚੇਚੇ ਅਮਨ ਸਮਾਗਮ ਲਾਏ ਜਾਂਦੇ ਹਨ ਜਿਨ੍ਹਾਂ ਵਿਚੋਂ ਉਪਰ ਗਿਣਾਏ ਥਾਵਾਂ ਉਤੇ ਤਾਂ ਮੈਨੂੰ ਖੁਦ ਸਾਮਲ ਹੋਣ ਦਾ ਸੁਭਾਗ ਪ੍ਰਾਪਤ ਹੋਇਆ।

ਹੋਰ ਨਿਜੀ ਗੁਣ ਵੀ ਏਨੇ ਤੇ ਅਜਿਹੇ ਹਨ ਕਿ ਗਿਣਾਏ ਨਹੀਂ ਜਾਂਦੇ। ਵਡਿਆਂ ਇਕ ਵਾਰ ਹੁਕਮ ਕੀਤਾ ਕਿ ਸ: ਗੁਰਬਖ਼ਸ਼ ਸਿੰਘ ਪ੍ਰੀਤ ਲੜੀ ਨੂੰ ਸ੍ਰੀ ਜੀਵਨ ਨਗਰ ਲਿਜਾਣਾ ਹੈ। ਉਹਨਾਂ ਦੇ ਸਮੇਂ ਤਾਂ ਇਹ ਪੂਰਾ ਨਾ ਹੋਇਆ ਪਰ ਸਤਿਗੁਰੂ ਜਗਜੀਤ ਸਿੰਘ ਜੀ ਨੇ ਜਿਸ ਸੁਚੱਜੇ ਢੰਗ ਨਾਲ ਇਸ ਨੂੰ ਪੂਰਾ ਕੀਤਾ ਉਹ ਸੱਚ ਮੁਚ ਮਿਸਾਲੀ ਸੀ ਅਤੇ ਸਨੇਹ ਪ੍ਰੀਤਲੜੀ ਵਾਲੇ ਸਰਦਾਰ ਦਾ ਤੇ ਨਾਮਧਾਰੀ ਪੰਥ ਦੇ ਕਰਨ-ਕਰਾਵਣ ਹਾਰ ਦਾ ਏਨਾਂ ਵੱਧ ਗਿਆ ਕਿ ਜਦੋਂ ਸਰਦਾਰ ਜੀ ਦੇ ਤੁਰ ਜਾਣ ਪਿਛੋਂ ਸਤਿਗੁਰੂ ਜੀ ਪਰਵਾਰ ਨਾਲ ਹਮ-ਦਰਦੀ ਕਰਨ ਪ੍ਰੀਤ ਨਗਰ ਪਹੁੰਚੇ ਉਹਨਾਂ ਆਖਿਆ, "ਪਿਛਲਾ ਨੇੜਲਾ ਸਮਾਂ ਮੈਂ ਏਥੇ ਆਨੰਦ ਜੀ ਨਾਲੋਂ ਵੱਧ ਆਉਂਦਾ ਰਿਹਾਂ। ਮੇਰੀ ਇਹ ਸਾਂਝ ਹੁਣ ਵੀ ਬਣੀ ਰਹੇਗੀ।"

ਬਹੁਤ ਘੱਟ ਲੋਕ ਜਾਣਦੇ ਹਨ ਕਿ ਜਦੋਂ ਸਤਿਗੁਰੂ ਜੀ ਜੁਲਾਈ ਦੇ ਅੱਧ ਵਿਚ ਪ੍ਰੀਤ ਨਗਰ ਸਰਦਾਰ ਜੀ ਨੂੰ ਮਿਲਣ ਗਏ, ਉਹਨਾਂ ਦੀ ਬੀਮਾਰੀ ਨੂੰ ਵੇਖ ਉਹਨਾਂ ਦੇ ਸਰਕਾਰੀ ਇਲਾਜ ਲਈ ਸਿਧੀ ਪਹੁੰਚ ਮੁਖ ਮੰਤਰੀ ਬਾਦਲ ਸਾਹਿਬ ਨਾਲ ਕੀਤੀ। ਸਰਦਾਰ ਜੀ ਦੀ ਡਾਇਰੀ ਦਾ ਆਖਰੀ ਅੰਦਰਾਜ 18 ਜੁਲਾਈ ਦਾ ਹੈ ਤੇ ਉਸ ਵਿਚ ਸਤਿਗੁਰਾਂ ਦੇ ਉਥੇ ਆਉਣ ਦਾ ਜ਼ਿਕਰ ਬੜੇ ਹੁਲਾਰਵੇਂ ਸ਼ਬਦਾਂ ਵਿਚ ਹੈ।

ਇਕ ਨਿਕੀ ਜਿਹੀ ਗਲ ਦਸ ਕੇ, ਜਿਸਦਾ ਮਹੱਤਵ ਵੱਡਾ ਹੈ ਇਹਨਾਂ ਸਤਰਾਂ ਨੂੰ ਖ਼ਤਮ ਕਰਾਂਗਾ। ਦਾਰ ਜੀ ਦੇ ਯਾਦਗਾਰੀ ਸਮਾਗਮ ਵਿਚ ਤਿੰਨ ਦਿਨ ਬਾਕੀ ਸਨ। ਆਪ ਨੇ ਨਵਤੇਜ ਤੇ ਮੈਨੂੰ ਵਖਰਿਆਂ ਹੋ ਕੇ ਇਕ ਗਲ ਕਰਨ ਲਈ ਕਿਹਾ। ਗਲ ਕੀ ਸੀ? 'ਸਮਾਗਮ ਵਾਲੇ ਦਿਨ ਲੰਗਰ ਪਾਣੀ ਲਈ ਕਿੰਨੀ ਕੁ ਰਸਦ ਲੋੜੀਂਦੀ ਹੋਵੇਗੀ?' ਅਸਾਂ ਦੋਹਾਂ ਆਖਿਆ ਕਿ 'ਰਸਦ ਨਾਲੋਂ ਵਧ ਲੋੜ ਲੰਗਰ ਤਿਆਰ ਕਰਨ ਦੀ ਹੈ।' ਉੱਤਰ ਵਿਚ ਉਹਨਾਂ ਨੇ ਕਿਹਾ ਕਿ ਉਹ ਕਕਤਾਂ ਦੇ ਦੀਵਾਨ ਤੇ ਜਾ ਰਹੇ ਸਨ, ਰਾਤ ਅੰਮ੍ਰਿਤਸਰ ਪਹੁੰਚ ਕੇ ਜੋ ਪ੍ਰਬੰਧ ਸੰਭਵ ਹੋਵੇ, ਕਰਕੇ ਪਤਾ ਦੇਣਗੇ ਨਵਤੇਜ ਨੇ ਆਖਿਆ ਕਿ ਉਹ ਅੰਮ੍ਰਿਤਸਰ ਪਹੁੰਚ ਕੇ ਜਾਂ ਕਿਸੇ ਨੂੰ ਭੇਜ ਕੇ ਅਗਲੇ ਦਿਨ ਸਵੇਰੇ ਪਤਾ ਕਰ ਲਏਗਾ। ਸਤਿਗੁਰਾਂ ਨੇ ਆਖਿਆ, 'ਮੇਰੀ ਆਦਤ ਨਾ ਵਿਗਾੜੋ, ਜਿਹੜਾ ਕੰਮ ਮੈਂ ਜ਼ਿਮੇ ਲਿਆ ਹੈ ਮੈਂ ਹੀ ਕਰਾਂਗਾ।"

ਤੇ ਜਦੋਂ ਸਮਾਗਮ ਤੋਂ ਪਹਿਲੀ ਸ਼ਾਮ ਮੈਂ ਪ੍ਰੀਤ ਨਗਰ ਪੱਜਾ ਨਾਮਧਾਰੀ ਸੰਗਤ, ਇਸਤਰੀਆਂ ਤੇ ਪੁਰਸ਼ ਬਕਾਇਦਾ ਪਾਲ ਬਣਾਈ ਦਾਰ ਜੀ ਦੀ ਕੋਠੀ ਵਲੋਂ ਪ੍ਰੀਤ ਨਗਰ ਨਾਲੋਂ ਲੰਘਦੀ ਸੜਕ ਵਲ ਆ ਰਹੇ ਸਨ। ਮੈਂ ਉਦੋਂ ਹੀ ਸਮਝ ਗਿਆ ਕਿ ਸਵੇਰ ਦੇ ਲੰਗਰ ਦਾ ਮੁਢਲਾ ਪ੍ਰਬੰਧ ਕਰ ਕੇ ਮੁੜੇ ਹਨ।

★



Namdhari Elibrary NamdhariElibrary@gmail com



ਦੇਸ਼ ਨੂੰ ਦੁੱਧ ਦੇ ਉਤਪਾਦਨ ਵਿਚ ਆਤਮ ਨਿਰਭਰ ਕਰਨ ਲਈ ਸਤਿਗੁਰੂ ਪ੍ਰਤਾਪ ਸਿੰਘ ਜੀ ਨੇ ਗਊਆਂ ਪਾਲਨ ਅਤੇ ਗਊਆਂ ਦੀ ਨਸਲ ਸੁਧਾਰਨ ਵਲ ਉਚੇਚਾ ਧਿਆਨ ਦਿੱਤਾ ਉਸ ਪਿਛੋਂ ਸਤਿਗੁਰੂ ਜਗਜੀਤ ਸਿੰਘ ਜੀ ਨੇ ਵੀ ਗਊ ਪਾਲਨ ਅਤੇ ਗਊ ਰਖਿਆ ਲਈ ਸਾਰਥਕ ਜਤਨ ਕੀਤੇ ਜਿਸ ਕਰਕੇ ਆਪ ਨੂੰ ਗੋਪਾਲ ਰਤਨ ਦੀ ਉਪਾਧੀ ਭੇਟ ਕੀਤੀ ਗਈ। ਜਦੋਂ ਰੂਸ ਦੇ ਨੇਤਾ ਸ੍ਰੀ ਬਲਗਾਨਿਨ ਤੇ ਖਰੋਸ਼ਚਵ ਭਾਰਤ ਆਏ ਤਾਂ ਨਾਮਧਾਰੀਆਂ ਦੀਆਂ ਗਊਆਂ ਤੇ ਬੈਲ ਪਿੰਡ ਭਟਰਾਓਂ (ਰੋਹਤਕ) ਦੀ ਇਕ ਨੁਮਾਇਸ਼ ਵਿਚ ਪ੍ਰਾਹੁਣਿਆਂ ਨੂੰ ਵਿਖਾ ਕੇ ਉਦੋਂ ਦੇ ਮੁੱਖ ਮੰਤਰੀ ਸ੍ਰੀ ਭੀਮ ਸੇਨ ਸਚਰ ਖੁਸ਼ ਹੋ ਰਹੇ ਹਨ। ਸ: ਪ੍ਰਤਾਪ ਸਿੰਘ ਸ਼ਾਇਦ ਰੂਸੀਆਂ ਨੂੰ ਕਹਿ ਰਹੇ ਹਨ ਕਿ ਡਰੋ ਨਾ ਇਹ ਅਸੀਲ ਪਸ਼ੂ ਹਨ।



ਗਊ ਰਖਿਆ ਦਾ ਅਮਲੀ ਸਬੂਤ : ਇਹ ਗਊ 'ਨਿਸ਼ਾਨੀ' ਹਰਿਆਣਾ ਲੁਧਿਆਣੇ ਬੁਚੜਾਂ ਪਾਸੋਂ ਛੁੜਵਾਈ ਗਈ ਅਤੇ ਬਾਅਦ ਵਿਚ ਭੈਣੀ ਸਾਹਿਬ ਦੀ ਇਕ ਪਸ਼ੂ ਪਰਦਰਸ਼ਨੀ ਵਿਚ ਸਰਬੋਤਮ ਪਸ਼ੂ ਕਰਾਰ ਦਿਤੀ ਗਈ। ਇਸੇ ਤਰ੍ਹਾਂ ਕਈ ਬਹੁਤ ਦੁਧ ਦੇਣ ਵਾਲੀਆਂ ਗਊਆਂ ਕਲਕਤਾ ਆਦਿਕ ਥਾਵਾਂ ਤੋਂ ਬੁਚੜ ਖਾਨਿਆਂ ਤੋਂ ਖਰੀਦ ਕੇ ਲਿਆਂਦੀਆਂ ਜਾਂਦੀਆਂ ਹਨ।



ਅਲਾਹਬਾਦ ਕੁੰਭ ਦੇ ਸਮੇਂ ਹਿੰਦੂ ਜਗਤ ਦੇ ਮੁਖੀਆਂ ਨਾਲ



ਸਤਿਗੁਰੂ ਜਗਜੀਤ ਸਿੰਘ ਜੀ ਮੋਹਨ ਨਗਰ ਵਿਖੇ ਸਤਿਗੁਰੂ ਪ੍ਰਤਾਪ ਸਿੰਘ ਜੀ ਅਤੇ
ਮਾਸਟਰ ਤਾਰਾ ਸਿੰਘ ਨਾਲ

Namdhari Elibrary NamdhariElibrary@gmail com



ਸਰਬ ਧਰਮ ਸਮੇਲਨ ਦਿਲੀ : ਕਾਕਾ ਕਾਲੇਲਕਰ ਭਾਸ਼ਨ ਕਰ ਰਹੇ ਹਨ। ਸਤਿਗੁਰੂ ਜੀ ਨਾਲ ਸੰਤ ਕ੍ਰਿਪਾਲ ਸਿੰਘ ਜੀ ਤੇ ਹੋਰ ਧਾਰਮਕ ਮੁਖੀ ਬੈਠੇ ਹਨ।



ਸਤਿਗੁਰੂ ਜੀ ਭੂਤ ਪੂਰਵ ਕੇਂਦਰੀ ਖੇਤੀ ਬਾੜੀ ਮੰਤਰੀ ਡਾ: ਰਾਮ ਸੁਭਾਗ ਸਿੰਘ ਅਤੇ ਡਾ: ਅਮਰੀਕ ਸਿੰਘ ਚੀਮਾ (ਅਜ ਕਲ ਖੇਤੀ ਬਾੜੀ ਯੂਨੀਵਰਸਟੀ ਲੁਧਿਆਣਾ ਦੇ ਵਾਈਸ ਚਾਂਸਲਰ) ਨਾਲ। ਪ੍ਰੀਤਮ ਸਿੰਘ ਕਵੀ ਜੀ ਨਾਲ ਦਿਸ ਰਹੇ ਹਨ।

Namdhari Elibrary Namdharielibrary@gmail.com



ਸਤਿਗੁਰੂ ਜੀ ਪੰਜਾਬ ਦੇ ਭੂਤ ਪੂਰਵ ਮੁਖ ਮੰਤਰੀ ਸ੍ਰੀ ਭੀਮ ਸੈਨ ਸਚਰ ਨਾਲ



ਨਹਿਰੂ ਹਾਕੀ ਟੂਰਨਾਮੈਂਟ ਦਿਲੀ ਸਮੇਂ ਖਚਿਓਂ : — ਸੇਠ ਤਰਲੋਕ ਸਿੰਘ, ਜਨਰਲ ਹਰਬਖਸ਼ ਸਿੰਘ,
ਸਤਿਗੁਰੂ ਜੀ ਤੇ ਰਾਜਾ ਭਾਲਿੰਦਰ ਸਿੰਘ

Namdhari Elibrary NamdhariElibrary@gmail com



ਸਵਰਗੀ ਲਾਲ ਬਹਾਦਰ ਸ਼ਾਸਤਰੀ ਜੀ ਨਾਲ ਸਤਿਗੁਰੂ ਜਗਜੀਤ ਸਿੰਘ ਜੀ ਇਕ ਭੇਂਟ ਸਮੇਂ ।



ਸਾਬਕ ਗ੍ਰਹਿ ਮੰਤਰੀ ਸ੍ਰੀ ਗੁਲਜ਼ਾਰੀ ਲਾਲ ਨੰਦਾ [illegible]

NamdhariElibrary@gmail.com

# ਦਸਤਾਰ ਬੰਦੀ ਸਮਾਗਮ

10 ਸਤੰਬਰ 1959 ਨੂੰ ਸਤਿਗੁਰੂ ਜਗਜੀਤ ਸਿੰਘ ਜੀ ਦੇ ਨਾਮਧਾਰੀ ਪੰਥ ਦੀ ਵਾਗ ਡੋਰ ਸੰਭਾਲਣ ਪਿਛੋਂ ਅਦੁਤੀ, ਦਸਤਾਰ ਬੰਦੀ ਸਮਾਗਮ ਹੋਇਆ ਜਿਸ ਵਿਚ ਹਰ ਵਰਗ ਹਰ ਖਿਆਲ ਦੇ ਧਾਰਮਕ, ਸਿਆਸੀ ਤੇ ਸਮਾਜੀ ਨੇਤਾ ਅਤੇ ਲੋਕ ਸ਼ਾਮਲ ਹੋਏ। ਇਕ ਮਹਾਨ ਸਮਰਥਨ ਨਾਲ ਸਤਿਗੁਰੂ ਜੀ ਨੇ ਕਾਰਜ ਖੇਤਰ ਵਿਚ ਪ੍ਰਵੇਸ਼ ਕੀਤਾ। ਇਸ ਸਮਾਗਮ ਦੀ ਬੜੀ ਰੋਚਕ ਰਿਪੋਰਟ ਪ੍ਰੀਤਮ ਸਿੰਘ ਕਵੀ ਜੀ ਨੇ ਸਤਿਜੁਗ ਦੇ ਸ਼ਰਧਾਂਜਲੀ ਅੰਕ ਵਿਚ ਲਿਖੀ ਸੀ। ਇਸ ਰਿਪੋਰਟ ਦੇ ਕੁਝ ਅੰਕ ਅਸੀਂ 'ਸਤਿਜੁਗ' ਦੇ ਧੰਨਵਾਦ ਸਹਿਤ ਹੂ ਬਹੂ ਛਾਪ ਕੇ ਪਾਠਕਾਂ ਨਾਲ ਸਾਂਝੇ ਕਰ ਰਹੇ ਹਾਂ।

— ਸੰਪਾਦਕ

**......ਪੰਡਾਲ ਵਿਚ ਤਿਲ ਧਰਨ ਨੂੰ ਥਾਂ ਨ ਰਹੀ**

ਦਿੱਲੀ ਦੇ ਸ. ਫਾਜਾ ਸਿੰਘ ਜੀ, ਦਇਆ ਸਿੰਘ ਜੀ ਨੇ ਵਿਸ਼ਾਲ ਤੋਂ ਵਿਸ਼ਾਲ ਪੰਡਾਲ ਸਜਾਣ ਲਈ ਕੋਈ ਕਸਰ ਨਹੀਂ ਸੀ ਰਖੀ। ਲਹਿੰਦੇ ਪਾਸੇ ਉਚੇ ਥੜੇ ਤੇ ਆਦਿ ਬਾਣੀ ਦੀਆਂ ਬੀੜਾਂ ਦੇ ਅੰਤਰ-ਮੁਖ ਭੋਗ ਪੜ੍ਹੇ ਜਾ ਰਹੇ ਸਨ। ਉੱਤਰ ਵਾਲੇ ਪਾਸੇ ਸੰਤ ਖਜ਼ਾਨ ਸਿੰਘ ਜੀ ਤੇ ਦਰਸ਼ਨ ਸਿੰਘ ਜੀ ਆਪਣੀਆਂ ਮਨੋਹਰ ਰੀਤਾਂ ਸੁਰੀਲੇ ਗਲੇ ਨਾਲ ਗਾਇਨ ਕਰ ਰਹੇ ਸਨ ਤੇ ਦਖਣ ਦਿਸ਼ਾ ਦੇ ਸਟੇਜ ਤੇ ਸ੍ਰੀ ਮਹਾਰਾਜ ਜਗਜੀਤ ਸਿੰਘ ਜੀ ਸਾਹਿਬ ਦੇ ਆਸਨ ਦੇ ਸਜੇ ਖੱਬੇ ਉਚੇਰੇ ਅਤਿਥੀਆਂ ਲਈ ਜਗਹ, ਸਫੇਦ ਖੇਸ ਚਾਦਰਾਂ ਨਾਲ ਸਜਾਈ ਗਈ ਸੀ। ਸ੍ਰੀ ਮਹਾਰਾਜ ਜੀ ਦੇ ਆਸਣ ਤੇ ਸੁਭਾਇਮਾਨ ਹੋਣ ਤੋਂ ਪਹਿਲਾਂ ਹੀ ਹਜ਼ੂਰ ਦੀ ਖੱਬੀ ਬਾਹੀ ਵਾਲੇ ਪਾਸੇ ਸੰਪ੍ਰਦਾਇਕ ਮਹਾਂ ਪੁਰਸ਼ ਦਰਸ਼ਨ ਦੇ ਰਹੇ ਸਨ। ਸਜੇ ਪਾਸੇ ਸਿਆਸੀ ਤੇ ਸਮਾਜੀ ਲੀਡਰ ਡਟੇ ਹੋਏ ਸਨ। ਸ੍ਰੀ ਮਹਾਰਾਜ ਦੇ ਨਿਕਟ ਤੇ ਪਿਛਲੇ ਪਾਸੇ ਨਾਮਧਾਰੀ ਮੁਖੀ ਤੇ ਨਾਮਧਾਰੀ ਸੰਗਤ ਸਜ ਰਹੀ ਸੀ। ਸ੍ਰੀਮਾਨ ਸੰਤ ਕਿਲੇ ਵਾਲੇ ਵੀ ਸਟੇਜ ਤੇ ਸਜ ਰਹੇ ਸਨ। ਹਰ ਇਕ ਵਿਅਕਤੀ ਨੂੰ ਮਲੂਮ ਸੀ ਕਿ ਇਕ ਵਜੇ ਤੋਂ ਜਿੰਨਾਂ ਪਹਿਲੇ ਚਲੇ ਜਾਵਾਂਗੇ ਓਨੀ ਹੀ ਬੈਠਣ ਲਈ ਦਰੁਸਤ ਜਗਹ ਮਿਲ ਜਾਏਗੀ। ਪਰ ਇਹ ਸਧਰ ਸ਼ਾਇਦ ਹੀ ਕਿਸੇ ਦੀ ਪੂਰਨ ਹੋਈ ਹੋਵੇ। ਪੂਰਬੀ ਬਾਹੀ ਵਲੋ ਦੀਵਾਨ ਦੀਆਂ ਮੋਹਰਲੀਆਂ ਕਤਾਰਾਂ ਵਿਚ ਅਫਰੀਕਾ ਤੇ ਸਿਆਮ ਵਾਸੀ ਨਾਮਧਾਰੀ ਤੇ ਹੋਰ ਸਨਮਾਨੀਆਂ ਵਿਅਕਤੀਆਂ ਨਜ਼ਰ ਪੈ ਰਹੀਆਂ ਸਨ ਤੇ ਜਿਸ ਸਮੇਂ ਸ੍ਰੀ ਮਹਾਰਾਜ ਜਗਜੀਤ ਸਿੰਘ ਜੀ ਦੀ ਆਮਦ ਦੀਵਾਨ ਵਿਖੇ ਹੋ ਰਹੀ ਸੀ, ਉਸ ਸਮੇਂ ਜਿਥੋਂ ਤਕ ਨਿਗਹ ਜਾਂਦੀ ਸੀ ਆਦਮ ਹੀ ਆਦਮ ਨਜ਼ਰ ਪੈਂਦਾ ਸੀ। ਸਭਤਰਾਂ ਦੇ ਲੋਕਾਂ ਦਾ ਇਹ ਇਕਠ ਏਨਾ ਵਿਚਾਰਵਾਨ, ਏਨਾਂ ਮਿਲਵਾਂ ਤੇ ਏਨਾ ਬਹੁ ਰੰਗਾ ਸੀ ਕਿ 'ਕਹਿਬੇ ਕੋ ਸੋਭਾ ਨਹੀਂ' ਵਾਲੀ ਪੰਗਤੀ ਸਾਖਿਆਤ ਹੋ ਰਹੀ ਸੀ।

ਸੰਪ੍ਰਦਾਇਕ ਮੁਖੀਆਂ ਵਾਲੇ ਪਾਸੇ ਨਿਰਮਲੇ ਸੰਤ ਸਨ, ਸਫੇਦ ਬਸਤਰ, ਸਫੇਦ ਲੰਮੇ ਦਾਹੜੇ, ਬੀਬੇ ਤੇ ਸੁਚੇ ਪ੍ਰਭਾਵ। ਏਧਰ ਉਦਾਸੀ ਮਹਾਂ ਪੁਰਸ਼ ਸਨ, ਗੇਰੂਏ ਬਸਤਰ, ਖੁਲੇ ਦਾਹੜੇ ਤੇ ਨਿਸਚਲ ਸੁਭਾਵ. ਅਡਣ ਸ਼ਾਹੀ ਸੇਵਾ ਪੰਥੀ ਸਨ ਜਿਨ੍ਹਾਂ ਦੇ ਦਰਸ਼ਨ ਮਾਤਰ ਤੋਂ ਸੇਵਾ ਦਾ ਪ੍ਰੇਮ ਉਮਲ੍ਹ ਉਮਲ੍ਹ ਪੈਂਦਾ ਸੀ। ਨਿਹੰਗ ਸਿੰਘ ਸਨ ਜਿਨ੍ਹਾਂ ਦੀ ਨਿਹੰਗਤਾ ਆਪਣਾ ਪ੍ਰਭਾਵ ਹਰੇਕ ਤੇ ਪਾ ਦਿੰਦੀ ਸੀ। ਰਾਧਾ ਸੁਆਮੀ ਮਤ -



Namdhari Elibrary NamdhariElibrary@gmail.com

ਦੇ ਦੋਵੇਂ ਮਹਾਰਾਜ ਸਨ ਜਿਨ੍ਹਾਂ ਦੀਆਂ ਆਦਰਸ਼ ਸ਼ਖ਼ਸੀਅਤਾਂ ਆਪਣੀ ਉੱਚਤਾ ਤੇ ਬਜ਼ੁਰਗੀ ਦਾ ਝਲਕਾਰਾ ਆਪ ਤੋਂ ਆਪ ਦੇ ਰਹੀਆਂ ਸਨ।

ਏਧਰ ਅਕਾਲੀ ਬੈਠੇ ਸਨ, ਜਿਨ੍ਹਾਂ ਦੇ ਨੀਲੇ ਦਸਤਾਰੇ ਆਮ ਕਰਕੇ ਸਫੈਦ ਪਹਿਰਾਵੇ ਵਾਲੇ ਏਸ ਪਿੰਡਾਲ ਵਿਚ ਆਪਣੀ ਵਿਸ਼ੇਸ਼ਤਾ ਦਰਸਾ ਹੀ ਜਾਂਦੇ ਸਨ। ਏਧਰ ਹੀ ਉਸ ਘਰਾਣੇ ਦੀ ਸਨਮਾਨੀ ਸ਼ਖ਼ਸੀਅਤ ਸੀ ਜਿਸਨੂੰ ਰਾਜਿਆਂ ਮਹਾਰਾਜਿਆਂ ਨੂੰ ਤਿਲਕ ਦੇਣ ਦਾ ਸੁਅਵਸਰ ਨਸੀਬ ਹੁੰਦਾ ਰਿਹਾ ਹੈ। ਵਿਅਕਤੀ ਵਿਸ਼ੇਸ਼ ਦੇ ਨਾਮ ਤਾਂ ਕੀ ਗਿਣਨੇ ਹਨ, ਸੰਪ੍ਰਦਾਇਕ ਵਿਤਕਰੇ ਵੀ ਮੈਂ ਪੇਸ਼ ਕਰਨੋਂ ਅਸਮਰਥ ਹਾਂ।



ਕਮਿਊਨਿਸਟ ਨੇਤਾ ਕਾਮਰੇਡ ਸੋਹਣ ਸਿੰਘ ਜੋਸ਼ ਤਕਰੀਰ ਕਰਦੇ ਹੋਏ।

ਸ੍ਰੀ ਮਹਾਰਾਜ ਜੀ ਦੇ ਆਸਣ ਦੇ ਸਜੇ ਪਾਸੇ ਰਾਜਨੀਤਕ ਮੁਖੀ ਸਨ। ਅਕਾਲੀ, ਜਿਹੜੇ ਮਾਸਟਰ ਤਾਰਾ ਸਿੰਘ ਜੀ ਦੀ ਅਗਵਾਈ ਹੇਠ ਪੰਥ ਦੀ ਏਕਤਾ ਦੇ ਸ਼ੈਦਾਈ ਹਨ, ਸ਼੍ਰੋਮਣੀ ਖਾਲਸਾ ਦਲ ਵਾਲੇ, ਜਿਹੜੇ ਮਾਸਟਰ ਤਾਰਾ ਸਿੰਘ ਜੀ ਤੋਂ ਨਜਾਤ ਦਵਾਣਾ ਪੰਥਕ ਭਲਾਈ ਲਈ ਬਿਹਤਰ ਸਮਝਦੇ ਹਨ। ਕਾਂਗਰਸੀ, ਜਿਹੜੇ ਭਾਰਤ ਦੇ ਮੌਜੂਦਾ ਚੁਸਤ ਹਾਕਮ ਹਨ ਤੇ ਪਰਜਾ ਸੋਸ਼ਲਿਸਟ ਸਨ ਜਿਹੜੇ ਅਤਿ ਗਰਮ ਜੋਸ਼ੀ ਨਾਲ ਹਰ ਮੁਖ਼ਾਲਿਫ਼ ਪਾਰਟੀ ਨੂੰ ਸੁਣਾ ਸਕਣ ਦੇ ਸਮਰਥ ਹਨ। ਕਮਿਊਨਿਸਟ ਸਨ, ਜਿਹੜੇ ਮਿਹਨਤਕਸ਼ ਤਬਕੇ ਦੀ ਅਗਵਾਈ ਕਰਦਿਆਂ ਭਾਰਤ ਨੂੰ ਅਗੇ ਖੜਨ ਦੇ ਪ੍ਰਬਲ ਸੰਗਰਾਮੀਏ ਹਨ ਅਤੇ ਜਨਸੰਘੀ ਜਿਨ੍ਹਾਂ ਦਾ ਵਿਸ਼ੇਸ਼ ਨਾਅਰਾ ਹਿੰਦੀ ਹਿੰਦੂ ਹਿੰਦੁਸਤਾਨ ਹੈ। ਰਾਜੇ ਅਤੇ ਮਹਾਰਾਜੇ ਵੀ ਏਸੇ ਸਟੇਜ ਤੇ ਸਨ ਤੇ ਰਾਜੇ ਮਹਾਰਾਜਿਆਂ ਦੇ ਖਿਲਾਫ਼ ਲੜਨ



ਲਾਲਾ ਜਗਤ ਨਾਰਾਇਣ ਜੀ ਸੰਸਥਾਪਕ ਹਿੰਦ ਸਮਾਚਾਰ ਸ਼ਰਧਾਂਜਲੀ ਭੇਟ ਕਰ ਰਹੇ ਹਨ।

ਵਾਲੇ ਵੀ ਏਸ ਸਟੇਜ ਤੇ ਸਨ। ਅਖ਼ਬਾਰਾਂ ਦੇ ਐਡੀਟਰ ਤੇ ਨਾਮਾ ਨਿਗਾਰ ਵੀ ਏਥੇ ਹੀ ਬੈਠੇ ਹੋਏ ਸਨ।

ਕੇਂਦਰੀ ਤੇ ਸੂਬਕ ਵਜ਼ੀਰ ਵੀ ਏਸੇ ਪਾਸੇ ਸਜੇ ਹੋਏ ਸਨ ਤੇ ਏਹਨਾਂ ਹੇਠ ਕਦੇ ਕੰਮ ਕਰ ਚੁਕੇ ਜਾਂ ਕਰ ਰਹੇ ਵੱਡੇ ਵਡੇ ਸਰਕਾਰੀ ਅਧਿਕਾਰੀ ਵੀ ਨਾਲ ਹੀ ਬੈਠੇ ਸਨ। ਸ੍ਰੀ ਚਕ੍ਰਵਰਤੀ ਜੀ ਨੇ ਇਸ ਇਕੱਠ ਨੂੰ ਅੱਗ ਪਾਣੀ ਦਾ ਮੇਲ ਕਿਹਾ ਸੀ। ਇਹ ਹੀ ਸਤਿਜੁਗੀ ਸਮਾ ਸੀ, ਏਹ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਦੀ ਜ਼ਿੰਦਗੀ ਦੇ ਲਕਸ਼ ਦੀ ਪੂਰਤੀ ਦਾ ਪ੍ਰਗਟਾਵਾ ਸੀ, ਜਦੋਂ ਸਭ ਭਰਾਵਾਂ ਵਾਂਗ ਬੈਠੇ ਸ੍ਰੀ ਸਤਿਗੁਰੂ ਜੀ ਦੀ ਵਡਿਆਈ ਤੇ ਵਿਚਾਰ ਕਰ ਰਹੇ ਸਨ। ਸ੍ਰੀ ਸਤਿਗੁਰੂ ਜੀ ਜੀਉਂਦੇ ਜੀ ਹਿੰਦੂ-ਸਿਖ ਏਕਤਾ, ਹਿੰਦੂ-ਮੁਸਲਿਮ ਏਕਤਾ ਲਈ ਜਤਨ ਸ਼ੀਲ ਰਹੇ ਸਿਖ ਸੰਪ੍ਰਦਾਇਕ ਏਕਤਾ ਆਪਦੀ ਲਗਨ ਸੀ, ਪਰ ਨਾਲ ਹੀ ਭਾਰਤ ਦੀਆਂ ਸਰਬ ਰਾਜ ਨੀਤਕ ਪਾਰਟੀਆਂ ਵਿਚ ਵੀ ਉਹ ਮੈਤ੍ਰੀ ਦੇ ਚਾਹਵਾਨ ਸਨ। ਉਹ ਕਿਹਾ ਕਰਦੇ ਸਨ ਪਾਰਟੀਆਂ ਆਪਣੇ ਨਿਸ਼ਾਨਿਆਂ ਲਈ ਲੜਨ, ਪਰ ਮੁਖਾਲਫਾਂ ਨੂੰ ਗਾਲਾਂ, ਗੁੰਡਾ ਗਿਰੀ ਦੇ ਝੂਠੇ ਪ੍ਰਾਪੇਗੰਡੇ ਨਾਲ ਨਾ ਪਛਾੜਨ। ਪ੍ਰੰਤੂ ਅੱਜ ਉਹਨਾਂ ਨੂੰ ਸ਼ਰਧਾਂਜਲੀ ਅਰਪਣ ਕਰਨ ਸਮੇਂ ਉਹਨਾਂ ਦਾ ਸੁਪਨਾ ਪੂਰੀ ਤਰ੍ਹਾਂ ਸੱਚਾ ਸਾਬਤ ਹੋ ਰਿਹਾ ਸੀ। ਤੇ ਜਿਵੇਂ ਕਈ ਬੁਲਾਰਿਆਂ ਨੇ ਕਿਹਾ ਵੀ, ਸਿਰਫ਼ ਨਾਮਧਾਰੀ ਸਟੇਜ ਹੀ ਅਜੇਹੀ ਸਟੇਜ ਰਹਿ ਗਈ ਹੈ ਜਿਸ ਉਤੇ ਹਰ ਵਿਚਾਰ ਦੇ ਹਰ ਧਰਮ ਦੇ ਲੋਕ ਮਿਲਕੇ ਬੈਠ ਸਕਦੇ ਹਨ।



Namdhari Elibrary NamdhariElibrary@gmail.com

## ਕੌਣ ਕੌਣ ਆਏ ?

ਭਾਵੇਂ ਏਸੇ ਮੇਲੇ ਤੇ ਪਹੁੰਚਣ ਦੀ ਹਰੇਕ ਦੀ ਆਪਣੀ ਆਪਣੀ ਮਹਾਨਤਾ ਹੈ ਪਰ ਪਾਠਕਾਂ ਨੂੰ ਪੂਰੀ ਤਸਵੀਰ ਪੇਸ਼ ਕਰਨ ਲਈ ਕੁਝ ਉਚੇਰੀਆਂ ਵਿਅਕਤੀਆਂ ਦੇ ਨਾਮ ਦਸਣਾ ਵੀ ਬੜਾ ਜ਼ਰੂਰੀ ਹੋ ਜਾਂਦਾ ਹੈ। ਸ਼ਖਸੀਅਤਾਂ ਦਾ ਜ਼ਿਕਰ ਨਾ ਕਰਦੇ ਹੋਏ ਅਸੀਂ ਹੋਰ ਵਿਅਕਤੀਆਂ ਦੇ ਕੁਝ ਨਾਮ ਲਿਖਣੇ ਜ਼ਰੂਰੀ ਸਮਝਦੇ ਹਾਂ :

ਸੰਪ੍ਰਦਾਇਕ ਮੁਖੀ:

ਸ੍ਰੀ ਜਨਰਲ ਸਕੱਤਰ ਸ਼੍ਰੋਮਣੀ ਗੁਰਦੁਆਰਾ ਪਰਬੰਧਕ ਕਮੇਟੀ ਅੰਮ੍ਰਿਤਸਰ।

੧ ਸ੍ਰੀ ੧੦੮ ਮਹਾਰਾਜ ਚਰਨ ਸਿੰਘ ਜੀ ਰਾਧਾ ਸੁਆਮੀ, ਬਿਆਸ।

੨. ਸ੍ਰੀ ੧੦੮ ਮਹਾਰਾਜ ਕ੍ਰਿਪਾਲ ਸਿੰਘ ਜੀ ਰਾਧਾ ਸੁਆਮੀ, ਆਗਰਾ।

੩. ਸ੍ਰੀ ਮਹੰਤ ਸਾਹਿਬ ਡੇਰਾ ਬਾਬਾ ਮਿਸਰਾ ਸਿੰਘ ਜੀ ਅੰਮ੍ਰਿਤਸਰ।

੪. ਸ੍ਰੀ ਮਹੰਤ ਬਸੰਤ ਸਿੰਘ ਜੀ ਸੰਗਤ ਪੰਜਾਬੀ ਟੋਲਾ ਬਨਾਰਸ।

੫ ਸ੍ਰੀ ਮਹੰਤ ਗੁਰਦੀਪ ਸਿੰਘ ਜੀ ਕੇਸਰੀ (ਨਿਰਮਲੇ) ਬਨਾਰਸ।

੬. ਸ੍ਰੀ ਮਹੰਤ ਸਾਹਿਬ, ਪੰਚਾਇਤੀ ਅਖਾੜਾ, ਕਨਖਲ ਹਰਦੁਆਰ।

੭. ਸ੍ਰੀ ਮਹੰਤ ਹਾਕਮ ਸਿੰਘ ਜੀ ਪ੍ਰਧਾਨ ਨਿਰਮਲ ਮਹਾਂ ਮੰਡਲ, ਅੰਮ੍ਰਿਤਸਰ।

੮. ਸੰਤ ਬਿਸ਼ਨ ਸਿੰਘ ਜੀ ਕ੍ਰੀਟ, ਹਰਦੁਆਰ।

੯. ਸ੍ਰੀ ਮਹੰਤ ਆਤਮਾ ਸਿੰਘ ਜੀ, ਸਤਿਗੁਰੂ ਨਾਨਕ ਆਸ਼੍ਰਮ ਹਰਦੁਆਰ।

੧੦. ਸ੍ਰੀ ਮਹੰਤ ਹਰੀ ਸਿੰਘ ਜੀ ਅੰਮ੍ਰਿਤਸਰ।

੧੧ ਸ੍ਰੀ ਮਹੰਤ ਦਿਆਲ ਸਿੰਘ ਜੀ ਦਿਲੀ।

੧੨ ਸ੍ਰੀ ਮਹੰਤ ਕਿਸ਼ਨ ਸਿੰਘ ਜੀ ਹਰਦੁਆਰ।

੧੩. ਸ੍ਰੀ ਮਹੰਤ ਸੇਵਾ ਦਾਸ ਜੀ ਜਨਰਲ ਸਕੱਤਰ ਉਦਾਸੀ ਮਹਾਂ ਮੰਡਲ, ਪੰਜਾਬ।

੧੪. ਮਹੰਤ ਭਗਤ ਰਮ ਜੀ ਮੁਸਾਫਰ ਸੰਪਾਦਕ 'ਮਹਾਤਮਾ' ਤੇ ਪ੍ਰਚਾਰਕ ਉਦਸੀਨ ਮਹਾਂ ਮੰਡਲ ਪੰਜਾਬ।

੧੫. ਸ੍ਰੀ ਸੰਤ ਅਵਿਨਾਸ਼ੀ ਰਾਮ ਜੀ ਗੁਰਦੁਆਰਾ ਸ੍ਰੀ ਸਤਿਗੁਰੂ ਬਾਬਾ ਸੰਗਤਾ ਸਾਹਿਬ, ਮੇਰਠ ਕੈਂਟ।



ਮਾਸਟਰ ਤਾਰਾ ਸਿੰਘ ਜੀ ਸੰਬੋਧਨ ਕਰ ਰਹੇ ਹਨ।

੧੬ ਸ੍ਰੀ ਸੰਤ ਭਗਵਾਨ ਸਿੰਘ ਜੀ ਡੇਰਾ ਰੇਰੂ ਸਾਹਿਬ, ਰਾਮਪੁਰ।

੧੭. ਸ੍ਰੀ ਭਗਵੰਤ ਸਿੰਘ ਜੀ ਹਰੀ ਸਪੁਤਰ ਭਾਈ ਸਾਹਿਬ ਭਾਈ ਕਾਨ੍ਹ ਸਿੰਘ ਜੀ ਨਾਭਾ।

੧੮. ਸ੍ਰੀ ਹਰੀ ਕੰਵਲ ਜੀ ਅਡਾ ਅਖਾੜਾ ਕਨਖਲ ਹਰਦੁਆਰ।

੧੯. ਸ੍ਰੀ ਗੁਰੂ ਮੰਡਲੇਸ਼ੁਰ ਮਾਇਆਪੁਰੀ, ਹਰਦੁਆਰ।

੨੦. ਗਿਆਨੀ ਹਮੀਰ ਸਿੰਘ ਜੀ ਸਤੋ ਵਲੀ ਅੰਮ੍ਰਿਤਸਰ।

੨੧ ਸ੍ਰੀ ਮਾਨ ਪੰਡਿਤ ਨਿਹਚਲ ਸਿੰਘ ਜੀ ਸੇਵਾ ਪੰਥੀ, ਜਗਾਧਰੀ।

੨੨. ਸ੍ਰੀ ਮਹੰਤ ਚੰਦਰ ਪ੍ਰਕਾਸ਼ ਜੀ ਛੱਤਾ ਅਖਾੜਾ, ਅੰਮ੍ਰਿਤਸਰ।

੨੩. ਸ੍ਰੀ ਮਹੰਤ ਜੀ ਸਾਹਿਬ ਜੀ ਅਖਾੜਾ ਬ੍ਰਹਮ ਬੂਟਾ, ਅੰਮ੍ਰਿਤਸਰ।

੨੪. ਸ੍ਰੀ ਮਹੰਤ ਸਾਹਿਬ ਜੀ ਸੰਗਲ ਵਾਲਾ ਅਖਾੜਾ, ਅੰਮ੍ਰਿਤਸਰ।

੨੫. ਸ੍ਰੀ ਮਹੰਤ ਸਾਹਿਬ ਜੀ ਚਿੱਟਾ ਅਖਾੜਾ ਅੰਮ੍ਰਿਤਸਰ।

੨੬. ਸ੍ਰੀ ਮਹੰਤ ਸਾਹਿਬ ਜੀ, ਬੇਰੀ ਵਾਲਾ ਅਖਾੜਾ ਅੰਮ੍ਰਿਤਸਰ।

੨੭. ਸ੍ਰੀ ਮਹੰਤ ਸਾਹਿਬ ਬੁੰਗਾ ਮੂਲ ਸਿੰਘ ਅੰਮ੍ਰਿਤਸਰ।

੨੮ ਮਹੰਤ ਸਵਰਣ ਦਾਸ ਜੀ ਉਦਾਸੀ, ਰਾਮਪੁਰ।

੨੯. ਮਹੰਤ ਗੋਪਾਲ ਦਾਸ ਜੀ ਰਾਈਆਂ।



Namdhari Elibrary NamdhariElibrary@gmail.com

੩੦. ਸ੍ਰੀ ਸੰਤ ਮਹਿੰਦਰ ਸਿੰਘ ਜੀ ਡੇਰਾ ਹਰਖੋਵਾਲ (ਹੁਸ਼ਿਆਰਪੁਰ)

੩੧. ਸ੍ਰੀ ਸੰਤ ਹਰੀ ਸਿੰਘ ਜੀ ਡੇਰਾ ਕਹਾਰਪੁਰ।

੩੨. ਸੰਤ ਮਹਾਰਾਜ ਸਿੰਘ ਜੀ ਅੰਮ੍ਰਿਤਸਰ।

੩੩ ਸੰਤ ਜਵਾਹਰ ਸਿੰਘ ਜੀ ਸੇਵਾ ਪੰਥੀ।

ਰਾਜਨੀਤਕ—

੧ ਸ: ਦਰਬਾਰਾ ਸਿੰਘ ਪ੍ਰਧਾਨ ਪੰਜਾਬ ਪਰਦੇਸ਼ ਕਾਂਗਰਸ।

੨. ਕਾਮਰੇਡ ਹਰਕਿਸ਼ਨ ਸਿੰਘ ਸੁਰਜੀਤ ਸਕੱਤਰ ਪੰਜਾਬ ਪ੍ਰਦੇਸ਼ ਕਮਿਊਨਿਸਟ ਪਾਰਟੀ।

੩. ਸ: ਹਰਭਜਨ ਸਿੰਘ ਸਕੱਤਰ ਪੰਜਾਬ ਪਰਜਾ ਸੋਸ਼ਲਿਟ ਪਾਰਟੀ।

੪. ਸ੍ਰੀ ਮਾਨ ਮਾਸਟਰ ਤਾਰਾ ਸਿੰਘ ਜੀ ਪ੍ਰਧਾਨ ਸ਼ਰੋਮਣੀ ਅਕਾਲੀ ਦਲ।



ਸ: ਸਵਰਨ ਸਿੰਘ ਜੀ ਸੰਬੋਧਣ ਕਰਦੇ ਹੋਏ।

੫. ਸ੍ਰੀ ਯਗ ਦੱਤ ਸ਼ਰਮਾ ਲੀਡਰ ਪੰਜਾਬ ਜਨ-ਸੰਘ।

੬. ਗਿਆਨੀ ਹੀਰਾ ਸਿੰਘ ਸਕੱਤਰ ਸ਼ਰੋਮਣੀ ਪੰਥ ਸੇਵਕ ਦਲ।

੭. ਸ: ਜਗੀਰ ਸਿੰਘ ਫਗੂਵਾਲੀਆ ਪ੍ਰਧਾਨ ਮਾਲਵਾ ਅਕਾਲੀ ਦਲ।

੮. ਗਿਆਨੀ ਗੁਰਮੁਖ ਸਿੰਘ ਮੁਸਾਫਰ ਮੈਂਬਰ ਪਾਰਲੀਮੈਂਟ।

੯ ਗਿਆਨੀ ਜ਼ੈਲ ਸਿੰਘ ਮੈਂਬਰ ਪਾਰਲੀਮੈਂਟ।

੧੦ ਸ: ਅਜਮੇਰ ਸਿੰਘ ਐਮ. ਐਲ. ਏ. ਸਮਰਾਲਾ।

੧੧ ਸ: ਗੁਰਬਚਨ ਸਿੰਘ ਬਾਜਵਾ ਐਮ. ਐਲ. ਏ. ਗੁਰਦਾਸਪੁਰ।

੧੨. ਸ੍ਰੀ ਹਰਭਗਵਾਨ ਮੋਦਗਿਲ ਐਮ ਐਲ. ਏ. ਲੁਧਿਆਣਾ।

੧੩. ਸ: ਹਰਚਰਨ ਸਿੰਘ ਐਮ. ਐਲ ਏ ਸਰਾਇ ਨਾਗਾ।

੧੪. ਸ: ਕਰਤਾਰ ਸਿੰਘ ਦੀਵਾਨਾ ਐਮ. ਐਲ. ਏ. ਅਮਰਗੜ੍ਹ।

੧੫. ਸ: ਪਰੇਮ ਸਿੰਘ ਪਰੇਮ ਐਮ. ਐਲ ਏ. ਪਟਿਆਲਾ।

੧੬ ਸ੍ਰੀ ਮਤੀ ਹਰਪਰਕਾਸ਼ ਕੌਰ ਐਮ. ਐਲ. ਏ. ਸਿਧਵਾਂ ਕਾਲਜ।

ਜਰਨਲਿਸਟ

੧ ਸ੍ਰੀ ਰਣਬੀਰ, ਐਡੀਟਰ ਰੋਜ਼ਾਨਾ ਮਿਲਾਪ ਜਲੰਧਰ ਦਿਲੀ।

੨. ਕਾਮਰੇਡ ਸੋਹਣ ਸਿੰਘ ਜੋਸ਼ ਚੀਫ ਐਡੀਟਰ ਰੋਜ਼ਾਨਾ ਨਵਾਂ ਜ਼ਮਾਨਾ ਜਲੰਧਰ।

੩. ਸ: ਹਰਬੰਸ ਸਿੰਘ ਪਰਵਾਨਾ ਮੈਨੇਜਰ 'ਨਵਾਂ-ਜ਼ਮਾਨਾ'।

੪. ਸ: ਅਵਤਾਰ ਸਿੰਘ 'ਆਜ਼ਾਦ' ਐਡੀਟਰ ਰੋਜ਼ਾਨਾ ਪ੍ਰਭਾਤ-ਤੇ ਅਕਾਲੀ ਜਲੰਧਰ।

੫. ਸ: ਅਮਰ ਸਿੰਘ ਦੁਸਾਂਝ ਐਡੀਟਰ ਅਕਾਲੀ ਪਤਰਕਾ ਜਲੰਧਰ।

੬. ਸ: ਮੋਹਣ ਸਿੰਘ ਮਤਵਾਲਾ।

੭ ਤੇਲੂ ਰਾਮ ਮਹਿੰਦਰਾ—ਐਡੀਟਰ ਸਮਾਜ ਲੁਧਿਆਣਾ।

੮. ਸ੍ਰੀ ਚਾਵਲਾ—ਨੁਮਾਇੰਦਾ ਰੋਜ਼ਾਨਾ ਪਰਤਾਪ ਜਲੰਧਰ।

੯. ਲਾਲਾ ਜਗਤ ਨਾਰਾਇਣ ਜੀ ਐਡੀਟਰ ਹਿੰਦ ਸਮਾਚਾਰ।

ਸਰਕਾਰੀ ਅਧਿਕਾਰੀ

੧. ਸ: ਸਵਰਨ ਸਿੰਘ ਕੇਂਦਰੀ ਵਜ਼ੀਰ।

੨. ਗਿਆਨੀ ਕਰਤਾਰ ਸਿੰਘ ਵਜ਼ੀਰ ਪੰਜਾਬ।

੩. ਸ: ਗਿਆਨ ਸਿੰਘ ਰਾੜੇਵਾਲਾ ਵਜ਼ੀਰ ਪੰਜਾਬ।

੪. ਸ: ਨਿਰੰਜਨ ਸਿੰਘ ਤਾਲਿਬ ਉਪ-ਮੰਤਰੀ ਪੰਜਾਬ ਸਰਕਾਰ।

੫. ਪੰਡਿਤ ਅਮਰ ਨਾਥ ਵਿਦਿਆਲੰਕਾਰ ਵਿਦਿਆ ਮੰਤਰੀ ਪੰਜਾਬ।



Namdhari Elibrary NamdhariElibrary@gmail.com

੬. ਸ੍ਰ: ਦਲਜੀਤ ਸਿੰਘ ਜੀ ਡਿਪਟੀ ਕਮਿਸ਼ਨਰ ਲੁਧਿਆਣਾ।

੭. ਸੁਪਰੀਟੰਡੰਟ ਪੁਲਿਸ ਲੁਧਿਆਣਾ।

੮. ਡਿਸਟ੍ਰਿਕਟ ਇਨਸਪੈਕਟਰ ਪੁਲਿਸ ਲੁਧਿਆਣਾ।

ਖਾਸ ਹਸਤੀਆਂ—

ਮਹਾਰਾਜਾਧਿਰਾਜ ਯਾਦਵਿੰਦਰ ਸਿੰਘ ਆਫ਼ ਪਟਿਆਲਾ।

ਰਾਜਾ ਭਾਲਇੰਦਰ ਸਿੰਘ ਐਮ. ਐਲ. ਏ. ਪਟਿਆਲਾ।

ਰਾਜਾ ਮਹੇਸ਼ ਇੰਦਰ ਸਿੰਘ ਐਮ. ਐਲ. ਏ. ਪਟਿਆਲਾ।

ਕੰਵਰ ਮਨਜੀਤ ਇੰਦਰ ਸਿੰਘ ਫਰੀਦਕੋਟ।

ਭਾਈ ਸਾਹਿਬ ਭਾਈ ਅਰਦੁਮਨ ਸਿੰਘ ਆਫ਼ ਬਾਗੜੀਆਂ।

ਪੰਡਿਤ ਠਾਕਰ ਦੱਤ ਸ਼ਰਮਾ ਅੰਮ੍ਰਿਤਧਾਰਾ ਡੇਹਰਾਦੂਨ।

ਸ੍ਰ. ਬਹਾਦਰ ਕਰਮਜੀਤ ਸਿੰਘ ਲਖਨਊ।

ਸ੍ਰ: ਤੇਜਾ ਸਿੰਘ ਅਕਰਪੁਰੀ।

ਕਾਮਰੇਡ ਗੁਰਮੇਜ ਸਿੰਘ ਸ਼ਾਹਬਾਜ਼ਪੁਰੀ।

ਸ੍ਰ: ਬਖ਼ਤਾਵਰ ਸਿੰਘ ਗਿੱਲ - ਸੁਧਾਰ।

ਲਾਲਾ ਹਰਦੇਵ ਸਹਾਇ ਸਕੱਤਰ ਸਰਬ ਭਾਰਤੀ ਗੋਹਤਿਆ ਨਿਰੋਧਕ ਸਮਿਤੀ ਦਿਲੀ।

ਸ੍ਰੀ ਜੇ. ਐਨ. ਮਾਨਕਰ, ਸਕੱਤਰ ਸਰਬ ਭਾਰਤੀ ਜੀਉ ਦਇਆ ਕਮੇਟੀ ਬੰਬਈ।

ਡਾ: ਵਰਿਆਮ ਸਿੰਘ ਜੀ ਨਾਤਾ।

ਸੰਤ ਤੇਜਾ ਸਿੰਘ ਜੀ ਬਲ ਐਮ. ਏ. ਮਸਤੂਆਣਾ।

ਸ੍ਰ: ਨਾਹਰ ਸਿੰਘ ਜੀ ਐਮ ਏ. ਦਿੱਲੀ।

## ਮਹਾਰਾਜ ਆ ਗਏ

ਪੰਡਾਲ ਦਾ ਹਰ ਨੁਕਰ ਕੋਨਾ ਦਰਸ਼ਕਾਂ ਨਾਲ ਭਰਪੂਰ ਸੀ। ਹਾਜ਼ਰੀ ਦਾ ਤੀਜਾ ਹਿੱਸਾ ਮਾਈਆਂ ਨੇ ਪੂਰਾ ਕੀਤਾ ਹੋਇਆ ਸੀ। ਦੁਪਹਿਰ ਦਾ ਇਕ ਵਜ ਚੁਕਾ ਸੀ, ਪਰ ਅਜੇ ਸ੍ਰੀ ਮਹਾਰਾਜ ਜਗਜੀਤ ਸਿੰਘ ਜੀ ਦੀਵਾਨ ਵਿਚ ਪਹੁੰਚੇ ਨਹੀਂ ਸਨ। ਪੂਰੇ ਦੋ ਵਜੇ ਭੋਗ ਪੈਣੇ ਅਰੰਭ ਹੋਣੇ ਸਨ। ਸੰਗਤ ਦੀਆਂ ਅੱਖਾਂ ਉਸ ਪਰਵੇਸ਼ ਦੁਆਰ ਵਲ ਟਿਕਟਿਕੀ ਬੰਨ੍ਹੀ ਤਕ ਰਹੀਆਂ ਸਨ, ਜਿਧਰੋਂ ਪ੍ਰਤਿਸ਼ਠਤ ਵਿਅਕਤੀਆਂ ਆ ਰਹੀਆਂ ਸਨ। ਹਰੇਕ ਦਾ ਮਨ ਏਸ ਵਿਚਾਰ ਵਿਚ ਗਲਤਾਨ ਸੀ ਕਿ ਭਾਵੇਂ ਮਹਾਰਾਜ ਜਗਜੀਤ ਸਿੰਘ ਜੀ ਸ੍ਰੀ ਸਤਿਗੁਰੂ



ਦਸਤਾਰ ਬੰਦੀ ਸਮਾਗਮ ਸਮੇਂ ਖੱਬੇ ਪਾਸਿਓਂ ਸੁਵਰਗੀਯ ਯ ਦਵਿੰਦਰਾ ਸਿੰਘ ਮਹਾਰਾਜਾ ਪਟਿਆਲਾ, ਭਾਈ ਵਜ਼ੀਰ ਸਿੰਘ, ਸ: ਗਿਆਨ ਸਿੰਘ ਰਾੜੇਵਾਲਾ ਆਦਿਕ ਦਿਖਾਈ ਦੇ ਰਹੇ ਹਨ।

ਜੀ ਦੇ ਸਵਰਗਵਾਸ ਤੋਂ ਹੀ ਉਹਨਾਂ ਦੇ ਜਾ ਨਸ਼ੀਨ ਹਨ, ਪਰ ਅੱਜ ਉਹਨਾਂ ਵਾਸਤੇ ਉਚੇਚੀ ਰਸਮ ਅਦਾ ਕੀਤੀ ਜਾਣੀ ਹੈ। ਅੱਜ ਉਹਨਾਂ ਨੂੰ ਗੱਦੀ ਮਿਲਣੀ ਹੈ, ਉਹ ਗੱਦੀ ਕੇਹੋ ਜੇਹੀ ਹੋਵੇਗੀ? ਅੱਜ ਦਾ ਤਿਲਕ ਕੌਣ ਲਾਵੇਗਾ? ਅੱਜ ਉਹ ਕੇਹੋ ਜੇਹੇ ਸ਼ਹਾਨਾ ਲਿਬਾਸ ਵਿਚ ਆਉਣਗੇ? ਅੱਜ ਉਹਨਾਂ ਨੇ ਕਿਹੜੇ ਉਚੇਚ ਕੀਤੇ ਹੋਣਗੇ? ਅੱਜ ਵਰਗਾ ਸਮਾ ਉਹਨਾਂ ਦੀ ਜ਼ਿੰਦਗੀ ਵਿਚ ਫੇਰ ਤਾਂ ਨਹੀਂ ਆਉਣਾ? ਅਜੇਹੀਆਂ ਸੋਚਾਂ ਵਿਚ ਖੁਭੇ ਲੋਕੀਂ ਬੜੀ ਉਤਾਵਲਤਾ ਨਾਲ ਪੱਛਮੀ ਦਵਾਰ ਨੂੰ ਤਕ ਰਹੇ ਸਨ ਕਿ ਅਚਾਨਕ ਸ੍ਰੀ ਮਹਾਰਾਜ ਜੀ ਆ ਗਏ। ਸਾਦਾ ਸਫੈਦ ਖਦਰ ਦੇ ਬਸਤਰ ਹਥ ਵਿਚ ਮਾਲਾ, ਗੰਭੀਰਤਾ ਦੀ ਮੂਰਤ, ਇਕਹਿਰਾ ਬਦਨ, ਸੁਹਾਵੀ ਚਾਲ।

ਆਪ ਦੇ ਨਾਲ ਪਰਮ ਸਤਿਕਾਰ ਯੋਗ ਸੰਤ-ਮੂਰਤ, ਮਹਾਨ ਜਿਗਰੇ ਵਾਲੇ ਆਪਦੇ ਛੋਟੇ ਭਾਈ ਸ੍ਰੀ ਮਹਾਰਾਜ ਬੀਰ ਸਿੰਘ ਜੀ ਸਨ, ਮਹਾਰਾਜ ਜੀ ਦੇ ਸੇਵਕ ਸਨ ਤੇ ਕੁਝ ਹੋਰ ਪੰਥ ਪ੍ਰਤਿਸ਼ਟ ਵਿਅਕਤੀਆਂ।

ਪਲ ਭਰ ਲਈ ਲੋਕਾਂ ਦੀ ਸੋਚ ਰੁਕ ਗਈ। ਦੀਵਾਨ ਦੀ ਸੰਗਤ ਸਤਿਕਾਰ ਲਈ ਉਠਕੇ ਖਲੋ ਗਈ – ਜੈਕਾਰਾ ਗੂਜ ਉਠਿਆ। ਲੋਕਾਂ ਦੀ ਸੋਚ ਉਡਾਰੀਓਂ ਹਿਠਾਂਹ ਆਈ। ਉਹ ਜਿਨ੍ਹਾਂ ਨੂੰ ਲੋਕ ਪਿਆਰ ਕਰਦੇ ਹਨ, ਉਹ ਜਿਹੜੇ ਰੂਹਾਨੀ ਤੌਰ ਤੇ ਵਡੇਰੇ ਹਨ, ਉਹ, ਜਿਨਾਂ ਨੂੰ ਦਿਖਾਵਾ ਕਦੇ ਚੰਗਾ ਨਹੀਂ ਲਗਾ, ਸਾਦਾ ਤੋਂ ਸਾਦਾ ਕਪੜਿਆਂ ਵਿਚ ਵੀ ਪਿਆਰੇ ਜਾ ਸਕਦੇ ਹਨ, ਸਤਿਕਾਰੇ ਜਾ ਸਕਦੇ ਹਨ। ਉਹਨਾਂ ਨੂੰ ਕਿਸੇ



Namdhari Elibrary NamdhariElibrary@gmail.com

ਉਚੇਚੀ ਗੱਦੀ ਦੀ ਲੋੜ ਨਹੀਂ ਪੈਂਦੀ । ਸਾਰਾ ਸਮਾਜ ਹੀ ਉਹਨਾਂ ਨੂੰ ਆਪਣੇ ਸਿਰ ਮੱਥੇ ਤੇ ਚੁਕ ਲੈਂਦਾ ਹੈ । ਪਲਾਂ ਵਿਚ ਹੀ ਠੁਮਕ ਠੁਮਕ ਚਲਦੇ ਆਪਣੇ ਆਸਣ ਤੇ ਆ ਬਿਰਾਜੇ । ਸ੍ਰੀ ਮਹਾਰਾਜ ਬੀਰ ਸਿੰਘ ਜੀ ਵੀ ਕੋਲ ਵਾਰ ਬੈਠੇ ਗਏ ਤੇ ਬਾਕੀ ਸਜਨ ਵੀ ਥਾਂ ਪਰ ਥਾਂ ਸਜ ਗਏ । ਥੋੜੀ ਦੇਰ ਬਾਦ ਸ੍ਰੀ ਬਾਬਾ ਜੰਗ ਸਿੰਘ ਜੀ ਮਹਾਰਾਜ ਵੀ ਦੀਵਾਨ ਵਿਚ ਸ੍ਰੀ ਮਹਾਰਾਜ ਜਗਜੀਤ ਸਿੰਘ ਜੀ ਦੇ ਪਾਸ ਆ ਕੇ ਸਸ਼ੋਭਤ ਹੋ ਗਏ ।

ਕਿਸਨੂੰ ਮਿਲਿਆ ਹੋਵੇਗਾ ਏਨਾਂ ਸਨਮਾਨ ਏਨੀ ਉਮਰ ਵਿਚ ਹੀ । ਕਿਸ ਦਾ ਸੁਭਾਗ ਹੋਵੇਗਾ ਅਜੇਹੇ ਮਿਲਵੇਂ ਇਕੱਠ ਵਿਚ ਆਪਣੇ ਗੁਰ-ਪਿਤਾ ਦਾ ਜਾ ਨਸ਼ੀਨ ਹੋਣ ਦਾ । ਇਕ ਲੱਖ ਤੋਂ ਵਧੀਕ ਬਹੁ ਧਰਮੀ ਲੋਕ ਕਿਵੇਂ ਸੁਆਗਤ ਲਈ ਸਤਿਕਾਰ ਤੇ ਪਿਆਰ ਨਾਲ ਇੰਜ ਖਲੋਤੇ ਹੋਣਗੇ— ਗੁਰੂ-ਇਤਿਹਾਸ ਗਵਾਹੀ ਦਿੰਦਾ ਨਹੀਂ ਜਾਪਦਾ ।

### ਕੈਮਰੇ ਕਮਲੇ ਹੋ ਗਏ —

ਡੇਢ ਦਰਜਨ ਤੋਂ ਵਧ ਉਚੇਚੇ ਫੋਟੋਗਰਾਫਰ ਮੌਕੇ ਦੀ ਇੰਤਜ਼ਾਰ ਵਿਚ ਸਨ । ਫਿਲਮੀ ਕੈਮਰੇ ਤੇ ਦੂਜੇ ਕੈਮਰੇ ਹਰਕਤ ਵਿਚ ਆ ਗਏ । ਭਾਂਤ ਸੁਭਾਂਤੀ ਪੋਜ਼ੀਸ਼ਨਾਂ ਲਈਆਂ ਜਾ ਰਹੀਆਂ ਸਨ । ਪੋਜ਼ ਤੇ ਪੋਜ਼ ਵਿਲਮਾਇਆ ਜਾ ਰਿਹਾ ਸੀ । ਕੋਈ ੧੫ ਮਿੰਟ ਤਾਂ ਜੋ ਕੁਝ ਫੋਟੋਗਰਾਫਰਾਂ ਨੇ ਕੀਤਾ ਉਸਨੇ ਲੋਕਾਂ ਨੂੰ ਚਕ੍ਰਿਤ ਕਰ ਦਿਤਾ । ਕਦੀ ਸਾਲਮ ਕਤਾਰਾਂ, ਕਦੇ ਅਗੇ ਪਿਛੇ, ਕੈਮਰਿਆਂ ਦੇ ਬਟਨ ਦਬੀਂਦੇ ਕਲਿੱਕ ਹੁੰਦੀ ਤੇ ਫਿਰ ਬਿਜਲੀ ਬੱਤੀਆਂ ਦੀ ਰੋਸ਼ਨੀ ਨਾਲ ਨਵੇਂ ਜਾ-ਨਸ਼ੀਨ ਦੀਆਂ ਤਸਵੀਰਾਂ ਉਤਾਰੀਆਂ ਜਾਂਦੀਆਂ । ਸੰਗਤ ਦੇ ਸਮੂਹ ਦੀਆਂ ਫੋਟੋ, ਸੰਪ੍ਰਦਾਇਕ ਮਹਾਂ ਪੁਰਸ਼ਾਂ ਦੀਆਂ ਤਸਵੀਰਾਂ, ਮਿਲਵੀਆਂ ਤਸਵੀਰਾਂ, ਇਕ ਇਕ ਬੁਲਾਰੇ ਦੀ ਤਸਵੀਰ, ਗੱਲ ਕੀ ਤਾਇਆਂ ਤਰਲਿਆਂ ਨਾਲ ਪ੍ਰਬੰਧਕਾਂ ਨੇ ਫੋਟੋਗਰਾਫਰਾਂ ਨੂੰ ਮਨਾਇਆ ਕਿ ਉਹ ਜ਼ਰਾ ਦੀਵਾਨ ਦਾ ਵਿਚਕਾਰਲਾ ਘੇਰਾ ਅਤੇ ਦਰਸ਼ਨ-ਮਾਰਗ ਵਿਹਲਾ ਕਰਨ । ਪਰ ਕੈਮਰੇਮੈਨ ਸਨ ਕਿ ਉਹ ਏਸ ਸਮਾਗਮ ਨੂੰ ਜਿਵੇਂ ਫਿਲਮਾਂ ਰਾਹੀਂ ਪੀ ਹੀ ਜਾਣਾ ਚਾਹੁੰਦੇ ਸਨ । ਇਹ ਸਾਹਿਬ ਕੁਝ ਤਾਂ ਅਖਬਾਰਾਂ ਦੇ ਪ੍ਰਤੀਨਿਧ ਸਨ, ਕੁਝ ਉਚੇਚੇ ਬੁਲਾਵੇ ਤੇ ਆਏ ਸਨ ਕੁਝ ਪਰਦੇਸ਼ਾਂ ਦੀਆਂ ਸੰਗਤਾਂ ਦੇ ਨੁਮਾਇੰਦੇ ਸਨ ਅਤੇ ਕੁਝ ਸਨ ਜਿਨ੍ਹਾਂ ਦਾ ਨਿਜੀ ਸ਼ੌਕ ਸੀ ।

ਸੰਗਤ ਭਾਵੇਂ ਉਕਤਾ ਵੀ ਗਈ ਸੀ, ਪਰ ਅਜੇਹੇ ਮਹਾਂ ਸਮਾਗਮਾਂ ਤੇ ਸੁਅਵਸਰਾਂ ਦੀਆਂ ਫੋਟੋ ਵੀ ਜੇ ਅੱਜ ਦੇ ਸਮੇਂ ਵਿਚ ਨਾ ਉਤਾਰੀਆਂ ਜਾਣ ਤਾਂ ਇਤਿਹਾਸ ਦੀ ਯਾਦ ਵੀ ਕੋਈ ਸਪਸ਼ਟ ਰੂਪ ਰੇਖਾ ਨਹੀਂ ਦੇ ਸਕਦੀ । ਹਰੇਕ ਨੂੰ ਪਤਾ ਹੈ ਕਿ ਸ੍ਰੀ ਸਤਿਗੁਰੂ ਜੀ ਦੇ ਪਿਛੋਂ ਉਹਨਾਂ ਦੇ ਰੀਕਾਰਡ ਕੀਤੇ ਸੁਭ ਬਚਨ ਸਾਡਾ ਕਿੰਨਾ ਸਹਾਰਾ ਹਨ ਤੇ ਕਿੰਨੀ ਅਸਲੀ ਟੋਹ ਦਿੰਦੇ ਹਨ । ਜਿਨ੍ਹਾਂ ਜਿਨ੍ਹਾਂ ਨੇ ਜਿੰਨੀਆਂ ਤਸਵੀਰਾਂ ਸਤਿਗੁਰਾਂ ਦੀਆਂ ਉਤਾਰੀਆਂ ਹਨ, ਅਜ ਸਾਨੂੰ ਉਹਨਾਂ ਦੀ ਅਸਲੀ ਕੀਮਤ ਮਾਲੂਮ ਹੋਵੇਗੀ ।



ਸ: ਦਰਬਾਰਾ ਸਿੰਘ ਕਾਂਗਰਸ ਦੇ ਉਸ ਵਕਤ ਦੇ ਪ੍ਰਦੇਸ਼ ਪ੍ਰਧਾਨ ਦਸਤਾਰ ਬੰਦੀ ਸਮਾਗਮ ਸਮੇਂ ।

### ਇਕ ਦਸਤਾਰ ਜਿਦ੍ਹਾ ਓੜਕਾਂ ਦਾ ਭਾਰ

ਨਾਮਧਾਰੀ ਪੰਥ ਲਈ ਇਮਤਿਹਾਨ ਦਾ ਵੇਲਾ ਸੀ । ਬੀਤ ਚੁਕੇ ਸਤਿਗੁਰਾਂ ਦਾ ਅੰਤਮ-ਸੰਸਕਾਰ ਉਹਨਾਂ ਨਮਿਤ ਪਾਠਾਂ ਦੇ ਭੋਗ ਨਾਲ ੨। ਵਜੇ ਸਮਾਪਤ ਕੀਤਾ ਜਾ ਚੁਕਾ ਸੀ । ਦੂਜੇ ਪਾਸੇ ਰਾਗੀਆਂ ਵਾਲੀ ਜਗਹ ਵੀ ਭਾਈ ਗੁਰਮੁਖ ਸਿੰਘ ਤੇ ਸਰਮੁਖ ਸਿੰਘ ਜੀ ਆ ਚੁਕੇ ਸਨ । ਹੁਣ ਦਸਤਾਰ ਬੰਦੀ ਦਾ ਸਮਾਂ ਨਿਕਟ ਸੀ । ਸ੍ਰੀ ਚਕ੍ਰਵਰਤੀ ਜੀ ਦੀ ਜ਼ਬਾਨੀ ਸਾਧ ਸੰਗਤ ਨੇ ਮਾਈਕ ਦੇ ਸਾਹਮਣੇ ਐਲਾਨ ਸੁਣਿਆ ਕਿ ਨਾਮ-ਧਾਰੀ ਪੰਥ ਵਲੋਂ ਕੇਵਲ ਤੇ ਕੇਵਲ ਇਕ ਦਸਤਾਰ ਸ੍ਰੀ ਮਹਾਰਾਜ ਜਗਜੀਤ ਸਿੰਘ ਜੀ ਦੀ ਭੇਟ ਕੀਤੀ ਜਾਵੇਗੀ । ਨਾਮਧਾਰੀਆਂ ਵਲੋਂ ਹੋਰ ਕੋਈ ਦਸਤਾਰ ਨਹੀਂ ਲਈ ਜਾਵੇਗੀ, ਇਸ ਲਈ ਕੋਈ ਸਜਣ ਵੱਖ-ਵੱਖ ਪੱਗਾਂ ਲਿਆਉਣ ਦੀ ਖੇਚਲ ਨਾ ਕਰੇ ।

... ... ... ... ...

ਨਾਮਧਾਰੀ ਪੰਥ ਵਲੋਂ ਇਕੋ ਦਸਤਾਰ ਕਿਉਂ ਭੇਟ ਹੋਵੇ ਕਿਵੇਂ ਭੇਟ ਹੋਵੇ, ਉਸਨੂੰ ਕੌਣ ਪੇਸ਼ ਕਰੇ ਤੇ ਉਹ ਕੇਹੋ ਜੇਹੀ ਹੋਵੇ, ਭਾਵੇਂ ਏਹ ਸਵਾਲ ਵੇਖਣ ਨੂੰ ਸਾਧਾਰਨ ਵੀ ਲਗਦੇ



Namdhari Elibrary NamdhariElibrary@gmail.com

ਹੋਣ ਪਰ ਸਾਡੇ ਸਮੇਂ ਦੇ ਇਹ ਅਹਿਮ ਸਵਾਲ ਸਨ । ਇਹਨਾਂ ਦੇ ਹੱਲ ਲਈ ਸਮੁਚਾ ਪੰਥ ਕਿਵੇਂ ਇਕ ਰਾਇ ਹੋਵੇ, ਬੜਾ ਵਿਚਾਰ ਗੋਚਰਾ ਮਸਲਾ ਸੀ ।

ਨਾਮਧਾਰੀ ਸੂਬੇ, ਜਥੇਦਾਰ ਤੇ ਖਾਸ ਸ਼ਖਸੀਅਤਾਂ ਇਕ ਦਿਨ ਪਹਿਲਾਂ ਤੋਂ ਵਿਚਾਰ ਕਰ ਰਹੀਆਂ ਸਨ । ਆਮ ਤੌਰ ਤੇ ਬੜੇ ਵਿਰਲੇ ਜਾਣਦੇ ਸਨ ਕਿ ਇਸ ਰਸਮ ਨੂੰ ਕਿਵੇਂ ਅਦਾ ਕੀਤਾ ਜਾਵੇਗਾ । ਮੈਂ ਦਸਤਾਰ ਬੰਦੀ ਸਮੇਂ ਨੂੰ ਪਾਠਕਾਂ ਦੇ ਪੇਸ਼ ਕਰਨ ਤੋਂ ਪਹਿਲਾ ਇਸ ਦਾ ਪਿਛੋਕੜ ਅਰਜ਼ ਕਰਨਾ ਚਾਹੁੰਦਾ ਹਾਂ ।

ਨਾਮਧਾਰੀ ਪੰਥ ਵਿਚ ਵੱਖ ਵੱਖ ਸੋਚਾ ਦੇ ਹੁੰਦਿਆਂ ਇਕਮੁਠਤਾ ਸ੍ਰੀ ਸਤਿਗੁਰੂ ਜੀ ਦੇ 'ਹੁਕਮ' ਉੱਤੇ ਰਹੀ ਹੈ । ਸਾਹਮਣੇ ਆਏ ਮਸਲੇ ਤੇ ਵਿਚਾਰ ਹਰ ਕੋਈ ਦੇ ਲੇ ਸਕਦਾ ਹੈ, ਪਰ ਅੰਤਮ ਫ਼ੈਸਲਾ ਸ੍ਰੀ ਸਤਿਗੁਰੂ ਜੀ ਦੇ ਹਥ ਹੀ ਰਿਹਾ ਹੈ—ਉਹ ਆਪ ਇਸ ਢੰਗ ਨੂੰ ਸਿਆਸੀ ਬੋਲਚਾਲ ਦੇ ਲਫ਼ਜ਼ 'ਡਿਕਟੇਟਰ ਸ਼ਿਪ' ਨਾਲ ਤੁਲਨਾ ਦਿਆਂ ਕਰਦੇ ਸਨ ਉਹਨਾਂ ਦਾ ਵਿਚਾਰ ਸੀ ਕਿ ਗੁਰ ਸਿਖੀ ਦੇ ਸਾਕ ਵਿਚ 'ਡੇਮੋਕ੍ਰੇਸੀ' ਨਹੀਂ ਚਲ ਸਕਦੀ । ਏਥੇ ਤਾਂ 'ਗੁਰ ਕਹਿਆ ਸਾ ਕਾਰ ਕਮਾਵਹੁ' ਦਾ ਅਮਲ ਹੀ ਫਿਟ ਬਹਿੰਦਾ ਹੈ ।



ਸ: ਹਰਭਜਨ ਸਿੰਘ ਸੋਸ਼ਲਿਸਟ (ਅਜ ਕਲ ਖੁਰਾਕ ਮੰਤਰੀ ਪੰਜਾਬ) ਆਪਣੇ ਵਿਚਾਰ ਪੇਸ਼ ਕਰਦੇ ਹੋਏ ।

ਸ੍ਰੀ ਮਹਾਰਾਜ ਜਗਜੀਤ ਸਿੰਘ ਜੀ ਸਮੇਂ ਦੇ ਰੂਹਾਨੀ ਹਾਕਮ ਤਾਂ ਸਤਿਗੁਰਾਂ ਦੇ ਸਰੀਰ ਅੰਤ ਤੋਂ ਬਾਦ ਹੀ ਮੰਨੇ ਗਏ ਸਨ । ਸਵਾਲ ਪੰਥ ਵਲੋਂ ਇਸ ਸਮੇਂ ਨਿਜੀ ਸਤਿਕਾਰ ਤੇ ਪਿਆਰ ਭੇਟ ਕਰਕੇ ਆਪਣੇ ਵਲੋਂ ਉਸ ਪ੍ਰਣ ਦੇ ਪੇਸ਼ ਕਰਨ ਦਾ ਸੀ ਜੋ ਇਕ ਸਿਖ ਨੂੰ ਸਾਰੀਆਂ ਸ਼ਕਤੀਆਂ ਸਮੇਤ ਸਤਿਗੁਰੂ ਦੇ ਅਧੀਨ ਕਰ ਦਿੰਦਾ ਹੈ : ਜ਼ਰੂਰਤ ਇਸ ਗੱਲ ਦੀ ਵੀ ਸੀ ਕਿ ਗੁਰੂ ਤੇ ਉਸ ਦੀਆਂ ਸੰਗਤਾਂ ਵਿਚ ਰੂਹਾਨੀ ਸਾਂਝ ਵਧੇ, ਜਿਹੜੀ ਸਿਧੇ ਸਬੰਧ ਨਾਲ ਹੋਵੇ ਰਿਸ਼ਤੇਦਾਰੀਆਂ ਦੀਆਂ ਰਸਮਾਂ ਗੁਰੂ ਸਿਸਟਮ ਵਿਚ ਕੋਈ ਮਾਅਨੇ ਨਹੀਂ ਰਖਦੀਆਂ । ਸਾਡੇ ਸਤਿਗੁਰਾਂ ਨੇ ਕਦੇ ਵੀ ਸੰਸਾਰਕ ਰਿਸ਼ਤੇ ਦੀ ਗੰਢ ਨੂੰ ਏਨੀ ਵਿਸ਼ੇਸ਼ਤਾ ਨਹੀਂ ਸੀ ਦਿਤੀ ਕਿ ਉਹ ਗੁਰ ਸਿਖਾਂ ਤੋਂ ਮਹਾਨ ਮੰਨਿਆ ਜਾਵੇ । ਇਸ ਲਈ ਦਸਤਾਰ ਬੰਦੀ ਦੀ ਰਸਮ ਵਿਚ ਨਾ ਨਾਨਕਿਆਂ ਨਾ ਦਾਦਕਿਆਂ ਤੇ ਨਾ ਸਹੁਰੇ ਸਾਕਾਂ ਦਾ ਹੋਣਾ ਜ਼ਰੂਰੀ ਸੀ । ਉਪਰੋਕਤ ਸਾਰੇ ਰਿਸ਼ਤੇ ਸੰਸਾਰਕ ਤੌਰ ਤੇ ਸਤਿਕਾਰੇ ਜਾਣ ਯੋਗ ਹਨ ਪਰ ਗੁਰਸਿਖੀ ਦੀ ਏਸ ਸਾਂਝ ਨੂੰ ਸਭ ਤੋਂ ਉਚਿਆ ਰਖਣਾਂ ਵੀ ਅਤੀ ਲੋੜੀਂਦਾ ਸੀ । ਸੋ ਇਹ ਤੈ ਕੀਤਾ ਗਿਆ ਕਿ ਰਿਸ਼ਤੇਦਾਰੀ ਦੇ ਪਖੋਂ ਕਿਸੇ ਵਿਅਕਤੀ ਨੂੰ ਅਜੇਹੀ ਰਸਮ ਵਿਚ ਭਾਗੀ ਨਾ ਬਣਾਇਆ ਜਾਇ ! ਪੰਥ ਦੀ ਹੋਂਦ ਸਭ ਤੋਂ ਵਧ ਮਹਾਨਤਾ ਭਰੀ ਹੈ ।

ਘਰ ਘਰ ਵਲੋਂ, ਪਿੰਡਾਂ ਵਲੋਂ, ਜ਼ਿਲਿਆਂ ਵਲੋਂ, ਸੂਬਿਆਂ ਵਲੋਂ ਤੇ ਦੇਸ਼ਾਂ ਵਲੋਂ ਦਸਤਾਰ ਦੇਣੀ ਵੀ ਪੰਥਕ ਏਕਤਾ ਨੂੰ ਬਰਾਦਰੀ ਵਾਦ ਜ਼ਿਲਾਵਾਦ, ਜਾਂ ਸੂਬਕਵਾਦ ਵਿਚ ਬਦਲਦੀ ਸੀ ।

ਇਸ ਵਾਸਤੇ ਇਕੋ ਦਸਤਾਰ ਹੀ ਪੰਥ ਦੀ ਏਕਤਾ ਨੂੰ ਪਰਗਟ ਕਰਨ ਵਾਲੀ, ਪੰਥ ਦੇ ਪਰੇਮ, ਸ਼ਰਧਾ, ਆਗਿਆ ਪਾਲਨ ਤੇ ਰੂਹਾਨੀ ਉਚਤਾ ਨੂੰ ਤਸਲੀਮ ਕਰਨ ਵਾਲੀ ਮੰਨੀ ਗਈ । ਉਸ ਸਧਾਰਨ ਦਸਤਾਰ ਦੀ ਤੰਦ ਤੰਦ ਵਿਚ ਨਾਮਧਾਰੀਆਂ ਨੇ ਉਹ ਸਾਰੀਆਂ ਜ਼ਿਮੇਵਾਰੀਆਂ ਓਤ ਪ੍ਰੋਤ ਕਰ ਦਿੱਤੀਆਂ ਜਿਨਾਂ ਦੇ ਅਧੀਨ ਸਮੇਂ ਦੇ ਸਤਿਗੁਰੂ, ਵਰਗਾਂ, ਧੜਿਆਂ, ਰਿਸ਼ਤਿਆਂ, ਭਾਈਚਾਰਿਆਂ, ਮਜ਼ਹਬਾਂ ਤੇ ਸਿਆਸੀ ਵਖਰੇਵਿਆਂ ਤੋਂ ਉਚੇ ਰਹਿਕੇ ਸਮੁੱਚੀ ਲੋਕਾਈ ਦੇ ਭਲੇ ਦਾ ਉਪਦੇਸ਼ ਦਿੰਦੇ ਹਨ ਤੇ ਖਾਸ ਕਰ ਉਸ ਤੇ ਅਮਲ ਕਰਨ ਲਈ ਆਪਣੇ ਸੇਵਕਾਂ ਨੂੰ ਪ੍ਰੇਰਨਾਂ ਦਿੰਦੇ ਹਨ । ਸਤਿਗੁਰੂ ਬਜ਼ਾਤਿ ਖੁਦ ਹੀ ਮਹਾਨ ਤੋਂ ਮਹਾਨ ਹੁੰਦੇ ਹਨ ਪਰ ਸੇਵਕਾਂ ਦਾ ਆਪਣੇ ਸੁਆਮੀ ਨੂੰ ਏਹ ਉਮੰਗਾਂ ਪੇਸ਼ ਕਰਨੀਆਂ ਵੀ ਅਜੇਹੇ ਮੌਕਿਆ ਤੇ ਬਣ ਹੀ ਜਾਂਦੀ ਹੈ ।

ਇਕੋ ਦਸਤਾਰ ਵਿਚ ਜਦੋਂ ਇਹ ਸਭ ਕੁਝ ਨੀਯਤ ਕਰਨ ਦਾ ਪ੍ਰੋਗਰਾਮ ਸੀ ਤਾਂ ਇਹ ਨਿਰਣਾ ਕਰਨਾ ਵੀ ਸਾਹਵੇਂ ਆ ਗਿਆ ਕਿ ਉਹ ਦਸਤਾਰ ਕੇਹੋ ਜੇਹੀ ਹੋਵੇ । ਨਾਮਧਾਰੀ ਚਾਹੁੰਦੇ ਤਾਂ ਸੋਨੇ ਦੀਆਂ ਤਾਰਾਂ ਦੀ ਦਸਤਾਰ ਵੀ ਭੇਟ ਕਰ ਸਕਦੇ ਸਨ. ਪਰ ਇਸ ਵਿਚ ਉਹਨਾਂ ਨੂੰ ਕੋਈ ਵਡਿਆਈ ਨਹੀਂ ਸੀ ਜਾਪਦੀ, ਉਹਨਾਂ ਰੇਸ਼ਮ ਨੂੰ ਵੀ



Namdhari Elibrary NamdhariElibrary@gmail com

ਤਰਜੀਹ ਨਾ ਦਿਤੀ ਭਾਵੇਂ ਸੋਧ ਦੇ ਅੰਗ ਦੇਹ ਵੀ ਸਾਡੀ ਨਿਤ ਵਰਤੋਂ ਦਾ ਕਪੜਾ ਹੈ। ਸ਼ੁਧ ਖਦਰ ਨੂੰ ਵਡਿਆਈ ਬਖਸ਼ੀ ਗਈ। ਇਹ ਸ਼ੁਧਤਾ, ਸੁਦੇਸ਼ਤਾ, ਸਾਦਗੀ ਤੇ ਗਰੀਬ ਨਿਵਾਜਤਾ ਦਾ ਚਿਨ ਖਿਆਲ ਕਰਕੇ ਸ੍ਰੀ ਮਹਾਰਾਜ ਜੀ ਦੀ ਭੇਟਾ ਲਈ ਦਸਤਾਰ ਤਿਆਰ ਕੀਤੀ ਗਈ।

ਇਸ ਨੂੰ ਕੌਣ ਹਜ਼ੂਰ ਦੇ ਪੇਸ਼ ਕਰੇ ਇਹ ਵੀ ਜ਼ਰੂਰੀ ਸੁਆਲ ਸੀ। ਇਸ ਦਾ ਹੱਲ ਬੜਾ ਕੁਦਰਤੀ ਤੇ ਗੁਰੂ ਘਰ ਤੇ ਪੰਥ ਮਰਯਾਦਾ ਦੇ ਅਨੁਕੂਲ ਹੀ ਤਲਾਸ਼ਿਆ ਗਿਆ। ਕੋਈ ਵਿਅਕਤੀ ਗੁਰੂ ਪਰਵਾਰ ਵਿਚੋਂ ਨਾ ਹੋਵੇ, ਕੋਈ ਵਿਅਕਤੀ ਰਿਸ਼ਤੇਦਾਰਾਂ ਚੋਂ ਨਾ ਹੋਵੇ। ਭਾਵੇਂ ਮਹਾਨ ਸੰਤ, ਉਘੀਆਂ ਤੇ ਸਤਿਕਾਰੀਆਂ ਸ਼ਖਸੀਅਤਾਂ ਵੀ ਮੌਜੂਦ ਹਨ, ਪਰ ਇਹ ਸੁਭਾਗ ਉਸ ਸੇਵਾ ਮੂਰਤੀ ਨੂੰ ਮਿਲੇ ਜਿਸ ਨੂੰ ਜ਼ਿੰਦਗੀ ਦੇ ਪੰਜਾਹ ਸਾਲ ਸ੍ਰੀ ਸਤਿਗੁਰੂ ਜੀ ਦੀ ਸੇਵਾ ਦਾ ਸਮਾਂ ਮਿਲਿਆ ਰਿਹਾ। ਜਿਸ ਦੀ ਸੇਵਾ ਤੇ ਰੀਝੇ ਹੋਏ ਸਤਿਗੁਰੂ ਉਸ ਨੂੰ ਕਮਜ਼ੋਰ ਸਰੀਰ ਵਿਚ ਦੇਸ਼ਾਂ ਪਰਦੇਸ਼ਾਂ ਵਿਚ ਹਮੇਸ਼ਾਂ ਨਾਲ ਰਖਦੇ ਰਹੇ। ਜਿਸ ਨੂੰ ਸਤਿਗੁਰੂ ਜੀ ਦੀ ਸੇਵਾ ਤੇ ਉਹਨਾਂ ਦੇ ਪ੍ਰੇਮ ਬਿਨਾਂ ਹੋਰ ਕੋਈ ਸੰਸਾਰਕ ਧੰਮ ਨਹੀਂ ਸੀ। ਜਿਸ ਦੀ ਸੇਵਾ ਦੀ ਪ੍ਰਸ਼ੰਸਾ ਕਰਦਿਆਂ ਸ੍ਰੀ ਸਤਿਗੁਰੂ ਜੀ ਸ੍ਰੀ ਮੁੱਖ ਤੋਂ ਫਰਮਾਇਆ ਕਰਦੇ ਸਨ, "ਭਾਈ ਜੀ ਨੂੰ ਕਦੇ ਏਹ ਦਸਣ ਦੀ ਲੋੜ ਨਹੀਂ ਸੀ ਪਈ ਕਿ ਜਲ ਗਰਮ ਚਾਹੀਦਾ ਹੈ ਜਾਂ ਠੰਢਾ, ਮਿਠਾ ਘੱਟ ਲੋੜੀਂਦਾ ਹੈ ਜਾਂ ਵਧ। ਜਦੋਂ, ਜਿੰਨੇ ਲਈ ਤੇ ਜੋ ਕੁਝ ਲਈ ਅੰਦਰ ਨੇ ਚਾਹਿਆ ਭਾਈ ਸਾਹਿਬ ਨੇ ਬਿਨਾਂ ਕਹਿਣ ਤੋਂ ਲੈ ਆਂਦਾ" ਏਨੀ ਇਕਸ ਰਤਾਸੀ ਸ੍ਰੀ ਸਤਿਗੁਰੂ ਜੀ ਨਾਲ ਭਾਈ ਸਾਹਿਬ ਭਾਈ ਵਜ਼ੀਰ ਸਿੰਘ ਜੀ ਦੀ। ਉਹਨਾਂ ਦੀ ਜ਼ਾਤ ਨੇ ਸ੍ਰੀ ਸਤਿਗੁਰੂ ਜੀ ਦੀ ਸ਼ਖਸੀਅਤ ਤੋਂ ਕਦੇ ਕਿਸੇ ਨੂੰ ਪਲ ਭਰ ਲਈ ਵੀ ਮਹਾਨਤਾ ਨਹੀਂ ਸੀ ਦਿਤੀ। ਉਹ ਸਤਿਗੁਰੂ ਜੀ ਦੀ ਆਗਿਆ ਨੂੰ ਜ਼ਿੰਦਗੀ ਭਰ ਸਰਵੋਪਰ ਮੰਨਦੇ ਰਹੇ। ਸੋ ਸੇਵਾ ਦੇ ਪੱਖੋਂ ਭਾਈ ਸਾਹਿਬ ਜੀ ਨੂੰ ਮਹਾਨ ਮੰਨ ਕੇ ਦਸਤਾਰ ਪੇਸ਼ ਕਰਨ ਦਾ ਸੁਭਾਗ ਪ੍ਰਦਾਨ ਕੀਤਾ ਗਿਆ।

ਇਹ ਸਾਰੀ ਕਾਰਵਾਈ ਸੋਚ ਤੇ ਅਮਲ ਵਿਚ ਕਿਵੇਂ ਆਈ, ਏਹ ਵੀ ਜ਼ਰੂਰੀ ਜ਼ਿਕਰ ਯੋਗ ਹੈ। ਨਾਮਧਾਰੀ ਸੂਬੇ ਜਥੇਦਾਰਾਂ ਅਤੇ ਉਚੇਰੀਆਂ ਵਿਅਕਤੀਆਂ ਦੀ ਇਕ ਮੀਟਿੰਗ ੨੪ ਭਾਦਰੋਂ ਮੁਤਾਬਕ ੯ ਸਤੰਬਰ ੧੯੫੯ ਬੁਧਵਾਰ ਨੂੰ ਹੋਈ, ਜਿਸ ਨੇ ਇਕ ਮਤ ਹੋ ਹੇਠ ਲਿਖੇ ਵਿਅਕਤੀਆਂ ਦੀ ਇਕ ਕਮੇਟੀ ਮੁਕਰਰ ਕੀਤੀ ਜੋ ਦਸਤਾਰਬੰਦੀ ਬਾਬਤ ਸਾਰੇ



ਸ੍ਰੀ ਯਗਦਤ ਸ਼ਰਮਾ ਜਨਸੰਘ (ਅਜ ਕਲ ਪੰਜਾਬ ਜਨਤਾ ਪਾਰਟੀ ਦੇ ਪ੍ਰਧਾਨ ਤੇ ਮੈਂਬਰ ਪਾਰਲੀਮੈਂਟ ਸਮਾਗਮ ਵਿਚ ਬੋਲਦੇ ਹੋਏ।

ਫੈਸਲੇ ਕਰੇ :

੧. ਸੰਤ ਪ੍ਰੀਤਮ ਸਿੰਘ ਜੀ ਚੋਲੇਕੇ, ੨. ਸੂਬਾ ਵਰਿਆਮ ਸਿੰਘ ਜੀ ਸਮਸਾ, ੩ ਸੰਤ ਤੇਜਾ ਸਿੰਘ ਜੀ ਸੰਤ ਨਗਰ, ੪. ਸ੍ਰ: ਕੇਹਰ ਸਿੰਘ ਜੀ ਮਾਨ, ੫. ਸੇਠ ਸੁਹੇਲ ਸਿੰਘ ਜੀ ਧੌਰ, ੬. ਸ੍ਰ: ਸੁਚਾ ਸਿੰਘ ਜੀ ਮੋਰੀਵਾਲਾ, ੭. ਸ੍ਰ: ਸੁਚਾ ਸਿੰਘ ਜੀ ਦਿਲੀ ੮. ਸੰਤ ਫੁੰਮਣ ਸਿੰਘ ਜੀ ਕੰਵਲ, (ਅਫਰੀਕਾ) ੯. ਸੂਬਾ ਗੁਰਬਖਸ਼ ਸਿੰਘ ਚੱਕ, ੧੦. ਸ੍ਰ: ਤੇਜਾ ਸਿੰਘ ਜੀ ਐਮ. ਐਲ ਸੀ, ਸਰਸਾ, ੧੧. ਸ੍ਰ: ਸਾਧੂ ਸਿੰਘ ਜੀ ਜਲੰਧਰ।

(ਸ੍ਰੀਮਾਨ ਸੰਤ ਇੰਦਰ ਸਿੰਘ ਜੀ ਚਕ੍ਰਵਰਤੀ ਉਸ ਸਮੇਂ ਅਤਿ ਜ਼ਰੂਰੀ ਕੰਮ ਕਰਕੇ ਲੁਦਿਹਾਣੇ ਸਨ ਜਦੋਂ ਦਸਤਾਰ ਬੰਦੀ ਬਾਬਤ ਕਮੇਟੀ ਕਾਇਮ ਹੋਈ। ਪਰ ਸ੍ਰੀ ਚਕ੍ਰਵਰਤੀ ਜੀ ਨੇ ਪਹਿਲਾਂ ਤੋਂ ਹੀ ਸ੍ਰੀ ਮਹਾਰਾਜ ਜੀ ਦੀ ਸੇਵਾ ਵਿਚ ਅਰਜ਼ ਕਰ ਰਖੀ ਸੀ ਕਿ ਸ੍ਰੀ ਭਾਈ ਵਜ਼ੀਰ ਸਿੰਘ ਜੀ ਤੋਂ ਦਸਤਾਰ ਦਾ ਸਤਿਕਾਰ ਲਿਆ ਜਾਵੇ।)

ਜਿਸ ਤਰ੍ਹਾਂ ਉਪ੍ਰੋਕਤ ਕਮੇਟੀ ਨੇ ਨਿਰਣੇ ਕੀਤੇ ਤੇ ਸਮੇਂ ਨੂੰ ਇਕ ਮਤ ਹੋ ਨਜਿਠਿਆ, ਇਹ ਧੰਨਤਾ ਦੇ ਯੋਗ ਹੈ ਇਸ ਨੇ ਨਾਮਧਾਰੀ ਪੰਥ ਦੇ ਇਕ ਜ਼ਰੂਰੀ ਮੋੜ ਤੇ ਚੰਗੀਆਂ ਲੀਹਾਂ ਉਲੀਕ ਕੇ ਪੰਥਕ ਏਕਤਾ ਨੂੰ ਹੋਰ ਵੀ ਸੁਦ੍ਰਿੜ੍ਹ ਕਰ ਦਿਤਾ।

ਇਸ ਤਰ੍ਹਾਂ ਇਹ ਦਸਤਾਰ ਸਮੁੱਚੇ ਨਾਮਧਾਰੀ ਪੰਥ ਦੀਆਂ ਆਸਾਂ ਉਮੰਗਾਂ ਤੇ ਵਿਸ਼ਵਾਸਾਂ ਦਾ ਬੋ ਰਤਕਾ ਭਾਰ ਲੈ ਕੇ ਸ੍ਰੀ ਮਹਾਰਾਜ ਜੀ ਦੀ ਭੇਟਾ ਲਈ ਤਿਆਰ ਹੋਈ।



Namdhari Elibrary NamdhariElibrary@gmail com



ਸ੍ਰੀ ਮਹਾਰਾਜ ਬੀਰ ਸਿੰਘ ਜੀ—ਸਤਿਗੁਰੂ ਜੀ ਦੇ ਛੋਟੇ ਵੀਰ, ਧਰੁਪਦ ਧਮਾਰ ਦੀ ਗਾਇਨ ਅਤੇ ਪਖਾਵਜ ਦੀ ਵਾਦਨ ਸ਼ੈਲੀ ਨੂੰ ਪੁਰਾਤਨ ਸ਼ੁਧ ਰੂਪ ਵਿਚ ਸਾਂਭੀ ਬੈਠੇ ਹਨ । ਆਪ ਜੀ ਦੀ ਪਖਾਵਜ ਦੇ ਬੋਲਾਂ ਦੀ ਫੰਦ ਬਣਤਰ ਤੇ ਵਿਦਵਾਨ ਸੰਗੀਤਕਾਰ ਅਸ਼ ਅਸ਼ ਕਰ ਉਠਦੇ ਹਨ । ਨਾਮਧਾਰੀ ਮਰਯਾਦਾ ਰਹੁ ਰੀਤ ਦੇ ਦ੍ਰਿੜਤਾ ਨਾਲ ਪਾਲਕ, ਜਿਥੇ ਨਿਪੁਨ ਸੰਗੀਤਕਾਰ ਹਨ ਉਥੇ ਧਾਰਮਕ ਤੇ ਇਤਿਹਾਸਕ ਗਰੰਥਾਂ ਦੇ ਵਾਚਕ ਅਤੇ ਨਿਬੰਧਕਾਰ ਵੀ ਹਨ ਅਤੇ ਬਹੁਤ ਪਰਬੀਨ ਪਰਬੰਧਕ ਹਨ ।

**ਵਰਿਆਮ**

Namdhari Elibrary NamdhariElibrary@gmail.com



ਭਾਰਤ ਦੇ ਪਹਿਲੇ ਰਾਸ਼ਟਰਪਤੀ ਡਾ: ਰਾਜਿੰਦਰ ਪ੍ਰਸ਼ਾਦ ਨਾਲ
ਸਤਿਗੁਰੂ ਜੀ ਦੀ ਇਕ ਪੁਰਾਣੀ ਤਸਵੀਰ



ਸਾਜ਼ ਦਿਲਰੁਬਾ ਉਤੇ ਸੰਗੀਤ ਤਰੰਗਾਂ : ਆਪ ਦਿਲਰੁਬਾ ਨੂੰ ਦੋ ਢੰਗਾਂ ਨਾਲ, ਗਜ਼ ਨਾਲ,
ਤੇ ਤਰਬਾਂ ਛੇੜ ਕੇ ਆਪਣੇ ਹੀ ਨਵੇਕਲੇ ਅੰਦਾਜ਼ ਨਾਲ ਵਜਾਉਂਦੇ ਹਨ।

Namdhari Elibrary NamdhariElibrary@gmail com



ਦਸਤਾਰ ਬੰਦੀ 10 ਸਤੰਬਰ 1959
ਸਤਿਗੁਰੂ ਜੀ ਆਪਣੇ ਸੀਸ ਤੇ ਪੰਥ ਵਲੋਂ ਭੇਟਾ ਕੀਤੀ ਦਸਤਾਰ ਸਜਾ ਰਹੇ ਹਨ, ਨਾਲ ਹਨ ਸੰਤ ਇੰਦਰ ਸਿੰਘ ਚੱਕਰਵਰਤੀ, ਸ੍ਰੀ ਮਹਾਰਾਜ ਚਰਨ ਸਿੰਘ ਰਾਧਾ ਸੁਆਮੀ (ਬਿਆਸ), ਸ੍ਰੀ ਮਹਾਰਾਜ ਕ੍ਰਿਪਾਲ ਸਿੰਘ ਰਾਧਾ ਸੁਆਮੀ ਦਿਲੀ ਅਤੇ ਨਿਰਮਲੇ ਮਹਾਂ ਪੁਰਸ਼ ।



ਉਸਤਾਦ ਸੰਗੀਤਕਾਰਾਂ ਦਰਮਿਆਨ : ਸਤਿਗੁਰੂ ਜੀ ਦੇ ਪਿਛੇ ਮਸ਼ਹੂਰ ਸ਼ਹਿਨਾਈ ਵਾਦਕ ਉਸਤਾਦ ਬਿਸਮਿਲਾ ਖਾਂ, ਉਸਤਾਦ ਅਮਜਦ ਅਲੀ, ਸ: ਪਿਆਰਾ ਸਿੰਘ ਤੇ ਸੁਆਮੀ ਪਾਗਲ ਦਾਸ ਦਿਲੀ ਸੰਗੀਤ ਸਮੇਲਨ ਸਮੇਂ

Namdhari Elibrary NamdhariElibrary@gmail.com



ਪੰਜਾਬ ਦੇ ਭੂਤ ਪੂਰਵ ਮੁਖ ਮੰਤਰੀ ਸ: ਪ੍ਰਤਾਪ ਸਿੰਘ ਕੈਰੋਂ ਸਤਿਗੁਰੂ ਜੀ
ਅਤੇ ਮਹਾਰਾਜ ਬੀਰ ਸਿੰਘ ਜੀ ਨਾਲ ਇਕ ਨਿੱਘੇ ਵਿਚਾਰ
ਵਟਾਂਦਰੇ ਸਮੇਂ

**ਬਰਿਆਮ**

Namdhari Elibrary NamdhariElibrary@gmail com

ਪਬਲਿਕ ਉਡੀਕ ਰਹੀ ਸੀ। ਸ੍ਰੀ ਸਤਿਗੁਰੂ ਜੀ ਨਮਿਤ ਕੀਤੇ ਗਏ ਪਾਠਾਂ ਦਾ ਭੋਗ ਪੈ ਗਿਆ। ਭਾਈ ਵਜ਼ੀਰ ਸਿੰਘ ਜੀ ਦੀ ਅਗਵਾਈ ਵਿਚ ਹੇਠ ਲਿਖੇ ਸਜਣ ਦਸਤਾਰ ਲੈ ਕੇ ਪਹੁੰਚ ਗਏ : ੧. ਭਾਈ ਵਜ਼ੀਰ ਸਿੰਘ ਜੀ, ੨. ਸ੍ਰੀ ਠਾਕਰ ਦਲੀਪ ਸਿੰਘ ਜੀ, ੩ ਸੰਤ ਰਤਨ ਸਿੰਘ ਜੀ ਲਾਂਗਰੀ, ੪ ਸੰਤ ਬਹਾਦਰ ਸਿੰਘ ਜੀ, (ਸਤਿਗੁਰੂ ਜੀ ਦੇ ਪੁਰਾਣੇ ਚੌਰ ਬਰਦਾਰ) ੫ ਸੂਬਾ ਵਰਿਆਮ ਸਿੰਘ ਜੀ ਸਮਸਾ, (ਹਾਲ ਸੰਤ ਨਗਰ) ੬ ਸੰਤ ਪ੍ਰੀਤਮ ਸਿੰਘ ਜੀ ਚੇਲੇਕੇ, ੭. ਸੂਬਾ ਵਰਿਆਮ ਸਿੰਘ ਜੀ ਕੋਠੀ ਜੀਵਨ ਨਗਰ, ੮. ਸੇਠ ਸੁਹੇਲ ਸਿੰਘ ਜੀ ਧੀਰ, ੯. ਸ੍ਰ. ਸੁੱਚਾ ਸਿੰਘ ਜੀ ਦਿਲੀ। ਭਾਈ ਸਾਹਿਬ ਜੀ ਦੇ ਹੱਥ ਵਿਚ ਸਟੀਲ ਦਾ ਥਾਲ, ਉਸ ਵਿਚ ਕੂਜਾ ਮਿਸਰੀ, ਇਲਾਇਚੀਆ ਤੇ ਬਦਾਮ ਸਨ, ਉਪਰ ਸ਼ੁਧ ਖਦਰ ਦੀ ਦਸਤਾਰ ਸੀ। ਭੋਗਾਂ ਦੀ ਸਮਾਪਤੀ ਉਪਰੰਤ ਇਹ ਦਸਤਾਰ ਸ੍ਰੀ ਹਜ਼ੂਰ ਮਹਾਰਾਜ ਜਗਜੀਤ ਸਿੰਘ ਜੀ ਦੇ ਭੇਟ ਕੀਤੀ ਗਈ।

ਭਾਵੇਂ ਇਸ ਦਸਤਾਰ ਦੀ ਆਮਦ ਤੇ ਮਹਾਨਤਾ ਤੇ ਕੋਈ ਉਚੇਚੀ ਜਾਣ ਪਛਾਣ ਪੰਡਾਲ ਵਿਚ ਨਹੀਂ ਕਰਵਾਈ ਜਾ ਸਕੀ ਤਾਂ ਵੀ ਸਾਧ ਸੰਗਤ ਨੇ ਇਸ ਦਸਤਾਰ ਦੀ ਅਹਿਮੀਅਤ ਨੂੰ ਪਛਾਣ ਲਿਆ ਤੇ ਜਾਣ ਲਿਆ ਕਿ ਜੋਹੜੇ ਭਾਈ ਸਾਹਿਬ ਆਪਣੇ ਆਰਾਧਯ-ਦੇਵ ਨੂੰ ਦੀਵਾਨ ਵਿਚ ਨਾ ਪਾਕੇ, ਦੁਖੀ ਹਿਰਦੇ ਕਾਰਨ ਦੀਵਾਨ ਵਿਚ ਕਿਸੇ ਬਹਾਨੇ ਵੀ ਨਹੀਂ ਆਉਂਦੇ ਰਹੇ। ਅੱਜ ਇਹਨਾਂ ਦੀ ਆਉਂਦ ਜ਼ਰੂਰ ਅਰਥਾਂ ਭਰਪੂਰ ਹੈ ਤੇ ਉਹ ਅੱਜ ਆਪਣਾ ਪਿਆਰ ਇਸ ਪੰਥਕ ਦਸਤਾਰ ਨਾਲ ਲਿਆ ਕੇ ਸ੍ਰੀ ਮਹਾਰਾਜ ਜਗਜੀਤ ਸਿੰਘ ਜੀ ਦੀ ਭੇਟ ਕਰ ਰਹੇ ਹਨ।

ਸ੍ਰੀ ਮਹਾਰਾਜ ਜੀ ਦੀ ਭੇਟਾ ਧਰਕੇ ਆਪ ਤੇ ਨਾਲ ਦੇ ਸਾਥੀ ਕੋਲ ਕੋਲ ਬੈਠ ਗਏ। ਏਸ ਸਮੇਂ ਸ੍ਰੀਮਾਨ ਪੰਡਿਤ ਗੋਪਾਲ ਸਿੰਘ ਜੀ ਨੇ ੯੦੮ ਪਾਠ-ਭੋਗਾਂ ਅਤੇ ਨਾਮਧਾਰੀ ਪੰਥ ਵਲੋਂ ਕੀਤੀ ਗਈ ਦਸਤਾਰ-ਭੇਟ ਦਾ ੨ ਵਜਕੇ ੩੫ ਮਿੰਟ ਤੇ ਅਰਦਾਸਾ ਕੀਤਾ।

## ਪੱਗਾਂ ਦੇ ਢੇਰ—

ਅਰਦਾਸ ਉਪਰੰਤ ਜੈਕਾਰਿਆਂ ਅਸਮਾਨ ਗੁੰਜਾ ਦਿਤਾ। ਉਦਾਸੀ ਸੰਤਾਂ ਦੇ ਰਣ ਸਿੰਗਿਆਂ ਨੇ ਹਰਸ਼ਨਾਦ ਦੀਆਂ ਧੁਨਾਂ ਹੋਰ ਵੀ ਉਚੇਰੀਆਂ ਕਰ ਦਿਤੀਆਂ। ਸਾਰੀ ਸੰਗਤ ਕੁਝ ਮਿੰਟੀਂ ਖੁਸ਼ੀ ਭਰੇ ਕੁਲਾਹਲ ਬਾਦ ਪੂਰਣ ਤੌਰ ਤੇ ਸ਼ਾਂਤ ਹੋ ਗਈ। ਰਾਗੀਆਂ ਵਲੋਂ ਕੀਰਤਨ ਦਾ ਰੱਬੀ ਸੁਨੇਹਾ



ਸ: ਅਮਰ ਸਿੰਘ ਦੁਸਾਂਝ (ਉਸ ਵਕਤ ਸ਼ਰੋਮਣੀ ਕਮੇਟੀ ਦੇ ਜਨਰਲ ਸਿਕੱਤਰ) ਸਤਿਗੁਰੂ ਜੀ ਨੂੰ ਸ਼ਰਧਾਜਲੀ ਭੇਟ ਕਰਦੇ ਹੋਏ।

ਮਿਲ ਰਿਹਾ ਸੀ।

ਸਾਧ ਸੰਗਤ ਜੋ ਸ੍ਰੀ ਮਹਾਰਾਜ ਜੀ ਦੇ ਦਰਸ਼ਨਾਂ ਦੀ ਪਿਆਸੀ ਸੀ ਉਹ ਹਜ਼ੂਰ ਦੇ ਦੀਵਾਨ ਵਿਚ ਆਉਣ ਤੋਂ ਹੀ ਅਤੁਟ ਕਤਾਰਾਂ ਵਿਚ ਆ ਰਹੀ ਸੀ, ਭੇਟਾ ਧਰ ਧਰ, ਨਵੇਂ ਸਤਿਗੁਰੂ ਜੀ ਦੇ ਜਲਵੇ ਤਕ ਤਕ ਪ੍ਰਸੰਨ ਮਨ ਹੋ ਬੈਠਣ ਵਾਲੀ ਜਗਹ ਵਲ ਜਾ ਰਹੀ ਸੀ।

ਪਰ ਇਸ ਮੌਕੇ ਤੇ ਉਹਨਾਂ ਸੰਸਥਾ ਮੁਖੀਆਂ ਪ੍ਰਤਿਸ਼ਟ ਸਜਨਾਂ ਤੇ ਪੰਚਾਇਤਾਂ ਨੂੰ ਵੀ ਵਾਰੀ ਮਿਲ ਗਈ ਜੋ ਆਪਣੇ ਵਲੋਂ ਸ੍ਰੀ ਮਹਾਰਾਜ ਜੀ ਦੀ ਸੇਵਾ ਵਿਚ ਪਿਆਰ ਅਤੇ ਸਤਿਕਾਰ ਦੇ ਤੌਰ ਤੇ ਪੱਗਾਂ ਭੇਟਾ ਕਰਨਾ ਚਾਹੁੰਦੇ ਸਨ। ਨਾਮਧਾਰੀ ਪੰਥ ਵਲੋਂ ਦਸਤਾਰ ਭੇਟ ਤੋਂ ਪਿੱਛੋਂ ਹੋਰਨਾਂ ਪੱਗਾਂ ਲਈ ਖੁਲ੍ਹ ਹੋਈ।

ਇਸ ਸਮੇਂ ਪੰਡਾਲ ਵਿਚ ਇਕ ਇੰਚ ਜਗਹ ਵੇਹਲੀ ਨਹੀਂ ਸੀ। ਪੰਡਾਲੋਂ ਬਾਹਰ ਵੀ ਬੇਸ਼ੁਮਾਰ ਦੁਨੀਆਂ ਸੀ। ਪੰਡਾਲ ਦਾ ਅੰਦਰਲਾ ਦੀਵਾਨ ਵਾਲਾ ਘੇਰਾ ਵੀ ਛੋਟੇ ਗਰਾਫਰਾਂ ਉਚੇਚੇ ਆਦਮੀਆਂ ਤੇ ਲੋੜੀਦੇ ਪ੍ਰਬੰਧ ਸੇਵਕਾਂ ਨਾਲ ਭਰ ਗਿਆ ਸੀ। ਮਿੰਟਾਂ ਵਿਚ ਹੀ ਸ੍ਰੀ ਮਹਾਰਾਜ ਜੀ ਦੇ ਪਾਸ ਪੱਗਾਂ ਦਾ ਇਕ ਵੱਡਾ ਢੇਰ ਲਗ ਗਿਆ।

ਸੰਸਥਾਵਾਂ ਦੇ ਮੁਖੀ, ਪੰਚੈਤਾਂ ਅਤੇ ਉਚੇਚੀਆਂ ਵਿਅਕਤੀਆਂ ਪੱਗਾਂ ਨਾਲ ਵਹੁਤ ਰਕਮਾਂ ਲੈ ਕੇ ਆਈਆਂ ਪਰ ਸ੍ਰੀ ਮਹਾਰਾਜ ਜੀ ਵਲੋਂ ਸਭਨਾਂ ਪਾਸੋਂ ਕੇਵਲ ਪੱਗਾਂ ਤੇ ੧—੧ ਰੁਪੱਯਾ ਹੀ ਨਾਲ ਲਿਆ ਗਿਆ। ਕੁਝ ਉਚੇਚਿਆਂ ਦੇ ਨਾਮ ਦਰਜ ਕੀਤੇ ਜਾਂਦੇ ਹਨ :



Namdhari Elibrary NamdhariElibrary@gmail.com

੧. ਸ਼ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਅੰਮ੍ਰਿਤ-ਸਰ ਵਲੋਂ,

੨. ਸ੍ਰੀ ੧੦੮ ਮਹਾਰਾਜ ਕ੍ਰਿਪਾਲ ਸਿੰਘ ਜੀ ਰਾਧਾ ਸੁਆਮੀ, ਆਗਰਾ।

੩. ਸ੍ਰੀ ੧੦੮ ਮਹਾਰਾਜ ਚਰਨ ਸਿੰਘ ਜੀ ਰਾਧਾ ਸੁਆਮੀ, ਬਿਆਸਾ।

੪. ਸ੍ਰੋਮਣੀ ਪੰਥ ਸੇਵਕ ਦਲ ਅੰਮ੍ਰਿਤਸਰ

੫. ਸ੍ਰੋਮਣੀ ਮਾਲਵਾ ਅਕਾਲੀ ਦਲ

੬. ਪੰਚਾਇਤੀ ਅਖਾੜਾ ਕਨਖਲ ਹਰਿਦੁਆਰ

੭. ਸਨਾਤਨ ਧਰਮ ਸਭਾ ਪੰਜਾਬ।

੮. ਮਹੰਤ ਹਾਕਮ ਸਿੰਘ ਜੀ ਪ੍ਰਧਾਨ ਨਿਰਮਲ ਮਹਾਂ ਮੰਡਲ ਪੰਜਾਬ ਅੰਮ੍ਰਿਤਸਰ।

੯ ਮਹੰਤ ਆਤਮਾ ਸਿੰਘ ਜੀ ਨਿਰਮਲੇ ਸਤਿ. ਨਾਨਕ ਆਸ਼ਰਮ ਹਰਿਦੁਆਰ।

੧੦. ਮਹੰਤ ਗੁਰਦੀਪ ਸਿੰਘ ਜੀ ਕੇਸਰੀ ਬਨਾਰਸ।

੧੧ ਮਹੰਤ ਸੰਤ ਕਿਸ਼ਨ ਸਿੰਘ ਕ੍ਰੀਟ ਹਰਿਦੁਆਰ।

੧੨ ਮਹੰਤ ਬਸੰਤ ਸਿੰਘ ਜੀ ਬਨਾਰਸ।

੧੩. ਸ੍ਰੀ ਸੰਤ ਮਹਾਰਾਜ ਸਿੰਘ ਜੀ ਅੰਮ੍ਰਿਤਸਰ।

੧੪. ਸੰਤ ਮਲਕੀਅਤ ਸਿੰਘ ਜੀ।

੧੫. ਯਾਦਗਾਰ ਕਮੇਟੀ ਗੁਰਦੁਆਰਾ ਫਤਹ ਗੜ੍ਹ ਸਾਹਿਬ।

੧੬. ਗੁਰਦੁਆਰਾ ਮਾਓ ਸਾਹਿਬ।

੧੭. ਸੰਤ ਜੀ ਮਿਠੇ ਟਿਵਾਣੇ ਵਾਲੇ।

੧੮. ਮਹੰਤ ਹਰੀ ਸਿੰਘ ਜੀ ਅੰਮ੍ਰਿਤਸਰ।

੧੯. ਮਹੰਤ ਦਿਆਲ ਸਿੰਘ ਜੀ ਦਿਲੀ।

੨੦ ਮਹੰਤ ਕਿਸ਼ਨ ਸਿੰਘ ਜੀ ਹਰਿਦੁਆਰ।

੨੧. ਮਹੰਤ ਸੇਵਾ ਦਾਸ ਜੀ ਜ: ਸਕੱਤਰ ਉਦਾਸੀਨ ਮਹਾਂ ਮੰਡਲ ਪੰਜਾਬ।

੨੨. ਮਹੰਤ ਭਗਤ ਰਾਮ ਜੀ ਮੁਸਾਫਰ ਪਰਚਾਰ ਸਕੱਤਰ ਉਦਾਸੀਨ ਮਹਾ ਮੰਡਲ।

੨੩. ਅੱਡਣ ਸ਼ਾਹੀ ਸੇਵਾ ਮੰਡਲ।

੨੪. ਡੇਰਾ ਬਾਬਾ ਜਵੰਦ ਸਿੰਘ ਜੀ।

੨੫ ਮਹੰਤ ਸਰਵਣ ਦਾਸ ਜੀ ਉਦਾਸੀ, ਰਾਮਪੁਰ।

੨੬. ਮਹੰਤ ਗੋਪਾਲ ਦਾਸ ਜੀ ਉਦਾਸੀ ਰਾਈਆਂ।

**ਸ਼ਖਸੀਅਤਾਂ—**

੧. ਭਾਈ ਸਾਹਿਬ ਭਾਈ ਅਰਦੁਮਨ ਸਿੰਘ ਜੀ ਬਾਗੜੀਆਂ।

੨. ਮਹਾਰਾਜਾ ਯਾਦਵਿੰਦਰ ਸਿੰਘ ਜੀ ਪਟਿਆਲਾ

੩. ਮਹਾਰਾਜਾ ਨਾਭਾ।

੪. ਰਾਜਾ ਸੁਰਿੰਦਰ ਸਿੰਘ ਜੀ ਨਾਲਾਗੜ੍ਹ।

੫. ਸ: ਗਿਆਨ ਸਿੰਘ ਜੀ ਰਾੜੇਵਾਲਾ ਮੰਤਰੀ ਪੰਜਾਬ।

੬. ਕੰਵਰ ਮਨਜੀਤ ਇੰਦਰ ਸਿੰਘ ਜੀ ਫਰੀਦ ਕੋਟ।

੭ ਸ੍ਰੀ ਏ. ਸੀ. ਬਾਲੀ ਐਡੀਟਰ ਟ੍ਰੀਬਿਊਨ ਅੰਬਾਲਾ ੫੧ ਰੁਪੈ।

੮. ਸਰਦਾਰ ਦਇਆ ਸਿੰਘ ਜੀ ਦਾਰਾਸਲਾਮ।

੯. ਡਾਕਟਰ ਵਰਿਆਮ ਸਿੰਘ ਜੀ ਨਾਭਾ।

੧੦. ਲਾਲਾ ਹਰਿਦੇਵ ਸਹਾਇ ਜੀ ਦਿਲੀ।

੧੧ ਜੇ.ਐਨ ਮਾਨਕਰ ਬੰਬਈ।

੧੨. ਸਰਦਾਰ ਨੌਰੰਗ ਸਿੰਘ ਜੀ ਆਈ ਜੀ।

੧੩. ਸਰਦਾਰ ਭਗਵੰਤ ਸਿੰਘ ਜੀ ਹਰੀ, ਨਾਭਾ।

੧੪. ਸਰਦਾਰ ਬਖਤਾਵਰ ਸਿੰਘ ਜੀ ਗਿੱਲ ਸੁਧਾਰ।

੧੫ ਬਖਸ਼ੀ ਧਿਆਨ ਸਿੰਘ ਜੀ ਟ੍ਰੇਨਰ ਆਰ. ਸੀ ਟੀ. ਸੀ. ਕਲਕਤਾ। ੫੧ ਚੈਕ ਰਾਹੀਂ।

੧੬. ਸ੍ਰੀ ਜਗਨਨਾਥ ਜੀ ਸੂਦ ਪ੍ਰਧਾਨ ਆਰਯਾ ਸਮਾਜ ਮੋਗਾ। ਮਨੀਆਰਡਰ ਰਾਹੀਂ ੫)

੧੭. ਸ੍ਰੀ ਅਨੰਦ ਸਵਾਮੀ ਜੀ ਐਮ. ਏ. ਕਾਇਆਂ ਕਲਪ ਕਾਨਨ ਗਾਜ਼ੀਆਬਾਦ ੫) ਮਨੀਆਰਡਰ ਰਾਹੀਂ।

੧੮. ਕੰਬੋਜ ਬਰਾਦਰੀ ਦੇ ਸੰਤ।

੧੯. ਸ੍ਰੀ ਮਦਨ ਲਾਲ ਜੀ ਮਲੇਰ ਕੋਟਲਾ।

੨੦. ਸ੍ਰੀ ਰਾਮ ਲਾਲ ਜੀ ਬਤਰਾ ਸਰਸਾ।

੨੧. ਸ੍ਰੀ ਮੋਹਨ ਲਾਲ ਜੀ।

੨੨. ਸ੍ਰੀ ਈਸ਼ਵਰ ਚੰਦ ਜੀ ਵੈਦ ਪਟਿਆਲਾ।

੨੩. ਡਾਕਟਰ ਹਰਿਦਾਸ ਮੱਲ ਦੀ ਕਟਾਣੀ।

੨੪. ਸ: ਜੀਊਨ ਸਿੰਘ ਜੀ ਹੈਡ ਮਾਸਟਰ ਸ੍ਰੀ ਭੈਣੀ ਸਾਹਿਬ।

੨੫ ਘੁਮੰਡੇ ਕਾ ਪ੍ਰਵਾਰ ਸ੍ਰੀ ਭੈਣੀ ਸਾਹਿਬ।

**ਪੰਚਾਇਤ—**

੧ ਨਗਰ ਪੰਚਾਇਤ ਕਟਾਣੀ ੨ ਉਟਾਲਾ, ੩ ਸ੍ਰੀ ਭੈਣੀ ਸਾਹਿਬ, ੪ ਨੰਦਪੁਰ, ੫ ਧਰੋੜ, ੬ ਸਾਹਨੀ, ੭ ਲਾਟੋਂ, ੮ ਪੰਚੈਤ ਲਾਸਾੜਾ, (ਜਲੰਧਰ) ੯ ਉਪਲਾਂ, ੧੦ ਰਈਆਂ, ੧੧ ਪ੍ਰਤਾਪਗੜ੍ਹ, ੧੨ ਰਾਮਪੁਰ (ਜ਼ਿਲਾ



Namdhari Elibrary NamdhariElibrary@gmail.com



ਪ੍ਰਸਿਧ ਸ਼ਾਕਾਹਾਰੀ ਨੇਤਾ ਸ੍ਰੀ ਮਾਣਕਰ ਸਮਾਗਮ ਵਿਚ ਹਾਜ਼ਰੀ ਭਰਦੇ ਹੋਏ।

ਪਟਿਆਲਾ) ੧੩ ਲੱਲਾ, (ਜ਼ਿਲਾ ਪਟਿਆਲਾ) ੧੪ ਕੋਟ ਗੰਗੂ ਰਾਇ, ੧੫ ਛੋਟੀ ਲਾਟੋਂ, ੧੬ ਬਿੱਲਾ, (ਜ਼ਿਲਾ ਜਲੰਧਰ) ੧੭ ਜੈਪੁਰਾ (ਜ਼ਿ: ਪਟਿਆਲਾ)

ਹੋਰ ਵੀ ਅਨੇਕਾਂ ਸੱਜਣ ਤੇ ਪੰਚਾਇਤਾਂ ਦੀਆਂ ਪੱਗਾਂ ਆਈਆਂ। ਜਿਨ੍ਹਾਂ ਦਾ ਨਾਮ ਮੈਂ ਨੋਟ ਨਹੀਂ ਕਰ ਸਕਿਆ, ਉਹਨਾਂ ਤੋਂ ਨਿਮਰਤਾ ਸਹਿਤ ਖਿਮਾ ਦਾ ਯਾਚਕ ਹਾਂ।

**ਦਸਤਾਰ ਸਜ ਗਈ –**

੨ ਵਜਕੇ ੩੯ ਮਿੰਟ ਤੇ ਸ੍ਰੀ ਮਹਾਰਾਜ ਜਗਜੀਤ ਸਿੰਘ ਜੀ ਨੇ ਆਪਣੀ ਪਹਿਲੀ ਦਸਤਾਰ ਪੇਚ ਪੇਚ ਕਰਕੇ ਲਾਹੀ ਤੇ ਫਿਰ ਭਰੇ ਦੀਵਾਨ ਵਿਚ ਸਿਰ ਤੇ ਇਕ ਪੱਲਾ ਰਖਦਿਆ ਦੂਜੀ ਪੰਥਕ ਦਸਤਾਰ ਨੂੰ ਸਿਰ ਤੇ ਸਜਾਣਾ ਅਰੰਭ ਦਿਤਾ। ੨ ਵਜ ਕੇ ੪੦ ਮਿੰਟ ਤੇ ਦਸਤਾਰ ਸਿਰ ਤੇ ਸੁਭਾਇਮਾਨ ਹੋ ਗਈ। ਹੁਣ ਨਵੇਂ ਸਤਿਗੁਰੂ ਜੀ ਸਮੂਹ ਦੀਆਂ ਆਸਾਂ ਉਮੰਗਾਂ ਨੂੰ ਪਰਵਾਨ ਕਰਨ ਦੀ ਦ੍ਰਿਸ਼ਟੀ ਨਾਲ ਵਿਸ਼ਾਲ ਜਨ ਸਮੂਹ ਵਿਚ ਇਕ ਮਿੰਟ ਲਈ ਦਰਸ਼ਨ ਦੇਣ ਵਾਸਤੇ ਆਪਣੇ ਆਸਣ ਤੇ ਹੀ, ਉਠ ਕੇ ਖਲੋ ਗਏ। ਸਾਹਿਬਾਂ ਨੇ ਕੋਈ ਸ਼ਬਦ ਵੀ ਮੂੰਹੋਂ ਨਹੀਂ ਅਲਾਇਆ। ਇਸ ਦਰਸ਼ਨ-ਦਾਤ ਨੂੰ ਦੀਵਾਨ ਵਿਚ ਉਪਸਥਿਤ ਲੋਕਾਂ ਨੇ ਇਸ ਚਾਉ ਤੇ ਉਮਾਹ ਨਾਲ ਜੀ ਆਇਆਂ ਆਖਿਆ, ਇਸ ਨਾਲ ਦੀਵਾਨ ਵਿਚ ਜ਼ਰਾ ਖੁਸ਼ੀ ਦਾ ਕੋਲਾਹਲ ਮਚ ਗਿਆ।

ਇਸਨੂੰ ਸ਼ਾਂਤ ਕਰਨ ਵਾਸਤੇ ਸੰਤ ਕਰਮ ਸਿੰਘ ਜੀ ਬਾਲਮ ਨੇ ਮਾਈਕ ਦੇ ਸਾਹਮਣੇ ਆਕੇ ਬੜੇ ਮੌਕੇ ਦਾ ਸ਼ਬਦ ਲਿਆ। ਜੋਟੀਆਂ ਨਾਲ ਪੜ੍ਹਨ ਦਾ ਸੰਕੇਤ ਕੀਤਾ। ਸ਼ਬਦ ਸੀ:

ਜਿਸਕੀ ਵਸਤੁ ਤਿਸੁ ਆਗੈ ਰਾਖੈ।
ਪ੍ਰਭ ਕੀ ਆਗਿਆ ਮਾਨੈ ਮਾਥੈ।

ਇਸ ਸਮੇਂ ਫਿਰ ਕੈਮਰਿਆਂ ਵਾਲਿਆਂ ਨੇ ਅਨੇਕਾਂ ਪੁਜ਼ੀਸ਼ਨਾਂ ਤੋਂ ਤਸਵੀਰਾਂ ਲਈਆਂ। ਘੜੀਆਂ ਬੇਨਤੀਆਂ ਕੀਤੀਆਂ ਗਈਆਂ ਕਿ ਫੋਟੋ ਗ੍ਰਾਫੀ ਦੀ ਸਾਰੀ ਕਲਾ ਅੱਜ ਤੇ ਹੀ ਨਾ ਖ਼ਤਮ ਕਰ ਦਿਤੀ ਜਾਇ-ਪਰ ਕੌਣ ਮੰਨੇ, ਬੇਸ਼ਕ ਡੇਢ ਦਰਜਨ ਦੇ ਕਰੀਬ ਫੋਟੋ ਗ੍ਰਾਫਰ ਮੌਕੇ ਤੇ ਹੀ ਰਹੇ ਪਰ ਅਨੇਕਾਂ ਕੈਮਰਾ ਮੈਨਾਂ ਦਾ ਉਤਸ਼ਾਹ ਪੂਰਾ ਨਾ ਹੋ ਸਕਿਆ।

**ਵਿਸ਼ਾਲ ਦਿੱਲੀ ਦੀ ਕਰਾਮਾਤ**

1934 ਈ: ਵਿਚ ਜਦੋਂ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਨੇ ਸਮੂਹ ਸਿਖ ਸੰਪ੍ਰਦਾਵਾਂ ਵਿਚ ਪਰਸਪਰ ਪਿਆਰ ਮਿਲ-ਵਰਤੋਂ ਵਧਾਣ ਦੇ ਖਿਆਲ ਨਾਲ ਸ੍ਰੀ ਗੁਰੂ ਨਾਨਕ ਸਰਬ ਸੰਪਰਦਾਇ ਕਾਨਫਰੰਸ ਕੀਤੀ ਤਾਂ ਬਹੁਤ ਸਾਰੀਆਂ ਸਿਖ ਸੰਸ-ਥਾਵਾਂ ਵਲੋਂ ਇਹ ਸ਼ਰਤ ਰਖੀ ਗਈ ਸੀ ਕਿ ਉਹ ਤਾਂ ਹੀ ਕਾਨਫਰੰਸ ਵਿਚ ਸ਼ਾਮਲ ਹੋ ਸਕਦੀਆਂ ਹਨ, ਜੇ ਸ੍ਰੀ ਭੈਣੀ ਸਾਹਿਬ ਵਿਖੇ, ਉਸ ਕਾਨਫਰੰਸ ਦੀ ਅਰਦਾਸ ਦਸਾਂ ਪਾਤ-ਸ਼ਾਹੀਆਂ ਦੀ ਕੀਤੀ ਜਾਵੇ। ਨਾਮਧਾਰੀ ਮਰਯਾਦਾ ਨੂੰ ਮੁਖ ਰਖਦਿਆਂ ਸ੍ਰੀ ਭੈਣੀ ਸਾਹਿਬ ਵਿਚ ਅਜੇਹੀ ਅਰਦਾਸ ਕਰਨੀ ਜਿਸ ਵਿਚ ਯਾਰ੍ਹਵੀਂ ਤੇ ਬਾਰ੍ਹਵੀਂ ਪਾਤਸ਼ਾਹੀ ਦਾ ਜ਼ਿਕਰ ਨਾ ਆਵੇ, ਉਕਾ ਹੀ ਅਸੰਭਵ ਤੇ ਅਜਰ ਸੀ। ਪ੍ਰੰਤੂ ਸਚੇ ਪਾਤਸ਼ਾਹ ਜੀ ਨੇ ਕਦੇ ਵੀ ਕਿਸੇ ਨਿਯਮ ਨੂੰ ਅਜੇਹਾ ਹਾਵੀ ਨਹੀਂ ਸੀ ਹੋਣ ਦਿਤਾ ਕਿ ਉਸ ਨਾਲ ਮੇਲ-ਮਿਲਾਪ ਵਿਚ ਵਿਘਨ ਪੈ ਸਕਦਾ ਹੋਵੇ। ਦੀਨ ਦਿਆਲ ਜੀ ਨੇ ਨਾਮਧਾਰੀ ਪੰਥ ਵਲੋਂ ਦਸਾਂ ਪਾਤਸ਼ਾਹੀਆਂ ਦੀ ਅਰਦਾਸ ਨੂੰ ਕਾਨਫਰੰਸ ਸਮਾਗਮ ਵਿਚ ਪਰਵਾਨ ਕਰ ਲਿਆ। ਨਤੀਜਾ ਇਹ ਨਿਕਲਿਆ ਕਿ ਸਾਰੀਆਂ ਸੰਪ੍ਰਦਾਵਾਂ ਵਿਚ ਮੇਲ ਮਿਲਾਪ ਦੀ ਭਾਵਨਾ ਪੈਦਾ ਹੋਈ ਤੇ ਬੜਾ ਚਿਰ ਪਿਛੋਂ ਤਕ ਕਾਇਮ ਵੀ ਰਖੀ ਗਈ।

ਪ੍ਰੰਤੂ ਅੱਜ ਕੀ ਸੀ, ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਨਮਿਤ ਭੋਗਾਂ ਸਮੇਂ ਤੇ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੀ ਦਸਤਾਰ ਬੰਦੀ ਸਮੇਂ ਬਾਰਾਂ ਪਾਤਸ਼ਾਹੀਆਂ ਦੀ ਅਰਦਾਸ ਹੋਈ ਤੇ ਉਹਨਾਂ ਹੀ ਸੰਪ੍ਰਦਾਵਾਂ ਦੇ ਮੁਖੀਆ ਬੜੀ ਸ਼ਾਂਤੀ ਤੇ ਪਿਆਰ ਨਾਲ ਉਹ ਅਰਦਾਸ ਸੁਣੀ ਜੋ ਪੰਡਿਤ ਗੋਪਾਲ ਸਿੰਘ ਜੀ ਨਾਮਧਾਰੀ ਦੀਵਾਨਾਂ ਵਿਚ ਕੀਤਾ ਕਰਦੇ ਸਨ। ਸਤਿਗੁਰੂ ਜੀ ਦੀ ਵਿਸ਼ਾਲਤਾ ਨੇ ਉਹਨਾਂ ਦੀ ਯਾਦ ਵਿਚ ਬੈਠੀਆਂ ਰੂਹਾਂ ਨੂੰ ਵੀ ਆਪਣੇ ਜੇਹਾ ਵਿਸ਼ਾਲ ਕਰ ਛਡਿਆ ਸੀ।

**ਕੋਝੀਆਂ ਅਹਿਮ ਤਬਦੀਲੀਆਂ—**

ਕਦੇ ਸਮਾਂ ਸੀ ਜਦੋਂ ਅੰਗਰੇਜ਼ ਰਾਜ ਦੀ ਪ੍ਰਧਾਨਤਾ ਵਿਚ ਗੁਰਦੁਆਰਿਆਂ ਤੇ ਕਾਬਜ਼ ਪੁਜਾਰੀ-ਟੋਲਾ ਬ੍ਰਿਟਿਸ਼ ਰਾਜ ਦੀ ਸੁਰਖਿਆ ਤੇ ਉੱਨਤੀ ਦੀਆਂ ਅਰਦਾਸਾਂ ਕਰਦਾ ਹੁੰਦਾ ਸੀ। ਉਹੋ ਜੇਹੇ ਦਿਨਾਂ ਵਿਚ ਹੀ ਸ੍ਰੀ ਸਤਿਗੁਰੂ ਰਾਮ ਸਿੰਘ ਜੀ



Namdhari Elibrary NamdhariElibrary@gmail.com

ਪੂਰਬ ਗੁਰੂਆਂ ਦੇ ਤੀਰਥ ਸ੍ਰੀ ਹਰੀ ਮੰਦਰ ਦੀ ਯਾਤਰਾ ਲਈ ਅੰਮ੍ਰਿਤਸਰ ਗਏ ਸਨ—ਪਰ ਰਾਜ-ਪੱਖੀ ਪੁਜਾਰੀਆਂ ਨੇ ਸ੍ਰੀ ਸਤਿਗੁਰੂ ਜੀ ਦੀ ਭੇਟਾ ਵੀ ਕਬੂਲ ਨ ਕੀਤੀ, ਉਲਟਾ ਫ਼ਤਵਾ ਲਾ ਦਿਤਾ "ਰਾਮ ਸਿੰਘ ਸਿਖ ਨਹੀਂ।"

ਰਾਮ ਸਿੰਘ ਵਾਕਈ ਸਿਖ ਨਹੀਂ ਸੀ, ਸਤਿਗੁਰੂ ਸੀ। ਉਸਨੇ ਬਰਤਾਨਵੀ ਰਾਜ ਦੇ ਇਹਨਾਂ ਖ਼ੁਸ਼ਾਮਦੀਆਂ ਦੀ ਕਦੇ ਪਰਵਾਹ ਨ ਕੀਤੀ। ਸਿਖਾਂ ਨੂੰ ਧਰਮ ਦ੍ਰਿੜ੍ਹਾਇਆ ਤੇ ਦੇਸ਼ ਵਾਸੀਆਂ ਨੂੰ ਆਜ਼ਾਦੀ ਦਾ ਮਾਰਗ ਅਪਨਾਣ ਲਈ ਸੇਧ ਦਿਤੀ।

ਸਮੇਂ ਨੇ ਪਲਟਾ ਖਾਧਾ, ਅੰਗਰੇਜ਼ ਹਾਕਮਾਂ ਨੇ ਆਪਣੇ ਝਾਵੇ ਹਿਤੂਆਂ ਨੂੰ ਗੁਰਦੁਆਰਿਆਂ ਵਿਚੋਂ ਨਿਕਲਦੇ ਵੇਖਿਆ ਤੇ ਸਿਖ ਗੁਰਦੁਆਰਿਆਂ ਨੂੰ ਸਿਖਾਂ ਦੇ ਜਮਹੂਰੀ ਪ੍ਰਬੰਧ ਹੇਠ ਆਉਂਦੇ ਡਿਠਾ। ਜ਼ਿੰਦਗੀ ਸਥਿਰਤਾ ਦੀ ਅਭਿਲਾਖੀ ਨਹੀਂ। ਇਹ ਤਬਦੀਲੀਆਂ ਸਿਖਾਂ ਦੀਆਂ ਸਮਾਜਕ ਤੇ ਆਰਥਕ ਲੋੜਾਂ ਤੇ ਜਾਗ੍ਰਿਤੀ ਨੇ ਲਿਆਂਦੀਆਂ।

ਪਰ ੨੫ ਭਾਦਰੋਂ ਵਾਲੇ ਦਿਨ ਇਕ ਕਰਾਮਾਤ ਹੋ ਗਈ। ਸਿਖ ਪੰਥ ਦੀ ਧਾਰਮਕ ਰਾਹਨੁਮਾ ਤੇ ਗੁਰਦੁਆਰਾ ਪ੍ਰਬੰਧ ਦੀ ਮਾਲਿਕ ਕਮੇਟੀ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਆਪਣੇ ਜਨਰਲ ਸਕੱਤ੍ਰ ਸ੍ਰ. ਅਮਰ ਸਿੰਘ ਜੀ ਦੁਸਾਂਝ ਰਾਹੀਂ ਇਸ ਅਵਸਰ ਤੇ ਸ੍ਰੀ ਸਤਿਗੁਰੂ ਜੀ ਦੇ ਸੀਸ ਤੇ ਸਜਾਣ ਲਈ, ਸਮੂਹ ਸਿਖ ਪੰਥ ਵਲੋਂ ਸਨਮਾਨ ਦੇ ਲਿਹਾਜ਼ ਨਾਲ ਇਕ ਸਫੈਦ ਦਸਤਾਰ ਦਿਤੀ।

ਇਸ ਸਤਿਕਾਰ-ਯੋਗ ਦਸਤਾਰ ਨਾਲ ਇਕ ਦੋ ਗਲਾਂ ਬੜੇ ਸਪਸ਼ਟ ਰੂਪ ਵਿਚ ਸਾਡੇ ਸਾਹਵੇਂ ਆਈਆਂ ਹਨ। ਇਕ ਕਿ ਮੌਜੂਦਾ ਗੁਰਦੁਆਰਾ ਪ੍ਰਬੰਧਕ ਬੜੇ ਵਿਸ਼ਾਲ ਦਿਲ ਹਨ, ਦੂਸਰੇ ਕਿ ਸਿਖ ਪੰਥ ਦੀ ਪਰਸਪਰ ਨੇੜਤਾ ਯਕੀਨੀ ਹੁੰਦੀ ਜਾ ਰਹੀ ਹੈ, ਤੀਸਰੇ ਗੁਰਦੁਆਰਾ ਪ੍ਰਬੰਧ ਵਿਚ ਸਰਕਾਰੀ ਅਜਾਰਾ-ਦਾਰੀ ਨੂੰ ਜ਼ਰੂਰ ਢਾਹ ਲਗੀ ਹੋਈ ਹੈ।

ਅਸੀਂ ਨਾਮਧਾਰੀ ਪੰਥ ਵਲੋਂ ਇਸ ਦਸਤਾਰ ਦੀ ਤਜਵੀਜ਼ ਕਰਨ ਵਾਲਿਆਂ ਤੇ ਪੇਸ਼ ਕਰਨ ਵਾਲਿਆਂ ਦੇ ਦਿਲੋਂ ਕ੍ਰਿਤਗਯ ਹਾਂ। ਅਸੀਂ ਜਾਣਦੇ ਹਾਂ ਕਿ ਸਿਖ ਪੰਥ ਦੇ ਅਸਲੀ ਹਿਤੂ ਨਾਮਧਾਰੀਆਂ ਨੂੰ ਕਦੇ ਅੱਖੋਂ ਓਹਲਾ ਨਹੀਂ ਕਰਨਗੇ, ਸਗੋਂ ਇਹਨਾਂ ਦੀ ਦੇਸ਼ ਭਗਤੀ, ਕੁਰਬਾਨੀਆਂ ਤੇ ਸੁਚ ਪਵਿਤਰਤਾ ਨੂੰ ਗੁਰਬਾਣੀ ਦੇ ਵਧੇਰੇ ਨੇੜੇ ਜਾਣਕੇ ਉਚੇਚੇ ਧਿਆਨ ਦੇ ਪਾਤਰ ਸਮਝਣਗੇ।

## ਇਕ ਹੋਰ ਖਾਸ ਦਸਤਾਰ—

ਸ੍ਰੀ ਭੈਣੀ ਸਾਹਿਬ ਦੇ ਲਾਗ-ਪਾਸ ਦੇ ਪਿੰਡਾਂ ਦੀਆਂ ਪੰਚਾਇਤਾਂ ਨੇ ਸਤਿਗੁਰੂ ਜੀ ਨਾਲ ਆਪਣਾ ਹਿਤ ਜਿਤਾਂਦਿਆਂ ਅਤੇ ਨਵੇਂ ਸਤਿਗੁਰਾਂ ਨੂੰ ਆਪਣਾ ਪਿਆਰ ਮੁਖੀ ਮੰਨਦਿਆਂ ਆਪਣੇ ਆਪਣੇ ਪਿੰਡਾਂ ਵਲੋਂ ਕੁਝ ਰਕਮਾਂ ਤੇ ਪੱਗਾਂ ਭੇਟ ਕੀਤੀਆਂ। ਇਹ ਸੋਚ ਉਹਨਾਂ ਦੀ ਬੜੀ ਸਤਿਕਾਰ ਯੋਗ ਤੇ ਉਤਮ ਕਿਸਮ ਦੀ ਸੀ। ਇਸ ਨਾਲ ਨਾਮਧਾਰੀ ਸਾਧ ਸੰਗਤ ਤੋਂ ਬਿਨਾਂ ਹੋਰ ਦੂਸਰੇ ਆਏ ਸਮੂਹ ਸਜਣਾਂ ਨੂੰ ਏਸ ਗੱਲ ਦਾ ਆਭਾਸ ਹੋਇਆ ਕਿ ਸ੍ਰੀ ਸਤਿਗੁਰੂ ਜੀ ਤੇ ਨਿਕਟ ਵਾਸੀ ਲੋਕਾਂ ਦਾ ਪਰਸਪਰ ਕਿੰਨਾ ਚੰਗਾ ਸਬੰਧ ਸੀ। ਇਸ ਸਬੰਧ ਵਿਚ ਸ੍ਰੀ ਭੈਣੀ ਸਾਹਿਬ ਦੀ ਪੰਚਾਇਤ ਵੀ ਸਲਾਹੁਣ ਯੋਗ ਹੈ ਕਿ ਸਮੁਚੇ ਨਗਰ ਵਲੋਂ ਅੱਜ ਸਵਰਗਵਾਸੀ ਸ੍ਰੀ ਸਤਿਗੁਰੂ ਜੀ ਦੀਆਂ ਜਿਮੇਵਾਰੀਆਂ ਨਵੇਂ ਸਤਿਗੁਰਾਂ ਨੂੰ ਭੇਟ ਕੀਤੀਆਂ ਜਾ ਰਹੀਆਂ ਸਨ।

... ਪਰ ਇਕ ਅਚੰਭੇ ਵਾਲੀ ਗੱਲ ਹੋਰ ਹੋਈ ਕਿ ਸ੍ਰੀ ਭੈਣੀ ਸਾਹਿਬ ਵਿਚ ਇਕ ਪਰਵਾਰ ਹੈ ਜਿਸਦਾ ਨਾਮ ਹੈ, ਘੁਮੰਡੇ ਕਾ ਇਸ ਪਾਸ ਦੂਰ ਬੀਤੇ ਤੋਂ ਪਿੰਡ ਦੀ ਨੰਬਰਦਾਰੀ ਚਲੀ ਆਉਂਦੀ ਹੈ। ਤੇ ਸਬੱਬ ਨਾਲ ਭਾਈ ਘੁਮੰਡੇ ਤੋਂ ਹੀ ਲਗ ਕੇ ਗੁਰੂ ਘਰ ਨਾਲ ਕਿਸੇ ਨ ਕਿਸੇ ਸ਼ਕਲ ਵਿਚ ਆਢਾ ਲਗਿਆ ਤੁਰਿਆ ਆ ਰਿਹਾ ਸੀ। ਭਾਈ ਘੁਮੰਡੇ ਦੇ ਗੁਜ਼ਰ ਜਾਣ ਸਮੇਂ ਸ੍ਰੀ ਸਤਿਗੁਰੂ ਹਰੀ ਸਿੰਘ ਜੀ ਨੇ ਕਿਹਾ ਸੀ—'ਹੁਣ ਸਾਡੀ ਖੇਡ ਵਿਗੜ ਗਈ ਹੈ।' ਦੂਜੇ ਬੰਨੇ ਸਤਿਗੁਰਾਂ ਖਿਲਾਫ਼ ਮੁਕਦਮੇ ਕਰਨ ਲਈ ਅਰਦਾਸ ਰਾਮ ਸਰ ਕੰਢੇ ਕਰਕੇ ਜਾਇਆ ਕਰਦੇ ਸਨ ਇਸ ਲਈ ਨਾਮਧਾਰੀ ਇਤਿਹਾਸ ਨਾਲ ਸਬੰਧਤ ਪੁਸਤਕਾਂ ਵਿਚ ਇਸ ਘਰਾਣੇ ਦਾ ਵਿਰੋਧੀ ਦੇ ਤੌਰ ਤੇ ਹੀ ਜ਼ਿਕਰ ਕੀਤਾ ਮਿਲਦਾ ਹੈ।

ਅਨੇਕਾਂ ਵਾਰ ਗੁਰੂ ਘਰੋਂ ਉਧਾਰੀਆਂ ਜਾਂ ਸਹਾਇਤਾ ਰੂਪ ਵਿਚ ਰਕਮਾਂ ਲੈਕੇ ਇਸਨੇ ਗੁਰੂ ਘਰ ਦੇ ਖਿਲਾਫ਼ ਖਰਚ ਕੀਤੇ ਸਨ। ਸ੍ਰੀ ਮਾਤਾ ਜੀਵਨ ਕੌਰ ਜੀ ਦੀ ਉਦਾਰਤਾ ਨੂੰ ਇਸ ਪਰਵਾਰ ਨੇ ਰੱਜਕੇ ਗੁਰੂ-ਘਰ ਖਿਲਾਫ਼ ਵਰਤਿਆ ਹੈ।

ਸਤਿਗੁਰੂ ਜੀ ਦੇ ਦੇਹ-ਤਿਆਗ ਨੇ ਜਿਥੇ ਸਾਰੇ ਨਗਰ ਵਾਸੀਆਂ ਨੂੰ ਇਕ ਵੇਰ ਹਲੂਣ ਦਿਤਾ ਓਥੇ ਇਸ ਪਰਵਾਰ ਤੇ ਖਾਸ ਹੀ ਕਿਰਪਾ ਹੋ ਗਈ ਜਾਪੀ ਹੈ।

ਇਸ ਪਰਵਾਰ ਵਲੋਂ ਵੀ ਆਪਣੇ ਪਿਆਰ ਦਾ ਪਰਗਟਾਵਾ ਨਵੇਂ ਸ੍ਰੀ ਸਤਿਗੁਰੂ ਜੀ ਦੀ ਸੇਵਾ ਵਿਚ ਪੱਗ ਧਰ ਮਥਾ ਟੇਕ ਕੇ ਕੀਤਾ ਗਿਆ ਇਹ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਮਹਾਰਾਜ ਦੇ ਅਭੁਲਵੇਂ ਤੇ ਅਮਿਣਵੇਂ ਪਿਆਰ ਦਾ ਨਤੀਜਾ ਸੀ। ਉਹ ਕਿਹਾ ਕਰਦੇ ਸਨ ਪਿਆਰ ਹੀ ਨਫ਼ਰਤ ਤੇ ਫਤਹ ਪਾ ਸਕਦਾ ਹੈ ਹੋਰ ਕੋਈ ਸ਼ੈ ਨਹੀਂ—ਤੇ ਅੱਜ ਘੁਮੰਡੇ ਕਾ ਪਰਵਾਰ ਨਵੇਂ ਸਤਿਗੁਰੂ ਜੀ ਦੇ ਨੇਤਰਾਂ ਵਿਚ ਨੇਤਰ ਪਾਕੇ ਮਕਰਲੀਆਂ ਸਭ ਭੁਲਾ ਦੇਣ ਲਈ ਯਾਚਨਾ ਕਰ ਰਿਹਾ ਸੀ। ✶



Namdhari Elibrary NamdhariElibrary@gmail.com

# ਸਤਿਗੁਰੂ ਜੀ : ਕਲਾਕਾਰ ਦੀ ਨਜ਼ਰ ਵਿਚ

—ਉਸਤਾਦ ਅਮਜਦ ਅਲੀ



ਜਦ ਵੀ ਸਰੋਦ ਸਾਜ਼ ਦਾ ਜ਼ਿਕਰ ਆਉਂਦਾ ਹੈ ਤਾਂ ਯਕਦਮ ਉਸ ਨਾਲ ਉਸਤਾਦ ਅਮਜਦ ਅਲੀ ਦਾ ਨਾਮ ਤੇ ਸਰੂਪ ਵੀ ਮਨ ਮਸਤਕ 'ਚ ਉਘੜ ਆਉਂਦਾ ਹੈ। ਸੰਗੀਤ ਦੇ ਮਸ਼ਹੂਰ ਸੇਨੀਆ ਬੀਨਕਾਰ ਘਰਾਨੇ ਦੇ ਉਸਤਾਦ ਸਾਹਿਬ ਦੇ ਪਿਤਾ ਪਿਤਾਮਾ ਕਈ ਪੀੜ੍ਹੀਆਂ ਤੋਂ ਭਾਰਤੀ ਸ਼ਾਸਤਰੀ ਸੰਗੀਤ ਦੇ ਕੇਵਲ ਅਧਿਕਾਰੀ ਵਿਦਵਾਨ ਅਤੇ ਮਹਾਨ ਕਲਾਕਾਰਾਂ ਵਜੋਂ ਹੀ ਮਸ਼ਹੂਰ ਨਹੀਂ ਸਗੋਂ ਪੁਰਾਤਨ ਰਬਾਬ ਸਾਜ਼ ਤੋਂ ਨਵੀਨ 'ਸਰੋਦ' ਦੇ ਈਜਾਦਕਾਰਾਂ ਵਜੋਂ ਵੀ ਸਤਿਕਾਰੇ ਜਾਂਦੇ ਹਨ।

ਉਸਤਾਦ ਅਮਜਦ ਅਲੀ ਸਾਹਿਬ ਨੇ ਛੋਟੀ ਉਮਰ ਵਿਚ ਹੀ ਸਰੋਦ ਵਰਗੇ ਮੁਸ਼ਕਲ ਸਾਜ਼ ਦੁਆਰਾ ਸੰਸਾਰ ਪ੍ਰਸਿਧੀ ਪ੍ਰਾਪਤ ਕੀਤੀ ਹੈ। ਏਸ਼ੀਆ ਅਫਰੀਕਾ, ਯੂਰਪ ਤੇ ਅਮਰੀਕਾ ਮਹਾਂਦੀਪਾਂ ਦੇ ਕਈ ਦੇਸ਼ਾਂ ਵਿਚ ਸਰਕਾਰੀ ਤੇ ਗੈਰ ਸਰਕਾਰੀ ਦੌਰਿਆਂ ਸਮੇਂ ਸਰੋਤਿਆਂ ਨੂੰ ਆਪਣੇ ਜਾਦੂਈ ਸੰਗੀਤ ਨਾਲ ਮੋਹ ਚੁਕੇ ਹਨ। ਹੋਰ ਅਨੇਕਾਂ ਸਨਮਾਨਾਂ ਤੋਂ ਇਲਾਵਾ ਯੂਨੈਸਕੋ ਦੇ 'ਇੰਟਰਨੈਸ਼ਨਲ ਮਿਊਜ਼ਿਕ ਫੋਰਮ' ਵਲੋਂ ਗੌਰਵਮਈ ਐਵਾਰਡ ਪ੍ਰਾਪਤ ਕਰ ਚੁਕੇ ਹਨ। ਕਈ ਨਵੇਂ ਰਾਗਾਂ ਦੁਆਰਾ ਆਪਣੇ ਭਾਰਤੀ ਸੰਗੀਤ ਦੇ ਖਜ਼ਾਨੇ ਨੂੰ ਹੋਰ ਵੀ ਭਰਪੂਰ ਕੀਤਾ ਹੈ। —ਸੰਪਾਦਕ

ਸਤਿਗੁਰੂ ਜਗਜੀਤ ਸਿੰਘ ਜੀ ਵਾਸਤੇ, ਮੇਰੇ ਪਾਸ ਉਹ ਸ਼ਬਦ ਨਹੀਂ, ਜਿਨ੍ਹਾਂ ਨਾਲ ਉਹਨਾਂ ਦਾ ਵਰਣਨ ਕਰਾਂ। ਉਹਨਾਂ ਵਾਸਤੇ ਮੈਂ ਕੁਝ ਵੀ ਕਹਾਂ ਉਹ ਇੰਜ ਹੈ ਜਿਵੇਂ ਸੂਰਜ ਨੂੰ ਦੀਵਾ ਦਿਖਾਣਾ। ਉਹਨਾਂ ਦੀ ਸ਼ਖਸੀਅਤ ਦੀ, ਜੇ ਕਸ਼ਿਸ਼ ਨਾ ਹੁੰਦੀ ਤਾਂ ਹਿੰਦੁਸਤਾਨ ਅਤੇ ਦੁਨੀਆਂ ਦੇ ਲੱਖਾਂ ਲੋਕ ਉਹਨਾਂ ਦੀ ਪੂਜਾ ਜਾਂ ਮਾਨਤਾ ਨਾ ਕਰਦੇ, ਇਸ ਲਈ ਮੈਂ ਸਿਰਫ ਉਹਨਾਂ ਦੀ ਜ਼ਿੰਦਗੀ ਦਾ ਇਕੋ ਪੱਖ, ਜਿਸ ਵਿਚ ਸੰਗੀਤ ਹੈ, ਉਸ ਦਾ ਜ਼ਿਕਰ ਕਰਨਾ ਚਹੁੰਦਾ ਹਾਂ, ਕਿਉਂਕਿ ਬਹੁਤ ਸਾਰੀਆਂ ਗੱਲਾਂ ਨਾ ਸਾਡੇ ਕੋਲੋਂ ਜਾਣੀਆਂ ਜਾ ਸਕਦੀਆਂ ਹਨ ਤੇ ਨਾ ਅਸੀਂ ਉਹਨਾਂ ਦਾ ਪਿੱਛਾ ਕਰ ਸਕਦੇ ਹਾਂ, ਇਸ ਲਈ ਮੈਂ ਆਪਣੇ ਖੇਤਰ ਦੀ ਗੱਲ ਹੀ ਕਰਦਾ ਹਾਂ।

ਅੱਜ ਤੋਂ ਗਿਆਰਾਂ ਸਾਲ ਪਹਿਲਾਂ, ਜਦੋਂ ਸਤਿਗੁਰੂ ਜੀ ਮੇਰੇ ਗ਼ਰੀਬਖਾਨੇ ਵਿਚ ਤਸ਼ਰੀਫ ਲਿਆਏ, ਉਹ ਮੇਰਾ, ਉਹਨਾਂ ਸਾਹਮਣੇ ਹਾਜ਼ਰੀ ਦੇਣ ਦਾ, ਪਹਿਲਾ ਮੌਕਾ ਸੀ। ਉਸੇ ਦਿਨ ਤੋਂ ਮੈਨੂੰ ਅਜਿਹਾ ਮਹਿਸੂਸ ਹੋ ਗਿਆ ਸੀ ਕਿ ਸਤਿਗੁਰੂ ਜੀ ਨੂੰ ਕਲਾਸੀਕਲ ਸੰਗੀਤ ਨਾਲ ਬਹੁਤ ਪਿਆਰ ਅਤੇ ਸਮਝ ਹੈ ਜਿਸ ਦੀ ਵਜਾ ਕਰਕੇ ਸੰਗੀਤਕਾਰਾਂ ਵਾਸਤੇ ਵੀ ਉਹਨਾਂ ਦੇ ਦਿਲ ਵਿਚ ਖਾਸ ਪਿਆਰ ਅਤੇ ਅਸ਼ੀਰਵਾਦ ਹੈ।

ਉਸ ਦਿਨ ਤੋਂ ਪਿਛੋਂ ਜਦੋਂ ਜਦੋਂ ਵੀ ਮੈਨੂੰ ਮਿਲਣ ਦਾ ਮੌਕਾ ਪ੍ਰਾਪਤ ਹੁੰਦਾ ਰਿਹਾ, ਮੈਨੂੰ ਉਹਨਾਂ ਦੇ ਸ਼ੌਕ ਅਤੇ ਗਿਆਨ ਦੀ ਗਹਿਰਾਈ ਦਾ ਪਤਾ ਲਗਦਾ ਰਿਹਾ।

ਮੈਨੂੰ ਇਸ ਗੱਲ ਦੀ ਹੋਰ ਵੀ ਖੁਸ਼ੀ ਹੋਈ ਹੈ ਕਿ ਮੇਰੇ ਆਗ੍ਰਹਿ ਕਾਰਨ ਸਤਿਗੁਰੂ ਜੀ ਨੇ ਸ਼ਾਸਤਰੀ ਸੰਗੀਤ ਦਾ ਸਮਾਰੋਹ ਹਰ ਸਾਲ ਵਾਸਤੇ ਕਾਇਮ ਕਰ ਦਿਤਾ। ਅਤੇ ਮੈਨੂੰ ਹੋਰ ਵੀ ਇਸ ਗੱਲ ਦੀ ਖੁਸ਼ੀ ਹੈ ਕਿ ਆਪਣੇ ਖੇਤਰ ਦੇ ਵਡੇ ਵਡੇ ਸੰਗੀਤਕਾਰ, ਜਿਵੇਂ ਉਸਤਾਦ ਵਲਾਇਤ ਖਾਂ ਸਾਹਿਬ, ਪੰਡਿਤ ਕ੍ਰਿਸ਼ਨ ਮਹਾਰਾਜ, ਪੰਡਿਤ ਸਾਮਤਾ ਪ੍ਰਸਾਦ ਜੀ, ਪੰਡਿਤ ਰਾਮ ਨਰਾਇਣ ਜੀ, ਪੰਡਿਤ ਭੀਮ ਸੈਨ ਜੋਸ਼ੀ, ਪੰਡਿਤ ਕੁਮਾਰ ਗੰਧਰਵ, ਪੰਡਿਤ ਸ਼ਿਵ ਕੁਮਾਰ ਸ਼ਰਮਾ ਆਦਿਕ ਇਹਨਾਂ ਸਜਣਾਂ ਨੂੰ ਮੈਂ ਸਤਿਗੁਰੂ ਜੀ ਦੇ ਨਜ਼ਦੀਕ ਲਿਆ ਸਕਿਆ।

ਅਤੇ ਮੈਂ ਆਪਣੇ ਆਪ ਨੂੰ ਖੁਸ਼ ਨਸੀਬ ਸਮਝਦਾ ਹਾਂ ਕਿ ਸਤਿਗੁਰੂ ਜੀ ਸੰਗੀਤ ਦੇ ਖੇਤਰ ਵਿਚ ਕੁਝ ਵੀ



Namdhari Elibrary NamdhariElibrary@gmail.com

ਕਰਨ ਤੋਂ ਪਹਿਲੋਂ ਮੇਰੀ ਨਾਚੀਜ਼ ਦੀ ਵੀ ਨਾਚੀਜ਼ ਰਾਇ ਜਾਣਨਾ ਚਾਹੁੰਦੇ ਹਨ।

ਬਹੁਤ ਪਿਛਲੀ ਗੱਲ ਨਾ ਕਰਕੇ ਅਜੇ ਹੁਣ ਦੇ ਹੀ ਕੁਝ ਮਹੀਨੇ ਪਹਿਲੇ, ਲੈਅ ਦੇ ਮਾਮਲੇ ਵਿਚ ਸਤਿਗੁਰੂ ਜੀ ਨੇ ਸੰਗੀਤ ਜਗਤ ਨੂੰ ਇਕ ਨਵੀਂ ਸੋਚ-ਵਿਚਾਰ ਦਿਤੀ। ਮਿਸਾਲ ਦੇ ਤੌਰ ਤੇ ਸਵਾ ਚੌਦਾਂ ਮਾਤ੍ਰਾਂ ਦਾ ਤਾਲ, ਪੌਣੇ ਪੰਦ੍ਰਾਂ ਮਾਤ੍ਰਾਂ ਦਾ ਤਾਲ, ਅਤੇ ਸਾਢੇ ਸੋਲਾਂ ਮਾਤ੍ਰਾਂ ਦਾ ਤਾਲ, ਜਦੋਂ ਮੈਂ ਇਹ ਸੁਣੇ, ਅਤੇ ਸਿਰਫ ਤਾਲ ਹੀ ਨਹੀਂ ਸਗੋਂ ਉਹਨਾਂ ਸਭ ਵਿਚ ਇਕ ਇਕ ਧਰੁਪਦ, ਅਤੇ ਸਿਰਫ ਇਹ ਹੀ ਨਹੀਂ ਕਿ ਧਰੁਪਦ ਬਣਾ ਕੇ ਛੱਡ ਦਿਤਾ ਬਲਕਿ ਬਾਕਾਇਦਾ ਉਸ ਦੀਆਂ ਚਾਲਾਂ, ਅਤੇ ਚਾਲਾਂ ਨੂੰ ਏਨੀ ਆਸਾਨੀ ਨਾਲ ਵਰਤਿਆ ਜਿਵੇਂ ਕਿ ਤਿੰਨ ਤਾਲ ਵਿਚ ਹੀ ਗਾਇਨ ਵਾਦਨ ਹੋ ਰਿਹਾ ਹੋਵੇ। ਤਿੰਨ ਤਾਲ ਮੈਂ ਇਸ ਲਈ ਕਿਹਾ ਹੈ ਕਿਉਂਕਿ ਉਹ ਬਰਾਬਰ 16 ਮਾਤਰਾਂ ਦਾ ਤਾਲ ਹੈ ਜਿਸ ਨੂੰ ਹਿੰਦੁਸਤਾਨ ਦਾ ਹਰ ਆਦਮੀ ਸਮਝਦਾ ਹੈ ਕਿ ਇਹ ਆਸਾਨ ਤਾਲ ਹੈ। ਇਹਨਾਂ ਸਤਿਗੁਰੂ ਜੀ ਦੇ ਬਣਾਏ ਹੋਏ ਤਾਲਾਂ ਤੋਂ ਇੰਨਾ ਪ੍ਰਭਾਵਤ ਹੋਇਆ ਕਿ ਮੈਂ ਖੁਦ ਵੀ ਰਾਗ ਦੇਸ ਵਿਚ ਇਕ ਸਵਾ ਚੌਦਾਂ ਮਾਤ੍ਰਾਂ ਵਿਚ ਬੰਦਿਸ਼ ਬਣਾਨ ਦੀ ਕੋਸ਼ਿਸ਼ ਕੀਤੀ ਅਤੇ ਉਸ ਨੂੰ ਸਤੰਬਰ 77 ਵਿਚ ਕਲਕਤੇ ਦੀ ਇਕ ਬਹੁਤ ਵਡੀ ਕਾਨਫਰੰਸ, 'ਸੁਰੇਸ਼ ਸੰਗੀਤ ਸੰਸਦ' ਵਿਚ ਵਜਾਇਆ ਅਤੇ ਸੁਣਨ ਵਾਲਿਆਂ ਨੇ ਉਸ ਦੀ ਖੂਬ ਦਾਦ ਦਿੱਤੀ।

ਇਸ ਤੋਂ ਬਿਨਾ ਇਕ ਜੋ ਹੋਰ ਵੀ ਵੱਡਾ ਕੰਮ ਸਤਿ-ਗੁਰੂ ਜੀ ਦੁਆਰਾ, ਮੇਰੀ ਨਜ਼ਰ ਵਿਚ, ਹੋ ਰਿਹਾ ਹੈ, ਉਹ ਹੈ ਇਸ ਪ੍ਰਾਚੀਨ ਸੰਗੀਤ ਨੂੰ ਕਾਇਮ ਰਖਣ ਦੀ ਕੋਸ਼ਿਸ਼। ਜਿਸ ਵਾਸਤੇ ਕਈ ਨਾਮਧਾਰੀ ਬਚਿਆਂ ਨੂੰ ਹਿੰਦੁਸਤਾਨ ਦੇ ਵਡੇ ਵਡੇ ਸੰਗੀਤਕਾਰਾਂ ਪਾਸ ਭੇਜਿਆ ਹੈ ਅਤੇ ਉਹਨਾ ਬਚਿਆਂ ਦੀ ਹਰ ਤਰ੍ਹਾਂ ਦੀ ਜ਼ਿਮੇਵਾਰੀ ਆਪਣੇ ਸਿਰ ਲਈ ਹੈ। ਇਹੋ ਹੀ ਨਹੀਂ ਸਗੋਂ ਜੋ ਨਾਮਧਾਰੀ ਨਹੀਂ ਵੀ ਉਹਨਾਂ ਨੂੰ ਵੀ ਉਸੇ ਪਿਆਰ ਦੀ ਨਜ਼ਰ ਨਾਲ ਵੇਖਿਆ। ਉਹਨਾਂ ਨੂੰ ਕਾਫੀ ਮਾਲੀ ਮਦਦ ਦਿਤੀ ਜਾ ਰਹੀ ਹੈ ਕਿ ਉਹ ਆਪਣੇ ਫਨ ਵਿਚ ਉਨਤੀ ਕਰਨ ਅਤੇ ਹਿੰਦੁਸਤਾਨੀ ਸੰਗੀਤ ਦਾ ਨਾਮ ਤਾ ਉਮਰ ਰੌਸ਼ਨ ਰਖਣ।

ਮੇਰੇ ਪਾਸ ਵੀ ਦੋ ਨਾਮਧਾਰੀ ਸ਼ਾਗਿਰਦ ਹਨ। ਇਕ ਸਰੋਦ ਸਿਖਦਾ ਹੈ ਜਿਸ ਦਾ ਨਾਮ ਗੁਰਦੇਵ ਸਿੰਘ ਹੈ ਅਤੇ ਦੂਸਰਾ ਸਿਤਾਰ ਸਿਖਦਾ ਹੈ ਉਸ ਦਾ ਨਾਮ ਹਰਭਜਨ ਸਿੰਘ ਹੈ। ਇਹ ਕਾਫੀ ਮਿਹਨਤੀ ਹਨ ਅਤੇ ਮੈਨੂੰ ਉਮੀਦ ਹੈ ਕਿ ਇਹ ਆਪਣੇ ਸੰਗੀਤ ਦਾ ਨਾਮ ਉਚਾ ਕਰਨਗੇ।

ਇਕ ਹੋਰ ਨਵੀਂ ਗਲ ਪੈਦਾ ਹੋ ਗਈ ਹੈ ਹਿੰਦੁਸਤਾਨ ਦੀ ਤਾਰੀਖ ਵਿਚ, ਜਦੋਂ ਤੋਂ ਨਾਮਧਾਰੀ ਸੰਗੀਤ ਸਮਾਰੋਹ ਹੋਣੇ ਸ਼ੁਰੂ ਹੋਏ, ਕਿ ਜਨਤਾ ਲਈ ਫ੍ਰੀ ਐਂਟਰੀ ਅਰਥਾਤ ਕੋਈ ਪੈਸਾ ਨਹੀਂ ਲਿਆ ਜਾਂਦਾ। ਵਡੇ ਵਡੇ ਸੰਗੀਤਕਾਰਾਂ ਨੂੰ ਸੁਣਨ ਦਾ ਅਤੇ ਜੋ ਵੀ ਸੰਗੀਤਕਾਰ ਇਸ ਵਿਚ ਭਾਗ ਲੈਂਦੇ ਹਨ ਉਹਨਾਂ ਦਾ ਇਹ ਪੂਰਾ ਖਿਆਲ ਰਖਿਆ ਜਾਂਦਾ ਹੈ ਕਿ ਉਹਨਾਂ ਨੂੰ ਕਿਸੇ ਕਿਸਮ ਦੀ ਕੁਰਬਾਨੀ ਨਾ ਕਰਨੀ ਪਵੇ ਕਿਉਂਕਿ ਸ਼ਾਇਦ ਸਤਿਗੁਰੂ ਜੀ ਨੂੰ ਕਲਾਕਾਰਾਂ ਦੇ ਏਨੇ ਨਜ਼ਦੀਕ ਆ ਕੇ, ਇਹ ਪਤਾ ਲਗ ਗਿਆ ਹੈ ਕਿ ਅਸਾਡੀ ਕੋਈ ਜ਼ਿਮੇਵਾਰੀ ਜਾਂ ਬਿਜ਼ਨਸ ਨਹੀਂ ਹੁੰਦਾ। ਜਿਸ ਦੀ ਵਜਾ ਹੈ ਕਿ ਕਿਸੇ ਵੀ ਵਡੇ ਤੋਂ ਵਡੇ ਸੰਗੀਤ ਸੰਮੇਲਨ ਤੋਂ ਘੱਟ ਏਥੇ ਕਿਸੇ ਸੰਗੀਤਕਾਰ ਦੀ ਖਾਤਰ ਨਹੀਂ ਹੁੰਦੀ।

ਇਹ ਇਕ ਬਹੁਤ ਵਡਾ ਉਦਾਹਰਣ ਹੈ ਅਜਿਹੀਆਂ ਸੰਗੀਤ ਸਮੇਲਨਾਂ ਵਾਸਤੇ ਜੋ ਜਨਤਾ ਤੋਂ ਪੈਸਾ ਇਕਠਾ ਕਰਦੇ ਹਨ ਕਿਸੇ ਮਹਾਪੁਰਸ਼ ਦੇ ਨਾਮ ਤੇ, ਜਿਸ ਦੀ ਕਿ ਬਰਸੀ ਮਨਾਈ ਜਾ ਰਹੀ ਹੁੰਦੀ ਹੈ ਅਤੇ ਕਲਾਕਾਰਾਂ ਨੂੰ ਇਹ ਪ੍ਰਾਰਥਨਾ ਹੁੰਦੀ ਹੈ ਕਿ ਉਹ ਆਪਣੀ ਹੀ ਜੇਬ ਚੋਂ ਟਿਕਟ ਖਰੀਦ ਕੇ ਭਾਗ ਲੈਣ ਆਉਣ ਤਾਂ ਮਿਹਰਬਾਨੀ ਹੋਵੇਗੀ।

ਅਜਿਹੇ ਬਹੁਤ ਸਾਰੇ ਕੰਮ, ਜਿਨ੍ਹਾਂ ਦੀ ਜ਼ਿਮੇਵਾਰੀ ਸਾਡੀ ਗਵਰਨਮਿੰਟ ਨੂੰ ਲੈਣੀ ਚਾਹੀਦੀ ਸੀ, ਪਰ......ਖੈਰ ......ਮੇਰੀ ਭਗਵਾਨ ਦੇ ਚਰਨਾਂ ਵਿਚ ਪ੍ਰਾਰਥਨਾ ਹੈ ਕਿ ਸਤਿਗੁਰੂ ਜੀ ਦੀ ਹਜ਼ਾਰਾਂ ਵਰ੍ਹਿਆਂ ਉਮਰ ਹੋਵੇ ਅਤੇ ਉਹਨਾਂ ਦੇ ਬਾਅਦ ਉਹਨਾਂ ਦੇ ਉਤਰਾਧਿਕਾਰੀ ਅਤੇ ਉਹਨਾਂ ਦੇ ਸਾਰੇ ਮੰਨਣ ਵਾਲੇ ਇਸ ਜ਼ਿਮੇਵਾਰੀ ਨੂੰ ਸਦਾ ਸਦਾ ਲਈ ਨਿਭਾਂਦੇ ਰਹਿਣ।



Namdhari Elibrary NamdhariElibrary@gmail.com

# ਕੀਲ ਲੈਣ ਵਾਲੀ ਮੁਸਕਰਾਹਟ

—ਪ੍ਰੀਤਮ ਸਿੰਘ ਪੰਛੀ



ਵਰਿਆਮ ਵਿਚ ਹਰ ਮਹੀਨੇ 'ਵਾਰਤਾ ਇਕ ਨਵੀਂ' ਸਿਰਲੇਖ ਹੇਠ ..ਲਿਖਣ ਵਾਲੇ ਪ੍ਰੀਤਮ ਸਿੰਘ ਪੰਛੀ ਪੰਜਾਬੀ ਪਾਠਕਾਂ ਦੇ ਪਿਆਰੇ ਲੇਖਕ ਹਨ। ਬਚਪਨ ਸ੍ਰੀ ਭੈਣੀ ਸਾਹਿਬ ਵਿਚ ਬਿਤਾਇਆ ਤੇ ਸਤਿਗੁਰੂ ਜਗਜੀਤ ਸਿੰਘ ਜੀ ਦੇ ਸਹਿਪਾਠੀ ਰਹੇ। ਫਿਰ ਜੀਵਨ ਯਾਤਰਾ ਤੇ ਵਿਚਰਦਿਆਂ ਅਨੇਕਾਂ ਸੰਘਰਸ਼ਾਂ ਦਾ ਤਜਰਬਾ ਪ੍ਰਾਪਤ ਕੀਤਾ। ਪੰਜਾਬੀ ਕਹਾਣੀ, ਨਾਵਲ, ਨਿਬੰਧ ਵਿਅੰਗ ਲਿਖਣ ਤੋਂ ਇਲਾਵਾ ਹਿੰਦੀ ਪੱਤਰਕਾਰੀ ਵਿਚ ਵੀ ਅਹਿਮ ਥਾਂ ਬਣਾਇਆ ਹੈ। ਪਿਛੇ ਜਿਹੇ ਹੀ ਗਦਰ ਪਾਰਟੀ ਸਬੰਧੀ ਇਹਨਾਂ ਦੀ ਹਿੰਦੀ ਪੁਸਤਕ ਰੀਲੀਜ਼ ਹੋਈ ਹੈ। ਇਸ ਕੀਲ ਲੈਣ ਵਾਲੇ ਲੇਖ ਵਿਚੋਂ ਇਹਨਾਂ ਦੇ ਆਪਣੇ ਜੀਵਨ ਦੀਆਂ ਤੰਦਾਂ ਦਾ ਝਲਕਾਰਾ ਵੀ ਪੈਂਦਾ ਹੈ। "ਕੀਲ ਲੈਣ ਵਾਲੀ ਮੁਸਕਰਾਹਟ" ਸਦਕਾ ਹੀ ਇਹਨਾਂ ਦਾ ਤਸਵੀਰ ਵਿਚ ਦਿਸਦਾ ਸਰੂਪ ਸਾਕਾਰ ਹੋ ਸਕਿਆ ਹੈ। —ਸੰਪਾਦਕ

ਅੱਜ ਤੋਂ ਚਾਲੀ ਵਰ੍ਹੇ ਪਹਿਲਾਂ ਭੈਣੀ ਸਾਹਿਬ ਦੀ ਰੇਤਲੀ ਧਰਤੀ 'ਤੇ ਸਤਿਗੁਰੂ ਜਗਜੀਤ ਸਿੰਘ ਦੀ ਜਿਸ ਸਰਸਬਜ਼ ਮੁਸਕਰਾਹਟ ਦਾ ਅਨੁਭਵ ਹੋਇਆ ਸੀ ਉਸਦਾ ਪ੍ਰਭਾਵ ਅੱਜ ਵੀ ਜਿਉਂ ਦਾ ਤਿਉਂ ਮਨ ਦੀਆਂ ਪਰਤਾਂ ਵਿਚ ਸਮਾਇਆ ਹੋਇਆ ਹੈ। ਨਾਮਧਾਰੀ ਮਹਾ ਵਿਦਿਆਲੇ ਦੀਆਂ ਬਚੀਆਂ ਖੁਚੀਆਂ ਕੰਧਾਂ ਨਾਲ ਕੰਨ ਲਾਕੇ ਜਦੋਂ ਵੀ ਅਤੀਤ ਦੀਆਂ ਯਾਦਾਂ ਵਿਚ ਗੁਆਚਣ ਦਾ ਮੌਕਾ ਮਿਲਿਆ ਹੈ। ਟੱਲੀਆਂ ਵਾਂਗ ਛਣਕਦਾ ਹਾਸਾ ਜਾਂ ਫਿਰ ਅਤੀਤ ਦੇ ਪ੍ਰਛਾਵਿਆਂ 'ਚੋਂ ਕਿਸੇ ਕੀਲ ਲੈਣ ਵਾਲੀ ਮੁਸਕਰਾਹਟ ਦਾ ਝਾਉਲਾ ਪਿਆ ਹੈ।

ਬਚਪਨ ਵਿਚ ਈਰਖਾ ਦਵੈਖ ਅਤੇ ਆਪੋ ਵਿਚ ਛੋਟੇ ਮੋਟੇ ਟਕਰਾਓ ਵੀ ਹੁੰਦੇ ਹਨ ਪਰ ਮੇਰੀ ਯਾਦ ਵਿਚ ਅਜਿਹਾ ਕੋਈ ਲਮਹਾ ਨਹੀਂ ਕਿ ਸਾਡਾ ਕਦੇ ਸਤਿਗੁਰੂ ਜਗਜੀਤ ਸਿੰਘ ਨਾਲ ਟਕਰਾਓ ਹੋਇਆ ਹੋਵੇ। ਓਦੋਂ ਉਹਨਾਂ ਦੀ ਵਿਕਸਤ ਹੋ ਰਹੀ ਸਖਸ਼ੀਅਤ ਵਿਚੋਂ ਜਿਨਾਂ ਵਿਲਖਣਤਾਵਾਂ ਦਾ ਝਾਉਲਾ ਪੈਂਦਾ ਸੀ, ਉਹਨਾਂ ਅਗੇ ਛੋਟੇ ਮੋਟੇ ਰੋਸੇ ਜਾਂ ਮਨ ਵਿਚ ਉਚੀ ਈਰਖਾ ਦੇ ਕੋਈ ਅਰਥ ਨਹੀਂ ਰਹਿ ਜਾਂਦੇ।

ਬਚਪਨ ਨੂੰ ਛੱਡਕੇ ਅਸੀਂ ਜ਼ਿੰਦਗੀ ਦੇ ਵਿਸ਼ਾਲ ਖੇਤਰ ਵਿੱਚ ਕੁੱਦਣ ਲਈ ਜਦੋਂ ਬਹੁਤ ਕੁਝ ਪੁਰਾਣਾ ਛੱਡਕੇ ਅਤੇ ਨਵਾਂ ਕੁਝ ਗ੍ਰਹਿਣ ਕਰਕੇ ਜ਼ਿੰਦਗੀ ਦੇ ਚੌਰਾਹੇ ਉਤੇ ਆਕੇ ਖਲੋਤੇ ਤਾਂ ਬੇਅੰਤ ਜੀ (ਭਵਿਖ ਦੇ ਸਤਿਗੁਰੂ ਜਗਜੀਤ ਸਿੰਘ) ਦੀ ਉਭਰਦੀ ਸ਼ਖਸੀਅਤ ਵਿਚੋਂ ਸਾਨੂੰ ਹੋਰ ਵੀ ਚੀਕਨੇ ਚੀਕਨੇ ਪਾਤ ਦਿਖਾਈ ਦੇਣ ਲੱਗੇ।

ਮੇਰੀ ਯਾਦ ਵਿਚ ਕੁਝ ਅਜਿਹੇ ਲਮਹੇ ਅਜੇ ਵੀ ਤਾਜ਼ਾ ਹਨ ਜਦੋਂ ਸਤਿਗੁਰੂ ਜਗਜੀਤ ਸਿੰਘ ਜੀ ਦੀ ਮੁਸਕਰਾਹਟ ਨੇ ਦਿਲਬਰੀ ਦਿਤੀ, ਆਪਣੇ ਅਤੇ ਨਾਮਧਾਰੀ ਸਮਾਜ ਨਾਲ ਜੋੜੀ ਰੱਖਣ ਦੀ ਪ੍ਰੇਰਨਾ ਦਿਤੀ।

......ਇਕ ਵਾਰ ਜਦੋਂ ਭੈਣੀ ਸਾਹਿਬ ਚੇਚਕ ਦਾ ਪ੍ਰਕੋਪ ਸੀ ਅਤੇ ਸਤਿਗੁਰੂ ਜਗਜੀਤ ਸਿੰਘ ਤੇ ਮਹਾਰਾਜ ਬੀਰ ਸਿੰਘ ਵੀ ਇਸ ਦਾ ਸ਼ਿਕਾਰ ਸਨ, ਮੈਨੂੰ ਸਤਿਗੁਰੂ ਪ੍ਰਤਾਪ ਸਿੰਘ ਜੀ ਨੇ ਬੁਲਾਕੇ—ਕਿਹਾ –"ਅੱਜ ਤੇਰਾ ਇਮਤਿਹਾਨ ਹੈ। ਹੁਣੇ ਸੰਗਰੂਰ ਜਾਣਾ ਅਤੇ ਓਥੋਂ ਗੁਲਾਬ ਦੇ ਅਰਕ ਦੀਆਂ ਦੋ ਬੋਤਲਾਂ ਲਿਆਉਣੀਆਂ ਹਨ। (ਓਥੇ ਗੁਲਾਬ ਦੇ ਅਰਕ ਦੀ ਇਕ ਵਿਸ਼ੇਸ਼ ਦੁਕਾਨ ਸੀ)

ਮੈਂ ਝਟ ਤਿਆਰ ਹੋ ਗਿਆ। ਸਿਆਲ ਦੇ ਦਿਨ ਸਨ। ਲੁਧਿਆਣੇ ਤੋਂ ਰਾਤ ਦੀ ਗੱਡੀ ਧੂਰੀ ਪੁੱਜਾ ਤਾਂ ਪਤਾ ਲਗਿਆ ਕਿ ਸੰਗਰੂਰ ਨੂੰ ਏਥੋਂ ਸਵੇਰੇ ਗੱਡੀ ਬਦਲਣੀ ਪਵੇਗੀ। ਸਾਰੀ ਰਾਤ ਇਕ ਪਤਲੀ ਜਿਹੀ ਚਾਦਰ ਵਿਚ ਗੁਜ਼ਾਰੀ। ਸਵੇਰੇ ਸੰਗਰੂਰ ਪੁੱਜ ਕੇ ਦੁਕਾਨ ਲੱਭੀ ਅਤੇ ਅਰਕ ਲੈ ਕੇ ਸ਼ਾਮ ਤਕ ਭੈਣੀ ਸਾਹਿਬ ਪਹੁੰਚ ਗਿਆ। ਸਤਿਗੁਰੂ ਪ੍ਰਤਾਪ ਸਿੰਘ ਜੀ ਦੀਵਾਨ ਵਿਚ ਸਨ। ਸਿੱਧਾ ਸਤਿਗੁਰੂ ਜਗਜੀਤ



Namdhari Elibrary NamdhariElibrary@gmail.com

ਸਿੰਘ ਜੀ ਦੇ ਡੇਰੇ ਪੁੱਜਾ ਜਿਥੇ ਖੂੰਡੀ ਵਾਲਾ ਹਕੀਮ ਮੌਜੂਦ ਸੀ। ਅਰਕ ਠੀਕ ਅਤੇ ਉਸੇ ਦੁਕਾਨ ਦੇ ਹੋਣ ਦਾ ਪ੍ਰਮਾਣ-ਪੱਤਰ ਲੈ ਕੇ ਤੁਰਨ ਲੱਗਾ ਤਾਂ ਸਤਿਗੁਰੂ ਜਗਜੀਤ ਸਿੰਘ ਨੇ ਇਸ਼ਾਰੇ ਨਾਲ ਬੁਲਾਇਆ। ਮੇਰੇ ਉਹਨਾਂ ਕੋਲ ਸਰਕ ਜਾਣ ਤੋਂ ਉਹ ਮੁਸਕਰਾਏ। ਮੂੰਹੋਂ ਕੁਝ ਨਹੀਂ ਬੋਲੇ। ਪਰ ਉਹਨਾਂ ਦੇ ਬੀਮਾਰੀ ਨਾਲ ਫਿੱਕੇ ਪੈ ਗਏ ਚਿਹਰੇ ਉੱਤੇ ਜੋ ਭਾਵ ਸਨ, ਉਹ ਮੇਰੇ ਪ੍ਰਤੀ ਕ੍ਰਿਤੱਗਤਾ ਦੇ ਸਨ ਹਾਲਾਂ ਕਿ ਕ੍ਰਿਤੱਗ ਮੈਂ ਸਾਂ ਜਿਸ ਨੂੰ ਇਕ ਛੋਟੀ ਜਿਹੀ ਸੇਵਾ ਦਾ ਮੌਕਾ ਦਿਤਾ ਗਿਆ ਸੀ ਜੋ ਮੈਨੂੰ ਕੋਈ ਇਮਤਿਹਾਨ ਨਹੀਂ ਸੀ ਜਾਪਿਆ।

......1944—45 ਦੀ ਗੱਲ ਹੈ।

ਸਤਿਗੁਰੂ ਪ੍ਰਤਾਪ ਸਿੰਘ ਜੀ ਲਾਹੌਰ ਮੈਕਲੋਡ ਰੋਡ ਉੱਤੇ ਪ੍ਰਸਿਧ ਡੈਂਟਿਸਟ ਡਾ: ਕੋਲ ਕੋਲ ਆਪਣੇ ਦੰਦਾਂ ਸਬੰਧੀ ਕੋਈ ਮਸ਼ਵਰਾ ਲੈਣ ਆਏ। ਡਾ: ਕੋਲ ਤੋਂ ਅਗਲੀ ਕੋਠੀ ਵਿਚ ਪੰਜਾਬ ਕਮਿਊਨਿਸਟ ਪਾਰਟੀ ਦਾ ਦਫਤਰ ਸੀ। ਸ: ਸੋਹਨ ਸਿੰਘ ਜੋਸ਼ ਨੂੰ ਪਤਾ ਲੱਗਿਆ, ਉਹ ਡਾ: ਕੋਲ ਦੀ ਕੋਠੀਓਂ ਬਾਹਰ ਨਿਕਲਣ ਤੇ ਸਤਿਗੁਰੂ ਪ੍ਰਤਾਪ ਸਿੰਘ ਜੀ ਨੂੰ ਪਾਰਟੀ ਦਫਤਰ ਲੈ ਆਏ। ਸਾਰਾ ਦਫਤਰ ਦਿਖਾ-ਇਆ। ਮੈਂ ਤੇ ਪ੍ਰੇਮ ਧਵਨ (ਹੁਣ ਫਿਲਮੀ ਗੀਤਕਾਰ ਅਤੇ ਉਦੋਂ ਕਮਿਊਨਿਸਟ ਜਲਸਿਆਂ ਵਿਚ ਗੀਤ ਗਾਉਂਦਾ ਹੁੰਦਾ ਸੀ।) ਇਕ ਕਮਰੇ ਵਿਚ ਬੁਖਾਰ ਨਾਲ ਪਏ ਸਾਂ। ਸਾਡੇ ਕਮਰੇ ਵਿਚ ਜਦੋਂ ਆਏ ਤਾਂ ਮੈਂ ਵੇਖਿਆ, ਸਤਿਗੁਰੂ ਜਗਜੀਤ ਸਿੰਘ ਵੀ ਨਾਲ ਸਨ। ਵਾਪਸੀ ਤੇ ਜਦੋਂ ਪੌੜੀਆਂ ਉਤਰਦਿਆਂ ਮਾਰਕਸੀ ਨੇਤਾ ਡਾ: ਭਾਗ ਸਿੰਘ (ਸਵਰਗੀ) ਨੇ ਕਿਹਾ—"ਮਹਾਰਾਜ, ਔਹ ਵੀ ਤੁਹਾਡਾ ਸਿਖ ਹੈ, ਇਹਨੂੰ ਤੁਸੀਂ ਬੁਲਾਇਆ ਹੀ ਨਹੀਂ।

ਸਤਿਗੁਰੂ ਪ੍ਰਤਾਪ ਸਿੰਘ ਜੀ ਨੇ ਮੇਰੇ ਵਲ ਵੇਖਦਿਆਂ ਕਿਹਾ—"ਮੈਂ ਕਿਹੜਾ ਇਹਨੂੰ ਭੈਣੀ ਸਾਹਿਬ ਗੱਡੇ ਚਿਕਣ ਤੇ ਲਾਇਆ ਹੋਇਆ ਸੀ।"

ਉਹਨਾਂ ਨੇ ਮੇਰੇ ਭੈਣੀ ਸਾਹਿਬ ਤੋਂ ਚਲੇ ਆਉਣ ਹਿਰਖ ਦਾ ਪ੍ਰਗਟਾਵਾ ਕੀਤਾ ਸੀ, ਪਰ ਦੂਜੇ ਪਲ ਮੈਂ ਦੇਖਿਆ—ਮੇਰੇ ਗੰਭੀਰ ਹੋ ਗਏ ਚਿਹਰੇ ਨੂੰ ਦੇਖਦਿਆਂ ਸਤਿਗੁਰੂ ਜਗਜੀਤ ਸਿੰਘ ਆਪਣੀ ਸਦਾ ਬਹਾਰ ਮੁਸਕਰਾਹਟ ਦੀ ਸਰਚ-ਲਾਈਟ ਮੇਰੇ ਉੱਤੇ ਸੁਟ ਰਹੇ ਹਨ। ਪਲ ਵਿਚ ਮੇਰੀ ਗੰਭੀ-ਰਤਾ ਜਾਂਦੀ ਰਹੀ।

...1946 ਨੂੰ 'ਸਤਿਜੁਗ' ਦੀ ਐਡੀਟਰੀ ਦਾ ਇਕ ਹੋਰ ਦੌਰ ਆਇਆ ਪਰ ਕਿਸੇ ਪ੍ਰਬੰਧਕ ਨਾਲ ਮਾਮੂਲੀ ਜਿਹੀ ਗੱਲ ਤੇ ਝਗੜਾ ਹੋ ਜਾਣ ਕਾਰਨ ਗਰਮੀਆਂ ਦੀ ਇਕ ਦੁਪਹਿਰ ਨੂੰ ਜਦੋਂ ਸਤਿਗੁਰੂ ਪ੍ਰਤਾਪ ਸਿੰਘ ਜੀ ਬਾਹਰੋਂ ਦੌਰੇ ਤੋਂ ਪਰਤੇ ਤਾਂ ਮੇਰਾ ਕੇਸ ਤਿਆਰ ਹੁੰਦਿਆਂ ਦੇਰ ਨਹੀਂ ਲੱਗੀ। ਮੈਨੂੰ ਬੁਲਾਕੇ ਮਹਾਰਾਜ ਬੀਰ ਸਿੰਘ ਰਾਹੀਂ ਕਹਿ ਦਿਤਾ ਗਿਆ ਕਿ ਮੇਰੀਆਂ ਸੇਵਾਵਾਂ ਖਤਮ। ਗੋਲ ਛੱਪਰ ਤੋਂ ਜ਼ਰਾ ਹਟਵੀਂ ਖਲੋਤੀ ਮੋਟਰ ਦਾ ਇੰਜਨ ਅਜੇ ਗਰਮ ਹੀ ਸੀ—ਮੈਂ ਲਾਲ ਸਿੰਘ ਡਰਾਈਵਰ ਨੂੰ ਕਿਹਾ "ਇਜਾਜ਼ਤ ਲਓ ਤੇ ਮੈਨੂੰ ਕਟਾਣੀ ਤਕ ਛੱਡ ਆਓ।"

ਲਾਲ ਸਿੰਘ ਛੱਡ ਆਇਆ।

1946 ਦੀਆਂ ਆਮ ਚੋਣਾਂ ਨੇੜੇ ਸਨ। ਇਕ ਦਿਨ ਪਤਾ ਲਗਿਆ ਕਿ ਸਤਿਗੁਰੂ ਪ੍ਰਤਾਪ ਸਿੰਘ ਜੀ ਲਾਹੌਰ ਹੀ ਹਨ ਅਤੇ ਬਾਹਰ ਨਹਿਰ ਦੇ ਕੰਢੇ ਧਿਆਨ ਸਿੰਘ ਪੱਥਰਾਂ ਵਾਲਿਆਂ ਦੀ ਕੋਠੀ ਦੀਵਾਨ ਹੈ। ਸ: ਸੋਹਨ ਸਿੰਘ ਜੋਸ਼, ਜਗਜੀਤ ਸਿੰਘ ਆਨੰਦ ਅਤੇ ਇਕ ਅੱਧ ਹੋਰ ਕਾਮਰੇਡ, ਫੀਰੋਜ਼ਪੁਰ ਤੋਂ ਚੋਣ ਲੜ ਰਹੇ ਗਦਰੀ ਬਾਬਾ ਨਿਧਾਨ ਸਿੰਘ ਦੇ ਹੱਕ ਵਿਚ ਨਾਮਧਾਰੀ ਵੋਟਾਂ ਦੀ ਪ੍ਰਵਾਨਗੀ ਲਈ ਮੈਨੂੰ ਨਾਲ ਲੈ ਕੇ ਕੋਠੀ ਆਏ। ਸਤਿਗੁਰੂ ਪ੍ਰਤਾਪ ਸਿੰਘ ਜੀ ਨੇ ਸਾਰਿਆਂ ਦਾ ਬਹੁਤ ਸਤਿਕਾਰ ਕੀਤਾ ਪਰ ਮੈਨੂੰ ਵੇਖਕੇ ਬੋਲੇ—"ਇਹਨੂੰ ਨਾਲ ਕਿਉਂ ਲਿਆਏ ਹੋ?"

ਮੈਂ ਹੋਰ ਕੁਝ ਸੁਨਣ ਤੋਂ ਪਹਿਲਾਂ ਹੀ ਬਾਹਰ ਬਰਾਂਡੇ ਵਿਚ ਆ ਖਲੋਤਾ। ਤਦੇ ਹੀ ਮੈਂ ਆਪਣੇ ਮੋਢਿਆਂ ਉਤੇ ਕਿਸੇ ਦੇ ਹੱਥਾਂ ਦੀ ਛੋਹ ਮਹਿਸੂਸ ਕੀਤੀ। ਪਿਛੇ ਮੁੜਕੇ ਵੇਖਿਆ। ਸਤਿਗੁਰੂ ਜਗਜੀਤ ਸਿੰਘ ਜੀ ਪੁਛ ਰਹੇ ਸਨ—"ਕੀ ਹਾਲ ਹੈ।" ਉਹਨਾਂ ਦੇ ਮੂੰਹ ਤੇ ਉਹੋ ਚਿਰ-ਪਰਚਿਤ ਮੁਸਕਰਾਹਟ ਸੀ।

ਕਈ ਵਾਰ ਨਾਮਧਾਰੀ ਸਮਾਜ ਤੋਂ ਬਹੁਤ ਦੂਰ ਚਲੇ ਜਾਣ ਦਾ ਅਹਿਸਾਸ ਆ ਘੇਰਦਾ ਰਿਹਾ ਹੈ ਅਤੇ ਇਹ ਤੌਖਲਾ ਵੀ ਕਿ ਹੁਣ ਪਿਛੇ ਮੁੜਨਾ ਸੰਭਵ ਨਹੀਂ ਪਰ ਸਤਿਗੁਰੂ ਜਗਜੀਤ ਸਿੰਘ ਜੀ ਕੀਲ ਲੈਣ ਵਾਲੀ ਮੁਸਕਰਾਹਟ ਹਮੇਸ਼ਾਂ ਮੈਨੂੰ ਉਹਨਾਂ ਦੇ ਆਪਣੇ ਵਲ ਅਤੇ ਨਾਮਧਾਰੀ ਸਮਾਜ ਵਲ ਖਿੱਚਣ ਵਿਚ ਵਿਜਈ ਰਹੀ ਹੈ।



Namdhari Elibrary NamdhariElibrary@gmail.com



ਸਤਿਗੁਰੂ ਜਗਜੀਤ ਸਿੰਘ ਜੀ ਨਾਲ ਠਾਕਰ ਦਲੀਪ ਸਿੰਘ ਜੀ ਅਤੇ ਠਾਕਰ ਉਦੇ ਸਿੰਘ ਜੀ

Namdhari Elibrary NamdhariElibrary@gmail.com

Namdhari Elibrary NamdhariElibrary@gmail.com

# ਜ਼ਰਾ ਲੜ ਕੇ ਤੇ ਵੇਖੋ !

—ਅਮਰ ਭਾਰਤੀ



ਅਮਰ ਭਾਰਤੀ ਜੀ ਦਾ ਵਰਿਆਮ ਦੇ ਕਾਲਮਾਂ ਵਿਚ ਸੁਆਗਤ ਕਰਦੇ ਹਾਂ । ਭਾਰਤੀ ਜੀ ਨੇ ਪੰਜਾਬੀ ਸਾਹਿਤਕਾਰੀ ਤੇ ਪਤਰਕਾਰੀ ਦੇ ਮੈਦਾਨ ਵਿਚ ਫਖਰ ਯੋਗ ਨਾਮਨਾ ਖਟਿਆ ਹੈ । ਸ਼ਾਂਤੀ ਨਿਕੇਤਨ ਵਿਚ ਨਿਵਾਸ ਨੇ ਇਹਨਾਂ ਨੂੰ ਬੰਗਾਲੀ ਭਾਸ਼ਾ ਨਾਲ ਸਾਂਝ ਅਤੇ ਸਹਿਤ ਅਧਿਐਨ ਵਧਾਉਣ ਦਾ ਅਵਸਰ ਦਿਤਾ ਜਿਸ ਦੇ ਫਲ ਸਰੂਪ ਬੰਗਾਲੀ ਸਾਹਿਤ ਤੋਂ ਵੀ ਇਹਨਾਂ ਨੇ ਲੋਕ ਪ੍ਰਿਅ ਅਨੁਵਾਦ ਪੰਜਾਬੀ ਜਗਤ ਨੂੰ ਦਿਤੇ ਹਨ । ਵਿਸ਼ੇ ਨੂੰ ਡੂੰਘੇ ਮੁਤਾਲਿਆ ਅਤੇ ਸੂਝ ਨਾਲ ਪੇਸ਼ ਕਰਨਾ ਇਹਨਾਂ ਦਾ ਖਾਸਾ ਹੈ । "ਸਿਖ ਇਤਿਹਾਸ ਅਤੇ ਕੂਕੇ – ਇਕ ਤੁਲਨਾਤਮਿਕ ਅਧਿਐਨ" ਇਹਨਾਂ ਦੀ ਇਕ ਵਿਲਖਣ ਪੁਸਤਕ ਹੈ । ਪੰਜਾਬੀ ਦੇ ਪ੍ਰਸਿਧ ਪਰਚਿਆਂ ਤੋਂ ਇਲਾਵਾ ਰੋਜ਼ਾਨਾ ਨਵਾਂ ਹਿੰਦੁਸਤਾਨ ਵਿਚ ਇਹਨਾਂ ਦੇ ਲਿਖੇ ਸੰਪਾਦਕੀ ਖਾਸ ਕਰਕੇ ਪੰਜਾਬੀ ਸੂਬੇ ਦੀ ਕਾਇਮੀ, ਮਰਨ ਬਰਤਾਂ ਅਤੇ ਅਗਨ ਕੁੰਡਾਂ ਦੇ ਸਮੇਂ ਦੇ, ਭਾਸ਼ਾ ਗਿਆਨ ਵਿਗਿਆਨ, ਅਤੇ ਰਾਜਸੀ ਦ੍ਰਿਸ਼ਟੀਕੋਣ ਤੋਂ ਅਜ ਵੀ ਅਪਣਾ ਵਿਸ਼ੇਸ਼ ਥਾਂ ਰਖਦੇ ਹਨ ।

ਸਤਿਗੁਰੂ ਜਗਜੀਤ ਸਿੰਘ ਨਾਲ ਇਹਨਾਂ ਦੀ ਸਾਂਝ ਵੀ ਵਿਲਖਣ ਹੈ ਅਤੇ ਉਸ ਨੂੰ ਬਿਆਨ ਕਰਨ ਦਾ ਢੰਗ ਵੀ

—ਸੰਪਾਦਕ

ਲੜਾਈ ਮੇਰਾ ਸ਼ੌਕ ਨਹੀਂ ਤੇ ਨਾ ਹੀ ਮੇਰਾ ਧੰਦਾ ਏ । ਤਾਂ ਵੀ ਮੈਂ ਵੇਖਿਆ ਕਿ ਜੇ ਕਦੇ ਕਦਾਈਂ ਲੜਿਆ ਨਾ ਜਾਵੇ ਤਾਂ ਜ਼ਿੰਦਗੀ ਬੇਸਵਾਦ ਜਿਹੀ ਲੱਗਣ ਲੱਗ ਪੈਂਦੀ ਏ । ਲੜਾਈ ਇਕ ਤਰ੍ਹਾਂ ਨਾਲ ਸਾਡੀ ਹਉਮੈ ਦਾ ਹੀ ਤਾਂ ਪ੍ਰਗਟਾਵਾ ਹੈ ! ਜੇ ਆਦਮੀ ਹਰ ਵੇਲੇ ਆਪਣੇ ਆਪ ਨੂੰ ਨਾ-ਚੀਜ਼ ਹੀ ਸਮਝਦਾ ਰਹੇ ਤਾਂ ਤੇ ਫਿਰ ਕੋਈ ਚੀਜ਼ ਜਾਂ ਕੁਝ ਖਾਸ ਬਣਨ ਦੀ ਚਾਹ ਹੀ ਖਤਮ ਹੋ ਜਾਵੇ । ਅਤੇ ਇਹ ਚਾਹ ਖਤਮ ਹੋਈ ਕਿ ਦੁਨੀਆਂ ਦੀ ਸਾਰੀ ਤਰੱਕੀ ਰੁਕ ਗਈ । ਇਸ ਲਈ ਕਿਸੇ ਨਾ ਕਿਸੇ ਤਰ੍ਹਾਂ ਦੀ ਥੋੜ੍ਹੀ ਜਾਂ ਬਹੁਤੀ ਹਉਮੈ ਤਾਂ ਹੋਣੀ ਹੀ ਚਾਹੀਦੀ ਏ—ਤੇ ਹਉਮੈ ਦੇ ਪ੍ਰਗਟਾਵੇ ਦਾ ਰੂਪ ਹੀ ਲੜਾਈ ਹੈ ।

ਫਿਰ ਜੇ ਇਹ ਲੜਾਈ ਰੱਬ ਨਾਲ ਜਾਂ ਸਤਿਗੁਰੂ ਨਾਲ ਕੀਤੀ ਜਾਵੇ ਤਦ ਤਾਂ ਇਸ ਦਾ ਸਵਾਦ ਹੀ ਕੁਝ ਵੱਖਰਾ ਹੁੰਦਾ ਏ ।

ਇਹ ਗੱਲ ਵੀ ਨਹੀਂ ਕਿ ਸਤਿਗੁਰੂ ਕਦੇ ਲੜਦਾ ਹੀ ਨਹੀਂ, ਪਰ ਹਾਂ, ਇਹ ਜ਼ਰੂਰ ਏ ਕਿ ਉਹ ਘੱਟ ਲੜਦਾ ਏ । ਆਖ਼ਰ ਹੈ ਤਾਂ ਸਤਿਗੁਰੂ ਨਾਨਕ ਵਾਂਗ ਪੰਜ ਤੱਤ ਦਾ ਪੁਤਲਾ ਹੀ ।

ਯੁਗ ਜਮਹੂਰੀਅਤ (ਡੈਮੋਕ੍ਰੇਸੀ) ਦਾ ਹੈ ਇਸ ਲਈ ਮੈਂ ਪਾਤਸ਼ਾਹੀਆਂ ਦੇ ਹੱਕ ਵਿਚ ਨਹੀਂ ਹਾਂ । ਇਹੋ ਕਾਰਨ ਏ ਕਿ ਪਾਤਸ਼ਾਹੀ ਸੱਚੀ ਹੋਵੇ ਜਾਂ ਝੂਠੀ, ਮੇਰਾ ਉਸ ਨੂੰ ਮੰਨਣ ਤੇ ਜੀਅ ਨਹੀਂ ਕਰਦਾ । ਸਤਿਗੁਰੂ ਜੀ ਨੂੰ ਵੀ ਮੈਂ 'ਸੱਚੇ ਪਾਤਸ਼ਾਹ' ਕਹਿਣ ਜਾਂ ਮੰਨਣੋਂ ਝਿਜਕਦਾ ਹਾਂ । ਹੋਰ ਬਥੇਰੇ ਲੋਕ ਨੇ ਜਿਹੜੇ ਬਿਨਾ ਝਿਜਕ ਸੱਚੇ ਪਾਤਸ਼ਾਹ ਆਖਦੇ ਵੀ ਨੇ ਤੇ ਮੰਨਦੇ ਵੀ ਨੇ, ਤੇ ਜੇ ਇਕ ਅੱਧ ਮੇਰੇ ਜਿਹਾ ਨਾ ਵੀ ਆਖੇ ਮੰਨੇ ਤਾਂ ਫਰਕ ਕੀ ਪੈਂਦਾ ਏ ਉਹਨਾਂ ਨੂੰ ।

ਅਜ ਕਲ ਬਰਾਬਰੀ ਦੀ ਸੋਚ ਨੇ ਮਨੁੱਖੀ ਮਨ ਨੂੰ ਮੱਲ ਲਿਆ ਏ । ਕੋਈ ਕਮਿਊਨਿਸਟ ਹੋਵੇ ਜਾਂ ਜਮਹੂਰੀਅਤ ਪਸੰਦ—ਗਰੀਬ ਨੂੰ ਹੁਣ ਨਾਪਸੰਦਗੀ ਨਾਲ ਹੀ ਵੇਖਿਆ ਜਾਂਦਾ ਏ । ਇਸ ਲਈ ਗ਼ਰੀਬੀ ਮਨ ਦੀ ਹੋਵੇ ਜਾਂ ਤਨ ਦੀ—ਉਹ ਮੈਨੂੰ ਪਸੰਦ ਨਹੀਂ । ਇਹ ਵੱਖਰੀ ਗੱਲ ਏ ਕਿ ਅਸੀਂ ਬਹੁਤ ਗਰੀਬ ਹਾਂ ਅਤੇ ਬਹੁਤ ਥੋੜ੍ਹੇ ਆਦਮੀ ਅਮੀਰ ਨੇ—ਪਰ ਇਹ ਤਾਂ ਮਜਬੂਰੀ ਕਾਰਨ ਏ ਲੜਾਈ ਗ਼ਰੀਬ ਅਮੀਰ



Namdhari Elibrary NamdhariElibrary@gmail.com

ਦਾ ਫਰਕ ਹਟਾਉਣ ਲਈ ਲਗਾਤਾਰ ਚੱਲ ਰਹੀ ਏ। ਸੋ ਮੈਂ ਸਤਿਗੁਰੂ ਨੂੰ 'ਗ਼ਰੀਬ ਨਿਵਾਜ਼' ਵੀ ਨਹੀਂ ਮੰਨਦਾ।

ਅਤੇ ਅੰਤਰ ਜਾਮੀ ?

ਤੁਸੀਂ ਆਖੋਗੇ ਕਿ ਇਹ ਤਾਂ ਹਰ ਗੱਲੋਂ ਹੀ ਇਨਕਾਰੀ ਏ। ਉਂਝ ਸੱਚ ਪੁੱਛੋ ਤਾਂ ਅੰਤਰਜਾਮਤਾ ਤੋਂ ਇਨਕਾਰੀ ਹੋਣਾ ਤੇ ਅਜ ਕਲ ਹੋਰ ਵੀ ਸੌਖਾ ਏ। ਇਸ ਨਾਲ ਸਤਿਗੁਰੂ ਨੂੰ ਕੁਝ ਸਹੂਲਤ ਹੀ ਦੇਣ ਵਾਲੀ ਗੱਲ ਏ। ਬੇਸ਼ੱਕ ਸੋਚ ਕੇ ਵੇਖ ਲਓ।

ਉਂਜ ਤੁਸੀਂ ਹੀ ਦੱਸੋ ਕਿ ਜੇ 'ਅੰਤਰਜਾਮੀ' ਵੀ ਮੰਨੀ ਜਾਵਾਂ, 'ਗ਼ਰੀਬ ਨਿਵਾਜ਼' ਵੀ ਅਤੇ 'ਸੱਚਾ ਪਾਤਸ਼ਾਹ' ਵੀ— ਤਾਂ ਫਿਰ ਸਤਿਗੁਰੂ ਦਾ ਮੇਰੇ ਨਾਲ ਰਿਸ਼ਤਾ ਹੀ ਕੀ ਰਹਿ ਗਿਆ ? ਮਾਲਿਕ ਦਾ ਗ਼ੁਲਾਮ ਨਾਲ, ਅਮੀਰ ਦਾ ਗਰੀਬ ਨਾਲ ਤੇ ਮੇਰੇ ਅੰਦਰ ਦੀਆਂ ਜਾਨਣ ਵਾਲੇ ਦਾ ਮੇਰੇ ਆਪਣੇ ਬਾਰੇ ਆਪ ਕੁਝ ਵੀ ਨਾ ਜਾਨਣ ਵਾਲੇ ਨਾਲ ਉਹਦਾ ਕੀ ਰਿਸ਼ਤਾ ਹੋ ਸਕਦਾ ਏ ? ਜ਼ਾਹਰ ਹੈ ਕਿ ਅੰਦਰ ਦਾ ਕੋਈ ਰਿਸ਼ਤਾ ਨਹੀਂ ਹੋ ਸਕਦਾ। ਪਰ ਮੈਂ ਤੇ ਅੰਦਰ ਦੇ ਰਿਸ਼ਤੇ ਤੋਂ ਬਗ਼ੈਰ ਕਿਸੇ ਨਾਲ ਵੀ ਕੋਈ ਰਿਸ਼ਤਾ ਨਹੀਂ ਰੱਖ ਸਕਦਾ। ਗੱਲਾਂ ਬਹੁਤ ਨੇ ਇਸ ਰਿਸ਼ਤੇ ਦੀਆਂ ਪਰ ਮੈਂ ਏਥੇ ਸਿਰਫ਼ ਇਕ ਹੀ ਬਿਆਨ ਕਰਾਂਗਾ।

ਇਕ ਦਿਨ ਭੈਣੀ ਸਾਹਿਬ ਵਿਚ ਅੰਮ੍ਰਿਤ ਵੇਲੇ ਆਸਾ ਦੀ ਵਾਰ ਦਾ ਕੀਰਤਨ ਸੁਣ ਰਿਹਾ ਸਾਂ ਕਿ ਧੁਰ ਅੰਦਰ ਨੂੰ ਧੂੰਹਦੀ ਇਕ ਧੁਣ ਗੂੰਜੀ। ਗਾ ਰਹੇ ਸਨ ਸਤਿਗੁਰੂ ਜਗਜੀਤ ਸਿੰਘ ਜੀ ਹੀ—

"ਜਿਉਂ ਜਨਨੀ ਸੁਤੁ ਜਣਿ ਪਾਲਤੀ ਰਾਖੈ ਨਦਰਿ ਮਝਾਰਿ।
ਅੰਤਰਿ ਬਾਹਰਿ ਮੁਖਿ ਦੇ ਗਿਰਾਸੁ ਖਿਨੁ ਖਿਨੁ ਪੋਚਾਰਿ।
ਤਿਉ ਸਤਿਗੁਰੁ ਗੁਰ ਸਿਖ ਰਾਖਤਾ ਹਰਿ ਪ੍ਰੀਤਿ ਪਿਆਰਿ।
ਮੇਰੇ ਰਾਮ ਹਮ ਬਾਰਿਕ ਹਰਿ ਪ੍ਰਭ ਕੇ ਹੈ ਇਆਣੇ।
ਧੰਨੁ ਧੰਨੁ ਗੁਰੂ ਗੁਰੁ ਸਤਿਗੁਰੁ ਪਾਧਾ
ਜਿਨਿ ਹਰਿ ਉਪਦੇਸੁ ਦੇ ਕੀਏ ਸਿਆਣੇ ॥ ੧ ਰਹਾਉ ॥
ਜੈਸੀ ਗਗਨਿ ਫਿਰੰਤੀ ਊਡਤੀ ਕਪਰੇ ਬਾਗੇ ਵਾਲੀ।
ਊਹ ਰਾਖੈ ਚੀਤੁ ਪੀਛੈ ਬਿਚਿ ਬਚਰੇ
ਨਿਤ ਹਿਰਦੈ ਸਾਰਿ ਸਮਾਲੀ
ਤਿਉ ਸਤਿਗੁਰ ਸਿਖ ਪ੍ਰੀਤਿ ਹਰਿ ਹਰਿ ਕੀ
ਗੁਰ ਸਿਖ ਰਖੈ ਜੀਅ ਨਾਲੀ"

'ਗੱਲ ਹੋਈ ਨਾ ਰਿਸ਼ਤੇ ਦੀ !!' ਇਹਨਾ ਤੁਕਾਂ ਦੇ ਅੱਗੇ ਪਿਛੇ ਕੀ ਏ ? ਮੈਨੂੰ ਇਹ ਧਿਆਨ ਨਹੀਂ ਰਿਹਾ— ਸਗੋਂ ਧਿਆਨ ਗਿਆ ਉਸ ਘਟਨਾ ਵੱਲ ਜਿਹੜੀ ਕੁਝ ਕੁ ਦਿਨ ਹੀ ਪਹਿਲਾਂ ਘਟੀ ਸੀ।

ਉਹਨਾਂ ਦਿਨਾਂ ਵਿਚ ਮੈਂ ਕੁੱਲੂ ਮਨਾਲੀ ਦੀ ਸੈਰ ਨੂੰ ਗਿਆ ਸਾਂ। ਘੁੰਮਦਾ ਘੁੰਮਾਂਦਾ ਵਾਪਸੀ ਵੇਲੇ ਇਕ ਦਿਨ ਅੰਦਰੇਟੇ ਵਿਚ ਸ੍ਰ: ਸੋਭਾ ਸਿੰਘ ਜੀ ਆਰਟਿਸਟ ਨੂੰ ਮਿਲਨ ਚਲਾ ਗਿਆ। ਸੋਭਾ ਸਿੰਘ ਜੀ ਨੇ ਏਨੇ ਪ੍ਰੇਮ ਨਾਲ ਤੇ ਏਨੀ ਜ਼ੋਰਦਾਰ ਪ੍ਰੇਰਨਾ ਦਿੱਤੀ ਕਿ ਮੈਂ ਉਹਨਾ ਦੀ ਇੱਛਾ ਅਨੁਸਾਰ ਅੰਦਰੇਟੇ ਵਿਚ ਹੀ ਹੋਮਿਓਪੈਥਿਕ ਡਿਸਪੈਂਸਰੀ ਖੋਹਲ ਕੇ ਬਹਿ ਗਿਆ।

ਵਿਚ ਵਿਚ ਚਾਰ ਚੁਫੇਰੇ ਦਾ ਇਲਾਕਾ ਵੇਖਣ ਲਈ ਨਿਕਲ ਜਾਂਦਾ। ਇਕ ਦਿਨ ਫਿਰਦਾ ਤੁਰਦਾ ਗੱਡੀ ਚੜ੍ਹ ਕੇ ਨਗਰੋਟੇ ਜਾ ਪਹੁੰਚਾ। ਓਥੇ ਇਕ ਨਾਮਧਾਰੀ ਸੱਜਣ ਹਰਬੰਸ ਸਿੰਘ ਦੀ ਦੁਕਾਨ ਵੇਖੀ ਤੇ ਉਹਨਾ ਨਾਲ ਗੱਲੀਂ ਜੁਟ ਪਿਆ। ਉਹਨਾਂ ਕੋਲੋਂ ਪਤਾ ਲੱਗਾ ਕਿ ਸਤਿਗੁਰੂ ਜੀ ਕਲ੍ਹ ਹੀ ਉਥੋਂ ਦੀ ਲੰਘ ਕੇ ਉਪਰ 'ਮੰਡੀ' ਨੂੰ ਗਏ ਨੇ ਤੇ ਹਫਤੇ ਕੁ ਤਕ ਮੁੜ ਆਉਣਗੇ। ਤੇ ਮੁੜਦਿਆਂ ਹੋਇਆਂ ਕੁਝ ਸਮਾਂ ਨਗਰੋਟੇ ਵੀ ਠਹਿਰਨਗੇ।

ਸੁਣ ਕੇ ਮੇਰੇ ਜੀਅ ਨੂੰ ਜਿਵੇਂ ਘੇਰ ਜਿਹੀ ਪਈ। 'ਕਿੰਨਾ ਹੀ ਚਿਰ ਹੋ ਗਿਐ ਮਿਲਿਆਂ ਨੂੰ !' ਬੜਾ ਜੀਅ ਕੀਤਾ ਕਿ ਕਿਸੇ ਤਰ੍ਹਾਂ ਹੁਣੇ ਹੀ ਜਾ ਮਿਲਾਂ। ਪਰ ਹਰ ਵੇਲੇ ਤੇ ਜੀਅ ਦੀ ਕਰਨੀ ਸੌਖੀ ਨਹੀਂ ਹੁੰਦੀ ! ਚਿਠੀ ਪਾ ਦਿੱਤੀ ਮੰਡੀ। ਲਿਖਿਆ, "ਕਿਰਪਾ ਕਰਕੇ ਮੁੜਦੀ ਡਾਕੇ ਅੰਦਰੇਟੇ ਪਤਾ ਭਿਜਵਾਓ ਕਿ ਕਿਸ ਦਿਨ ਨਗਰੋਟੇ ਆ ਰਹੇ ਓ। ਮੈਂ ਏਥੇ ਹੀ ਦਰਸ਼ਨ ਕਰਾਂਗਾ ਜੀ ਬੜਾ ਕਰਦੈ......।"

ਅੰਦਰੇਟੇ ਜਾ ਕੇ ਜਵਾਬ ਉਡੀਕਣ ਲਗਾ। ਜਵਾਬ ਕੋਈ ਆਏ ਹੀ ਨਾ। ਫਿਰ ਇਕ ਦਿਨ ਆਪ ਹੀ ਨਗਰੋਟੇ ਚਲਾ ਗਿਆ। ਪੁਛਿਆ—"ਕੋਈ ਪਤਾ ਆਇਐ—ਕਦੋਂ ਆ ਰਹੇ ਨੇ ਸਤਿਗੁਰੂ ਜੀ !"

"ਪਰਸੋਂ।"

ਅੰਦਰੇਟੇ ਜਾ ਕੇ ਫਿਰ ਚਿੱਠੀ ਉਡੀਕਣ ਲੱਗਾ। ਮੈਨੂੰ ਆਪਣੀ ਚਿੱਠੀ ਦੀ ਉਡੀਕ ਸੀ ਭਾਵੇਂ ਪਤਾ ਲੱਗ ਹੀ ਗਿਆ ਸੀ ਕਿ ਪਰਸੋਂ ਆ ਰਹੇ ਨੇ। ਮਨ ਮਨ ਵਿਚ ਆਵੇ ਉਹਨਾਂ ਨੇ ਚਿੱਠੀ ਦਾ ਜਵਾਬ ਕਿਉਂ ਨਹੀਂ ਦਿੱਤਾ ? ਤਾਂ ਫਿਰ ਮੈਂ ਹੀ ਕਿਉਂ ਜਾਵਾਂ ਨਗਰੋਟੇ ! ਚਿੱਠੀ ਦਾ ਜਵਾਬ ਤੇ ਉਹਨਾਂ ਨੂੰ ਦੇਣਾ ਹੀ ਚਾਹੀਦਾ ਸੀ। ਚਲੋ ਨਹੀਂ ਦਿੱਤਾ ਤਾਂ ਨਾ ਸਹੀ—ਜੇ ਉਹਨਾਂ ਦਾ ਜੀਅ ਨਹੀਂ ਕਰਦਾ ਮਿਲਨ



Namdhari Elibrary NamdhariElibrary@gmail.com

ਨੂੰ ਤਾਂ ਫਿਰ ਮੇਰਾ ਵੀ ਨਹੀਂ ਸਰਦਾ। ਮੈਂ ਹੀ ਕਿਉਂ ਭੱਜਾ ਫਿਰਦਾ ਵਾਂ ! ਨਹੀਂ, ਹੁਣ ਮੈਂ ਵੀ ਨਹੀਂ ਜਾਣਾ ਮਿਲਨ ਲਈ ! ਨਗਰੋਟੇ ਮੈਂ ਨਹੀਂ ਜਾਵਾਂਗਾ !'

ਤੇ ਫਿਰ ਉਹ ਦਿਨ ਵੀ ਆ ਗਿਆ—ਜਿਸ ਦਿਨ ਉਹਨਾਂ ਨੇ ਆਉਣਾ ਸੀ ਤੇ ਮੈਂ......। ਦੁਚਿਤੀ ਵਿਚ ਹੀ ਅੰਤ ਨੂੰ ਇਹ ਸੋਚ ਕੇ ਟੁਰ ਪਿਆ ਕਿ ਚਲੋ ਰਸਤੇ ਵਿਚ ਸੋਚਾਂਗੇ ਕਿ ਨਗਰੋਟੇ ਜਾਣਾ ਏ ਕਿ ਨਹੀਂ ਨਗਰੋਟੇ ਤੋਂ ਉਰਲੇ ਸਟੇਸ਼ਨ ਪਰੌਰ ਦੀ ਟਿਕਟ ਲੈ ਲਈ ! ਪਰੌਰ ਬਿਆਸ ਵਾਲਿਆਂ ਦਾ ਰਾਧਾ ਸਵਾਮੀ ਆਸ਼ਰਮ ਹੈ। ਉਥੇ ਜਾਕੇ ਪ੍ਰਸ਼ਾਦ ਛਕਿਆ। ਫਿਰ ਸੜਕੇ ਸੜਕ ਹੋ ਟੁਰਿਆ ਨਗਰੋਟੇ ਨੂੰ। ਪਰ ਕੁਝ ਕੁ ਫਰਲਾਂਗ ਹੀ ਬਾਕੀ ਸੀ ਕਿ ਮੁੜ ਪਿਆ। 'ਨਹੀਂ ਜਾਣਾ ! ਉਹਨਾ ਨੇ ਪਰਵਾਹ ਹੀ ਨਹੀਂ ਕੀਤੀ, ਚਿੱਠੀ ਦਾ ਜਵਾਬ ਕਿਉਂ ਨਹੀਂ ਦਿੱਤਾ।' ਪਰੌਰ ਦੇ ਬਰਾਬਰ ਇਕ ਮੋੜ ਤੇ ਖਲੋ ਰਿਹਾ। 'ਏਥੋਂ ਦੀ ਹੀ ਤਾਂ ਲੰਘਣਾ ਨੇ। ਪਤਾ ਲਗ ਜਾਏਗਾ। ਚੁਪ ਕਰਕੇ ਵੇਖ ਲਾਂਗਾ—ਆਪਣੀ ਗੱਲ ਵੀ ਰਹਿ ਜਾਏਗੀ ਤੇ ਦਰਸ਼ਨ ਵੀ ਹੋ ਜਾਣਗੇ।' ਮੀਂਹ ਆਇਆ ਜ਼ੋਰਾਂ ਦਾ ਪਰ ਉਹ ਨਾ ਆਏ। ਭਿੱਜ ਭਿੱਜ ਕੇ ਦੰਦੋੜਿਕੇ ਵਜਣ ਲੱਗੇ ਅਤੇ ਫਿਰ ਮਨ ਨੇ ਕਿਹਾ—'ਕਿਉਂ ਖਲੋਤਾ ਏਂ ?'

ਅਤੇ ਮੈਂ ਮੁੜ ਆਸ਼ਰਮ ਜਾ ਪੁਜਾ। ਰਾਤ ਕੱਟੀ ਅਤੇ ਸਵੇਰੇ ਅੰਦਰੇਟੇ ਨੂੰ ਪਰਤ ਗਿਆ। ਅੰਦਰੇਟੇ ਜਾਂਦਿਆਂ ਹੀ ਚਿੱਠੀ ਮਿਲੀ। ਗੁਰਦੇਵ* ਨੇ ਲਿਖਿਆ ਸੀ—''ਸਤਿਗੁਰੂ ਜੀ......ਤਰੀਖ ਨੂੰ ਨਗਰੋਟੇ ਆ ਰਹੇ ਨੇ। 'ਤੁਸਾਂ' ਜ਼ਰੂਰ ਆਉਣਾ !'

ਮੇਰੇ ਕਾਲਜੇ ਨੂੰ ਜਿਵੇਂ ਜੁੱਗ ਜਿਹਾ ਭਰਿਆ ਗਿਆ। 'ਮੈਂ ਇਹ ਕੀ ਕੀਤਾ ! ਏਨਾ ਨੇੜਿਉਂ ਹੋ ਕੇ ਮੁੜ ਆਇਆਂ ! ਇਹ ਕੀ ਮੁਕਾਬਲਾ ਹੋਇਆ ! ਇਹ ਤਾਂ ਸੁਧਾ ਹੰਕਾਰ ਏ।'

ਪਰ ਵਕਤ ਲੰਘ ਗਿਆ ਸੀ, ਸੋ ਚੁਪ ਕਰਕੇ ਬਹਿ ਗਿਆ।

ਦੋ ਤਿੰਨ ਦਿਨ ਅੰਤਾਂ ਦਾ ਮੀਂਹ ਵਸਿਆ। ਰਸਤੇ ਬੰਦ ਹੋ ਗਏ। ਰੱਚਾਨਾ ਪਾਲਮਪੁਰ ਵੱਲੋਂ ਆਉਣ ਵਾਲੀ ਬੱਸ ਵੀ ਨਹੀਂ ਸੀ ਆ ਰਹੀ। ਆਪਣੀ ਡਿਸਪੈਂਸਰੀ ਵਿਚ ਜਿਹੜੀ ਕਿ ਪਿੰਡ ਦੇ ਅੰਤਿਮ ਸਿਰੇ ਸੀ—ਚੁਪ ਚਾਪ ਬੈਠਾ ਸਾਂ—ਕਿ ਅਚਾਨਕ ਹਾਰਨ ਦੀ ਆਵਾਜ਼ ਆਈ। ਸੋਚਿਆ 'ਸ੍ਰ. ਸੋਭਾ ਸਿੰਘ ਜੀ ਨੂੰ ਮਿਲਨ ਕੋਈ ਵੱਡੀ ਅਫ਼ਸਰ ਆਇਆ ਹੋਵੇਗਾ।' ਥੋੜ੍ਹੇ ਚਿਰ ਵਿਚ ਹੀ ਸੋਭਾ ਸਿੰਘ ਜੀ ਦਾ ਸੇਵਕ ਆ ਗਿਆ। ਮੈਂ ਹੀ ਪੁਛਿਆ—ਅੱਜ ਕੌਣ ਆ ਗਿਐ ਏਨੇ ਮੀਂਹ ਵਿਚ।''

''ਤੁਹਾਨੂੰ ਬੁਲਾਇਆ।''
''ਮੈਨੂੰ ! ਕੋਈ ਮੇਰਾ......ਕੌਣ ਏ ?''
''ਚਿੱਟੇ ਚਿੱਟੇ ਕਪੜਿਆਂ ਵਾਲੇ ਨੇ।
ਦਿਲ ਇਕ ਦਮ ਧੜਕ ਉਠਿਆ !
''ਪੱਗਾਂ ?''
''ਚਿੱਟੀਆਂ ਗੋਲ ਗੋਲ।''

ਪਿੰਡ ਦੇ ਸ਼ੁਰੂ ਵਿਚ ਪਹਿਲੀ ਕੋਠੀ ਹੀ ਸਰਦਾਰ ਸੋਭਾ ਸਿੰਘ ਜੀ ਦੀ ਸੀ। ਲਗ ਭਗ ਦੌੜ ਕੇ ਹੀ ਗਿਆ ਸਾਂ। ਸੋਭਾ ਸਿੰਘ ਜੀ ਦੇ ਸਟੂਡੀਓ ਵਿਚ ਵਿਛੇ ਚਿੱਟੇ ਦੀਵਾਨ ਉਪਰ ਸਤਿਗੁਰੂ ਜੀ ਬੈਠੇ ਸਨ। ਮੱਥਾ ਟੇਕ ਕੇ ਹੌਲੀ ਜਿਹਾ ਕਿਹਾ—'ਅੰਤਕਾਂ ਮੈਂ ਵੀ ਸੋਚ ਲਿਆ ਸੀ ਕਿ ਜੇ ਉਹ ਗੱਲ ਏ ਤਾਂ ਆਣ ਕੇ ਈ ਮਿਲੋਗੇ।''

''ਫਿਰ ਮੈਂ ਤੇ ਆ ਗਿਆ ਵਾਂ।''

''ਪਰ ਤੁਸੀਂ ਉਸ ਦਿਨ ਨਗਰੋਟੇ ਨਹੀਂ ਸੀ ਆਏ ?''

''ਗਏ ਸਾਂ, ਤੁਹਾਨੂੰ ਬੜਾ ਉਡੀਕਿਆ। ਸਟੇਸ਼ਨ ਤੇ ਵੀ ਗਏ ਸਾਂ ਗਡੀ ਵੇਖਣ, ਪਰ ਤੁਸੀਂ ਤੇ ਆਏ ਹੀ ਨਾ। ਏਧਰ ਹੀ ਆ ਜਾਂਦੇ ਪਰ ਦਿੱਲੀ ਵਿਚ ਵੀ ਕੋਈ ਉਡੀਕ ਰਿਹਾ ਸੀ। ਸੰਤ ਗੰਡਾ ਸਿੰਘ ਜੀ ਬਹੁਤ ਬੀਮਾਰ ਸਨ। ਬਸ ਉਹਨਾ ਨੂੰ ਵੇਖ ਈ ਮੁੜ ਆਏ ਆਂ ਦੁਬਾਰਾ। ਕਾਰ ਤੇ ਆਉਣੀ ਨਹੀਂ ਸੀ ਏਨੇ ਪਾਣੀ ਵਿਚ। ਰਸਤੇ ਚੋਂ ਕਿਸੇ ਦੀ ਜੀਪ ਮੰਗ ਕੇ ਲਿਆਏ ਆਂ।''

ਮੇਰੇ ਉੱਤੇ ਤੇ ਜਿਵੇਂ ਸੌ ਘੜੇ ਪਾਣੀ ਪੈ ਗਿਆ ਹੋਵੇ। ਆਖਦਾ ਵੀ ਕੀ।

ਫਿਰ ਕਹਿਣ ਲੱਗੇ—''ਹੁਣ ਮੈਂ ਕੁਝ ਆਖਾਂ ?''

''ਫੁਰਮਾਓ।''

'ਆਪਣਾ ਬੋਰੀਆ ਬਿਸਤਰਾ ਬੰਨ੍ਹੋ, ਤੇ ਜੀਪ ਵਿਚ ਰੱਖੋ।''

''ਸੋਭਾ ਸਿੰਘ ਜੀ ਨੇ ਝਟ ਕਿਹਾ ਕਿ ਨਾਂ ਜੀ, ਇੰਜ ਨਾ ਆਖੋ, ਮੈਂ ਤੇ ਬੜੀ ਮੁਸ਼ਕਿਲ ਨਾਲ...।''

''ਤਾਂ ਤੁਸੀਂ ਵੀ ਚਲੋ, ਉਥੇ ਈ ਤੁਹਾਨੂੰ ਵੀ ਕੁਟੀਆ ਪਾ ਦਿਆਂਗੇ, ਬਾਗ ਬਗੀਚਾ ਵੀ ਲਾ ਦਿਆਂਗੇ।''

''ਬੜੀ ਮੇਹਰਬਾਨੀ, ਤੁਸੀਂ ਮੇਰੇ ਉਪਰ ਤਾਂ ਏਥੇ ਈ ਕਿਰਪਾ ਕਰੋ। ਇਹਨਾਂ ਨੂੰ ਹੀ ਲੈ ਜਾਓ।''

ਮੈਂ ਉਦੋਂ ਹੀ ਸੋਚਿਆ—ਮੁੜ ਕੇ ਕਦੇ ਇਮਤਿਹਾਨ ਵਿਚ ਨਹੀਂ ਪਾਵਾਂਗਾ। ਇਹ ਤੇ ਸਮਰੱਥ ਨੇ ਝੱਲ ਜਾਣਗੇ ਪਰ ਮੈਂ ਤੇ ਇਹੋ ਜਿਹੇ ਇਮਤਿਹਾਨ ਵਿਚ ਪੈਣ ਦੀ ਤਾਕਤ ਨਹੀਂ ਰੱਖਦਾ। ਫਿਰ ਇਹ ਤਾਂ ਹੁਦਾਰ ਬਿਲਕੁਲ ਹੀ ਨਹੀਂ ਕਰਦੇ ਜਾਪਦੇ, ਨਾਲ ਦੀ ਨਾਲ ਹੀ ਹਿਸਾਬ ਬਰਾਬਰ।

ਉਦੋਂ ਹੀ ਆਉਣਾ ਪਿਆ ਸੀ ਅੰਦਰੇਟਾ ਛੱਡ ਕੇ। ਪਹਿਲਾਂ ਭੈਣੀ ਸਾਹਿਬ ਆਇਆ ਸਾਂ। ਅੱਸੂ ਦੇ ਪ੍ਰਯੋਗ ਮੇਲੇ ਦਾ ਆਰੰਭ ਹੋ ਰਿਹਾ ਸੀ। ਉਸੇ ਦੌਰਾਨ ਹੀ ਇਕ ਦਿਨ ਅੰਮ੍ਰਿਤ ਵੇਲੇ ਉਹ ਮਮਤਾ ਭਰੀ ਧੁਣ ਸੁਣੀ ਸੀ।

''ਮੇਰੇ ਰਾਮ ਹਮ ਬਾਰਿਕ ਹਰਿ ਪ੍ਰਭ ਕੇ ਹੈ ਇਆਣੇ।''
ਅਤੇ ਮੈਂ ਫਿਰ ਸੋਚ ਲਿਆ ਕਿ 'ਮੈਨੂੰ ਤੇ ਇਹੋ ਰਿਸ਼ਤਾ ਹੀ ਵਾਰਾ ਖਾਂਦਾ ਏ—ਏਹੋ ਈ ਮੈਨੂੰ ਮਨਜ਼ੂਰ ਏ। ਸਵਾਦ ਤੇ ਆਉਂਦਾ ਏ ਨਾ ਦੁੜਕੀ ਦਾ—'

''ਜੈਸੀ ਗਗਨਿ ਫਿਰੰਤੀ ਉਡਤੀ ਕਪਰੇ ਬਾਗੇ ਵਾਲੀ।
ਉਹ ਰਾਖੈ ਚੀਤੁ ਪੀਛੈ ਬਿਚਿ ਬਚਰੇ
ਨਿਤ ਹਿਰਦੈ ਸਾਰਿ ਸਮਾਲੀ।
ਤਿਉ ਸਤਿਗੁਰ ਸਿਖ ਪ੍ਰੀਤਿ ਹਰਿ ਹਰਿ ਕੀ
ਗੁਰ ਸਿਖ ਰਖੈ ਜੀਅ ਨਾਲੀ...।''

*ਸਤਿਗੁਰੂ ਜੀ ਦੇ ਨਿਜੀ ਸਕੱਤਰ



Namdhari Elibrary NamdhariElibrary@gmail com

# ਬਾਲ ਗੋਵਿੰਦ

—ਰਾਜਿੰਦਰ ਸਿੰਘ ਗੁਰੂਸਰ

---

ਅਪਣੀ ਲਿਖਤ ਨੂੰ ਅਲੰਕਾਰਾਂ ਨਾਲ ਸਜਾ ਕੇ ਬੜੀ ਸਹਿਜ ਸਰਲਤਾ ਨਾਲ ਸੁਆਦਲੀ ਬਣਾਉਣਾ ਸ: ਰਾਜਿੰਦਰ ਸਿੰਘ ਦਾ ਕਮਾਲ ਹੈ। ਸਤਿਗੁਰੂ ਜਗਜੀਤ ਸਿੰਘ ਜੀ ਦੇ ਬਾਲ ਸਖਾਈ ਹੋਣ ਕਰਕੇ ਉਹਨਾਂ ਅੰਦਰ ਬਚਪਨ ਦੀਆਂ ਯਾਦਾਂ ਦੇ ਭੰਡਾਰ ਹਨ ਜਿਸ ਨੂੰ ਆਪ ਸੁਤੇ ਸਿਧ ਹੀ ਲਫਜ਼ਾਂ ਦੀਆਂ ਸੁੰਦਰ ਮਾਲਾਵਾਂ ਪਰੋ ਪਰੋ ਕੇ ਪੇਸ਼ ਕਰਦੇ ਹਨ। ਭਾਵੇਂ ਅਪਣੇ ਕਿਸਾਨੀ ਦੇ ਕਿੱਤੇ ਵਿਚ ਅਜ ਕਲ ਰੁਝੇ ਰਹਿੰਦੇ ਹਨ ਪਰ ਸਾਹਿਤਕ ਅਧਿਐਨ ਸ਼ੁਰੂ ਤੋਂ ਹੀ ਵਿਸ਼ਾਲ ਰਿਹਾ ਹੈ ਅਤੇ ਸਤਿਜੁਗ ਦੀ ਬੜੀ ਸਫਲਤਾ ਨਾਲ ਸੰਪਾਦਨਾ ਕਰਦੇ ਰਹੇ ਹਨ। ਇਹਨਾਂ ਦੀ ਤਸਵੀਰ ਛਾਪਣ ਦੀ ਸਾਡੀ ਰੀਝ ਇਹਨਾਂ ਦੀ ਕਿਸੇ ਆਗਾਮੀ ਰਚਨਾ ਨਾਲ ਹੀ ਪੂਰੀ ਹੋ ਸਕੇਗੀ। —ਸੰਪਾਦਕ

---

ਸਤਿਗੁਰੂ ਜਗਜੀਤ ਸਿੰਘ ਜੀ ਮਹਾਰਾਜ ਅਜੇ ਬਹੁਤ ਹੀ ਛੋਟੇ ਸਨ, ਜਦੋਂ ਕਿਸੇ ਮਹਾਂਪੁਰਖ ਨੇ ਪੁਛਿਆ—

ਠਾਕਰ ਜੀ ! ਆਪ ਦਾ ਸ਼ੁਭ ਨਾਮ ਕੀ ਹੈ ?

ਅਗਸਤ ਆਦਿ ਜੇ ਵਡੇ ਤਪਸਤਪੀ ਬਿਸੇਖੀਐ।
ਬਿਅੰਤ, ਬਿਅੰਤ, ਬਿਅੰਤ, ਕੋ ਕਹੰਤ ਪਾਠ ਪੇਖੀਐ ॥

ਨਾਮ ਵਿਚ —ਪਹਿਲਾਂ ਜੋ ਕੋਈ ਕਮੀ ਸੀ, ਤਾਂ ਸਾਹਿਬਾਂ ਆਪ ਹੀ ਦੂਰ ਕਰ ਦਿਤੀ। ਇਸ ਤਰ੍ਹਾਂ ਗੁਰਗੱਦੀ ਤੇ ਸੁਸ਼ੋਭਿਤ ਹੋਣ ਤੋਂ ਪਹਿਲਾਂ, ਆਪ ਜੀ ਬੇ-ਅੰਤ ਜੀ, ਦੇ ਉਪਨਾਮ ਨਾਲ ਹੀ ਯਾਦ ਕੀਤੇ ਜਾਂਦੇ ਰਹੇ।

ਭਗਵਾਨ ਸਾਡੀ ਪ੍ਰਾਰਥਨਾਂ ਤੇ ਏਨਾਂ ਰੀਝਿਆ ਸੀ ਕਿ —ਮਾਸਟਰ ਜੀ ਅਜੇ ਲੰਗਰ ਵਿਚ ਪ੍ਰਸ਼ਾਦ ਛਕ ਰਹੇ ਸਨ, ਤੇ ਅਸੀਂ ਲੁਕ ਕੇ ਇਕ ਨਿਕੀ ਜਿਹੀ ਅਰਦਾਸ ਕੀਤੀ। ਅਜ ਛੁੱਟੀ ਮਿਲੇ ਫੇਰ ਠਾਠ ਆਉਂਦਾ ਹੈ।

ਛੋਟੇ ਤਾਂ ਅਸੀਂ ਸਾਂ ਹੀ । ਛੋਟੀ ਸਾਡੀ ਪੜ੍ਹਾਈ। ਇਕ ਤੋਂ ਦੂਸਰੀ ਤੇ ਦੂਸਰੀ ਤੋਂ ਤੀਸਰੀ ਸਤਰ । ਸਾਡਾ ਵਡਾ ਕੰਮ ਫੱਟੀਆਂ ਭਰਨਾਂ ਸੀ ਤੇ ਬੱਸ।

ਅਮਰੂਦਾਂ ਦੀ ਤਿਤਰ ਬਿਤਰੀ ਛਾਂ। ਉਤੇ ਹਰੇ ਚਿਟੇ, ਕੱਚੇ-ਪਕੇ ਅਮਰੂਦ। ਮਾਸਟਰ ਜੀ ਬੜੇ ਧਿਆਨ ਨਾਲ ਗਿੱਲੀ ਫੱਟੀ ਤੇ ਪੂਰਨੇ ਪਾ ਰਹੇ ਸਨ। ਤੇ ਮੈਂ ਸਿਰ ਤੇ ਬੈਠੀ ਕਾਟੋ ਦੀਆਂ ਟੁੱਕਾਂ ਚੱਕ ਚੱਕ ਕੇ ਖਾ ਰਿਹਾ ਸਾਂ।

ਤੂੰ ਮੇਰੇ ਵਲ ਧਿਆਨ ਰੱਖ ਗਾਲੜ੍ਹ ਵਲ ਨਾਂ ਵੇਖ। ਮਾਸਟਰ ਜੀ ਕਿਹਾ। ਪਰ ਪੱਕੇ ਅਮਰੂਦ ਦੀਆਂ ਟੁੱਕਾਂ ਏਨੀਆਂ ਮਿਠੀਆਂ ਸਨ ਕਿ ਪੂਰਨੇ ਉਹਨਾਂ ਸਾਹਮਣੇ ਕਾਲੇ-ਕਾਲੇ ਤੇ ਫਿਕੇ-ਫਿਕੇ ਲਗਦੇ ਸਨ। ਮਾਸਟਰ ਜੀ ਨੇ ਪੈਨਸਲ ਮੇਰੇ ਕੰਨ ਤੇ ਮਾਰੀ । ਬਿਅੰਤ ਜੀ ਖਿੜ ਖਿੜਾ ਕੇ ਹੱਸ ਪਏ ।

ਠਹਿਰੋ ਤੁਹਾਨੂੰ ਵੀ ਦਿੰਦਾ ਹਾਂ ਮੱਤ ! ਮਾਸਟਰ ਜੀ ਕਿਹਾ, ਤੇ ਉਹ ਲਾਜਵੰਤੀ ਦੀ ਤਰ੍ਹਾਂ ਛਾਪਲ ਗਏ।

ਪੜ੍ਹਾਈ ਵਿਚ ਬਿਅੰਤ ਜੀ ਮੈਥੋਂ ਕਾਫੀ ਅਗੇ ਸਨ ਤੇ ਬਾਣੀ ਵੀ ਉਹਨਾਂ ਨੂੰ ਓੜਕਾਂ ਦੀ ਯਾਦ ਸੀ। ਉਹਨਾਂ ਨੂੰ ਹੁਣ ਪੂਰਨਿਆਂ ਦੀ ਕੋਈ ਲੋੜ ਨਹੀਂ ਸੀ । ਤੇ ਉਹ ਵਰਾਂਡੇ ਵਿਚ ਸਫ ਤੇ ਬੈਠੇ ਫੱਟੀ ਲਿਖ ਰਹੇ ਸਨ । ਮੇਰੇ ਸਾਹਮਣੇ ਤੇ ਮਾਸਟਰ ਜੀ ਤੋਂ ਕੁਝ ਓਹਲੇ । ਕਾਟੋ ਅਜੇ ਵੀ ਟੁੱਕਾਂ ਸਿਟ ਰਹੀ ਸੀ। ਪਰ ਮੈਂ ਹੁਣ ਕੰਨ ਮਲ ਰਿਹਾ ਸਾਂ। ਕਿਉਂਕਿ ਟੁੱਕਾਂ ਹੁਣ ਜੂਠੀਆਂ ਹੋ ਗਈਆਂ ਸਨ।

ਮਾਸਟਰ ਜੀ ਅਜੇ ਵੀ ਲਿਖੀ ਜਾ ਰਹੇ ਸਨ । ਅਤੇ ਜਦੋਂ ਮੇਰਾ ਧਿਆਨ ਬਿਅੰਤ ਜੀ ਵਲ ਜਾਂਦਾ, ਉਹ ਕੰਨ ਖੁਰਕਣ ਲਗ ਪੈਂਦੇ। ਤੇ ਮੇਰੀ ਪੀੜ ਹੋਰ ਵਧ ਜਾਂਦੀ।

ਅਚਾਨਕ ਮਾਸਟਰ ਜੀ ਨੇ ਛੁੱਟੀ ਦਾ ਐਲਾਨ ਕਰ ਦਿਤਾ ਤੇ ਅਸੀਂ ਫਟੀਆਂ ਚੁਕ ਕੇ ਦੌੜ ਗਏ।

ਕੋਠੀ ਦੇ ਪਿਛਲੇ ਪਾਸੇ ਅਸੀਂ ਖੇਡ ਰਹੇ ਸਾਂ ਕਿ ਅਚਾਨਕ ਜੈਕਾਰਾ ਛੁਟਿਆ। ਤੇ ਅਸੀਂ ਸੈਨਤਾਂ ਨਾਲ ਹੀ ਸਮਝ ਗਏ ਕਿ ਛੁੱਟੀ ਹੋਈ ਕਿਉਂ ਸੀ।

ਦੌੜ ਕੇ ਅਸੀਂ ਸਤਿਗੁਰਾਂ ਦੇ ਇਕ-ਇਕ ਚਰਨ ਤੇ ਜਾ ਮੱਥਾ ਟੇਕਿਆ। ਉਹਨਾਂ ਨੇ ਪਿਆਰ ਨਾਲ ਇਕ-ਇਕ ਥਪਕੀ ਦਿਤੀ ਤੇ ਅਸੀਂ ਫੇਰ ਫੁਲਾਂ ਦੇ ਬੂਟਿਆਂ ਵਿਚ ਜਾ ਲੁਕੇ।

ਅਸੀਂ ਭਾਵੇਂ ਬਹੁਤ ਹੀ ਛੋਟੇ ਸਾਂ। ਪਰ ਏਨੀ ਔੜ ਅਜ ਤਕ ਨਹੀਂ ਸੀ ਵੇਖੀ। ਪੂਰੇ ਛੇ ਮਹੀਨੇ ਪਿਛੋਂ ਸਤਿਗੁਰੂ ਜੀ ਪਰਤੇ ਸਨ।

ਘੋੜਿਆਂ ਤੇ ਦੌਰਾ, ਅਤੀ ਲੰਮਾਂ ਸਫ਼ਰ । ਕਿਥੇ ਲਾਇਲਪੁਰ, ਸਰਗੋਧਾ ਤੇ ਕਿਥੇ ਭੈਣੀ ਸਾਹਿਬ : ਓਦੋਂ ਜੀਪਾਂ ਨੂੰ ਕੋਈ ਜਾਣਦਾ ਵੀ ਨਹੀਂ ਸੀ। ਕੇਵਲ ਖੁਲ੍ਹੀ ਛਤ ਦੀਆਂ ਕਾਰਾਂ, ਸ਼ਹਿਰ ਤੋਂ ਸ਼ਹਿਰ ਤਕ ਆਉਣ ਜਾਣ ਲਈ। ਪਿੰਡਾਂ ਲਈ ਤਾਂ ਇਹ ਓਵੇਂ ਹੀ ਸੀ ਜਿਵੇਂ ਸਾਡੇ ਲਈ ਅਜ



Namdhari Elibrary NamdhariElibrary@gmail.com

ਸਪੂਤਨਿਕ। ਸੰਮਤ ੯੦—੯੨ ਦੀ ਹੀ ਗੱਲ ਹੋਣੀ ਏ। ਅਸੀਂ ਵੀ ਤਰਸ ਗਏ ਸਾਂ ਦਰਸ਼ਨਾਂ ਨੂੰ । ਗੁਰੂ-ਦਰਸ਼ਨ ਸਾਡੇ ਲਈ ਤਾਂ ਹੋਰ ਵੀ ਅਹਿਮੀਅਤ ਰਖਦੇ ਸਨ । ਮੋਟੇ ਪਤਲੇ, ਉਚੇ ਨੀਵੇਂ ਬੇ-ਅੰਤ ਸੰਤਾਂ ਮਹੰਤਾਂ ਦੇ ਦਰਸ਼ਨ।

ਜਿੰਨਾ ਚਿਰ ਸਤਿਗੁਰੂ ਜੀ ਦਰਸ਼ਨ ਦੇਣ, ਓਨੇ ਦਿਨ ਹੀ ਮਾਸਟਰ ਜੀ ਨੂੰ ਹੋਰ ਬਹੁਤੇ ਕੰਮ । ਯਾਰਾਂ ਨੂੰ ਬਹਾਰਾਂ।

ਵੰਨ-ਸੁਵੰਨੇ ਮੇਵੇ । ਬਦਾਮ, ਮਿਸ਼ਰੀ, ਸੌਗੀ, ਪਿਸਤੇ, ਚਿਲਗੋਜ਼ੇ । ਅੰਬ ਅਨਾਰ, ਸੇਬ ਆਦਿ ਤਾਂ ਕੀਹਦੇ ਯਾਦ। ਇਸ ਤੋਂ ਬਿਨਾ ਖੂਬ-ਮਿਠਾਈਆਂ, ਕਿਰਪਾ ਸਿੰਘ ਦੇ ਭੰਡਾਰੇ। ਕਿਧਰੇ ਸ਼ਰਬਤ ਬਣਦੇ, ਦੌਰੇ ਦੀ ਅਗਲੀ ਤਿਆਰੀ ਲਈ, ਤੇ ਕਿਧਰੇ ਬਦਾਨੇ । ਕਿਸੇ ਪਾਸੇ ਕੜਾਹ-ਪ੍ਰਸ਼ਾਦ ਦੇ ਜੈਕਾਰੇ । ਕਿਤੇ ਦੇਗਾਂ ਦੇ ਮਾਰੇ ਬੁਕਾਰੇ । ਅਸੀਂ ਤਾਂ ਏਥੇ ਏਵੇਂ ਹੀ ਸਾਂ ਜਿਵੇਂ ਨੰਦ ਮਹਾਰਾਜ ਦੀ ਰਾਜਧਾਨੀ ਵਿਚ ਕ੍ਰਿਸ਼ਨ ਸੁਦਾਮਾਂ।

ਸ਼ਾਮ ਨੂੰ ਜਿਵੇਂ ਕਥਾ ਕੀਰਤਨ ਜ਼ਰੂਰੀ ਸੀ, ਓਵੇਂ ਹੀ ਦੀਵਾਨ ਵਿਚ ਸਾਡਾ ਹਾਜ਼ਰ ਹੋਣਾ ਵੀ ਲਾਜ਼ਮੀ । ਅਸੀਂ ਪਹਿਲਾਂ ਹੀ ਥਾਂ ਤਕ ਲੈਣੀ ਜਿਥੇ ਬੈਠਣਾ ਹੁੰਦਾ । ਆਮ ਕਰਕੇ ਅਸੀਂ ਸਤਿਗੁਰੂ ਜੀ ਦੇ ਪਿਛੇ, ਜਾਂ ਕਿਸੇ ਮੋਟੇ ਜਿਹੇ ਸੰਤ ਦੀ ਆੜ ਵਿਚ ਬੈਠਦੇ । ਜਿਥੇ ਲੋਤ ਪੈਣ ਤੇ ਹੱਸ ਲਈਏ ਤੇ ਗੱਲਾਂ ਵੀ ਕਰ ਲਈਏ । ਜੇ ਨੀਂਦ ਆਵੇ ਤਾਂ ਊਂਘ ਵੀ ਲਈਏ।

ਸਾਡੀਆਂ ਗਲਾਂ ਨੂੰ ਅਸੀਂ ਹੀ ਜਾਣਦੇ ਸਾਂ, ਜਾਂ ਮਾਸਟਰ ਬਲਵੰਤ ਸਿੰਘ ਜੀ।

ਦੀਵਾਨ ਵਿਚ ਸਾਡੇ ਲਈ ਸਭ ਤੋਂ ਵੱਡਾ ਆਕਰਸ਼ਣ ਸਤਿਗੁਰੂ ਪ੍ਰਤਾਪ ਸਿੰਘ ਜੀ ਦੀ ਅਵਾਜ਼ ਤੇ ਉਹਨਾਂ ਦਾ ਤਾਊਸ ਹੁੰਦੇ ਸਨ। ਅਰਦਾਸ ਪਿਛੋਂ ਜਦੋਂ ਉਹ ਬਚਨ-ਬਿਲਾਸ ਵਿਚ ਰੁਝ ਜਾਂਦੇ ਤਾਂ ਅਸੀਂ ਹੌਲੀ ਦੇ ਕੇ ਖਿਸਕ ਜਾਂਦੇ ।

ਫੇਰ ਵੀ ਅਸੀਂ ਭਾਈ ਵਜ਼ੀਰ ਸਿੰਘ ਜੀ ਨੂੰ ਛੇੜੇ ਬਿਨਾ ਨਾ ਰਹਿੰਦੇ । ਉਹਨਾਂ ਦੀ ਸਭ ਤੋਂ ਵੱਡੀ ਕਮਜ਼ੋਰੀ ਦਾ ਸਾਨੂੰ ਪਤਾ ਸੀ । ਇਕ ਪਾਸੇ ਬਿਅੰਤ ਜੀ ਨੇ ਜਾ ਬਹਿਣਾ ਤੇ ਦੂਸਰੇ ਪਾਸੇ ਮੈਂ।

ਦੂਰੋਂ ਹੀ ਵੇਖਕੇ, ਭਾਈ ਸਾਹਿਬ ਨੇ ਕੋਲ ਬੈਠੀ ਸੰਗਤ ਨੂੰ ਆਖਣਾ — ਤੁਸੀਂ ਹੁਣ ਪਰੇ ਹੋ ਜਾਓ ? ਮੈਨੂੰ ਇਹਨਾਂ ਨਾਲ ਨਿਬੜ ਲੈਣ ਦਿਓ ।

ਸਚ ਤੇ ਲੰਮੇ ਪਏ ਹੀ ਭਾਈ ਹੁਰੀਂ ਸਾਡੇ ਕਾਬੂ ਆਉਂਦੇ । ਜੇ ਬਿਅੰਤ ਜੀ ਵਲ ਮੂੰਹ ਕਰਦੇ ਤਾਂ ਮੈਂ ਕੱਛ ਵਿਚ ਉਂਗਲੀ ਲਾ ਦੇਣੀ, ਜੇ ਮੇਰੇ ਵਲ ਮੂੰਹ ਕਰਨ ਤਾਂ ਉਹਨਾਂ ਨੇ ਕੁਤ-ਕੁਤਾਰੀ ਕਢ ਦੇਣੀ । ਭਾਈ ਜੀ ਨੇ ਕੇਸੂ ਦੇ ਫੁਲਾਂ ਵਾਂਗ ਖਿੜ ਪੈਣਾ।

ਤੁਹਾਨੂੰ ਕਿਹਾ ਸੀ ਨਾ ਇਹ ਜ਼ਰੂਰ ਛੇੜਨਗੇ । ਮੈਨੂੰ ਉਠਾਏ ਬਿਨਾਂ ਨਹੀਂ ਜਾਣਾ ਇਹਨਾਂ ਨੇ । ਤੇ ਸਚਮੁਚ ਹੀ ਜਦੋਂ ਭਾਈ ਜੀ ਉਠ ਬਹਿੰਦੇ ਅਸੀਂ ਅਗੇ ਵਧ ਜਾਂਦੇ ।

ਅਜ ਮਾਸਟਰ ਜੀ ਨੇ ਦਸ ਦਿਤਾ ਸੀ, ਸਵੇਰੇ ਤੁਹਾਡਾ ਇਮਤਿਹਾਨ ਹੈ। ਤੇ ਤੂੰ ਸਵਖਤੇ ਆਵੀਂ। [ਮੈਂ ਉਸ ਵੇਲੇ ਭੈਣੀ ਸਾਹਿਬ ਆਪ ਦੀ ਦਾਦੀ ਜੀ ਕੋਲ ਹੀ ਸੌਂਦਾ ਸਾਂ। ਸਕੂਲ ਦੀ ਨੀਂਹ ਉਸ ਤੋਂ ਕਾਫੀ ਪਿਛੋਂ ਟਿਕੀ ਸੀ] ।

ਮੌਸਮ ਅਤਿਅੰਤ ਸੁਹਾਨਾਂ ਸੀ। ਸ਼ਾਇਦ ਚੰਡੀ ਦੀ ਵਾਰ ਦਾ ਹੀ ਸਮਾਂ ਹੋਵੇ । ਚੁਪ ਏਨੀ-ਜਿਵੇਂ ਨਿਰਜਨ ਵਣ ਵਿਚ ਸੰਨਿਆਸੀ ਕਿਸੇ ਡੂੰਘੀ ਝੀਲ ਦੇ ਕਿਨਾਰੇ ਖੜਾ ਉਨ੍ਹਾਂ ਦੀ ਉਡੀਕ ਕਰ ਰਿਹਾ ਹੋਵੇ।

ਰੌਸ਼ਨੀ ਧੀਰੇ ਧੀਰੇ ਇਸ ਤਰ੍ਹਾਂ ਵਧ ਰਹੀ ਸੀ ਜਿਵੇਂ ਸਚਮੁਚ ਝੀਲ ਵਿਚੋਂ ਹੀ ਕੋਈ ਪ੍ਰਕਾਸ਼ ਥੰਮ੍ਹ ਉਭਰ ਰਿਹਾ ਹੋਵੇ ।

ਗੁਰੂ ਹਰੀ ਸਿੰਘ ਜੀ ਦੀ ਸਮਾਧੀ ਕੋਲ ਖੜੇ ਅਸੀਂ ਉਡੀਕ ਰਹੇ ਸਾਂ।

ਆਜਾਨ ਬਾਹੁ। ਸਾਹਾਨ ਸਾਹੁ। ਦੀ ਸੁੰਦਰ ਅਵਾਜ਼ ਨੂੰ ।

ਮਿਠ ਬੋਲੜਾ ਜੀ, ਹਰਿ ਸਜਣ ਸੁਆਮੀ ਮੋਰਾ ।

ਹਉਂ ਸੰਮਲ ਥਕੀ ਜੀ, ਉਹ ਕਦੇ ਨਾ ਬੋਲੇ ਕਉਰਾ ।

ਸੁਣਾਓ ਬਈ ਕੀ ਪੜ੍ਹਿਆ ਹੈ ਤੁਸਾਂ ?

ਸਤਿਗੁਰੂ ਜੀ ਚੰਡੀ ਦੀ ਵਾਰ ਦੇ ਪਾਠ ਪਿਛੋਂ ਉਥੇ ਹੀ ਆਣ ਦਰਸ਼ਨ ਦਿਤੇ ਜਿਥੇ ਅਸੀਂ ਖਲੋਤੇ ਸਾਂ]

ਜਾਗ ਜਿਨਕੇ ਬਡੇਰੇ, ਬਾਣੀ ਪੜਤੇ ਸਵੇਰੇ,

ਗੁਰੂ ਗ੍ਰੰਥ ਬਿਨ ਹੇਰੇ ਅੰਨ ਜਲ ਪਾਨ ਨਾ ਕਰੈ ।

ਤਿਨ ਹੀ ਕੇ ਨਾਤੀ, ਧੂਪ ਦੀਪ ਕੀ ਕਹਾਂ ਵਿਖਯਾਤੀ

ਪਾਏ ਹੈਂ'ਨ ਛਾਤੀ ਮੂਸ ਖਾਤ ਗ੍ਰੰਥ ਜੋ ਪਰੈਂ ॥

ਬਿਅੰਤ ਜੀ ਬੜੇ ਠੰਰ੍ਹਮੇ ਨਾਲ, ਜਿਵੇਂ ਗਲਾਂ ਕਰ ਰਹੇ ਹੋਣ, ਗੱਡੇ ਹੋਏ ਕਾਨਿਆਂ ਨੂੰ ਸੰਬੋਧਨ ਕਰਦੇ ਹੋਏ, ਗਿਆਨੀ ਗਿਆਨ ਸਿੰਘ ਜੀ ਦੇ ਇਸ ਕਥਨ ਨੂੰ ਅਗੇ ਵਧੌਂਦੇ ਚਲੇ ਜਾ ਰਹੇ ਸਨ। ਜਿਵੇਂ ਬਾਂਸਾ ਦੇ ਜੰਗਲ ਵਿਚੋਂ ਹੌਲੀ ਹੌਲੀ ਰਸਤਾ ਬਣਾਉਂਦਾ ਹੋਇਆ ਬਨਰਾਜ ਚਸ਼ਮੇ ਵਲ ਵਧ ਰਿਹਾ ਹੋਵੇ ।

ਹਣਾ ਬਈ ਤੂੰ ?......

ਚੰਗਾ ਮਿਹਨਤ ਨਾਲ ਪੜਿਆ ਕਰੋ ! ਫੁਰਮਾ ਕੇ ਸਤਿਗੁਰੂ ਜੀ ਘੋੜਿਆਂ ਵਲ ਚਲੇ ਗਏ । ਤੇ ਅਸੀਂ ! ਹੁਣ ਪੂਰੀ ਤਰ੍ਹਾਂ ਵੇਹਲੇ ਸਾਂ ।

ਮੈਂ ਅਜ ਵੀ ਸੋਚਦਾ ਹਾਂ ਕਿ ਸਚਮੁਚ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਮਹਾਰਾਜ ਦਾ ਅਜ ਦਾ ਆਕਰਸ਼ਕ ਉਪਦੇਸ਼— "ਜਾਗ ਜਿਨਕੇ ਬਡੇਰੇ" ਦੀ ਹੀ ਉਪਜ ਹੈ ?



Namdhari Elibrary NamdhariElibrary@gmail.com

# ਸ੍ਰੀ ਭੈਣੀ ਸਾਹਿਬ 'ਚ ਕੁਝ ਪਲ

**—ਈਸ਼ਰ ਸਿੰਘ ਅਟਾਰੀ**



ਸ: ਈਸ਼ਰ ਸਿੰਘ ਅਟਾਰੀ ਨਾ ਕੇਵਲ ਪੰਜਾਬੀ ਦੇ ਪ੍ਰਸਿਧ ਪੱਤਰਕਾਰ ਹਨ ਸਗੋਂ ਸੁਘੜ ਆਲੋਚਕ ਵੀ ਹਨ। ਅਧੁਨਿਕ ਸਾਹਿਤ ਬਾਰੇ ਇਹਨਾਂ ਦਾ ਅਧਿਅਨ ਬੜਾ ਵਿਸ਼ਾਲ ਹੈ। ਪੰਜਾਬੀ ਸਾਹਿਤ ਦੇ ਚੋਟੀ ਦੇ ਮਾਸਿਕ ਪਤਰਾਂ ਵਿਚ ਛਪਣ ਵਾਲੇ ਆਪ ਦੇ ਲੇਖਾਂ ਤੋਂ ਇਲਾਵਾ ਰੇਡੀਓ ਅਤੇ ਟੈਲੀਵੀਯਨ ਤੋਂ ਵੀ ਆਪ ਸਾਹਿਤਕ ਪ੍ਰਸਾਰਨਾ ਵਿਚ ਹਿੱਸਾ ਲੈਂਦੇ ਹਨ। ਆਲੋਚਨਾ ਦਾ ਇਹਨਾਂ ਦਾ ਅਧਾਰ ਪੰਜਾਬੀ ਸਾਹਿਤ ਦਾ ਡੂੰਘਾ ਵਿਵੇਚਨ ਅਤੇ ਉਸ ਵਿਚੋਂ ਬਣੇ ਮੌਲਿਕ ਵਿਚਾਰ ਹੁੰਦੇ ਹਨ। ਇਹ ਆਮ ਤੌਰ ਤੇ ਘੜੇ ਘੜਾਏ ਮਾਪ ਦੰਡਾ ਨੂੰ ਸਾਹਿਤ ਤੇ ਲਾਗੂ ਕਰਨ ਤੋਂ ਸੰਕੋਚ ਕਰਦੇ ਹਨ। ਆਲੋਚਨਾ ਦੀ ਸ਼ਬਦ-ਸ਼ੈਲੀ ਵੀ ਇਹਨਾਂ ਦੀ ਆਪਣੀ ਤੇ ਨਿਵੇਕਲੀ ਹੈ। ਬੜੇ ਸਫਲ ਅਨੁਵਾਦਕ ਵੀ ਹਨ। ਕੇਂਦਰੀ ਪੰਜਾਬੀ ਲੇਖਕ ਸਭਾ ਅਤੇ ਪੰਜਾਬੀ ਸਾਹਿਤ ਸਮੀਖਿਆ ਬੋਰਡ ਰਾਹੀਂ ਪੰਜਾਬੀ ਸਾਹਿਤ ਦੇ ਜਥੇਬੰਦਕ ਖੇਤਰ ਵਿਚ ਆਪ ਦੀ ਦੇਣ ਸ਼ਲਾਘਾ ਯੋਗ ਹੈ।

ਇਹ ਲੇਖ ਆਪ ਦੀ ਸ਼ੈਲੀ ਅਤੇ ਸੋਚਣੀ ਦਾ ਸੁੰਦਰ ਪ੍ਰਮਾਣ ਹੈ ਜੋ ਅਸੀਂ ਪਾਠਕਾਂ ਨੂੰ ਭੇਂਟ ਕਰ ਰਹੇ ਹਾਂ।

---

ਬੜੇ ਚਿਰ ਦੀ ਰੀਝ ਸੀ ਕਿ ਮੈਂ ਸ੍ਰੀ ਭੈਣੀ ਸਾਹਿਬ ਦੀ ਉਸ ਪਵਿੱਤਰ ਜੂਹ ਦੀ ਧੂੜ ਪ੍ਰਾਪਤ ਕਰਾਂ ਜਿੱਥੋਂ ਉਨੀਂਵੀਂ ਸਦੀ ਦੀ ਅੰਤਲੀ ਚੁਥਾਈ ਵਿੱਚ ਪੰਜਾਬ ਵਿੱਚ ਬਿਦੇਸ਼ੀ ਸਾਮਰਾਜ ਵਿਰੁੱਧ ਇੱਕ ਪਾਸੇ ਬਗਾਵਤ ਅਤੇ ਦੂਜੇ ਪਾਸੇ ਸੁਦੇਸ਼ੀ ਦੀ ਲਹਿਰ ਦਾ ਅੰਕੁਰ ਫੁੱਟਿਆ ਸੀ। ਇਹ ਬਾਇਦ 1974-75 ਦੀ ਗੱਲ ਹੋਣੀ ਹੈ ਕਿ ਮੇਰੇ ਇਕ ਨਾਮਧਾਰੀ ਮਿੱਤਰ ਸੰਤੋਖ ਸਿੰਘ ਸਾਜਨ ਮੈਨੂੰ ਸ੍ਰੀ ਭੈਣੀ ਸਾਹਿਬ ਆਉਣ ਦਾ ਸੱਦਾ ਦੇ ਗਏ ਅਤੇ ਕਹਿ ਗਏ ਕਿ "ਸ੍ਰੀ ਭੈਣੀ ਸਾਹਿਬ ਵਿਚ ਨਾਮਧਾਰੀ ਵਿਦਿਅਕ ਜਥਿਆਂ ਦਾ ਸਮਾਗਮ ਹੋਣਾ ਹੈ ਜਿਸ ਉਤੇ ਸਤਿਗੁਰੂ ਜਗਜੀਤ ਸਿੰਘ ਜੀ ਨੇ ਵੀ ਦਰਸ਼ਨ ਦੇਣੇ ਹਨ, ਜੇ ਉਦੋਂ ਆਉ ਤਾਂ ਬਹੁਤ ਚੰਗਾ ਹੋਵੇ।" ਮੈਂ ਜਲੰਧਰੋਂ ਇੱਕਲਾ ਹੀ ਰਵਾਨਾ ਹੋਇਆ ਅਤੇ ਵੱਡੀ ਸੜਕ ਤੋਂ ਉਤਰ ਕੇ ਭੈਣੀ ਸਾਹਿਬ ਦੀ ਪੁੰਨ ਭੂਮੀ ਦਾ ਰੁਖ ਕੀਤਾ। ਗਰਮੀ ਸੀ, ਪਰ ਜਦ ਮੰਜ਼ਿਲ ਦੀ ਸਿੱਕ ਹੋਵੇ ਤਾਂ ਰਾਹ ਦੀਆਂ ਕਠਿਨਾਈਆਂ ਕੁਝ ਨਹੀ ਖੋਂਹਦੀਆਂ। ਫਿਰ ਉਸੇ ਮਾਰਗ ਮੇਰੀ ਉਮਰ ਤੋਂ ਕਾਫ਼ੀ ਵੱਡੇ ਅਤੇ ਮੇਰੀ ਉਮਰ ਤੋਂ ਕਾਫ਼ੀ ਛੋਟੇ, ਸਗੋਂ ਬੱਚੇ, ਬੱਚੀਆਂ ਅਤੇ ਇਸਤਰੀਆਂ ਪੁਰਸ਼ ਉਤਸਾਹ ਨਾਲ ਵਧੀ ਜਾ ਰਹੇ ਸਨ, ਉਸਨੇ ਮੈਨੂੰ ਵੀ ਸਾਹਸ ਦਿੱਤਾ ਅਤੇ ਮੈਂ ਛੇਤੀ ਹੀ ਦੀਵਾਨ ਸਥਾਨ ਉਤੇ ਪੁੱਜ ਗਿਆ।

ਦੁਧ ਚਿਟੀਆਂ, ਦਸਤਾਰਾਂ, ਦੁਪੱਟੇ ਅਤੇ ਪੁਸ਼ਾਕਾਂ ਪਾਈ ਸੇਵਕ ਅਤੇ ਬੀਬੀਆਂ ਪਾਣੀ ਦੀ ਸੇਵਾ ਕਰ ਰਹੇ ਸਨ ਤਾਂ ਜੋ ਰਾਹ ਦੀ ਧੂੜ ਦੱਬੀ ਰਹੇ, ਕੁਝ ਸੇਵਕ ਲੰਗਰ ਵਿੱਚ ਸੇਵਾ ਕਰ ਰਹੇ ਸਨ ਅਤੇ ਜ਼ਰਾ ਕੁ ਅੱਗੇ ਇਕ ਵਿਸ਼ਾਲ ਮੰਡਪ ਹੇਠ ਦੀਵਾਨ ਸਜਿਆ ਹੋਇਆ ਸੀ – ਮਾਨੋ ਹੰਸਾਂ ਦਾ ਕੋਈ ਝੁੰਡ ਸੀ, ਜਿਹੜਾ ਕਿਸੇ ਮਾਨਸਰੋਵਰ ਉਤੇ ਆ ਲੱਥਾ ਸੀ। ਵੀਰ ਤੇ ਭੈਣਾਂ ਕੀਰਤਨ ਵਿਚ ਜੁੜੀਆਂ ਸੰਗਤਾਂ ਨੂੰ ਪੱਖੇ ਝੱਲ ਰਹੀਆਂ ਸਨ ਅਤੇ ਮੰਚ ਉਤੇ ਬੜੇ ਹੀ ਪਿਆਰੇ ਕੀਰਤਨੀਏ ਸ਼ਬਦ ਗਾਇਨ ਕਰ ਰਹੇ ਸਨ। ਇਸ ਕੀਰਤਨ ਦਾ ਇਕ ਵਚਿੱਤਰ ਰੰਗ ਇਹ ਸੀ ਕਿ ਕੀਰਤਨ ਕਰਨ ਵਾਲੇ ਏਨੀ ਮਸਤੀ ਵਿਚ ਸਨ ਕਿ ਗਾਇਕ ਅਤੇ ਸਰੋਤੇ ਸਭ ਵੱਜਦ ਵਿਚ ਆਏ ਹੋਏ ਸਨ। ਕੋਈ ਸ਼ੋਰ ਨਹੀਂ, ਕੋਈ ਘੁਸਰ ਮੁਸਰ ਨਹੀਂ, ਕੋਈ ਖਿਰਤੀ-ਬਿਖੇਰ ਨਹੀਂ, ਕੋਈ ਹਿਲਜੁਲ ਨਹੀਂ। ਮੇਰੇ ਅਹੋਭਾਗ ਕਿ ਸਤਿਗੁਰੂ ਜਗਜੀਤ ਸਿੰਘ ਜੀ ਅਤੇ ਉਨ੍ਹਾਂ ਦੇ ਵੀਰ ਮਹਾਰਾਜ ਬੀਰ ਸਿੰਘ, ਜਿਹੜੇ ਗੁਰੂ ਤੇ ਚੇਲਾ ਦੇ ਰੂਪ ਵਿਚ ਅਤੇ ਦੋ ਵੀਰਾਂ ਦੇ ਰੂਪ ਵਿਚ ਹੰਸਾਂ ਦੀ ਇਕ ਆਦਰਸ਼ ਜੋੜੀ ਤੋਂ ਘੱਟ ਪ੍ਰਤੀਤ ਨਹੀਂ ਸੀ ਹੁੰਦੇ ਮੰਚ ਉਤੇ ਆ ਗਏ ਅਤੇ ਕੁਝ ਚਿਰ ਕੀਰਤਨ ਦਾ ਰਸ ਮਾਣਨ ਪਿਛੋਂ ਆਪ ਸਾਜ਼ ਸੰਭਾਲ ਕੇ ਕੀਰਤਨ ਵਿਚ ਮਗਨ ਹੋ



Namdhari Elibrary NamdhariElibrary@gmail.com

ਗਏ। ਬੱਸ ਫਿਰ ਕੀ ਸੀ, ਸਾਰੀ ਸੰਗਤ ਉਤੇ ਇਕ ਜਾਦੂ ਤਾਰੀ ਹੋ ਗਿਆ ਅਤੇ ਬਾਣੀ ਦੀ ਅਜਿਹੀ ਛਹਿਬਰ ਲੱਗੀ ਕਿ ਸਰੋਤਿਆਂ ਦੀਆਂ ਰੂਹਾਂ ਦੀ ਤ੍ਰਿਖਾ ਬੁਝ ਗਈ। ਮੈਂ ਮਹਿਸੂਸ ਕਰ ਰਿਹਾ ਸਾਂ ਕਿ ਮੈਂ ਕਿਸੇ ਦੇਵ ਪੁਰੀ ਵਿਚ ਆ ਗਿਆ ਹਾਂ। ਮਸ ਫੁੱਟਦੇ ਗਭਰੂ ਦੁੱਧ ਚਿੱਟੇ ਵਸਤਰਾਂ ਵਿਚ, ਸਿਧੇ ਬੰਨੇ ਸਾਫਿਆਂ ਵਿਚ ਅਤੇ ਗਲ ਪਹਿਨੀਆਂ ਮਾਲਾਵਾਂ ਵਿਚ ਇੰਜ ਜਾਪਦੇ ਸਨ ਜਿਵੇਂ ਦੇਵ ਕੁਮਾਰ ਅਤੇ ਕੁਮਾਰੀਆਂ ਅਕਾਸ਼ਾਂ ਤੋਂ ਉਤਰ ਧਰਤੀ ਉਤੇ ਆ ਗਈਆਂ ਹੋਣ। ਬੜੇ ਕਮਾਲ ਦਾ ਸ਼ਾਸਨ ਅਤੇ ਬੜੀ ਪਵਿੱਤਰ ਮਰਿਆਦਾ ਉਥੇ ਵੇਖੀ।

ਮੇਰਾ ਬਚਪਨ ਸ੍ਰੀ ਨਨਕਾਣਾ ਸਾਹਿਬ ਦੀ ਪੁੰਨ ਭੂਮੀ ਵਿਚ ਬੀਤਿਆ ਹੈ। ਕੋਈ ਨੌਂ ਸਾਲ ਤੋਂ ਸਤਾਰਾਂ ਸਾਲ ਤੱਕ ਮੈਂ ਪੰਥ ਦੇ ਬੜੇ ਹੀ ਮਧੁਰ ਕੰਠ ਅਤੇ ਬਾਣੀ ਦੇ ਸ਼ੁਧ ਵਾਚਕ ਪ੍ਰਸਿੱਧ ਕੀਰਤਨੀਏਂ ਭਾਈ ਸਾਹਿਬ ਭਾਈ ਸਮੁੰਦ ਸਿੰਘ ਜੀ ਦੇ ਕੀਰਤਨ ਦਾ ਰਸ ਰਾਤ ਤੇ ਦਿਨ ਦੋਵੇਂ ਵਕਤ ਪ੍ਰਾਪਤ ਕਰਦਾ ਰਿਹਾ ਹਾਂ। ਮੇਰੇ ਆਨੰਦ ਕਾਰਜ ਉਤੇ ਸ੍ਰੀ ਹਰਮੰਦਰ ਸਾਹਿਬ ਦੇ ਉਘੇ ਰਬਾਬੀ ਕੀਰਤਨੀਏਂ ਭਾਈ ਚਾਂਦ ਨੇ ਕੀਰਤਨ ਕੀਤਾ ਸੀ ਕਿਉਂਕਿ ਸਾਡੇ ਪਰਿਵਾਰ, ਵਿਸ਼ੇਸ਼ ਕਰਕੇ ਮੇਰੇ ਕਵੀ ਤਾਇਆ ਜੀ ਸਵਰਗੀ ਗਿਆਨੀ ਬਿਸ਼ਰਾਮ ਸਿੰਘ ਸਾਰਸ ਨਾਲ ਉਹਨਾਂ ਦਾ ਬਹੁਤ ਨਿਕਟ ਸੀ। ਇੰਜ ਅਖੰਡ ਕੀਰਤਨ ਦਾ ਮੈਂ ਮੁਢ ਤੋਂ ਹੀ ਰਸੀਆ ਰਿਹਾ ਹਾਂ, ਸੋ ਮੇਰੀ ਤਾਂ ਰੂਹ ਨਸ਼ਿਆ ਗਈ। ਯਾਤਰਾ ਸਫਲ ਹੋਈ।

ਉਪਰੰਤ ਯੁਵਕਾਂ ਦੀਆਂ ਸਮਸਿਆਵਾਂ, ਉਹਨਾ ਦੇ ਜੀਵਨ ਢੰਗ ਅਤੇ ਭਵਿੱਖ ਕਾਲੀਨ ਕਾਰਜ ਕਰਮਾਂ ਦੀ ਚਰਚਾ ਸ਼ੁਰੂ ਹੋਈ। ਉਸ ਵੇਲੇ ਦੇ ਕੁਝ ਇਕ ਮੰਤਰੀਆਂ ਅਤੇ ਨਾਮਧਾਰੀ ਦਰਬਾਰ ਦੇ ਕੁਝ ਇਕ ਵਿਦਵਾਨਾਂ ਤੋਂ 'ਅਤਿਰਿਕਤ ਲੁਧਿਆਣਾ ਦੇ ਉਸ ਵੇਲੇ ਦੇ ਡਿਪਟੀ ਕਮਿਸ਼ਨਰ ਸਰਦਾਰ ਸੇਵਾ ਸਿੰਘ, ਜਿਹੜੇ ਇਕ ਕੁਸ਼ਲ ਪ੍ਰਸ਼ਾਸਿਕ ਹੋਣ ਦੇ ਨਾਲ ਨਾਲ ਇਕ ਗੁੱਝੇ ਵਿਦਵਾਨ ਅਤੇ ਧਰਮੀ ਜਿਉੜੇ ਵੀ ਹਨ ਅਤੇ ਪੰਜਾਬੀ ਦੇ ਉਘੇ ਚਿੰਤਕ ਅਤੇ ਆਲੋਚਕ ਪ੍ਰੋ: ਕਿਰਪਾਲ ਸਿੰਘ ਕਸੇਲ ਵੀ ਪੁੱਜੇ ਹੋਏ ਸਨ। ਪਤਾ ਨਹੀਂ ਕਿਸ ਨੇ ਮੈਨੂੰ ਦੀਵਾਨ ਵਿਚ ਬੈਠਿਆਂ ਸਿਞਾਣ ਲਿਆ। ਮੇਰੀ ਰੰਗਦਾਰ ਤੇ ਨੁਕੀਲੀ ਪੱਗ ਅਤੇ ਵੱਖਰੀ ਪੁਸ਼ਾਕ ਕਾਰਨ ਭਾਵੇਂ ਮੈਂ ਕਾਫੀ ਲੋਕਾਂ ਦੀ ਨਜ਼ਰ ਦਾ ਕੇਂਦਰ ਬਣਿਆ ਬੈਠਾ ਸਾਂ, ਪਰ ਫਿਰ ਵੀ ਮੈਨੂੰ ਆਸ ਨਹੀਂ ਸੀ ਕਿ ਮੰਚ ਦੇ ਪ੍ਰਬੰਧਕਾਂ ਵਲੋਂ ਮੈਨੂੰ ਪੁਕਾਰਿਆ ਜਾਵੇਗਾ ਅਤੇ ਆਪਣੇ ਕੁਝ ਵਿਚਾਰ ਪੇਸ਼ ਕਰਨ ਲਈ ਕਿਹਾ ਜਾਵੇਗਾ। ਜਿਉਂ ਜਿਉਂ ਮੈਂ ਸਤਿਗੁਰੂ ਜਗਜੀਤ ਸਿੰਘ ਜੀ ਦੀ ਹਜ਼ੂਰੀ ਵਿਚ ਮੰਚ ਦੇ ਲਵੇ ਲਵੇ ਹੋ ਰਿਹਾ ਸੀ ਤਿਉਂ ਤਿਉਂ ਮੈਂ ਆਪਣੀ ਤੁਚ ਸ਼ਖਸੀਅਤ ਅਤੇ ਮਹਾਰਾਜ ਦੇ ਅਪਰ ਅਪਾਰ ਵਿਅਕਤਿਤਵ ਤਥਾ ਸਮਾਗਮ ਦੀ ਉਚੀ ਸੁੱਚੀ ਪੱਧਰ ਦੇ ਸਨਮੁੱਖ ਕੁਝ ਘਬਰਾਈ ਜਾ ਰਿਹਾ ਸਾਂ ਕਿ ਸਤਿਗੁਰੂ ਜੀ ਨੇ ਮੇਰੇ ਵਲ ਬੜੀ ਹੀ ਮਿਹਰ ਤੇ ਅਪਣੱਤ ਭਰੀ ਅਤੇ ਦਿਲ ਦਿਮਾਗ ਨੂੰ ਨਿਰਭਉ ਕਰ ਦੇਣ ਵਾਲੀ ਦ੍ਰਿਸ਼ਟੀ ਨਾਲ ਵੇਖਿਆ ਤਾਂ ਮੈਨੂੰ ਇੰਜ ਜਾਪਿਆ ਕਿ ਉਹਨਾਂ ਦੀ ਕ੍ਰਿਪਾ ਦ੍ਰਿਸ਼ਟੀ ਨੇ ਮੇਰੇ ਸੁੱਤੇ ਸੁਹਜ ਜਗਾ ਦਿੱਤੇ ਹਨ ਅਤੇ ਮੇਰੇ ਵਿਚੋਂ ਹੀਣ ਭਾਵ ਖਤਮ ਕਰਕੇ ਮੇਰੀ ਬਾਂਹ ਫੜ ਮੈਨੂੰ ਆਪਣੇ ਨਾਲ ਰਲਾ ਲਿਆ ਹੈ। ਨਿਰਸੰਦੇਹ ਉਚੀ ਸੁੱਚੀ ਸ਼ਖਸੀਅਤ ਦਾ ਸਭ ਤੋਂ ਅਕੱਟ ਪਰਮਾਣ ਅਤੇ ਪਰਭਾਵ ਇਹੋ ਹੁੰਦਾ ਹੈ ਕਿ ਉਹ ਹੀਣਿਆਂ ਨੂੰ ਹੀਣੇ ਹੋਣ ਦਾ ਅਹਿਸਾਸ ਨਾ ਹੋਣ ਦੇਵੇ, ਸਗੋਂ ਇਕ ਦਮ ਉਹਨਾਂ ਨੂੰ ਉਚਾ ਚੁਕ ਦੇਵੇ।

ਮੈਂ ਕਿਹਾ, 'ਅੱਜ ਦੇ ਯੁਵਕ ਦੀ ਸਭ ਤੋਂ ਵੱਡੀ ਸਮਸਿਆ ਹੈ ਕਿ ਉਹ ਉਦੇਸ਼-ਰਹਿਤ ਅਤੇ ਨੇਤਾ-ਰਹਿਤ ਹੋ ਗਿਆ ਹੈ ਅਤੇ ਉਸਦਾ ਵਿਸ਼ਵਾਸ ਇਕ ਸੰਕਟ ਵਿਚ ਪੈ ਗਿਆ ਹੋਇਆ ਹੈ। ਦੁਨੀਆਂ ਭਰ ਦੇ ਨੌਜਵਾਨਾਂ ਨੂੰ ਇਹ ਨਹੀਂ ਸੁਝ ਰਿਹਾ ਹੈ ਕਿ ਉਹਨਾਂ ਦੇ ਜੀਵਨ ਦਾ ਉਦੇਸ਼ ਕੀ ਹੈ ਅਤੇ ਉਹਨਾਂ ਦੇ ਜੀਵਨ ਦਾ ਨਾਇਕ ਕੌਣ ਹੈ ਨੇਤਾ ਕੌਣ ਹੈ ਅਤੇ ਇਹ ਕਿ ਉਹ ਕਿਸ ਉਤੇ ਵਿਸ਼ਵਾਸ ਕਰਨ ਅਤੇ ਕਿਸ ਉਤੇ ਟੇਕ ਰਖਣ। ਪਰ ਨਾਮਧਾਰੀ ਯੁਵਕ ਇਸ ਗੱਲੋਂ ਭਾਗਸ਼ੀਲ ਹੈ ਕਿ ਉਸਨੂੰ ਇਹ ਵੀ ਪਤਾ ਹੈ ਕਿ ਉਸਦੇ ਜੀਵਨ ਦਾ ਉਦੇਸ਼ ਕੀ ਹੈ ਅਤੇ ਇਹ ਵੀ ਕਿ ਸਤਿਗੁਰੂ ਜਗਜੀਤ ਸਿੰਘ ਦੇ ਰੂਪ ਵਿੱਚ ਉਸਦਾ ਜੀਵਨ ਖਵਈਆ ਉਸਦੇ ਅੰਗ ਸੰਗ ਹੈ, ਜਿਸ ਉਤੇ ਉਹ ਪੂਰਾ ਪੂਰਾ ਵਿਸ਼ਵਾਸ ਅਤੇ ਪੂਰੀ ਪੂਰੀ ਟੇਕ ਰੱਖ ਸਕਦਾ ਹੈ। ਨਾਮਧਾਰੀ ਯੁਵਕ ਨੂੰ ਆਪਣੇ ਸਤਿਗੁਰੂ ਜਗਜੀਤ ਸਿੰਘ ਜੀ ਨੂੰ ਕੇਵਲ ਸ਼ਰਧਾਭਾਵ ਦੇ ਤੌਰ ਤੇ ਹੀ ਗੁਰੂ ਨਹੀਂ ਮੰਨਣਾ ਚਾਹੀਦਾ ਸਗੋਂ ਜਾਗਰੂਪ ਵਿੱਚ ਆਪਣੀਆਂ ਅਧਿਆਤਮਿਕ, ਸੰਸਾਰਿਕ, ਪਰਿਵਾਰਕ ਸਗੋਂ ਇਥੋਂ ਤੱਕ ਕਿ ਰਾਜਸਕ ਸਮੱਸਿਆਵਾਂ ਦੇ ਸੁਲਝਾਉਣ ਲਈ ਇੱਕ ਅਤਿ ਨਿਕਟੀ ਸਖਾ ਸਹੇਲਾ ਨਾਇਕ, ਆਗੂ ਅਤੇ ਇਸ਼ਟ ਸਮਝਣਾ ਚਾਹੀਦਾ ਹੈ। ਇੰਜ ਉਹ ਆਪਣੇ ਆਪ ਨੂੰ ਅਵਿਸ਼ਵਾਸ ਅਤੇ ਅਧਰਮ ਦੀ ਉਸ ਖੱਡ ਵਿੱਚ ਡਿੱਗਣੋਂ ਬਚਾ ਸਕਦਾ ਹੈ ਜਿਸ ਵਿੱਚ ਕਿ ਪਦਾਰਥਵਾਦੀ ਸਮਾਜ ਦਾ ਯੁਵਕ ਡਿੱਗ ਚੁੱਕਿਆ ਹੈ ਜਾਂ ਡਿੱਗ ਰਿਹਾ ਹੈ।" ਮੈਂ ਜਦ ਖਤਮ ਕੀਤਾ ਤਾਂ ਯੁਵਕਾਂ ਵਿੱਚ ਇੱਕ ਅਜੀਬ ਕਿਸਮ ਦੀ ਸਰਸਰਾਹਟ ਸੀ ਅਤੇ ਸਤਿਗੁਰੂ ਫਿਰ ਮੇਰੇ ਵਲ ਮਿਹਰਭਰੀ ਦ੍ਰਿਸ਼ਟੀ ਨਾਲ ਵੇਖ ਰਹੇ ਸਨ।

ਕੁਝ ਪਲ ਪਿੱਛੋਂ ਅਸੀਂ ਮਹਾਰਾਜ ਦੀ ਹਜ਼ੂਰੀ ਵਿੱਚ ਪੰਗਤਾਂ ਲਾਈ ਬੈਠੇ ਸਾਂ ਅਤੇ ਸ਼ੁਧ ਘਿਉ, ਦੁੱਧ ਅਤੇ ਜਲੇਬੀਆਂ ਦੇ ਸਾਤਵਿਕ ਭੋਜਨ ਦਾ ਪ੍ਰਸ਼ਾਦ ਛਕ ਰਹੇ ਸਾਂ। ਸਤਿਗੁਰਾਂ ਦੀ ਚਰਨ ਛੂਹ ਦਾ ਸੁਭਾਗ ਪ੍ਰਾਪਤ ਕਰ ਮੈਂ ਸ੍ਰੀ ਭੈਣੀ ਸਾਹਿਬ ਤੋਂ ਪਰਤ ਰਿਹਾ ਇੰਜ ਪ੍ਰਤੀਤ ਕਰ ਰਿਹਾ ਸਾਂ ਜਿਵੇਂ ਮੈਂ ਜੀਵਨ ਦੇ ਕੁਝ ਪਲ ਸਕਾਰਥੇ ਤੇ ਸਫਲ ਕਰ ਆਇਆ ਹਾਂ।



Namdhari Elibrary NamdhariElibrary@gmail.com

# ਨਾਮਧਾਰੀ ਸੰਪਰਦਾਇ ਦੇ ਆਗੂ

ਸ਼ਮਸ਼ੇਰ ਸਿੰਘ ਅਸ਼ੋਕ

ਸਰਦਾਰ ਸ਼ਮਸ਼ੇਰ ਸਿੰਘ ਅਸ਼ੋਕ ਗੁਰਬਾਣੀ ਅਤੇ ਪੰਜਾਬੀ ਸਾਹਿਤ ਤਥਾ ਇਤਿਹਾਸ ਦੇ ਪ੍ਰਸਿਧ ਖੋਜੀ ਹਨ। ਆਪ ਸਿਖ ਨੈਸ਼ਨਲ ਕਾਲਜ, ਲਾਹੌਰ ਸ਼੍ਰੋਮਣੀ ਕਮੇਟੀ ਅਤੇ ਮਹਿਕਮਾ ਪੰਜਾਬੀ, ਪਟਿਆਲਾ ਵਿਚ ਭਿੰਨ-ਭਿੰਨ ਅਸਾਮੀਆਂ ਉਤੇ ਕੰਮ ਕਰਦੇ ਰਹੇ ਹਨ। ਅਜ ਕੱਲ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਸਿਖ ਰੇਫਰੈਂਸ ਲਾਇਬ੍ਰੇਰੀ ਤਥਾ ਸਿਖ ਇਤਿਹਾਸ ਖੋਜ ਵਿਭਾਗ ਵਿਚ ਕੰਮ ਕਰ ਰਹੇ ਹਨ। ਆਪ ਨੇ ਕੋਈ ਦੋ ਦਰਜਨ ਤੋਂ ਵਧ ਪੁਸਤਕਾਂ ਲਿਖੀਆਂ ਹਨ ਜਿਨ੍ਹਾਂ ਵਿਚ ਪੰਜਾਬੀ ਹਥ ਲਿਖਤਾਂ ਦੀ ਸੂਚੀ ਦੋ ਭਾਗ, ਪ੍ਰਾਚੀਨ ਜੰਗ ਨਾਮੇ, ਪੰਜਾਬੀ ਪੱਤਰਕਲਾ, ਪੰਜਾਬ ਦੀਆਂ ਲਹਿਰਾਂ ਅਤੇ ਸਿਖ ਰਾਜ ਦਾ ਅੰਤ ਪ੍ਰਸਿਧ ਹਨ। ਹਿੰਦੀ ਵਿਚ ਆਪ ਨੇ ਪੰਜਾਬ ਦਾ ਹਿੰਦੀ ਸਾਹਿਤ ਨਾਮੀ ਪੁਸਤਕ ਲਿਖੀ ਅਤੇ ਸ੍ਰੀਮਦ ਭਾਗਵਤ ਗੀਤਾ ਤੋਂ ਇਲਾਵਾ ਚਾਰ ਕੁ ਪੁਸਤਕਾਂ ਦਾ ਅਨੁਵਾਦ ਵੀ ਕੀਤਾ ਹੈ। ਪੰਜਾਬੀ ਬੋਲੀ ਦੇ ਇਤਿਹਾਸ ਬਾਰੇ ਵੀ ਆਪ ਨੇ ਖੋਜ ਪੱਤਰ ਲਿਖੇ ਹਨ। ਆਪ ਪੰਜਾਬੀ ਹਿੰਦੀ, ਸੰਸਕ੍ਰਿਤ ਤੇ ਉਰਦੂ ਦੇ ਗਿਆਤਾ ਅਤੇ ਸੰਪਰਦਾਈ ਖੋਜੀਆਂ ਅਤੇ ਲੇਖਕਾਂ ਵਿਚ ਸਥਾਨ ਰਖਦੇ ਹਨ। ਆਪ ਬੜੀ ਲਗਨ ਨਾਲ ਖੋਜ ਕਰਨ ਵਾਲੇ ਵਿਅਕਤੀ ਹਨ ਅਤੇ ਆਪ ਦੀ ਭਾਸ਼ਾ ਸਰਲ ਅਤੇ ਨਿਰੋਲ ਸਪਸ਼ਟ ਹੁੰਦੇ ਹਨ। —ਸੰਪਾਦਕ

ਸੰਨ ੧੯੩੫ ਦੀ ਗੱਲ ਹੈ ਜਦ ਮੈਂ ਪਹਿਲੇ ਪਹਿਲ ਸ੍ਰੀ ਭੈਣੀ ਸਾਹਿਬ ਜਾ ਕੇ ਸਤਿਕਾਰ ਜੋਗ ਬਾਬਾ ਪ੍ਰਤਾਪ ਸਿੰਘ ਜੀ ਨੂੰ ਮਿਲਿਆ। ਆਪ ਨਾਮਧਾਰੀ ਸੰਪ੍ਰਦਾਇ ਦੀ ਰੂਹਿਰਵਾਂ ਸਨ ਤੇ ਚਾਹੁੰਦੇ ਸਨ ਕਿ ਸਾਰੇ ਸਿੱਖਾਂ ਨੂੰ ਇਕੋ ਸਟੇਜ ਤੇ ਲਿਆ ਕੇ ਇਕ ਸਦੀਵੀ ਪੰਥਕ ਮਿਲਣੀ ਦਾ ਢੰਗ ਅਪਣਾਇਆ ਜਾਵੇ। ਇਸੇ ਕਾਰਨ, ਜਿਵੇਂ ਮੈਨੂੰ ਪ੍ਰਸਿੱਧ ਵਿਦਵਾਨ ਭਾਈ ਸਾਹਿਬ ਭਾਈ ਕਾਨ੍ਹ ਸਿੰਘ ਜੀ ਨਾਭਾ ਤੇ ਪ੍ਰੋਫੈਸਰ ਤੇਜਾ ਸਿੰਘ ਜੀ ਖਾਲਸਾ ਕਾਲਜ ਅੰਮ੍ਰਿਤਸਰ ਤੋਂ ਪਤਾ ਲੱਗਾ, ਆਪ ਇਸ ਤਰ੍ਹਾਂ ਮਿਲਥੇ ਕੀ ਮਹਿਮਾ ਦਾ ਰੁਤਬਾ ਕਾਇਮ ਕਰਨ ਲਈ ਪੂਰੇ ਉਤਾਵਲੇ ਸਨ। ਬਾਬਾ ਪ੍ਰਤਾਪ ਸਿੰਘ ਜੀ ਦੇ ਦੋਵੇਂ ਸਾਹਿਬਜ਼ਾਦੇ ਬਾਬਾ ਜਗਜੀਤ ਸਿੰਘ ਤੇ ਬਾਬਾ ਬੀਰ ਸਿੰਘ ਜੀ ਉਸ ਸਮੇਂ ਅਜੇ ਬਚਪਨ ਦੀਆਂ ਮੰਜ਼ਲਾਂ ਤਹਿ ਕਰ ਰਹੇ ਸਨ। ਬਾਬਾ ਪ੍ਰਤਾਪ ਸਿੰਘ ਜੀ ਨੇ ਖੁਦ ਬੜੀ ਕ੍ਰਿਪਾ ਪੂਰਵਕ ਮੈਨੂੰ ਇਨ੍ਹਾਂ ਆਪਣੇ ਨੌਨਿਹਾਲਾਂ ਦੇ ਦਰਸ਼ਨ ਕਰਵਾਏ ਸਨ। ਭਾਈ ਕਾਨ੍ਹ ਸਿੰਘ ਨਾਭਾ ਵਾਂਗ ਹੀ ਬਾਬਾ ਪ੍ਰਤਾਪ ਸਿੰਘ ਜੀ ਸੰਗੀਤ ਕਲਾ ਤੇ ਗੁਰਬਾਣੀ ਦੇ ਅਖੰਡ ਕੀਰਤਨ ਵਿਚ ਇਕ ਖਾਸ ਦਿਲਚਸਪੀ ਰੱਖਦੇ ਸਨ। ਉਹ ਆਪ ਸਿਤਾਰ ਸਰੰਦਾ ਤੇ ਦਿਲਰੁਬਾ ਨਾਮਕ ਤੰਤੀ ਸਾਜ਼ ਬੜੀ ਹੁਨਰ ਮੰਦੀ ਨਾਲ ਵਜਾਉਂਦੇ ਅਤੇ ਬਾਬਾ ਜਗਜੀਤ ਸਿੰਘ ਤੇ ਬੀਰ ਸਿੰਘ ਜੀ ਨੂੰ ਵੀ ਚੰਗੇ ਸੰਗੀਤਕਾਰਾਂ ਦੀ ਦੇਖ ਰੇਖ ਵਿਚ ਇਸੇ ਤਰ੍ਹਾਂ ਤੰਤੀ ਸਾਜਾਂ ਰਾਹੀਂ ਕੀਰਤਨ ਕਰਨ ਦੀ ਪ੍ਰੇਰਣਾ ਦਿੰਦੇ ਰਹਿੰਦੇ ਸਨ। ਹਾਰਮੋਨੀਅਮ ਚਿਮਟੇ, ਢੋਲਕੀਆਂ ਬਜਾ ਕੇ ਭਾਵੇਂ ਆਮ ਸਿੱਖ ਕੀਰਤਨ ਕਰਦੇ ਤੇ ਜੋਟੀਆਂ ਦੇ ਸ਼ਬਦ ਪੜ੍ਹਦੇ ਦੇਖਣ ਸੁਣਨ ਵਿਚ ਆਉਂਦੇ ਸਨ, ਪਰ ਬਾਬਾ ਪ੍ਰਤਾਪ ਸਿੰਘ ਜੀ ਇਸ ਹੌਲੇ ਦੇ ਕੀਰਤਨ ਨੂੰ ਸੰਗੀਤਕ ਕੀਰਤਨ ਦਾ ਦਰਜਾ ਦੇਣ ਤੋਂ ਝਿਜਕਦੇ ਸਨ। ਮੈਂ ਦੇਖਿਆ ਕਿ ਉਨ੍ਹਾਂ ਦੀ ਇਸ ਸ਼ੁਭ ਸਿਖਿਆ ਦਾ ਆਪਣੇ ਇਨ੍ਹਾਂ ਦੋਹਾਂ ਲਖਤਿ ਜਿਗਰ ਸਾਹਿਬਜ਼ਾਦਿਆਂ ਦੇ ਦਿਲਾਂ ਉਤੇ ਬੜਾ ਡੂੰਘਾ ਤੇ ਸਦੀਵੀ ਪ੍ਰਭਾਵ ਪਿਆ।

ਇਸ ਤੋਂ ਬਾਦ ਸੰਨ ੧੯੪੪ ਤਕ ਭਾਵੇਂ ਮੈਨੂੰ ਕਈ ਵੇਰ ਸਤਿਕਾਰ ਜੋਗ ਬਾਬਾ ਪ੍ਰਤਾਪ ਸਿੰਘ ਜੀ ਦੀ ਇਸੇ ਦਿਲੀ ਖਿੱਚ ਦੇ ਕਾਰਣ ਸ੍ਰੀ ਭੈਣੀ ਸਾਹਿਬ ਜਾਣ ਦਾ ਮੌਕਾ



Namdhari Elibrary NamdhariElibrary@gmail com



ਪੰਜਾਬ ਦੇ ਮੌਜੂਦਾ ਮੁੱਖ ਮੰਤਰੀ ਸ: ਪ੍ਰਕਾਸ਼ ਸਿੰਘ ਬਾਦਲ ਦਾ ਸਤਿਗੁਰੂ ਜੀ ਨਾਲ ਡੂੰਘਾ ਸਨੇਹ ਹੈ।
ਸੰਨ 1971 ਵਿਚ ਅਨੰਦਪੁਰ ਹੋਲਾ ਮਹਲਾ ਸਮੇਂ ਨਾਮਧਾਰੀ ਸ਼ਹੀਦੀ ਅਸਥਾਨ ਅਮ੍ਰਿਤਸਰ
ਅਤੇ ਇਕ ਲਖ ਰੁਪਿਆ ਨਾਮਧਾਰੀ ਦਰਬਾਰ ਨੂੰ ਦੇਣ ਦਾ ਏਲਾਨ ਕੀਤਾ। ਜਦੋਂ
ਆਪ ਦੁਬਾਰਾ ਮੁੱਖ ਮੰਤਰੀ ਬਣੇ ਤਾਂ ਸਭ ਤੋਂ ਪਹਿਲਾਂ ਆਪਣੀ ਵਿਸ਼ੇਸ਼
ਦਿਲਚਸਪੀ ਵਿਖਾ ਕੇ ਸੰਨ 1971 ਵਿਚ ਕੀਤਾ ਵਾਅਦਾ ਪੂਰਾ ਕੀਤਾ
ਇਸੇ ਪ੍ਰਕਾਰ ਸ: ਗੁਰਬਖਸ਼ ਸਿੰਘ ਪ੍ਰੀਤ ਲੜੀ ਦਾ ਚੰਡੀਗੜ੍ਹ
ਵਿਚ ਇਲਾਜ ਕਰਾਉਣ ਦੀ ਸਤਿਗੁਰੂ ਜੀ ਦੀ
ਇਛਿਆ ਨੂੰ ਤੁਰੰਤ ਨੇਪਰੇ ਚਾੜ੍ਹਿਆ। ਤਸਵੀਰ
ਵਿਚ ਸਤਿਗੁਰੂ ਜੀ ਤੇ ਬਾਦਲ ਜੀ
ਨਾਲ ਮਹਾਰਾਜ ਬੀਰ ਸਿੰਘ ਜੀ
ਦਿਖਾਈ ਦੇ ਰਹੇ ਹਨ।

**ਵਰਿਆਮ**

Namdhari Elibrary NamdhariElibrary@gmail.com



21 ਸਤੰਬਰ 1977 ਨੂੰ ਅਮ੍ਰਿਤਸਰ ਵਿਚ ਹੋਏ ਨਾਮਧਾਰੀ ਸ਼ਹੀਦਾਂ ਦੀ ਯਾਦ ਵਿਚ ਅਮ੍ਰਿਤਸਰ ਵਿਚ ਇਕ ਕਾਨਫਰੰਸ ਹੋਈ। ਇਹ ਸਿੰਘ ਅੰਗਰੇਜ਼ ਸਾਮਰਾਜ ਵਿਰੁੱਧ ਜੂਝਦੇ ਪਹਿਲੇ ਸ਼ਹੀਦ ਸਨ ਜਿਨ੍ਹਾਂ ਨੂੰ ਬੁਚੜ ਬਧ ਕੇਸ ਵਿਚ ਰਾਮ ਬਾਗ ਦੇ ਬੋਹੜ ਨਾਲ ਖੁਲੇ ਆਮ ਫਾਂਸੀ ਦਿਤੀ ਗਈ ਸੀ। ਇਸ ਮੌਕੇ ਤੇ ਮੁੱਖ ਮੰਤਰੀ ਪੰਜਾਬ ਸ: ਪ੍ਰਕਾਸ਼ ਸਿੰਘ ਬਾਦਲ (ਤਕਰੀਰ ਕਰ ਰਹੇ) ਨੇ ਇਹ ਸ਼ਹੀਦੀ ਅਸਥਾਨ ਨਾਮਧਾਰੀ ਦਰਬਾਰ ਨੂੰ ਬਿਨਾ ਸ਼ਰਤ ਦੇਣ ਦਾ ਐਲਾਨ ਕਰਕੇ ਆਪਣੇ ਪੁਰਾਣੇ ਵਾਇਦੇ ਨੂੰ ਪੂਰਿਆਂ ਕੀਤਾ। ਤਸਵੀਰ ਵਿਚ ਸਤਿਗੁਰੂ ਜਗਜੀਤ ਸਿੰਘ ਮੰਚ ਤੇ ਸ਼ਸ਼ੋਭਤ ਹਨ ਨਾਲ ਸੇਠ ਤਰਲੋਕ ਸਿੰਘ, ਗਿਆਨੀ ਮਹਿੰਦਰ ਸਿੰਘ ਸਕੱਤਰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ: ਹਰਵਿੰਦਰ ਸਿੰਘ ਹੰਸਪਾਲ ਜਨਰਲ ਸਕੱਤਰ ਨਾਮਧਾਰੀ ਦਰਬਾਰ, ਸ: ਸਵਰਨ ਸਿੰਘ ਘਿਓ ਵਾਲੇ, ਮਹਾਰਾਜ ਬੀਰ ਸਿੰਘ ਜੀ ਤੇ ਬਾਬਾ ਬੀਰ ਬਿਕਰਮਾਜੀਤ ਸਿੰਘ, ਡੇਰਾ ਬਾਬਾ ਮਹਾਰਾਜ ਸਿੰਘ ਫਾਰੂਣੀ ਨਿਹੰਗ ਸਿੰਘਾਂ ਬੈਠੇ ਹਨ।

ਫਰਿਆਮ

ਮਿਲਿਆ ਤੇ ਮੈਂ ਉਨ੍ਹਾਂ ਦੇ ਇਸ ਕ੍ਰਿਆ ਭਾਵ ਦੇ ਕਾਰਨ ਉਨ੍ਹਾਂ ਦੇ ਨੌਨਿਹਾਲ ਬਾਬਾ ਜਗਜੀਤ ਸਿੰਘ ਅਤੇ ਬਾਬਾ ਬੀਰ ਸਿੰਘ ਜੀ ਨੂੰ ਵੀ ਮਿਲਦਾ ਰਿਹਾ, ਪਰ ਬਹੁਤੀ ਧੂਹ ਨਾਮਧਾਰੀ ਦਰਬਾਰ ਦੀ ਜੋ ਮੇਰੇ ਦਿਲ ਉਤੇ ਪਈ ਉਹ ਉਨ੍ਹਾਂ ਦੀ ਇਕ ਸੱਚੀ ਸੁੱਚੀ ਸੰਗੀਤਕ ਲਗਨ ਸੀ ਜੋ ਮੈਨੂੰ ਕਿਸੇ ਪਾਸੇ ਘਟ ਹੀ ਦੇਖਣ ਵਿਚ ਆਈ ਕਿਉਂਕਿ ਸਾਡੇ ਅਨੇਕਾਂ ਨਾਮ ਰਸੀਏ ਸਿੱਖ ਸੰਤ ਪੰਜ ਕਕਾਰਾਂ ਦੇ ਧਾਰਨੀ ਹੋਣ ਕਰਕੇ ਗੁਰਮੁਖ ਤਾਂ ਚੰਗੇ ਦਿਸਦੇ ਹਨ, ਪਰ ਇਨ੍ਹਾਂ ਵਿਚ ਤੰਤੀ ਸਾਜ਼ਾਂ ਰਾਹੀਂ ਨਾਮਬਾਣੀ ਦੇ ਕੀਰਤਨ ਦੀ ਘਾਟ ਖਾਸ ਤੌਰ ਤੇ ਬੜੀ ਚੋਭ ਪੈਦਾ ਕਰਦੀ ਤੇ ਖਟਕਦੀ ਹੈ ਜਿਸ ਕਰਕੇ ਸ਼ਬਦ-ਕੀਰਤਨ ਸਮੇਂ ਚਿਮਟੇ, ਢੋਲਕੀਆਂ ਛੈਣੇ ਤੇ ਹਾਰ-ਮੋਨੀਅਮ ਵਜਦੇ ਤਾਂ ਹਰ ਥਾਵੇਂ ਸੁਣੀਂਦੇ ਹਨ, ਪਰ ਖਾਸ-ਖਾਸ ਥਾਵਾਂ ਤੋਂ ਬਿਨਾਂ ਨਾਮ ਬਾਣੀ ਦੇ ਕੀਰਤਨ ਨਾਲ ਸੰਬੰਧਿਤ ਤੰਤੀ ਸਾਜ਼ਾਂ ਦੀ ਕਲਾਤਮਕ ਧੁਨੀ ਕਿਤੇ ਘਟ ਹੀ ਸੁਣਾਈ ਦੇਂਦੀ ਹੈ।

ਫੇਰ ਸ਼ੁਰੂ ਸੰਨ ੧੯੪੭ ਦੇ ਮਹੀਨਾ ਅਪ੍ਰੈਲ ਤਕ ਜਦ ਮੈਂ ਲਾਹੌਰ ਦੇ ਸਿੱਖ ਨੈਸ਼ਨਲ ਕਾਲਜ ਵਿਚ ਸਿਖ ਇਤਿਹਾਸ ਸੰਬੰਧੀ ਖੋਜ ਦਾ ਕੰਮ ਕਰਦਾ ਰਿਹਾ ਤਾਂ ਬਾਬਾ ਪ੍ਰਤਾਪ ਸਿੰਘ ਜੀ ਜੋ ਉਨ੍ਹੀਂ ਦਿਨੀਂ ਲਾਹੌਰ ਹੀ ਧਰਮ ਪੁਰੇ ਦੇ ਨੇੜੇ ਆਪਣੀ ਕੋਠੀ ਵਿਚ ਰਹਿੰਦੇ ਸਨ ਕਈ ਵੇਰ ਬੜੀ ਅਪਾਰ ਕ੍ਰਿਪਾ ਕਰਕੇ ਮੈਨੂੰ ਆਪਣੇ ਘਰ ਹੀ ਬੁਲਾਉਂਦੇ ਰਹੇ ਤੇ ਫੇਰ ਕਈ ਵੇਰ ਖੁਦ ਵੀ ਸਿੰਘ ਪੁਰੇ (ਬਾਗਵਾਨ ਪੁਰੇ ਦੇ ਲਾਗੇ) ਮੇਰੇ ਗਰੀਬ ਖਾਨੇ ਪਹੁੰਚ ਕੇ ਮੈਨੂੰ ਆਪਣੇ ਦਰਸ਼ਨਾਂ ਦਾ ਮਾਨ ਪ੍ਰਦਾਨ ਕਰਦੇ ਰਹੇ। ਬਾਬਾ ਜਗਜੀਤ ਸਿੰਘ ਤੇ ਬਾਬਾ ਬੀਰ ਸਿੰਘ ਜੀ ਵੀ ਉਦੋਂ ਕਈ ਵੇਰ ਮੈਨੂੰ ਉਨ੍ਹਾਂ ਦੇ ਨਾਲ ਹੀ ਮਿਲਦੇ ਰਹੇ। ਮੈਂ ਜਿਵੇਂ ਕਿ ਬਾਬਾ ਪ੍ਰਤਾਪ ਸਿੰਘ ਜੀ ਦੇ ਇਸ ਹਕੀਕੀ ਸਨੇਹ-ਭਾਵ ਨੂੰ ਦੇਖ ਕੇ ਉਨ੍ਹਾਂ ਦੇ ਅੰਤਰਾਤਮੇ ਵਲ ਤਕਿਆ ਤਾਂ ਬਾਬਾ ਜੀ ਦੀ ਮੁਦੱਬਰਾਨਾ ਦੂਰ ਅੰਦੇਸ਼ੀ, ਅਦੁਤੀ ਸਿਆਸੀ ਯੋਗਤਾ ਜਨਤਕ ਅਗਵਾਈ ਕਰਨ ਦੀ ਅਹਿਲੀਅਤ ਵਲ ਦੇਖ ਮੈਨੂੰ ਇਜ ਪ੍ਰਤੀਤ ਹੋਇਆ ਕਿ ਉਨ੍ਹਾਂ ਦੇ ਮੁਕਾਬਲੇ ਤੇ ਹੋਰ ਲਗਭਗ ਸਾਰੇ ਹੀ ਕੌਮੀ ਆਗੂ ਜੋ ਆਪਣੇ ਆਪ ਨੂੰ ਤਾਂ ਵੱਡਾ ਮੰਨਦੇ ਪਰ ਜਨਤਕ ਲਾਭਾਂ ਨੂੰ ਸਦਾ ਹਮੇਸ਼ਾਂ ਅੱਖੋਂ ਓਹਲੇ ਕਰਕੇ ਪਿੱਠ ਦਿੰਦੇ ਰਹੇ ਜਾਂ ਐਵੇਂ ਵਾਧੂ ਜਿਹਾ ਲਫਜ਼ੀ ਤੰਦਣਤਾਣਾ ਤਣ ਕੇ ਕਈ ਪ੍ਰਕਾਰ ਦੇ ਧੋਖੇਬਾਜ਼ੀ ਦੇ ਕਿਲੇ ਉਸਾਰਦੇ ਰਹੇ ਮੈਨੂੰ ਉਕੇ ਹੀ ਚੰਗੇ ਨਾ ਲੱਗੇ। ਉਹ ਇਸ ਤਰ੍ਹਾਂ ਕਿ ਸੰਨ ੧੯੪੬ ੪੭ ਵਿਚ ਜਦ ਪੰਜਾਬ ਦਾ ਵੰਡਵਾਰਾ ਨੇੜੇ ਆ ਰਿਹਾ ਸੀ ਤਾਂ ਅਜਿਹੇ ਕੌਮੀ ਆਗੂਆਂ ਨੂੰ ਆਪਣੇ ਨਿਜੀ ਲਾਭਾਂ ਦੇ ਮੁਕਾਬਲੇ ਤੇ ਆਪਣੇ ਹਮਵਤਨਾਂ ਦਾ, ਜਿਹੜੇ ਕਿ ਉਨ੍ਹਾਂ ਦੇ ਉਤੋਂ ਦੀ ਹਮੇਸ਼ਾਂ ਤਨ ਮਨ ਤੇ ਧਨ ਨਿਉਛਾਵਰ ਕਰਦੇ ਆਏ ਸਨ, ਉੱਕਾ ਹੀ ਖਿਆਲ ਨਹੀਂ ਸੀ, ਇਸੇ ਕਾਰਨ ਉਹ ਆਗੂ ਸੰਨ ੧੯੪੭ ਦੇ ਮਹੀਨਾ ਫਰਵਰੀ ਤੇ ਮਾਰਚ ਵਿਚ, ਜਦ ਕਿ ਪੰਜਾਬ ਉਤੇ ਫਿਰਕੇਦਾਰੀ ਦੇ ਹੱਥੋਂ ਕਹਿਰ ਦੇ ਬੱਦਲ ਟੁੱਟ ਰਹੇ ਤੇ ਨਿਰਅਪਰਾਧ ਲੋਕੀ ਮੱਲੋ ਜੋਰੀ ਧਰਮ ਦਾ ਅਖੋਤੀ ਬਹਾਨਾ ਲੈ ਕੇ ਬੁਰ੍ਹੀ ਤਰ੍ਹਾਂ ਕਤਲ ਕੀਤੇ ਜਾ ਰਹੇ ਸਨ ਤਾਂ ਇਹ ਕੌਮੀ ਆਗੂ ਉਨ੍ਹਾਂ ਦਾ ਸਮੇਂ ਸਿਰ ਬਚਾਉ ਕਰਨ ਦੀ ਥਾਵੇਂ, ਜਦ ਕਿ ਠੀਕ ਬਚਾਉ ਹੋ ਸਕਦਾ ਸੀ, ਆਪਣੀ ਮੂਰਖਤਾ ਦੇ ਕਾਰਨ ਇਸੇ ਅਖੌਤੀ ਜੋਸ਼ ਵਿਚ ਆ ਕੇ ਇਹੋ ਸਲਾਹਾਂ ਦਿੰਦੇ ਰਹੇ ਕਿ ਤੁਸੀਂ ਬੇਫਿਕਰ ਹੋ ਕੇ ਲਾਹੌਰ ਤੇ ਹੋਰ ਪੱਛਮੀ ਪੰਜਾਬ ਵਿਚ ਵੱਖੋ ਵੱਖ ਥਾਵੀਂ ਇਸੇ ਤਰ੍ਹਾਂ ਡਟੇ ਰਹੋ, ਤੇ ਦੇਖਦੇ ਜਾਓ ਕਿ ਅਸੀਂ ਇਕੋ ਹੱਲੇ ਨਾਲ ਲਾਹੌਰ ਤੋਂ ਲੈ ਕੇ ਸੂਬਾ ਸਰਹੱਦ ਦੇ ਦੱਰਾ ਖੈਬਰ ਤਕ ਸਾਰਾ ਇਲਾਕਾ ਫਤਿਹ ਕਰ ਲਵਾਂਗੇ, ਪਰ ਜਿਵੇਂ ਕਿ ਬਾਬਾ ਪ੍ਰਤਾਪ ਸਿੰਘ ਜੀ, ਜ਼ਬਾਨੀ ਦਸਦੇ ਰਹੇ, ਸਾਡੇ ਕੌਮੀ ਆਗੂਆਂ ਦੀ ਇਹ ਝੂਠੀ ਆਸ ਸਹੇ ਦੇ ਸਿਰ ਉਤੇ ਸਿੰਗ ਦੱਸਣ ਵਾਂਗ ਕੋਰੀ ਕਲਪਨਾ ਹੀ ਸਾਬਤ ਹੋਈ, ਜਿਸ ਕਰਕੇ ਦਰਿਆ ਰਾਵੀ ਤੇ ਝਨਾਓਂ ਪਾਰ ਆਦਿ ਦੇ ਇਲਾਕਿਆਂ ਦੇ ਬਹੁ ਗਿਣਤੀ ਦੇ ਲੋਕਾਂ ਸਮੇਤ ਨਗਰ ਲਾਹੌਰ ਦੇ ਗੁਰ-ਦੁਆਰਿਆਂ ਦੇ ਲਗ ਭਗ ਸਾਰੇ ਹੀ ਸਿੰਘ ਇਸੇ ਕਾਰਨ ਪਾਕਿਸਤਾਨੀਆਂ ਹਥੋਂ ਮੌਤ ਦੇ ਮੂੰਹ 'ਚ ਜਾ ਪਏ ਉਨ੍ਹਾਂ ਨੂੰ ਕੋਈ ਨਾ ਬਚਾ ਸਕਿਆ।

ਬਾਬਾ ਪ੍ਰਤਾਪ ਸਿੰਘ ਜੀ ਆਪਣੇ ਦੋਹਾਂ ਸਾਹਿਬ-ਜ਼ਾਦਿਆਂ ਸਮੇਤ ਪੱਛਮੀ ਪੰਜਾਬ ਦੇ ਸਿੱਖਾਂ ਨੂੰ ਹਰ ਮੁਮਕਿਨ ਕੋਸ਼ਿਸ਼ ਕਰ ਕੇ ਬਚਾਉਣ ਦੇ ਜਤਨਾਂ ਵਿਚ ਤੱਤਪਰ ਸਨ, ਜਿਸ ਕਰ ਕੇ ਮੇਰੇ ਉਸ ਸਮੇਂ ਲਾਹੌਰ ਰਹਿੰਦਿਆਂ, ਜਿਵੇਂ ਕਿ ਮੈਨੂੰ ਪਤਾ ਲਗਦਾ ਰਿਹਾ, ਇਨ੍ਹਾਂ ਨੇ ਆਪਣੇ ਅਣ ਥੱਕ ਜਤਨਾ ਨਾਲ ਪੱਛਮੀ ਪੰਜਾਬ ਦੇ ਬਹੁਤ ਸਾਰੇ ਸਿੱਖ ਪਰਿਵਾਰਾਂ ਨੂੰ ਬਚਾ ਲਿਆਂਦਾ। ਉਨ੍ਹਾਂ ਦੀ ਇਸੇ ਸਿਆਣਪ ਦੇ ਨਤੀਜੇ ਵਜੋਂ ਮੈਂ ਵੀ ਉਸ ਸਮੇਂ ਮਹੀਨਾ ਮਈ ਦੇ ਅੰਤ ਵਿਚ ਲਾਹੌਰ ਛੱਡਿਆ ਅਤੇ ਰਸਤੇ ਦੀਆਂ ਕਈ ਮੁਸ਼ਕਲਾਂ ਦੇ ਬਾਵਜੂਦ ਆਪਣਾ ਆਪ ਬਚਾ ਕੇ ਅੰਮ੍ਰਿਤਸਰ ਪਹੁੰਚ ਗਿਆ। ਇਸ ਤਰ੍ਹਾਂ ਲਾਹੌਰ ਛੱਡਣ ਦਾ ਨਤੀਜਾ ਇਹ



Namdhari Elibrary NamdhariElibrary@gmail.com

ਹੋਇਆ ਕਿ ਮੈਂ ਤਾਂ ਬੇਸ਼ਕ ਬਚ ਗਿਆ, ਪਰ ਕਮੇਟੀ ਵਲੋਂ ਗੈਰ ਹਾਜ਼ਰੀਆਂ ਲੱਗਣ ਤੇ ਮੇਰੀ ਤਨਖਾਹ ਦੇ ੨੦੯ ਰੁਪਏ ਕੱਟੇ ਗਏ। ਇਹ ਹਾਲਤ ਦੇਖ ਕਈ ਦੋਸਤਾਂ ਨੇ ਮੈਨੂੰ ਇਤਫਾਕ ਰਾਇ ਨਾਲ ਕਿਹਾ—'ਜੇਥੇ ਘਰ ਲਗੇ ਅੱਗ ਜੇਈ ਬਚੇ ਸੋਈ ਭਲੇ' ਤੇ "ਜਾਨ ਬਚੀ ਲਾਖੋਂ ਪਾਏ।" ਫੇਰ ਮੇਰੇ ਪਿੱਛੋਂ ਜੋ ਸੱਜਨ ਵੀ ਲਾਹੌਰੋਂ ਆਏ ਉਹ ਸਭ ਆਪੋ ਆਪਣਾ ਅਸਬਾਬ ਗਵਾ ਕੇ ਡਿਗਦੇ ਢਹਿੰਦੇ ਤੇ ਬੁਰੇ ਹਾਲ ਬਾਂਕੇ ਦਿਹਾੜੇ ਹੋ ਕੇ ਹੀ ਨਿਕਲੇ ਸਿਰਫ ਉਨ੍ਹਾਂ ਦੀਆਂ ਜਾਨਾਂ ਹੀ ਬੜੀ ਮੁਸ਼ਕਲ ਨਾਲ ਮਸਾਂ ਮਸਾਂ ਬਚੀਆਂ। ਉਨ੍ਹਾਂ ਦੇ ਦੁਖਾਂ ਭਰੇ ਹਾਲ ਚੇਤੇ ਆਉਣ ਤੇ ਅਜੇ ਤਕ ਮੇਰੇ ਲੂੰ ਕੰਡੇ ਹੁੰਦੇ ਤੇ ਰੌਂਗਟੇ ਖੜੇ ਹੋ ਹੋ ਜਾਂਦੇ ਹਨ।

ਫੇਰ ਇਸ ਤੋਂ ਪਿਛੋਂ ਸੰਨ ੧੯੪੯ ਵਿਚ ਜਦ ਮੈਂ ਆਪਣੇ ਪਿੰਡ ਗੁਆਰਿਓਂ ਹੋ ਕੇ ਪਟਿਆਲੇ ਸਰਕਾਰੀ ਸਿਖਿਆ ਵਿਭਾਗ ਦੇ ਅਧੀਨ ਮਹਿਕਮਾ ਪੰਜਾਬੀ (ਭਾਸ਼ਾ ਵਿਭਾਗ) ਵਿਚ ਨੌਕਰੀ ਕੀਤੀ ਤਾਂ ਪਹਿਲਾਂ ਬਾਬਾ ਜੀਵਨ ਸਿੰਘ ਜੀ ਚਗਾਵਾਂ ਵਾਲੇ ਤੇ ਫੇਰ ਮਹਾਰਾਜ ਬਾਬਾ ਪ੍ਰਤਾਪ ਸਿੰਘ ਜੀ ਖੁਦ ਪਟਿਆਲੇ ਪਹੁੰਚ ਕੇ ਮੈਨੂੰ ਆਪਣੇ ਦਰਸ਼ਨ ਦਾ ਮਾਨ ਬਖਸ਼ਦੇ ਰਹੇ। ਉਨ੍ਹਾਂ ਦੀ ਦਿਲੀ ਚਾਹ ਮੈਨੂੰ ਗੁਜ਼ਾਰੇ ਵਜੋਂ ਚੋਖੀ ਜ਼ਮੀਨ ਦੇ ਕੇ ਸ੍ਰੀ ਜੀਵਨ ਨਗਰ (ਹਰਿਆਣੇ) ਨਾਮ-ਧਾਰੀ ਦਰਬਾਰ ਵਿਚ ਲਿਜਾਣ ਦੀ ਸੀ ਪਰ ਮੈਂ ਆਪਣੀ ਪਿੰਡ ਦੀ ਜੱਦੀ ਜ਼ਮੀਨ ਦੇ ਹੋਰ ਘਰੋਗੀ ਕਾਰੋਬਾਰ ਦੀ ਸੰਭਾਲ ਦੇ ਨਾਲ ਹੀ ਨੌਕਰੀ ਦੇ ਕੰਮ ਵਿਚ ਖਚਿਤ ਹੋਣ ਦੇ ਕਾਰਨ ਇਸ ਮੋਹ ਜਾਲ ਵਿਚੋਂ ਕਿਸੇ ਹੀਲੇ ਨਿਕਲ ਨਾ ਸਕਿਆ ਤੇ ਮਾਨ ਯੋਗ ਬਾਬਾ ਜੀ ਨੂੰ ਸਿਰਫ ਉਨ੍ਹਾਂ ਦੇ ਹਾਰਦਿਕ ਧੰਨ-ਵਾਦ ਸਹਿਤ ਉਨ੍ਹਾਂ ਦੇ ਯੋਗ ਸਨਮਾਨ ਤੋਂ ਬਾਦ ਵਾਪਸ ਪਰਤਣਾ ਪਿਆ ਜਿਸ ਕਰਕੇ ਬਾਬਾ ਜੀਵਨ ਸਿੰਘ ਜੀ ਮੈਨੂੰ ਉਲਾਂਭੇ ਵੀ ਦਿੰਦੇ ਰਹੇ।

ਫੇਰ ਕਈ ਸਾਲ ਬਾਦ ਜਦ ਬਾਬਾ ਪ੍ਰਤਾਪ ਸਿੰਘ ਜੀ ਅਕਾਲ ਪੁਰਖ ਦੇ ਚਰਨਾਂ ਵਿਚ ਜਾ ਬਿਰਾਜੇ ਤੇ ਉਨ੍ਹਾਂ ਦੀ ਥਾਵੇਂ ਸਤਿਕਾਰ ਯੋਗ ਬਾਬਾ ਜਗਜੀਤ ਸਿੰਘ ਜੀ ਸਜਾਦਾ ਨਸ਼ੀਨ ਹੋਏ ਤਾਂ ਉਨ੍ਹਾਂ ਦਾ ਵੀ ਮੇਰੇ ਨਾਲ ਉਹੋ ਬਾਬਾ ਪ੍ਰਤਾਪ ਸਿੰਘ ਜੀ ਵਾਲਾ ਹੀ ਪਰੰਪਰਾਗਤ ਹਾਰਦਿਕ ਸਨੇਹ-ਭਾਵ ਬਣਿਆ ਰਿਹਾ। ਇਸੇ ਦਿਲੀ ਖਿੱਚ ਦੇ ਕਾਰਨ ਆਪ ਮੈਨੂੰ ਸ੍ਰੀ ਭੈਣੀ ਸਾਹਿਬ ਤੇ ਕਈ ਵੇਰ ਸ੍ਰੀ ਅਮ੍ਰਿਤਸਰ ਆਪਣੇ ਦਰਸ਼ਨਾਂ ਦਾ ਸੁਭਾਗ ਸਮਾਂ ਦਿੰਦੇ ਰਹੇ। ਇਕ ਵੇਰ ਸ੍ਰੀ ਅਮ੍ਰਿਤਸਰ ਦੇ ਹੋਲੇ ਮਹੱਲੇ ਸਮੇਂ ਭਰੇ ਦੀਵਾਨ ਵਿਚ ਜਦ ਆਪ ਨੇ ਚੋਣਵੇਂ ਵਿਦਵਾਨਾਂ ਦੇ ਲੈਕਚਰ ਕਰਵਾਏ ਤਾਂ ਉਨ੍ਹਾਂ ਵਿਚ ਮੈਨੂੰ ਸਭ ਤੋਂ ਪਹਿਲੇ ਨੰਬਰ ਤੇ ਰੱਖਣ ਦਾ ਮਾਣ ਦਿੱਤਾ ਤੇ ਇਸੇ ਤਰ੍ਹਾਂ ਇਕ ਵੇਰ ਜਾਲੰਧਰ ਦੇ ਨਾਮਧਾਰੀ ਦਰਬਾਰ ਸਮੇਂ ਵੀ ਹੱਦੋਂ ਵਧ ਉਤਸਾਹ ਦੇ ਕੇ ਸਨਮਾਨਿਆ। ਮੈਂ ਇਸ ਗੱਲੋਂ ਕਈ ਵੇਰ ਹੋਰ ਵੀ ਹੈਰਾਨ ਹੁੰਦਾ ਹਾਂ ਕਿ ਕੁਝ ਕੁ ਵਿਚਾਰਕ ਪਰੰਪਰਾ ਦੇ ਵਖੇਵਿਆਂ ਦੇ ਬਾਵਜੂਦ ਵੀ ਨਾ ਕੇਵਲ ਅਤੀਤ ਕਾਲ ਵਿਚ ਬਾਬਾ ਪ੍ਰਤਾਪ ਸਿੰਘ ਜੀ ਹੀ, ਸਗੋਂ ਵਰਤਮਾਨ ਕਾਲ ਵਿਚ ਬਾਬਾ ਜਗਜੀਤ ਸਿੰਘ ਤੇ ਉਨ੍ਹਾਂ ਦੇ ਛੋਟੇ ਭਾਈ ਦਾਤਾ ਬੀਰ ਸਿੰਘ ਜੀ ਵੀ ਮੇਰੇ ਨਾਲ ਉਹੋ ਦਿਲੀ ਸਨੇਹ ਭਾਵ ਲਗਾਤਾਰ ਰਖਦੇ ਆ ਰਹੇ ਹਨ, ਜਿਸ ਖੁਲ ਦਿਲੀ ਵਿਚ ਕਦੇ ਕੋਈ ਫਰਕ ਨਹੀਂ ਪਿਆ। ਉਨ੍ਹਾਂ ਦੀ ਇਸ ਦਿਲੀ ਸੁਭ ਭਾਵਨਾ ਉੱਤੇ ਜਿਤਨਾ ਵੀ ਗਰਬ ਕੀਤਾ ਜਾਵੇ ਉਤਨਾ ਹੀ ਥੋੜ੍ਹਾ ਹੈ।

ਹੁਣ ਮੈਂ ਏਥੇ ਜੇ ਇਹ ਗੱਲ ਕਹਿ ਦਿਆਂ ਕਿ ਮਾਨ ਯੋਗ ਬਾਬਾ ਪ੍ਰਤਾਪ ਸਿੰਘ ਜੀ ਆਪਣੇ ਸਮੇਂ ਦੇ, ਦੇਸ਼ ਕੌਮ ਦੇ ਆਗੂਆਂ ਦੇ ਮੁਕਾਬਲੇ ਤੇ, ਇਕ ਸਰਬ ਗੁਣ ਸੰਪੰਨ, ਲਾਸਾਨੀ ਆਗੂ ਹੋਣ ਕਰਕੇ ਗੁਰੂ ਖਾਲਸੇ ਦੀ ਏਕਤਾ ਦੇ ਮਨ ਵਚਨ, ਕਰਮ ਤੋਂ ਚਾਹਵਾਨ ਸਨ, ਇਸ ਵਿਚ ਕੋਈ ਅਤਿ ਕਥਨੀ ਨਹੀਂ ਹੋਵੇਗੀ, ਸਗੋਂ ਇਹ ਇਕ ਅਮਰ ਸਚਾਈ ਹੈ ਜਿਸ ਨੂੰ ਕਿਸੇ ਵੀ ਪੱਖੋਂ ਅੱਖੋਂ ਉਹਲੇ ਕਰਕੇ ਅਜੋਗ ਕਰਾਰ ਨਹੀਂ ਦਿਤਾ ਜਾ ਸਕਦਾ। ਉਨ੍ਹਾਂ ਵਾਂਗ ਹੀ ਉਨ੍ਹਾਂ ਦੇ ਜਾ-ਨਸ਼ੀਨ ਬਾਬਾ ਜਗਜੀਤ ਸਿੰਘ ਜੀ ਵੀ, ਜਿਵੇਂ ਕਿ ਪਿਛੇ ਜਿਹੇ ਸ੍ਰੀ ਦਰਬਾਰ ਸਾਹਿਬ ਅਮ੍ਰਿਤਸਰ ਦੀ ਕਾਰ ਸੇਵਾ ਦੇ ਸ਼ੁਭ ਅਵਸਰ ਤੇ ਉਨ੍ਹਾਂ ਦੀ ਪੁਰ ਖਲੂਸ ਸ਼ਮੂਲੀਅਤ ਤੋਂ ਪਤਾ ਲੱਗਾ, ਹਮੇਸ਼ਾਂ ਗੁਰੂ-ਪੰਥ ਨਾਲ ਮਿਲ ਕੇ ਚੱਲਣ ਤੇ ਚਾਹਵਾਨ ਹੋਣ ਕਰਕੇ ਆਪ ਆਪਣੇ ਆਪ ਨੂੰ ਗੁਰੂ ਪੰਥ ਦਾ ਇਕ ਅੰਗ ਮੰਨਦੇ ਹਨ।



Namdhari Elibrary NamdhariElibrary@gmail.com

# ਇਕ ਤੀਰਥ ਦੀ ਸੰਖੇਪ ਜਾਣਕਾਰੀ

ਡਾ: ਗੌਰੀ ਸ਼ੰਕਰ

ਡਾ: ਗੌਰੀ ਸ਼ੰਕਰ ਕੁਦਰਤੀ ਤਰੀਕਾ ਇਲਾਜ ਦੇ ਮਾਹਰ ਹਨ ਅਤੇ ਬਰੇਲੀ ਤੋਂ ਨਿਕਲਣ ਵਾਲੇ ਹਿੰਦੀ ਮਾਸਕ ਪੱਤਰ ਅਨੰਦ ਨਿਕੇਤਨ ਦੇ ਸੰਪਾਦਕ। ਸ੍ਰੀ ਭੈਣੀ ਸਾਹਿਬ ਵਿਚ ਇਕ ਮਹੀਨਾ ਰਹਿ ਕੇ ਜੋ ਅਨੁਭਵ ਗ੍ਰਹਿਣ ਕੀਤੇ ਹਨ ਉਹਨਾਂ ਨੂੰ ਅੰਕਿਤ ਕਰਕੇ ਮਹਾਨ ਸਥਾਨ ਦੀ ਮਹਤਤਾ ਬਾਰੇ ਕੁਝ ਪੱਖਾਂ ਤੋਂ ਚਾਨਣਾ ਪਾਉਣ ਦਾ ਜਤਨ ਕੀਤਾ ਹੈ।—ਸੰਪਾਦਕ

ਪੁਰਾਨਾਂ ਵਿਚ ਚਰਚਾ ਆਉਂਦੀ ਹੈ ਕਿ ਕਾਸ਼ੀ ਨਗਰੀ ਤੀਨ ਲੋਕ ਤੋਂ ਨਿਆਰੀ ਹੈ ਇਸ ਵਿਚ ਕੀ ਤੱਤ ਹੈ ? ਜਾਂ ਕੀ ਸਚ ? ਇਸ ਦੀ ਖੋਜ ਕਰਨ ਦਾ ਯਤਨ ਅਸੀਂ ਨਹੀਂ ਕੀਤਾ ਪਰ ਪਿਛਲੇ ਦਿਨਾਂ ੧੬ ਮਈ ੧੯੭੭ ਤੋਂ ੧੬ ਜੂਨ ੧੯੭੭ ਤੀਕ ਲਗਭਗ ਇਕ ਮਾਹ ਦਾ ਇਕ ਅਧਿਆਤਮਿਕ ਯੌਗਿਕ ਅਤੇ ਪ੍ਰਕ੍ਰਿਤਕ ਚਿਕਿਤਸਾ ਦਾ ਕੈਂਪ ਗੁਰਦਵਾਰਾ ਸ੍ਰੀ ਭੈਣੀ ਸਾਹਿਬ ਜ਼ਿਲਾ ਲੁਧਿਆਣਾ (ਪੰਜਾਬ) ਵਿਚ ਸਾਡੀ ਸੰਸਥਾ ਅਨੰਦ ਨਿਕੇਤਨ ਵਲੋਂ ਕੀਤਾ ਗਿਆ ਜਿਸ ਵਿਚ ਮੈਨੂੰ ਇਥੋਂ ਦੀਆਂ ਸਾਰੀਆਂ ਪ੍ਰਵਰਤਿਆਂ, ਰਹਿਣ-ਸਹਿਣ ਦੀ ਜੀਵਨ ਪਧਤੀ ਅਤੇ ਨਾਮਧਾਰੀ ਸਿੱਖਾਂ ਦੀਆਂ ਵਿਸ਼ੇਸ਼ਤਾਵਾਂ ਨੂੰ ਨੇੜੇ ਤੋਂ ਵੇਖਣ ਅਤੇ ਅਧਿਐਨ ਕਰਨ ਦਾ ਸੁਭਾਗ ਮਿਲਿਆ। ਸਾਇੰਸ ਦੇ ਇਸ ਆਰਾਮਦੇਹ ਜ਼ਮਾਨੇ ਵਿਚ ਤੇ ਖਾਉ ਪੀਓ ਮੌਜ ਉਡਾਓ ਦੇ ਪ੍ਰਬਲ ਅਸੰਜਮੀ ਵਿਸ਼ੇ ਵਿਕਾਰੀ ਯੁਗ ਵਿਚ ਭੀ ਇਥੋਂ ਦੇ ਨਾਮਧਾਰੀ ਸਿੱਖ ਲੋਕ ਕਿਸ ਤਰ੍ਹਾਂ ਆਪਣੇ ਨੂੰ ਆਪਣੀ ਸੰਧੀ ਮਰਿਆਦਾ ਅਤੇ ਆਪਣੇ ਪੂਰਵਜਾਂ ਗੁਰੂਆਂ ਦੇ ਅਤੇ ਸੰਤਾਂ ਦੇ ਦੱਸੇ ਰਾਹ ਦਾ ਪਾਲਨ ਕਰ ਰਹੇ ਹਨ। ਇਹ ਅਨੁਕਰਨੀ ਅਤੇ ਦਰਸ਼ਨ ਗੋਚਰਾ ਹੈ॥

ਆਪਣੇ ਅਨੰਦ ਨਿਕੇਤਨ ਦੇ ਪਾਠਕਾਂ ਨੂੰ ਇਸ ਰਿਸ਼ੀ ਯੁਗ ਅਤੇ ਪਵਿੱਤਰ ਤੀਰਥਾਂ ਦੀ ਵਿਸ਼ੇਸ਼ਤਾ ਅਤੇ ਜਾਣਕਾਰੀ ਕਰਨਾ ਚਾਹੁੰਦਾ ਹਾਂ ਕਿਉਂ ਕਿ ਮੈਨੂੰ ਇਸ ਅਸਥਾਨ (ਸ੍ਰੀ ਭੈਣੀ ਸਾਹਿਬ) ਤੋਂ ਬੜੀ ਵੱਡੀ ਪ੍ਰੇਰਣਾ ਮਿਲੀ ਹੈ। ਕਾਸ਼ ! ਜੇ ਸਾਰਾ ਭਾਰਤਵਰਸ਼ ਇਥੋਂ ਦੀਆਂ ਇਹ ਚੰਗਿਆਈਆਂ ਨੂੰ ਗ੍ਰਹਿਣ ਕਰ ਲਵੇ ਤਾਂ ਵਾਸਤਵ ਵਿਚ ਭਾਰਤ ਵਿਚ ਰਾਮ ਰਾਜ ਆ ਸਕਦਾ ਹੈ ਇੰਝ ਮੈਨੂੰ ਸਮਝ ਆਈ ਹੈ। ਪਹਿਲਾਂ ਮੈਂ ਸ੍ਰੀ ਭੈਣੀ ਸਾਹਿਬ ਅਸਥਾਨ ਦੇ ਬਾਰੇ ਜਾਣਕਾਰੀ ਦੇ ਕੇ ਫਿਰ ਇਥੋਂ ਦੀਆਂ ਵਿਸ਼ੇਸ਼ਤਾਵਾਂ ਦਾ ਉਲੇਖ ਕਰਾਂਗਾ।

ਜਾਣਕਾਰੀ :—ਜ਼ਿਲਾ ਲੁਧਿਆਣਾ ਵਿਚ ਭੈਣੀ ਇਕ ਪਿੰਡ ਹੈ ਜੋ ਲੁਧਿਆਣਾ ਤੋਂ ੨੦ ਕਿਲੋਮੀਟਰ ਪੂਰਬ-ਉੱਤਰ ਵਲ ਚੰਡੀਗੜ੍ਹ ਰੋਡ ਤੇ ਹੈ। ਚੂੰਕਿ ਇਸ ਭੈਣੀ ਨਾਮ ਦੇ ਅਸਥਾਨ ਵਿਚ ਨਾਮਧਾਰੀ ਸਿੱਖਾਂ ਦੇ ਸਤਿਗੁਰੂ ਰਾਮ ਸਿੰਘ ਜੀ ਦਾ ਅਵਤਾਰ ਹੋਇਆ ਅਤੇ ਇਥੋਂ ਹੀ ਉਹਨਾਂ ਆਪਣੀ ਤੱਪਸਿਆ ਅਤੇ ਭਾਰਤ ਮਾਤਾ ਦੀ ਗੁਲਾਮੀ ਦੀਆਂ ਜ਼ੰਜੀਰਾਂ ਤੋੜਨ ਦੀ ਕਰਾਂਤੀ ਕੀਤੀ ਅਤੇ ਇਹ ਇਕ ਸਿੱਖਾਂ ਵਾਸਤੇ ਹੀ



Namdhari Elibrary NamdhariElibrary@gmail com

ਨਹੀਂ ਬਲਕਿ ਸਮੁੱਚੇ ਭਾਰਤ ਵਾਸੀਆਂ ਲਈ ਤੀਰਥ ਅਸਥਾਨ ਬਣ ਗਿਆ ਹੈ ਹੁਣ ਇਹ ਅਸਥਾਨ ਸ੍ਰੀ ਭੈਣੀ ਸਾਹਿਬ ਦੇ ਨਾਮ ਨਾਲ ਜਾਣਿਆਂ ਜਾਂਦਾ ਹੈ।

## ਵਿਸ਼ੇਸ਼ਤਾਵਾਂ

੧ ਇਥੋਂ ਦੇ ਨਾਮਧਾਰੀ ਸਿੱਖ ਲੋਕ ਬੜੇ ਸੰਜਮੀ, ਪੂਰੇ ਸ਼ਾਕਾਹਾਰੀ ਧਾਰਮਿਕ, ਰਾਸ਼ਟਰ ਭਾਵਨਾਂ ਦੇ ਭਰਪੂਰ ਅਤੇ ਸੰਸਕ੍ਰਿਤਕ ਸਭਿਅਤਾ ਦੇ ਧਾਰਨੀ ਹਨ। ਆਪਣੇ ਨਿਸਚੇ ਤੇ ਅਡਿੱਗ ਰਹਿਣ ਵਾਲੇ ਤੇ ਨਿਰਭੈ ਸਾਹਸੀ ਹਨ।

੨ ਇਹਨਾਂ ਦੇ ਅੰਦਰ ਈਸ਼ਵਰ ਵਿਸ਼ਵਾਸ ਅਧਿ-ਆਤਮਵਾਦ ਕੁਟ ਕੁਟ ਕੇ ਭਰਿਆ ਹੋਇਆ ਹੈ ਅਤੇ ਇਹ ਲੋਕ ਗੁਰੂ ਨੂੰ ਭਗਵਾਨ ਹੀ ਸਮਝਦੇ ਹਨ। ਮੈਂ ਵੀ ਇਹਨਾਂ ਦੇ ਸਤਿਗੁਰੂ ਜੀ ਦਾ ਨੇੜੇ ਹੋ ਕੇ ਅਧਿਐਨ ਕੀਤਾ, ਸੰਪਰਕ ਕੀਤਾ ਤਾਂ ਵਾਸਤਵ ਵਿਚ ਉਹਨਾਂ ਦੀ ਜਿਨੀ ਮਾਨਤਾ ਹੈ ਉਸ ਆਧਾਰ ਤੇ ਉਨ੍ਹਾਂ ਦੇ ਗੁਰੂ ਜੀ ਦਾ ਜੀਵਨ ਵੀ ਪੂਜਨੀਯ ਹੈ। ਸਾਰੇ ਨਾਮਧਾਰੀ ਸਿੱਖ ਲੋਕ ਗੁਰੂ ਜੀ ਦੇ ਇਸ਼ਾਰੇ ਤੇ ਚਲਦੇ ਹਨ। ਗੁਰੂ ਜੀ ਦਾ ਇਸ਼ਾਰਾ ਵੀ ਨਾਪ ਤੋਲ ਵਿਚ ਪੂਰਾ ਹੈ ਜੀਵਨ ਨੂੰ ਉੱਚਾ ਉਠਾਣਾ ਪ੍ਰਾਣੀ ਮਾਤਰ ਨੂੰ ਮੁਕਤੀ ਦਾ ਰਾਹ ਵਿਖਾਣਾ, ਜੋ ਉੱਚ ਅਰਥ ਵਿਚ ਗੁਰੂ ਦਾ ਕੰਮ ਹੁੰਦੇ ਉਹ ਉਥੇ ਸਤਿਗੁਰੂ ਜੀ ਵਿਚ ਮੈਨੂੰ ਵੇਖਣ ਨੂੰ ਮਿਲੇ ਹਨ।

੩. ਇਥੇ ਅੰਮ੍ਰਿਤ ਵੇਲੇ ਸਾਰੇ ਲੋਕ ਪ੍ਰਾਰਥਨਾ ਭਜਨ ਕੀਰਤਨ ਵਿਚ ਅਸ਼ਨਾਨ ਆਦਿ ਕਰਕੇ ਬੈਠ ਜਾਂਦੇ ਹਨ ਅਤੇ ਦੋ ਘੰਟੇ ਜ਼ਰੂਰੀ ਰੂਪ ਸ਼ਾਰੇ ਭਜਨ, ਕੀਰਤਨ, ਸਿਮਰਨ, ਧਿਆਨ ਜਪ ਆਦਿ ਕਰਦੇ ਹਨ। ਉਸ ਵੇਲੇ ਜਦੋਂ ਸਵੇਰੇ ਕੀਰਤਨ ਭਜਨ (ਆਸਾ ਦੀ ਵਾਰ) ਹੁੰਦਾ ਹੈ ਜਦੋਂ ਮੈਂ ਵੀ ਉਥੇ ਬੈਠਦਾ ਤਾਂ ਉਤਨੀ ਦੇਰ ਮੈਂ ਸੰਸਾਰ ਭੁਲ ਗਿਆ ਸੀ ਅਤੇ ਸੰਸਾਰ ਤੋਂ ਦੋ ਘੰਟੇ ਮੈਂ ਅਲਗ ਰਿਹਾ। ਇਸ ਵੇਲੇ ਵਿਚ ਹੀ ਇਹ ਭਾਵਨਾ ਜਾਗ੍ਰਿਤ ਹੋਈ ਇਕ ਤੇ ਇਹ ਭੌਤਿਕ ਜਗਤ ਜਿਸ ਵਿਚ ਸਾਰਾ ਸੰਸਾਰ ਲਿਪਤ ਹੈ ਅਤੇ ਇਕ ਪਾਸੇ ਇਹ ਭਾਵਨਾਵਾਂ ਦਾ ਜਗਤ ਜਿਥੇ ਸਭ ਕੁਝ ਭੁਲ ਕੇ ਸਾਡੇ ਸਾਹਮਣੇ ਕੇਵਲ ਭਗਵਾਨ ਹੀ ਰਹਿ ਜਾਂਦਾ ਹੈ। ਇਹ ਹੀ ਤਾਂ ਤੀਨਲੋਕ ਤੋਂ ਨਿਆਰਾ ਅਸਥਾਨ ਹੈ।

੪ ਇਥੇ ਇਕ ਭੰਡਾਰਾ (ਭਾਵ, ਲੰਗਰ ਚਲਦਾ ਹੈ) ਜੋ ਲਗਭਗ ਡੇਢ ਸੌ ਵਰ੍ਹੇ (੧੫੦ ਸਾਲ) ਤੋਂ ਚਲਦਾ ਆ ਰਿਹਾ ਹੈ। ਕੋਈ ਵੀ ਕਿਸੇ ਵੇਲੇ ਆ ਜਾਵੇ ਉਸ ਨੂੰ ਭੋਜਨ ਮਿਲੇਗਾ। ਰਾਤ ਦੇ ਚਾਹੇ ਕੋਈ ੧੨ ਵਜੇ ਵੀ ਆਏ ਉਸ ਨੂੰ ਰੋਟੀ ਦਾਲ ਮਿਲੇਗੀ ਹੀ। ੨੪ ਘੰਟੇ ਸੇਵਾਦਾਰ ਇਸ ਸੇਵਾ ਤੇ ਹਾਜ਼ਰ ਰਹਿੰਦਾ ਹੈ। ਇਤਨੇ ਸਮੇਂ ਤੋਂ ਇਹ ਸਦਾ ਬਰਤ ਲੰਗਰ (ਭੰਡਾਰਾ) ਬੰਦ ਨਹੀਂ ਹੋਇਆ। ਇਹ ਇਕ ਬਹੁਤ ਵੱਡੀ ਗੱਲ ਹੈ।

੫ ਅਨੰਦ ਕਾਰਜ—ਸਾਡੇ ਦੇਸ਼ ਵਿਚ ਦਾਜ ਅਤੇ ਖਰਚਲੀਆਂ ਸ਼ਾਦੀਆਂ ਨਾਲ ਲੋਕ ਤਬਾਹ ਹੋ ਰਹੇ ਹਨ ਪਰ ਇਥੇ ਕੇਵਲ ਸਵਾ ਰੁਪਏ ਖ਼ਰਚ ਨਾਲ ਸ਼ਾਦੀਆਂ ਹੁੰਦੀਆਂ ਹਨ। ਇਕੋ ਵਾਰ ਕਈ ਕਈ ਸ਼ਾਦੀਆਂ ਸਤਿਗੁਰੂ ਜੀ ਦੀ ਆਗਿਆ ਅਨੁਸਾਰ ਹਵਨ ਕੁੰਡ ਦੁਵਾਲੇ ਸ੍ਰੀ ਗਰੰਥ ਸਾਹਿਬ ਤੋਂ ਲਾਵਾਂ ਪੜ੍ਹ ਕੇ ਹੁੰਦੀਆਂ ਹਨ। ਕਿਸ ਲੜਕੀ ਦੀ ਸ਼ਾਦੀ ਕਿਸ ਲੜਕੇ ਨਾਲ ਹੋਵੇਗੀ ਇਹ ਸਭ ਸਤਿਗੁਰੂ ਜੀ ਦੇ ਆਦੇਸ਼ ਅਨੁਸਾਰ ਹੀ ਹੁੰਦਾ ਹੈ (ਮਾਪਿਆਂ ਦੀ ਮਰਜ਼ੀ ਅਨੁਕੂਲ ਹੀ। —ਸੰਪਾਦਕ) ਉਹਨਾਂ ਨੂੰ ਸਭ ਦੇ ਸੁਭਾਉ ਯੋਗਤਾ ਗੁਣਾਂ ਦੀ ਜਾਣਕਾਰੀ ਰਹਿੰਦੀ ਹੈ ਅਤੇ ਆਮ ਤੌਰ ਤੇ ਇਹਨਾਂ ਰਾਹੀਂ ਕੀਤੀਆਂ ਸ਼ਾਦੀਆਂ ਸਭ ਸਫਲ ਹੁੰਦੀਆਂ ਹਨ। ਸ਼ਾਦੀ ਹੋਣ ਉਪਰੰਤ ਪ੍ਰਸ਼ਾਦ (ਕੜ੍ਹਾ ਪ੍ਰਸ਼ਾਦਿ) ਵੰਡਿਆ ਜਾਂਦਾ ਹੈ। ਕੋਈ ਭੀ ਕੁਝ ਦਾਨ ਦਹੇਜ ਦਾ ਲੇਣ ਦੇਣ ਨਹੀਂ ਕਰ ਸਕਦਾ।

੬. ਪਵਿੱਤਰਤਾ – ਪ੍ਰਤੀਦਿਨ ਕੇਸ਼ੀ ਅਸ਼ਨਾਨ ਕਰਕੇ ਸਾਫ ਸੁਥਰੇ ਅਤੇ ਸਫੇਦ ਵਸਤਰ ਪਾਉਣ ਦੀ ਹਰ ਇਕ ਸਰੀਰ ਦੇ ਜੀਵਨ ਦੀ ਇਕ ਆਦਤ ਹੀ ਬਣ ਗਈ ਹੋਈ ਹੈ। ਪਾਣੀ ਪੀਣੇ, ਖਾਣ ਦੀ ਚੀਜ਼ਾਂ ਤਿਆਰ ਕਰਨ ਦੀ ਸ਼ੁੱਧ ਤੇ ਸਵਛ ਇਹਨਾਂ ਦੀ ਮਰਿਯਾਦਾ ਹੈ ਜੋ ਵਾਸਤਵ ਵਿਚ ਵਿਗਿਆਨਕ ਆਧਾਰ ਤੇ ਠੀਕ ਹੈ। ਇਹ ਲੋਕ ਨਲਕੇ (ਪਾਈਪ) ਦਾ ਪਾਣੀ ਨਹੀਂ ਪੀਂਦੇ। ਖੂਹ ਜਾਂ ਵਗਦੀ ਨਦੀ ਅਤੇ ਸਵੱਛ ਤਾਲਾਬ ਦਾ ਹੀ ਪਾਣੀ ਪੀਂਦੇ ਹਨ। ਕਿਤੇ ਜਾਂਦੇ ਹਨ ਤਾਂ ਆਪਣੇ ਢੰਗ ਅਨੁਸਾਰ ਮਰਿਯਾਦਾ ਵਾਲਾ ਹੀ ਖਾਣਾ ਪੀਣਾ ਰਖਦੇ ਹਨ। ਜਿਸਦਾ ਇਕ ਵਿਗਿਆਨਕ ਆਧਾਰ ਹੈ। ਹਰ ਇਕ ਮਰਿਯਾਦਾ ਵਿਚ ਰਹਿਣ ਵਾਲਾ ਸਰੀਰ ਪਾਣੀ ਲੈ ਕੇ ਹੀ ਪਿਸ਼ਾਬ ਤਕ ਕਰਨ ਜਾਂਦੇ ਹਨ।

੭ ਗਊ ਸੇਵਾ—ਜਿਸ ਤਰ੍ਹਾਂ ਕਿ ਸਾਡੇ ਹਿੰਦੂ ਧਰਮ ਵਿਚ ਗਊ ਨੂੰ ਮਾਤਾ ਦੀ ਸੰਗਿਆ ਦਿੱਤੀ ਹੈ ਇਥੇ ਗਊਆਂ ਦੀ ਵਾਸਤਵ ਵਿਚ ਮਾਤਾ ਵਾਂਗੂ ਸੇਵਾ ਹੁੰਦੀ ਹੈ। ਸਾਰੀ ਗਊਆਂ ਦਰਸ਼ਨੀ ਹਨ। ਕੋਈ ਵੀ ਗਊ ੧੫ ੧੬ ਕਿਲੋ ਤੋਂ ਦੁਧ ਘੱਟ ਨਹੀਂ ਦਿੰਦੀ ਕਈ ਕਈ ਗਊਆਂ ੩੦ ਕਿਲੋ ਤੀਕ ਭੀ ਦੁੱਧ ਦਿੰਦੀਆਂ ਹਨ। ਪੂਰੀ ਭਾਰਤੀ ਪਧਤੀ ਨਾਲ ਇਹਨਾਂ



Namdhari Elibrary NamdhariElibrary@gmail.com

ਦੀ ਸੇਵਾ ਹੁੰਦੀ ਹੈ। ਸਾਹਨਾਂ ਤੋਂ ਹੀ ਗਰਭਦਾਨ ਕਰਵਾਉਂਦੇ ਹਨ, ਹੋਰ ਟੀਕੇ ਆਦਿ ਪ੍ਰਯੋਗ ਨਹੀਂ ਕਰਾਂਦੇ। ਇਥੋਂ ਤੀਕ ਕਿ ਆਪਣੇ ਖੇਤੀਬਾੜੀ ਵਿਚ ਅਤੇ ਪਸ਼ੂਆਂ ਵਾਸਤੇ ਚਾਰਾ ਬੀਜਣ ਵੇਲੇ ਭੀ ਕਦੀ ਭੀ ਬਾਹਰੀ ਖਾਦਾਂ ਨਹੀਂ ਪਾਉਂਦੇ ਸਗੋਂ ਅਪਣੇ ਹੀ ਪਸ਼ੂਆਂ ਦੇ ਗੋਹੇ ਕੂੜੇ ਨਾਲ ਬਣੀ ਖਾਦ ਪਾਉਂਦੇ ਹਨ। ਇਥੋਂ ਦੀਆਂ ਗਊਆਂ ਦੀ ਸੇਹਤ ਅਤੇ ਇਹਨਾਂ ਦਾ ਦੁੱਧ ਉੱਤਮ ਕੋਟੀ ਦਾ ਹੈ। ਭਾਰਤ ਸਰਕਾਰ ਤੋਂ ਕਈ ਵਾਰ ਪ੍ਰਥਮ-ਦੂਜਾ ਇਨਾਮ ਇਥੋਂ ਦੀਆਂ ਗਊਆਂ ਤੇ ਸਾਹਨ ਲੈ ਚੁਕੇ ਹਨ। ਭਾਰਤ ਸਰਕਾਰ ਵਲੋਂ ਇਥੋਂ ਦੀ ਗਊ ਨੂੰ ਗੋਪਾਲ ਰਤਨ ਪੁਰਸਕਾਰ ਪ੍ਰਾਪਤ ਹੋਇਆ। (ਗਊ ਨੂੰ ਨਹੀਂ ਸਤਿਗੁਰੂ ਜੀ ਨੂੰ—ਸੰਪਾਦਕ)

੮. ਇਕ ਪ੍ਰਵਾਰ ਭਾਵਨਾ—ਸ੍ਰੀ ਭੈਣੀ ਸਾਹਿਬ ਵਿਚ ਜਿਤਨੇ ਨਾਮਧਾਰੀ ਸਿੱਖ ਰਹਿੰਦੇ ਹਨ ਜੋ ਕਿ ਇਸ ਵੇਲੇ ਭੀ ਲਗਭਗ ਹਜ਼ਾਰਾਂ ਲੋਕ ਰਹਿੰਦੇ ਹੁੰਦੇ ਵੀ ਇਕ ਪ੍ਰਵਾਰ ਵਾਂਗ ਹੀ ਰਹਿੰਦੇ ਹਨ। ਸਭ ਦਾ ਖਾਣਾ ਪੀਣਾ ਪਹਿਨਣਾ ਇਕੋ ਜਿਹਾ ਹੈ। ਸਭ ਨੂੰ ਵਧੀਆ ਭੋਜਨ ਵਧੀਆ ਵਸਤੂ ਘਿਉ, ਦੁਧ ਦਹੀਂ ਸਭ ਚੀਜ਼ਾਂ ਇਕੋ ਜਿਹੀਆਂ ਪ੍ਰਾਪਤ ਹੁੰਦੀਆਂ ਹਨ। ਜਿਨਾਂ ਨੂੰ ਜਿੰਨੀ ਲੋੜ ਹੋਵੇ ਉਹਨਾਂ ਨੂੰ ਉਤਨੀ ਮਿਲਦੀ ਹੈ।

੯. ਸੇਵਾ ਭਾਵਨਾ—ਇਥੇ ਕੋਈ ਵੇਤਨ (ਤਨਖਾਹ) ਤੇ ਕੰਮ ਨਹੀਂ ਕਰਦਾ ਸਾਰੇ ਪ੍ਰਵਾਰ ਭਾਵਨਾ ਨਾਲ ਰਹਿੰਦੇ ਕੰਮ ਕਰਕੇ ਖਾਂਦੇ ਪੀਂਦੇ ਹਨ ਅਤੇ ਆਪਣੀਆਂ ਲੋੜਾਂ ਭੀ ਪੂਰੀਆਂ ਕਰਦੇ ਹਨ।

੧੦ ਇਥੇ ਕੋਈ ਭੀ ਵਿਅਕਤੀ ਚਾਹ, ਸ਼ਰਾਬ, ਮਾਸ, ਮਛਲੀ ਨੂੰ ਹਥ ਲਗਾਣਾ ਤੇ ਕਿਤੇ ਚਰਚਾ, ਖਿਆਲ ਤਕ ਨਹੀਂ ਕਰਦਾ—

ਅਸੀਂ ਪ੍ਰਾਕ੍ਰਿਤਕ ਚਿਕਿਤਸਾ ਵਿਚ ਸੰਜਮ ਪ੍ਰਹੇਜ਼ ਬਾਰੇ ਕਹਿੰਦੇ ਹਾਂ ਪਰ ਮੇਰੇ ਵੇਖਣ ਵਿਚ ਆਇਆ ਹੈ ਇਹ ਸਭ ਆਪਣੇ ਢੰਗ ਨਾਲ ਬਹੁਤ ਹੀ ਸੰਜਮ ਕਰਦੇ ਹਨ। ਇਹਨਾਂ ਵਿਚ ਥੋੜ੍ਹਾ ਕੁਦਰਤੀ ਅਹਾਰ ਤੇ ਰਹਿਣ ਸਹਿਣ ਦਾ ਕੁਝ ਪ੍ਰਾਕ੍ਰਿਤਕ ਤਰੀਕੇ ਦੀ ਜਾਣਕਾਰੀ ਹੋ ਜਾਵੇ ਤਾਂ ਸੋਨੇ ਤੇ ਸੁਹਾਗੇ ਵਾਲੀ ਗੱਲ ਹੋਵੇ।

ਅਜ ਜਦੋਂ ਸਭ ਪਾਸੇ ਭੋਗ ਵਿਲਾਸ ਅਤੇ ਸ਼ਿੰਗਾਰਪੂਰਨ ਭਾਵ. ਐਸ਼ ਪ੍ਰਸਤੀ ਜੀਵਨ ਚਲ ਰਿਹਾ ਹੈ, ਇਥੇ ਇਸ ਦੇ ਉਲਟ ਵਾਤਾਵਰਨ ਵੇਖਣ 'ਚ ਮਿਲਿਆ। ਇਥੋਂ ਦੀਆਂ ਮਾਤਾਵਾਂ ਭੈਣਾਂ, ਬੇਟੀਆਂ ਸਭ ਆਦਰਸ਼ ਨਾਰੀ ਦੇ ਜੀਵਨ ਵਿਚ ਰਹਿੰਦੀਆਂ ਹਨ। ਸਭ ਸਿਰ ਤੇ ਕਪੜਾ ਰਖਦੀਆਂ ਹਨ। ਅਜ ਕਲ੍ਹ ਦੇ ਅਧੁਨਿਕ ਸਭਿਅਤਾ ਜਾਂ ਪੱਛਮੀ ਸਭਿਅਤਾ ਦੇ ਪ੍ਰਭਾਵ ਹੇਠ ਨਾਰੀਆਂ ਵਾਂਗ ਅਧ ਨੰਗਿਆਂ ਵਸਤਰਾਂ ਵਾਲੀ ਕੋਈ ਨਾਰੀ ਵੇਖਣ ਨੂੰ ਨਹੀਂ ਆਈ।

ਇਸ ਤਰ੍ਹਾਂ ਦੇ ਸੰਤ ਮਹਾਂਪੁਰਸ਼ਾਂ ਦੀ ਤਪੋ ਭੂਮੀ ਦੀ ਪਵਿੱਤਰ ਵਾਯੂ ਸਭ ਵਾਸਤੇ ਪ੍ਰੇਰਨਾ ਦਾ ਕੇਂਦਰ ਹੈ। ਇਥੇ ਪਹੁੰਚ ਕੇ ਹਰ ਪ੍ਰਾਣੀ ਆਪਣੇ ਅੰਦਰ ਇਕ ਤਬਦੀਲੀ ਅਨੁਭਵ ਕਰਦਾ ਹੈ ਅਤੇ ਇਹ ਤਬਦੀਲੀ ਹੁੰਦੀ ਹੈ ਆਤਮ ਬਲ ਦੇਣ ਵਾਲੀ, ਦੇਸ਼ ਭਗਤੀ, ਪ੍ਰਭੂ ਭਗਤੀ ਦੇ ਰਾਹ ਤੇ ਲਿਜਾਣ ਵਾਲੀ।

(ਧੰਨਵਾਦ ਸਹਿਤ ਆਨੰਦ ਨਿਕੇਤਨ (ਹਿੰਦੀ) ਵਿਚੋਂ)

ਅਨੁਵਾਦਕ ਸਤਿਨਾਮ ਸਿੰਘ

## ਦੋ ਰੁਬਾਈਆਂ

ਸੂਰਜ ਦਾ ਚਾਨਣ ਨਹੀਂ ਚਾਨਣ, ਇਸਦੇ ਵਿਚ ਅਨ੍ਹੇਰਾ ਹੈ।
ਵਿਦਿਆ ਦਾ ਚਾਨਣ ਵੀ ਜਿਨਾ ਮਾਣ—ਅਨ੍ਹੇਰਾ ਵਧੇਰਾ ਹੈ।
ਚਾਨਣ ਮਿਹਰ ਤੇਰੀ ਦਾ ਪ੍ਰੀਤਮ ਜਿਸ ਪ੍ਰਾਣੀ ਤੇ ਪੈਂਦਾ ਹੈ,
ਕੁਲ ਅਨ੍ਹੇਰਾਂ ਵਿਚ ਰਹਿੰਦਿਆ ਉਸ ਦੇ ਲਈ ਸਵੇਰਾ ਹੈ।

*

ਬੰਸੀ ਦੀ ਧੁਨ ਵਾਂਗਰਾਂ ਸੁਹਣਿਆਂ ਤੇਰੇ ਬੋਲ।
ਰਸ ਬਖੇਰਦੇ ਭਰੀ ਜਾਣ, ਮੇਰੇ ਕੰਨਾਂ ਕੋਲ।
ਧੁਰ ਹਿਰਦੇ ਵਿਚ ਪਹੁੰਚਦੇ ਬਣ ਮਦ ਭਿੰਨਾ ਰਾਗ;
ਯਾਦ ਕਰਦਿਆਂ ਕੂਕ ਪਾਂ, ਮਿਲਸੇਂ ਕਦੋਂ ਅਡੋਲ।

ਰਹਿਆਮ



Namdhari Elibrary NamdhariElibrary@gmail com

# ਨਿੱਕੀਆਂ ਗੱਲਾਂ ਵਡੇ ਮਹੱਤਵ

ਕਰਤਾਰ ਸਿੰਘ ਪੰਛੀ ਐਮ. ਏ.

ਛੋਟੀਆਂ ਛੋਟੀਆਂ ਸੁਤੇ ਸਿਧ ਕਹੀਆਂ ਗੱਲਾਂ ਤੋਂ ਕਿਵੇਂ ਰਾਹਨੁਮਾਈ ਪ੍ਰਾਪਤ ਕਰੀਦੀ ਹੈ ਪੰਛੀ ਜੀ ਨੇ ਨਿਜੀ ਅਨੁਭਵਾਂ ਦੇ ਆਧਾਰ ਤੇ ਅੰਕਿਤ ਕੀਤਾ ਹੈ।

—ਸੰਪਾਦਕ

**ਸਰੀਰਾਂ ਦੇ ਮੋਹ......**

ਇਹ ਗਲ ਉਸ ਸਮੇਂ ਦੀ ਹੈ ਜਦੋਂ ਸਤਿਗੁਰੂ ਪ੍ਰਤਾਪ ਸਿੰਘ ਜੀ ਜੋਤੀ ਜੋਤ ਸਮਾ ਗਏ ਸਨ ਤੇ ਸਤਿਗੁਰੂ ਜਗਜੀਤ ਸਿੰਘ ਜੀ ਹੁਰਾਂ ਗੁਰ ਗੱਦੀ ਸੰਭਾਲ ਲਈ ਸੀ। ਸਤਿਗੁਰੂ ਜੀ ਨਾਮਧਾਰੀ ਸ਼ਹੀਦਾਂ ਦੇ ਮੇਲੇ ਤੇ ਪਹਿਲੀ ਵਾਰ ਹੀ ਰਾਏਕੋਟ ਆਏ ਸਨ। ਮੈਂ ਵੀ ਰਾਏ ਕੋਟ ਗਿਆ ਹੋਇਆ ਸੀ। ਮੇਰੇ ਮਾਮਾ ਜੀ ਗਿ: ਗੁਰਦੇਵ ਸਿੰਘ ਰਾਏਕੋਟ ਨਿਵਾਸੀ ਹਨ। ਮੈਨੂੰ ਉਹ ਆਪਣੇ ਨਾਲ ਲੈ ਗਏ। ਅਸੀਂ ਉਸ ਚੁਬਾਰੇ ਵਿਚ ਚਲੇ ਗਏ ਜਿਥੇ ਸਤਿਗੁਰੂ ਜੀ ਦਾ ਡੇਰਾ ਸੀ। ਸਤਿਗੁਰੂ ਜੀ ਮੰਜੇ ਤੇ ਬੈਠੇ ਸਨ। ਹੋਰ ਸਰੀਰ ਇੱਕ ਦੋ ਕੁ ਹੀ ਕੋਲ ਸਨ। ਮੈਂ ਨਮਸਕਾਰ ਕੀਤੀ। ਮੇਰੀ ਜਾਣ ਪਛਾਣ ਮੇਰੇ ਮਾਮਾ ਜੀ ਹਜ਼ੂਰ ਨਾਲ ਕਰਵਾਈ। ਹਾਲੀ ਕੋਈ ਬਚਨ ਬਲਾਸ ਨਹੀਂ ਸੀ ਕੀਤਾ। ਮੈਂ ਸਤਿਗੁਰੂ ਜੀ ਦੇ ਪਹਿਲੀ ਵਾਰ ਹੀ ਦਰਸ਼ਨ ਕੀਤੇ ਸਨ। ਬਾਹਰੀ ਰੂਪ ਬਹੁਤ ਹੀ ਸਾਦਾ, ਸੂਖਮ, ਗੰਭੀਰ ਅਤੇ ਸ਼ਾਂਤ ਜਾਪਿਆ। ਵਿਸ਼ੇਸ਼ ਕਰਕੇ ਨੈਣਾਂ ਦੀ ਗੰਭੀਰਤਾ ਅਜੀਬ ਸੀ। ਮੈਨੂੰ ਇਉਂ ਜਾਪਿਆ ਜਿਵੇਂ ਆਪ ਕਿਸੇ ਵਿਸ਼ੇਸ਼ ਵਿਚਾਰ ਵਿਚ ਖਿਆਲ ਮੁਗਧ ਹਨ। ਗਲ ਪਤਾ ਨਹੀਂ ਕਿਵੇਂ ਟੁਰੀ। ਜ਼ਿਕਰ ਸਤਿਗੁਰੂ ਪ੍ਰਤਾਪ ਸਿੰਘ ਹੁਰਾਂ ਦਾ ਹੋਇਆ। ਸਤਿਗੁਰੂ ਜੀ ਸਹਿਜ ਸੁਭਾ ਹੀ ਆਖ ਦਿੱਤਾ ਕਿ ਭਾਵੇਂ ਬੰਦਾ ਕਿੰਨਾਂ ਵੀ ਵਿਚਾਰਵਾਨ ਕਿਉਂ ਨਾ ਹੋਵੇ ਪਰ ਸਰੀਰਾਂ ਦੇ ਮੋਹ ਵੀ ਇਕ ਬਹੁਤ ਵਡੀ ਚੀਜ਼ ਹੈ। ਇਸੇ ਦੇ ਨਾਲ ਹੀ ਨੇਤਰੀਂ ਜਲ ਭਰ ਆਇਆ। ਪਰ ਹੰਝੂ ਪਲਕਾਂ ਤੋਂ ਡੁਲ੍ਹੇ ਨਹੀਂ। ਭਵਾਂ ਤੇ ਕਾਬੂ ਪਾ ਕੇ ਆਖਣ ਲਗੇ ਕਿ ਜਦੋਂ ਵਡੇ ਸਤਿਗੁਰੂ ਜੀ ਚੜ੍ਹਾਈ ਕੀਤੀ ਤਾਂ ਅਸਾਡਾ ਰੋਣਾ ਹੀ ਬੰਦ ਨਾ ਹੋਵੇ। ਸਰੀਰਾਂ ਦੇ ਮੋਹ ਵਾਲੀ ਇਕ ਐਡੀ ਵਡੀ ਫਿਲਾਸਫੀ ਹੈ ਜਿਸ ਦੇ ਉਦਾਲੇ ਸਾਰੇ ਦਿਸਦੇ ਸੰਸਾਰ ਦੀ ਚਕਰੀ ਘੁੰਮਦੀ ਹੈ। ਇਹ ਸੀ ਮੇਰੀ ਹਜ਼ੂਰ ਨਾਲ ਪਹਿਲੀ ਮਿਲਣੀ ਤੇ ਇਹ ਇਕੋ ਸਹਿਜ ਸੁਭਾ ਆਖੀ ਗਲ ਮੈਂ ਕਦੀ ਵੀ ਨਹੀਂ ਭੁਲਿਆ।

**'ਜਪੁਜੀ ਸਾਹਿਬ ਦਾ ਪਾਠ ਕਰਿਆ ਕਰੋ।''**

ਜਨਰਲ ਚੋਣਾਂ ਵਿਧਾਨ ਸਭਾਵਾਂ ਦੀਆਂ ਹੋ ਰਹੀਆਂ ਸਨ। ਸ: ਗੁਰਦੇਵ ਸਿੰਘ ਮਾਨ ਅਕਾਲੀ ਟਿਕਟ ਤੇ ਮਲੇਰਕੋਟਲਾ ਹਲਕੇ ਤੋਂ ਚੋਣ ਮੈਦਾਨ ਵਿਚ ਸਨ। ਮਲੇਰ-ਕੋਟਲਾ ਸ਼ਹੀਦਾਂ ਦਾ ਮੇਲਾ ਸੀ। ਸਤਿਗੁਰੂ ਜੀ ਆਪ ਇਸ ਮੇਲੇ ਤੇ ਆਏ ਹੋਏ ਸਨ। ਸਵੇਰ ਦੇ ਦੀਵਾਨ ਤੋਂ ਬਾਦ ਇਹ ਪ੍ਰੋਗਰਾਮ ਬਣਿਆਂ ਕਿ ਮਾਨ ਸਾਹਿਬ ਦੇ ਘਰ ਚਰਨ ਪਾਉਣ ਜਾਣਾ ਸੀ। ਕੁਝ ਹੋਰ ਸਰੀਰਾਂ ਤੋਂ ਇਲਾਵਾ ਪੰਡਤ ਗੋਪਾਲ ਸਿੰਘ ਜੀ ਨਾਲ ਹੀ ਸਨ। ਪਹਿਲਾਂ ਮੇਰੇ ਘਰ ਚਰਨ ਪਾਏ। ਮੈਂ ਆਪਣੇ ਘਰ ਨੂੰ ਤਾਂ ਐਵੇਂ ਘਰ ਆਖ ਬੈਠਾ ਹਾਂ। ਉਦੋਂ ਇਕ ਕਮਰਾ ਸੀ ਜੋ ਤਾਕੀਆਂ ਤੋਂ ਵੀ ਸਖਣਾ ਸੀ. ਪਰ ਕੁਰਬਾਨ ਜਾਈਏ ਗਰੀਬ ਨਿਵਾਜ ਜੀ ਦੇ ਜਿਨ੍ਹਾਂ ਮੇਰੇ ਵਰਗੇ ਮਲੰਗ ਬੰਦੇ ਦੇ ਘਰ ਆਉਣਾ ਮੰਨ ਲਿਆ। ਇਹ ਕੁਝ ਮਿੰਟਾਂ ਲਈ ਮੇਰੀ ਝੁੱਗੀ ਵਿਚ ਆਉਣਾ ਸੀ। ਭੇਟਾ ਤਾਂ ਮੈਂ ਜੋ ਗਰੀਬ ਗਰੀਬੀ ਕਰਨੀ ਸੀ ਕੀਤੀ ਪਰ ਨਾਲ ਹੀ ਇਕ ਕਵਿਤਾ ਮੇਰੇ ਵਿਚਾਰਾਂ ਵਿਚ ਘੁੰਮਦੀ ਰਹੀ। "ਝੁੱਗੀ ਵਿਚ ਆਏ ਸਤਿਗੁਰ ਦਾ ਮੈਂ ਦਿਲੋਂ ਸੁਆਗਤ ਕਰਦਾ ਹਾਂ।" ਇਹ ਕਵਿਤਾ 'ਸਤਿਜੁਗ' ਵਿਚ ਪ੍ਰਕਾਸ਼ਤ ਵੀ ਹੋਈ ਸੀ। ਇਸ ਤੋਂ ਬਾਦ 'ਮਾਨ' ਜੀ ਦੇ ਘਰ ਗਏ। ਸਤਿ-



Namdhari Elibrary NamdhariElibrary@gmail.com

ਗੁਰੂ ਜੀ ਵਾਸਤੇ ਜੋ ਪਲੰਘ ਵਛਾਇਆ ਗਿਆ ਉਸ ਤੇ ਨਾ ਬੈਠੇ। ਕਪੜਾ ਆਪ ਚੁੱਕ ਵੇਖਿਆ। ਨੀਲੇ ਰੰਗ ਦਾ ਸੂਤ ਵਰਤਿਆ ਹੋਇਆ ਸੀ। ਸਤਿਗੁਰੂ ਜੀ ਚੁਬਾਰੇ ਵਿਚ ਫਰਸ਼ ਤੇ ਹੇਠਾਂ ਆਸਣ ਵਛਾ ਕੇ ਬੈਠੇ। ਨੀਲੇ ਰੰਗ ਬਾਰੇ ਉਨ੍ਹਾਂ ਅਨੈਲੇਸਿਜ਼ ਦੀਆਂ ਗਲਾਂ ਕੀਤੀਆਂ। ਮੈਨੂੰ ਪਹਿਲੀ ਵਾਰ ਪਤਾ ਲਗਾ ਕਿ ਸਤਿਗੁਰੂ ਜੀ ਨੀਲੇ ਰੰਗ ਤੋਂ ਕਿਉਂ ਪਰਹੇਜ਼ ਕਰਦੇ ਹਨ। ਹਜ਼ੂਰ ਗਲ ਦੀ ਤਹਿ ਤੱਕ ਕਿਥੋਂ ਤੱਕ ਜਾਂਦੇ ਹਨ। ਮੈਂ ਇਸ ਵਿਸਥਾਰ ਵਿਚ ਬਹੁਤਾ ਨਹੀ ਜਾਣਾ ਚਾਹੁੰਦਾ। ਮਾਨ ਸਾਹਿਬ ਬੜੇ ਅਦਬੀ ਬੰਦੇ ਹਨ। ਉਨ੍ਹਾਂ ਬੜੇ ਪਿਆਰ ਸਤਿਕਾਰ ਨਾਲ ਸਤਿਗੁਰੂ ਜੀ ਦਾ ਮਾਨ ਆਦਰ ਕੀਤਾ। ਜਦੋਂ ਉਹਨਾਂ ਦੇ ਘਰੋਂ ਤੁਰੇ ਆ ਰਹੇ ਸਾਂ ਤਾਂ ਮਾਨ ਹੁਰਾਂ ਬਹੁਤ ਸਤਿਕਾਰ ਨਾਲ ਆਖਿਆ ਕਿ ਮੈਂ ਚੋਣ ਲੜ ਰਿਹਾ ਹਾਂ। ਮੇਰੇ ਸਿਰ ਤੇ ਹੱਥ ਰਖੋ ਅਸੀਰਵਾਦ ਦਿਓ। ਇਹ ਗਲ ਕਈ ਵਾਰ ਦੁਹਰਾਈ ਪਰ ਸਤਿਗੁਰੂ ਜੀ ਇਹੋ ਬਚਨ ਕੀਤਾ "ਮਾਨ ਜੀ ਅੰਮ੍ਰਿਤ ਵੇਲੇ ਇਸ਼ਨਾਨ ਕਰ ਕੇ ਜਪੁਜੀ ਸਾਹਿਬ ਦਾ ਪਾਠ ਜ਼ਰੂਰ ਕਰਿਆ ਕਰੋ।" ਮੈਂ ਸੋਚ ਰਿਹਾ ਸੀ ਕਿਥੇ ਚੋਣ ਦੀ ਗਲ ਤੇ ਕਿਥੇ ਜਪੁਜੀ ਸਾਹਿਬ ਦੇ ਪਾਠ ਦੀ ਗਲ। ਸਤਿਗੁਰੂ ਜੀ ਦੇ ਬਚਨ ਤੋਂ ਉਸ ਪਤਾ ਨਹੀਂ ਕੀ ਹਿਸਾਬ ਲਾਇਆ ਹੋਵੇ ਪਰ ਮੈਂ ਤਾਂ ਇਹੋ ਸਮਝਿਆ ਕਿ ਸਤਿਗੁਰੂ ਜੀ ਆਖ ਰਹੇ ਸਨ "ਕੀ ਲੈਣਾ ਚੋਣਾਂ ਦੇ ਝਗੜੇ ਤੋਂ ਰੱਬ ਰੱਬ ਕਰਿਆ ਕਰ।" ਫਕੀਰਾਂ ਦੀ ਗਲ ਪਤੇ ਦੀ ਗਲ। ਮਾਨ ਸਾਹਿਬ ਚੋਣ ਹਾਰ ਗਏ ਸਨ।

### 'ਬਾਪ ਕੁਬਾਪ ਨਹੀਂ ਹੁੰਦੇ, ਪੁਤ ਕਪੁੱਤ ਭਾਵੇਂ ਹੋ ਜਾਣ।"

ਇਸ ਗਲ ਦਾ ਮੇਰੇ ਤੇ ਐਨਾ ਅਸਰ ਹੈ ਕਿ ਮੈਂ ਇਸ ਨੂੰ ਕਦੇ ਵੀ ਨਹੀਂ ਭੁਲਿਆ। ਆਮ ਜੀਵਨ ਵਿਚ ਜਦੋਂ ਵੀ ਕੋਈ ਗਲਤੀ ਕਰਨ ਦੀ ਸੰਭਾਵਨਾਂ ਹੁੰਦੀ ਹੈ ਤਾਂ ਮੇਰੀ ਸੋਚ ਵਿਚ ਫੌਰਨ ਇਹ ਗਲ ਆ ਜਾਂਦੀ ਹੈ ਕਿ ਕੁਪੁਤ ਨਾ ਹੋ ਜਾਵਾਂ। ਸਤਿਗੁਰੂ ਜੀ ਦਾ ਇਹ ਬਚਨ ਮੈਨੂੰ ਕੰਨੋ ਫੜ ਲੈਂਦਾ ਹੈ। ਇਹ ਹੋਇਆ ਕਿਵੇਂ—ਮੈਂ ਭੁਲਦਾ ਨਾ ਹੋਵਾਂ ਤਾਂ ਇਹ ਗਲ 15—16 ਵਰਿਆਂ ਤੋਂ ਘੱਟ ਦੀ ਨਹੀਂ। ਸਤਿਗੁਰੂ ਜੀ ਜੀਪ ਦੀ ਅਗਲੀ ਸੀਟ ਤੇ ਬੈਠੇ ਸਨ। ਮੈਂ ਪਿਛੇ, ਹੋਰ ਵੀ ਕਈ ਸਰੀਰ ਸਨ। ਗਲ ਇਹ ਵੀ ਮਲੇਰਕੋਟਲੇ ਮੇਲੇ ਸਮੇਂ ਦੀ ਹੀ ਹੈ। ਐਵੇਂ ਖੁਲ੍ਹੀਆਂ ਗੱਲਾਂ ਹੋ ਰਹੀਆਂ ਸਨ, ਮੈਤੋਂ ਸਹਿਜ ਸੁਭਾ ਹੀ ਆਖਿਆ ਗਿਆ ਕਿ ਸੱਚੇ ਪਾਤਸ਼ਾਹ ਮੈਂ ਤਾਂ ਤੁਹਾਡਾ ਕੁਲੱਛਣਾ ਜਿਹਾ ਬੱਚਾ ਹਾਂ।" ਸਤਿਗੁਰੂ ਜੀ ਬਿਨਾਂ ਕਿਸੇ ਸੰਕੋਚ ਕੀਤਿਆਂ ਫੁਰਮਾਇਆ—"ਬਾਪ ਕੁਬਾਪ ਨਹੀਂ ਹੁੰਦੇ, ਪੁੱਤ ਕੁਪੱਤ ਭਾਵੇਂ ਹੋ ਜਾਣ।" ਮੈਂ ਇਹ ਵਾਕ ਸੁਣ ਕੇ ਕੋਈ ਉੱਤਰ ਨਾ ਦੇ ਸਕਿਆ। ਇਸ ਗੱਲ ਦਾ ਮੇਰੇ ਤੇ ਕੀ ਅਸਰ ਹੋਇਆ ਹੈ? ਇਹ ਮੇਰਾ ਅਨੁਭਵ ਹੀ ਜਾਣਦਾ ਹੈ। ਇਸ ਦੀ ਵਿਆਖਿਆ ਕਰਨੀ ਸ਼ਬਦਾਂ ਤੋਂ ਬਾਹਰ ਹੈ। ਹਾਂ ਇੰਨਾ ਜ਼ਰੂਰ ਆਖ ਸਕਦਾ ਹਾਂ ਕਿ ਮੈਨੂੰ ਇਸ ਅਮੋਲਕ ਬਚਨ ਨੇ ਕੁਪੁੱਤ ਹੋਣ ਤੋਂ ਬਚਾ ਲਿਆ ਹੈ।

### "ਇਤਿਹਾਸ ਆਪਣਾ ਹੋਵੇ ਤੇ ਪੜ੍ਹਣ ਲਿਖਣ ਬਦੇਸ਼ੀ।"

1964 ਵਿਚ ਮੈਂ ਬੀ. ਏ. ਦੀ ਪ੍ਰੀਖਿਆ ਦਿੱਤੀ। ਸੈਂਟਰ ਗੌ: ਕਾਲਜ ਲੁਧਿਆਣਾ ਸੀ। ਮੈਂ ਉੱਚੇ ਪੁੱਲ ਤੋਂ ਉੱਤਰ ਕੇ ਸਾਈਕਲ ਤੇ ਰੇੜ੍ਹਦੇ ਪਿਆ ਆ ਰਿਹਾ ਸੀ। ਫੀਲਡ ਗੰਜ ਨਾਮਧਾਰੀ ਧਰਮਸ਼ਾਲਾ ਸਾਹਮਣੇ ਸਤਿਗੁਰੂ ਜੀ ਖਲੋਤੇ ਸਨ। ਹੋਰ ਕੋਲ ਕੋਈ ਨਹੀਂ ਸੀ। ਮੇਰੀ ਅਚਾਨਕ ਨਜ਼ਰ ਸਤਿਗੁਰਾਂ ਤੇ ਜਾ ਪਈ। ਮੈਂ ਕੋਲ ਜਾ ਕੇ ਨਮਸਕਾਰ ਕੀਤੀ। ਆਖਣ ਲਗੇ—"ਕਿਥੋਂ ਆਇਆ?" ਮੈਂ ਆਖਿਆ—"ਇਮਤਿਹਾਨ ਦੇ ਕੇ ਆਇਆ ਜੀ", "ਕਾਹਦਾ ਇਮਤਿਹਾਨ?" ਹਜ਼ੂਰ ਨੇ ਆਖਿਆ। "ਬੀ ਏ. ਦਾ।" ਮੈਂ ਡਰਦੇ ਜਿਹੇ ਆਖ ਦਿੱਤਾ। ਫਿਰ ਬਚਨ ਕੀਤਾ—"ਕਿਹੜੇ ਮਜ਼ਮੂਨ ਲਏ ਹਨ?" ਮੈਂ ਵਿਸ਼ਿਆਂ ਦਾ ਜ਼ਿਕਰ ਕੀਤਾ ਤੇ ਜਦੋਂ 'ਇਤਿਹਾਸ' ਆਖਿਆ ਤਾਂ ਸਤਿਗੁਰੂ ਜੀ ਹੁਰਾਂ ਇਕ ਦਮ ਫੁਰਮਾਇਆ—"ਇਤਿਹਾਸ ਆਪਣਾ ਹੋਵੇ, ਪੜ੍ਹਣ ਲਿਖਣ ਵਦੇਸ਼ੀ। ਬੜੀ ਸ਼ਰਮ ਦੀ ਗਲ ਹੈ।" ਮੈਨੂੰ ਨਹੀਂ ਪਤਾ ਉਨ੍ਹਾਂ ਇਹ ਪਵਿੱਤਰ ਸ਼ਬਦ ਕਿਸ ਰੌਂ ਵਿਚ ਆਖ ਦਿੱਤੇ। ਮੈਂ ਆਗਿਆ ਲੈ ਕੇ ਤੁਰ ਪਿਆ। ਇਹ ਵਾਕ ਮੇਰੇ ਅੰਤਰ ਹਿਰਦੇ ਤਕ ਲਹਿ ਗਿਆ। ਮੈਂ ਇਨ੍ਹਾਂ ਸ਼ਬਦਾਂ ਦੀ ਤਹਿ ਤੱਕ ਪੁੱਜਣ ਦਾ ਯਤਨ ਕੀਤਾ। ਮੈਨੂੰ ਅੰਦਰੋਂ ਸਦਾ ਇਹ ਆਵਾਜ਼ ਆਈ ਕਿ ਇਤਿਹਾਸ ਦੀ ਸਟਡੀ ਕਰਨੀ ਚਾਹੀਦੀ ਹੈ। ਮੇਰੇ ਮਨ ਵਿਚ ਸਦਾ ਇਹੋ ਕੁੱਤਰ ਕੁੱਤਰ ਲੱਗੀ ਰਹਿੰਦੀ ਸੀ। ਮੈਨੂੰ ਪੰਜਾਬੀ ਸਾਹਿਤ ਨਾਲ ਬਹੁਤ ਪ੍ਰੇਮ ਹੈ ਪਰ ਇਤਿਹਾਸ ਨਾਲ ਇੰਨਾਂ ਨਹੀਂ ਸੀ। ਮੈਂ ਬੀ. ਏ. ਤੋਂ ਬਾਦ ਪੰਜਾਬੀ ਦੀ ਐਮ. ਏ. ਕਰਨਾ ਚਾਹੁੰਦਾ ਸੀ। ਮੇਰੇ ਮਿਤਰ ਵੀ ਮੈਨੂੰ ਇਹੋ ਆਖਦੇ ਸਨ। ਪਰ ਮੇਰੇ ਮਨ ਵਿਚ ਧਾਰਨਾ ਇਤਿਹਾਸ ਦੀ ਇਹੋ ਜਿਹੀ ਬਣੀ ਕਿ ਮੈਂ ਇਤਿਹਾਸ ਵੱਲ ਮੂੰਹ ਕੀਤਾ। ਸਤਿਗੁਰੂ



Namdhari Elibrary NamdhariElibrary@gmail.com

ਜੀ ਦੀ ਕ੍ਰਿਪਾ ਨਾਲ ਇਤਿਹਾਸ ਦੀ ਐਮ. ਏ. ਕੀਤੀ। ਪਾਸ ਵੀ ਸੈਕਿੰਡ ਡਵੀਜ਼ਨ ਵਿਚ ਹੋ ਗਈ। ਮੈਂ ਮਲੇਰ ਕੋਟਲੇ ਇਕ ਮੇਲੇ ਸਮੇਂ ਉਨ੍ਹਾਂ ਦੀ ਕ੍ਰਿਪਾ ਦਾ ਜ਼ਿਕਰ ਕਰਨ ਲਗਾ ਤਾਂ ਮੈਨੂੰ ਗਲ ਮੂੰਹੋਂ ਕੱਢਣ ਨਹੀਂ ਦਿੱਤੀ ਤੇ ਆਖ ਦਿੱਤਾ "ਤੇਰੀ ਆਪਣੀ ਮੇਹਨਤ ਹੈ।"

**"ਮੰਗੇ ਬਿਨਾਂ ਕੋਈ ਚੀਜ਼ ਨਹੀਂ ਮਿਲਦੀ।"**

ਚਾਰ ਵਰ੍ਹਿਆਂ ਤੋਂ ਘਟ ਹੀ ਹੋਇਆ ਹੈ ਕਿ ਸਤਿਗੁਰੂ ਜੀ ਚੱਕ (ਮਲੇਰ ਕੋਟਲਾ) ਪਧਾਰੇ ਹੋਏ ਸਨ। ਛੋਟੇ ਚੱਕ ਸ: ਚੰਨਣ ਸਿੰਘ ਹੁਰਾਂ ਦੇ ਘਰ ਚਰਨ ਪਾਏ ਸਨ। ਮੈਂ ਵੀ ਪਰਵਾਰ ਸਮੇਤ ਉਥੇ ਗਿਆ ਹੋਇਆ ਸਾਂ। ਮੇਰੀ ਘਰ ਵਾਲੀ ਦੋ ਬੱਚੀਆਂ ਦੀ ਮਾਂ ਹੈ। ਬੈਠਕ ਵਿਚ ਬੈਠਿਆਂ ਗੱਲਾਂ ਬਾਤਾਂ ਹੋਰ ਵੀ ਬਹੁਤ ਹੋ ਰਹੀਆਂ ਸਨ। ਸਤਿ ਗੁਰੂ ਜੀ ਆਖਣ ਲੱਗੇ "ਬੱਚੇ ਨਾਲ ਆਏ ਨੇ ?" ਮੈਂ ਆਖਿਆ, ਆਹ ਜਸਵੰਤ ਕੌਰ ਮੇਰੇ ਘਰ ਵਾਲੀ, ਵੱਡੀ ਗੁੱਡੀ ਤੇ ਆਹ ਹੈ ਛੋਟੀ ਗੁੱਡੀ, "ਤੁਹਾਡੇ ਮੁੰਡਾ ਕੋਈ ਨਹੀਂ ?,' ਸਤਿਗੁਰਾਂ ਪੜਤਾਲੀਆ ਲਹਿਜੇ ਵਿਚ ਆਖਿਆ 'ਜੀ ਨਹੀਂ ! ਤੁਸਾਂ ਆਪ ਹੀ ਦੇਣਾ ਹੈ।' ਮੈਂ ਨਿਮਰਤਾ ਨਾਲ ਬੇਨਤੀ ਕੀਤੀ। "ਚੰਗਾ ਸਤਿਗੁਰੂ ਅੱਗੇ ਅਰਜ਼ ਕਰਿਆ ਕਰੋ। ਅਸੀਂ ਵੀ ਅਰਜ਼ੀ ਪਾਵਾਂਗੇ।" ਮੈਥੋਂ ਆਖਿਆ ਗਿਆ ਕਿ ਮੇਰੇ ਤਾਂ ਸੱਚੇ ਪਾਤਸ਼ਾਹ ਤੁਸੀਂ ਹੀ ਹੋ। 'ਇਉਂ" ਨਹੀਂ ਆਖੀਦਾ।'" ਮੰਗਿਆਂ ਬਿਨ ਕੋਈ ਚੀਜ਼ ਨਹੀਂ ਮਿਲਦੀ। ਸੱਚੇ ਪਾਤਸ਼ਾਹ ਅਗੇ ਅਰਦਾਸ ਕਰਿਆ ਕਰੋ।" ਵੇਖੋ ! ਅਰਜ਼ੀ ਕਦੋਂ ਮਨਜ਼ੂਰ ਹੁੰਦੀ ਹੈ।

**"ਤੂੰ ਕੁਝ ਬੋਲੇਂਗਾ.........।**

ਕਈ ਵਾਰੀ ਸਤਿਗੁਰੂ ਜੀ ਜਦੋਂ ਮੇਲੇ ਵੇਲੇ ਮੈਨੂੰ ਹੁਕਮ ਕਰਦੇ ਤਾਂ ਮੈਂ ਨਾਂਹ ਵਿਚ ਸਿਰ ਹਿਲਾ ਦਿੰਦਾ ਸੀ। ਕਿਉਂਕਿ ਇਹ ਆਮ ਗਲ ਹੈ ਕਿ ਕਵੀ ਆਦਮੀ ਲੈਕਚਰ-ਬਾਜ਼ੀ ਘਟ ਹੀ ਕਰਦੇ ਹਨ। ਉਨ੍ਹਾਂ ਨੂੰ ਕੇਵਲ ਕਵਿਤਾ ਬੋਲਣ ਵਿਚ ਹੀ ਬਹੁਤ ਅਨੰਦ ਆਉਂਦਾ ਹੈ। ਮੈਨੂੰ ਕਵਿਤਾ ਬੋਲਣ ਦਾ ਸ਼ੌਕ ਤਾਂ ਬਚਪਨ ਤੋਂ ਹੀ ਹੈ ਤੇ ਲਿਖਣ ਦੀ ਲੱਤ ਵੀ ਕਾਫੀ ਪੁਰਾਣੀ ਹੈ ਪਰ ਸਟੇਜ ਤੇ ਵਾਰਤਕ ਬੋਲਣ ਤੋਂ ਹਮੇਸ਼ਾ ਸੰਕੋਚ ਹੀ ਕਰਦਾ ਰਿਹਾ ਹਾਂ। ਪਰ ਮੈਂ ਬਲਿਹਾਰ ਜਾਵਾਂ ਉਨ੍ਹਾਂ ਗੰਭੀਰ ਪਾਰਖੂ ਨਜ਼ਰਾਂ ਦੇ ਜੋ ਹਮੇਸ਼ਾਂ ਇਹ ਤਾੜਦੀਆਂ ਰਹੀਆਂ ਕਿ ਇਹ ਬੋਲ ਸਕਦਾ ਹੈ। ਇਸ ਨੂੰ ਬੋਲਣਾ ਚਾਹੀਦਾ ਹੈ। ਕਈ ਸਾਲ ਮੈਂ ਇਸ ਗਲ ਤੇ ਵਿਚਾਰ ਕਰਦਾ ਰਿਹਾ ਹਾਂ ਕਿ ਜਦੋਂ ਕਵਿਤਾ ਬੋਲੀ ਜਾ ਸਕਦੀ ਹੈ ਤਾਂ ਵਾਰਤਕ ਕਿਉਂ ਨਹੀਂ ? ਹੁਣ ਹਜ਼ੂਰ ਦੀ ਇਸ ਪਿਆਰੀ ਪ੍ਰੇਰਨਾ ਨਾਲ ਮੈਂ ਜੋ ਮੇਰੇ ਆਪਣੇ ਵਿਚਾਰਾਂ ਵਿਚ ਸਪੱਸ਼ਟ ਹੋਵੇ ਤੇ ਮੈਨੂੰ ਵਿਚਾਰ ਪ੍ਰਗਟ ਕਰਨ ਲਈ ਆਖਿਆ ਜਾਵੇ ਤਾਂ ਬਿਨਾਂ ਕਿਸੇ ਝਿਜਕ ਤੋਂ ਹਜ਼ਾਰਾਂ ਦੇ ਇਕੱਠ ਵਿਚ ਬੋਲ ਸਕਦਾ ਹਾਂ। ਸਤਿਗੁਰੂ ਸਦਾ ਹੀ ਪ੍ਰੇਰਨਾ ਸਰੋਤ ਹੋਇਆ ਕਰਦੇ ਹਨ :

**"ਦਰਸ ਪਿਆਸੇ ਨੈਣਾ।"**

ਮੈਂ ਜਦੋਂ ਵੀ ਦੀਵਾਨ ਵਿਚ ਜਾਂਦਾ ਹਾਂ ਤਾਂ ਅੰਤਰੀਵ ਮਨ ਵਿਚ ਇਹੋ ਇਛਾ ਹੁੰਦੀ ਹੈ ਕਿ ਸਤਿਗੁਰੂ ਜੀ ਦੇ ਦਰਸ਼ਨ ਦੀਦਾਰੇ ਖੁਲ੍ਹੇ ਹੋਣ। ਇਹੋ ਹੀ ਤਾਂ ਇਕ ਤਾਂਘ ਹੈ ਜੋ ਬੰਦੇ ਨੂੰ ਜਿਉਂਦਿਆਂ ਰਖਦੀ ਹੈ। ਭਾਵੇਂ ਮੈਂ ਕਦੇ ਵੀ ਆਪਣੀ ਜ਼ਬਾਨ ਨਾਲ ਹਜ਼ੂਰ ਨੂੰ ਇਹ ਗਲ ਨਹੀਂ ਆਖੀ ਪਰ ਇਸ ਅੰਤਰੀਵ ਰਮਜ਼ ਉਹ ਕਿਵੇਂ ਜਾਣ ਜਾਂਦੇ ਹਨ। ਮੈਂ ਜਦੋਂ ਵੀ ਦੀਵਾਨ ਵਿਚ ਦਰਸ਼ਨ ਕਰਨ ਲਈ ਜਾਇਆ ਕਰਦਾ ਹਾਂ ਤਾਂ ਹਮੇਸ਼ਾਂ ਸਾਹਮਣੇ ਬਠਾਂਦੇ ਹਨ। ਦਰਸ਼ਨ ਕਰਨ ਦੀਆਂ ਰੀਝਾਂ ਪੂਰੀਆਂ ਹੋ ਜਾਂਦੀਆਂ ਹਨ। ਮੈਨੂੰ ਤਾਂ ਕਿਤੇ ਕਿਤੇ ਹੀ ਥੋਹੜੇ ਸਮੇਂ ਲਈ ਕੀਤੇ ਦੀਦਾਰੇ ਇਉਂ ਜਾਪਦੇ ਹਨ ਕਿ ਬਸ ਸਾਲ ਛਮਾਹੀ ਦੀ ਨਿਸ਼ਾ ਹੋ ਗਈ ਹੈ। ਭਾਵੇਂ ਹਿਰਦਾ ਸਦਾ ਦਰਸ਼ਨਾਂ ਲਈ ਤਾਂਘਦਾ ਹੈ। ਮੈਂ ਕਈ ਵਾਰੀ ਸੋਚਦਾ ਹਾਂ ਕਿ ਉਹ ਲੋਕ ਜੋ ਸਦਾ ਹੀ ਸਤਿਗੁਰੂ ਦਰਸ਼ਨ ਕਰਦੇ ਹਨ ਦਿਨ ਰਾਤ ਉਨ੍ਹਾਂ ਦਾ ਸੰਗ ਮਾਣਦੇ ਹਨ ਉਨ੍ਹਾਂ ਨੂੰ ਕਿਨ੍ਹਾਂ ਕੁ ਆਨੰਦ ਰਹਿੰਦਾ ਹੋਵੇਗਾ। ਇਥੇ ਤਾਂ ਇਕ ਛਿਨ ਦਰਸ਼ਨ ਹੋ ਗਏ ਤੇ ਬਸ ਮੰਨ ਐਨਾ ਪ੍ਰਸੰਨ ਹੁੰਦਾ ਹੈ ਕਿ ਦਸਣ ਪੁੱਛਣ ਵਾਲੀ ਕੋਈ ਗਲ ਨਹੀਂ। ਮੈਂ ਆਪਣੀ ਇਕ ਗ਼ਜ਼ਲ ਵਿਚ ਲਿਖਿਆ ਸੀ —

"ਕੀ ਗਲ ਉਨ੍ਹਾਂ ਦੀ ਕਹਿ ਸਕੀਏ ?
ਜੋ ਮਟਾਂ ਦੇ ਮੱਟ ਪੀ ਜਾਂਦੇ।
ਸਾਡੀ ਰੂਹ ਤਾਂ ਐਨੀ ਖੀਵੀ ਏ,
ਬਸ ਨਜ਼ਰਾਂ ਥੀਂ ਨਸ਼ਿਆ ਜਾਈਏ।"

★
★★★
★



Namdhari Elibrary NamdhariElibrary@gmail.com



ਸਤਿਗੁਰੂ ਜਗਜੀਤ ਸਿੰਘ ਜੀ ਦੇ ਮਹਿਲ ਸ੍ਰੀ ਮਾਤਾ ਚੰਦ ਕੌਰ ਜੀ ਸੇਵਾ ਤੇ ਤਿਆਗ ਦੀ
ਮੂਰਤ : ਹਰ ਵਕਤ ਸਾਧ ਸੰਗਤ ਦੀ ਸੇਵਾ ਤੇ ਆਪ ਭਗਤ ਵਿਚ ਹੀ
ਰੁਝੇ ਰਹਿੰਦੇ ਹਨ। ਇਕ ਮੇਲੇ ਸਮੇਂ ਬਚਿਆਂ ਅਤੇ
ਬਜ਼ੁਰਗਾਂ ਵਾਸਤੇ ਦੁਧ ਵੰਡਦੇ ਦਿਖਾਈ ਦੇ
ਰਹੇ ਹਨ।

ਵਰਿਆਮ

Namdhari Elibrary NamdhariElibrary@gmail com



ਦੋ ਦੇਸ਼ਾਂ ਤੇ ਦੋ ਧਰਮਾਂ ਦੀ ਮਿਲਣੀ—ਥਾਈਲੈਂਡ ਦੇ ਸ਼ਾਂਤੀ ਦੂਤ ਹਿਸ ਐਕਸਲੈਂਸੀ ਡਾਕਟਰ ਸੁਚਾਟ ਆਪਣੇ ਪੈਰੋਕਾਰਾਂ ਸਮੇਤ ਪਿਛਲੇ ਦਿਨੀਂ ਸ੍ਰੀ ਭੈਣੀ ਸਾਹਿਬ ਦੀ ਯਾਤਰਾ ਤੇ ਆਏ ਤਾਂ ਉਹਨਾਂ ਨੇ ਸਤਿਗੁਰੂ ਜੀ ਦੀ ਸੇਵਾ ਵਿਚ ਬੋਧ ਧਰਮ ਸੰਬੰਧੀ ਥਾਈ ਪੁਸਤਕਾਂ ਅਤੇ ਹੋਰ ਭੇਟਾਵਾਂ ਅਰਪਨ ਕੀਤੀਆਂ। ਉਪਰਲੀ ਤਸਵੀਰ ਵਿਚ ਡਾ: ਸੁਚਾਟ ਤੋਂ ਸਤਿਗੁਰੂ ਜੀ ਭੇਟਾ ਸਵੀਕਾਰਦੇ ਹੋਏ। ਹੇਠ ਇਸ ਡੈਲੀਗੇਸ਼ਨ ਦੇ ਮੈਂਬਰਾਂ ਨਾਲ।



Namdhari Elibrary NamdhariElibrary@gmail.com



ਭੈਣੀ ਸਾਹਿਬ ਸ਼ੁਰੂ ਤੋਂ ਹੀ ਗੁਰਮਤ ਸੰਗੀਤ ਦਾ ਕੇਂਦਰ ਰਿਹਾ ਹੈ। ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਵੇਲੇ ਦੇ ਮਸ਼ਹੂਰ ਹਜ਼ੂਰੀ ਰਬਾਬੀ ਕੀਰਤਨੀਏ ਭਾਈ ਲਾਲ, ਭਾਈ ਸੁੰਦਰ, ਭਾਈ ਸੰਦਲ ਅਤੇ ਭਾਈ ਮਤੂ ਤਸਵੀਰ 'ਚ ਦਿਖਾਈ ਦੇ ਰਹੇ ਹਨ।



ਸਤਿਗੁਰੂ ਜਗਜੀਤ ਸਿੰਘ ਜੀ ਵਲੋਂ ਆਯੋਜਤ ਸਤਿਗੁਰੂ ਪ੍ਰਤਾਪ ਸਿੰਘ ਸ੍ਰਿਮਤੀ ਸਮੇਲਨ ਦਾ ਇਕ ਅਲੌਕਿਕ ਦ੍ਰਿਸ਼

Namdhari Elibrary NamdhariElibrary@gmail com



ਸਿੱਖੀ ਦਾ ਫਕੀਰ ਸਿਆਸਤਦਾਨ ਗਿਆਨੀ ਕਰਤਾਰ ਸਿੰਘ, ਸਤਿਗੁਰੂ ਜੀ ਦੇ ਦਸਤਾਰ-ਬੰਦੀ ਸਮਾਗਮ ਵਿਚ ਵਲਵਲਾ ਅੰਗੇਜ਼ ਤਕਰੀਰ ਕਰਦੇ ਹੋਏ—ਸਤਿਗੁਰੂ ਜੀ ਦੇ ਨਾਲ ਪ੍ਰਸਿੱਧ ਨਾਮਧਾਰੀ ਲੇਖਕ ਸੰਤ ਇੰਦਰ ਸਿੰਘ ਚਕਰਵਤੀ ਬੈਠੇ ਹਨ ।



ਅਨੰਦ ਵਿਆਹ ਸ਼ਤਾਬਦੀ :—

2—3 ਜੂਨ 1963 ਨੂੰ ਸਤਿਗੁਰੂ ਰਾਮ ਸਿੰਘ ਜੀ ਵਲੋਂ ਚਲਾਈ ਅਨੰਦ ਵਿਆਹ ਦੀ ਸਾਦਾ ਰਸਮ ਨੂੰ ਪੂਰੇ 100 ਸਾਲ ਹੋਏ । ਇਸ ਦਿਨ ਦੀ ਯਾਦ ਵਿਚ ਪਿੰਡ ਖੱਟੇ ਜ਼ਿਲਾ ਫਿਰੋਜ਼ਪੁਰ ਵਿਚ 149 ਸਮੂਹਕ ਅਨੰਦ ਕਾਰਜ ਕਰਕੇ ਸਤਿਗੁਰੂ ਜਗਜੀਤ ਸਿੰਘ ਵਲੋਂ ਅਨੰਦ ਸ਼ਤਾਬਦੀ ਮਨਾਈ ਗਈ । ਇਸ ਸਮੇਂ ਦਾ ਇਕ ਦ੍ਰਿਸ਼ ।

ਵਰਿਆਮ

ਮਹਾਰਾਜ ਜਗਜੀਤ ਸਿੰਘ ਜੀ ਤੇ ਮਹਾਰਾਜ ਬੀਰ ਸਿੰਘ ਜੀ ਦੀ ਸੇਵਾ ਵਿਚ—ਇਕ ਯਾਦ ਸੁਹਾਵਣੀ......

# ਅਨੁਪਮ ਘੜੀਆਂ

ਸੁਮੇਰ —

ਸਾਲ ਲਗਭਗ 1940—ਲਾਇਲਪੁਰ (ਹੁਣ ਪਾਕਿਸਤਾਨ), ਦਿਨ ਭਰ-ਸਰਦੀਆਂ ਦੇ—ਸੁਪ੍ਰਸਿੱਧ ਸਮਾਲੋਚਕ ਸ੍ਰ. ਈਸ਼ਰ ਸਿੰਘ ਅਟਾਰੀ ਦੇ ਤਾਇਆ ਗਿ: ਬਿ..ਰਾਮ ਸਿੰਘ ਜੀ 'ਸਾਰਸ' ਸ੍ਰੀ ਨਨਕਾਣਾ ਸਾਹਿਬ ਦੇ ਹਰਮਨ-ਪਿਆਰੇ ਕਵੀ ਤੇ ਵਿਚਾਰਵਾਨ ਸਨ। ਸਤਿਗੁਰੂ ਪਰਤਾਪ ਸਿੰਘ ਜੀ ਮਹਾਰਾਜ ਵਲੋਂ ਆਲ-ਇੰਡੀਆ ਸੰਗੀਤ ਸਮੇਲਨ ਅਵਸਰ 'ਤੇ ਸਾਨੂੰ ਦੋਹਾਂ ਨੂੰ ਸੱਦਾ ਆਉਣ ਉੱਤੇ ਲਾਇਲਪੁਰ ਜਾਣ ਦਾ ਸੁਭਾਗ ਜੁੜਿਆ। ਇਸ ਮਹਾ ਸੰਗੀਤ ਸਮਾਗਮ ਲਈ ਸੰਤ ਪ੍ਰਕਾਸ਼ ਸਿੰਘ ਜੀ ਐਸ ਪੀ. ਪੰਜਾਬ ਦੀ ਸੇਵਾ ਲਗਾਈ ਗਈ ਸੀ ਤੇ ਉਥੇ ਭਾਰਤ ਦੇ ਮਹਾਨ ਸੰਗੀਤਾਚਾਰੀਆ ਇਕੱਠੇ ਹੋਏ ਹੋਏ ਸਨ।

ਸਤਿਗੁਰੂ ਪਰਤਾਪ ਸਿੰਘ ਜੀ ਮਹਾਰਾਜ, ਜਿੱਥੇ ਆਪ ਰਾਗ ਵਿਦਿਆ ਵਿਚ ਪ੍ਰਬੀਨ ਤੇ ਕਮਾਲ ਦੇ ਸ੍ਰੋਤਾ, ਉਥੇ ਉੱਚ ਸਾਹਿਤ ਤੇ ਕਾਵਿ ਦੇ ਵੀ ਗੂੜ੍ਹ-ਗਿਆਤਾ ਤੇ ਰਸੀਆ ਸਨ। ਅਸੀਂ ਦੁਪਹਿਰ ਨੂੰ ਲਾਇਲਪੁਰ ਪੁੱਜੇ, ਆਪ ਜੀ ਦੇ ਪਹਿਲੀ ਵਾਰ ਦਰਸ਼ਨ ਹੋਏ, ਅਨੋਖੀ ਹੀ ਮਹਿਕਾਰ ਸੀ ਆਪ ਦੇ ਦਰਸ਼ਨਾਂ ਵਿਚ। ਮਹਾਰਾਜ ਜਗਜੀਤ ਸਿੰਘ ਜੀ ਤੇ ਮਹਾਰਾਜ ਬੀਰ ਸਿੰਘ ਜੀ ਦੇ ਵੀ ਚੜ੍ਹਦੀ-ਉਮਲਦੀ ਆਯੂ ਵਿਚ ਉਥੇ ਦਰਸ਼ਨ ਹੋਏ। ਹੌਲੀ ਹੌਲੀ ਸਾਨੂੰ ਪਤਾ ਲੱਗਾ ਕਿ ਦੋਵੇਂ ਸਾਹਿਬਜ਼ਾਦੇ ਜੀ ਰੋਜ਼ਾਨਾ ਕਾਫੀ ਸਮਾਂ ਉੱਚ ਭਾਰਤੀ ਸੰਗੀਤ ਦੀ ਰਿਆਜ਼ਤ ਲਈ ਦੇਂਦੇ ਹਨ, ਇਸ ਸਮੇਂ ਸਿਤਾਰ ਆਦਿ ਕੋਮਲ ਸਾਜ਼ਾਂ ਦਾ ਅਭਿਆਸ ਕਰ ਰਹੇ ਹਨ ਤੇ ਕੇਵਲ ਇਉਂ ਲਲਿਤ ਕਲਾਵਾਂ ਵਿਚ ਹੀ ਆਪਣੀ ਰੁਚੀ ਨਹੀਂ ਰਖਦੇ ਸਗੋਂ ਭਾਰਤੀ ਸਾਹਿਤ ਤੋਂ ਛੁਟ ਉੱਚ ਪੱਛਮੀ ਸਾਹਿਤ ਲਈ ਵੀ ਬੜੀ ਦਿਲਚਸਪੀ ਲੈਂਦੇ ਹਨ।

ਫਿਰ ਉਥੇ ਇਹ ਦੇਖ ਤੇ ਸੋਚ ਕੇ ਮੇਰੀ ਹੈਰਾਨੀ ਦੀ ਹੱਦ ਨਾ ਰਹੀ ਕਿ ਧਰਤੀ ਉੱਤੇ ਜਿਥੇ ਆਮ ਵਿਦਵਾਨ ਗੁਣਵਾਨ ਤੇ "ਸ਼ਕਤੀਸ਼ਾਲੀ ਮਹਾਨ" ਹੋਣ ਦੀ ਸ਼ੁਹਰਤ ਰਖਣ ਵਾਲੇ ਕਈ ਉਚੇਰੇ......ਲੋਕ, ਹਉਮੈ ਨਾਲ ਸੜੇ ਹੋਏ, ਦੋ ਚਾਰ ਮਿੱਤਰਾਂ ਦੀ ਗੱਲ ਵੱਲ ਵੀ ਧਿਆਨ ਦੇਂਦਿਆਂ ਚੌਂਕ ਉਠਦੇ ਤੇ ਕਿਸੇ ਗੁਣ ਦਾ ਮੁੱਲ ਪਾਉਣ ਜਾਂ ਆਪਣੇ ਹੀ ਮਾਨਸਿਕ-ਸੁਹਜ ਦੀ ਅਮੀਰੀ ਲਈ, ਉਹਨਾਂ ਦੇ ਸਾਰੇ ਜੀਵਨ ਵਿਚ ਦੋ ਘੜੀਆਂ ਵੀ ਵਕਤ ਨਹੀਂ ਹੁੰਦਾ...ਉਥੇ ਏਨੀ ਵੱਡੀ ਸੰਗਤ ਵਿਚ ਕਿਸ ਤਰ੍ਹਾਂ ਸਤਿਗੁਰੂ ਪਰਤਾਪ ਸਿੰਘ ਜੀ ਦੀ ਕੋਮਲ ਦ੍ਰਿਸ਼ਟੀ ਤੇ ਵਿਸ਼ਾਲ ਚੇਤਨਤਾ, ਹਰ ਆਏ-ਗਏ ਨੂੰ ਟਟੋਲਦੀ ਤੇ ਪਛਾਣਦੀ ਤੇ ਗੁਰੂ-ਅਪਣੱਤ ਦਾ ਨਿੱਘਾ ਅਹਿਸਾਸ ਪ੍ਰਦਾਨ ਕਰਦੀ ਹੈ —ਤੇ ਫਿਰ ਹੋਰ ਵੀ ਹੈਰਾਨੀ ਹੋਈ ਜਦ ਕੁਝ ਚਿਰ ਮਗਰੋਂ ਉਹਨਾਂ ਨੇ ਮੈਨੂੰ ਕੋਈ ਕਵਿਤਾ ਸੁਣਾਉਣ ਲਈ ਸੰਕੇਤ ਕੀਤਾ—ਬੜੇ ਹੀ ਨਿਹਾਲ ਹੋਏ ਤੇ ਫਿਰ ਇਕਦਮ ਫਰਮਾਉਣ ਲੱਗੇ—'ਹੁਣ ਇਹ ਬੱਸ ਕਰ ਦੇ ਸੁਮੇਰ...ਤੇਰੀਆਂ ਕਵਿਤਾਵਾਂ ਆਮ ਜਿਹੀਆਂ ਬਿਲਕੁਲ ਨਹੀਂ ਜਾਪਦੀਆਂ, ਇਹ ਤਾਂ ਕੁਝ ਹੋਰ ਹੀ ਹਨ!...ਏਨੀ ਛੋਟੀ ਉਮਰ ਵਿਚ ਤੇਰੀ ਏਨੀ ਪੱਕੀ ਕਲਾ!!...ਸੋ ਅਸੀਂ ਇਹਨਾਂ ਨੂੰ ਆਪਣੇ ਖਾਸ ਸਮੇਂ...ਕੱਲ ਤੜਕੇ ਸਵੇਰੇ ਸੁਣਨਾ ਚਾਹੁੰਦੇ ਹਾਂ ਪੂਰਨ ਸ਼ਾਂਤੀ ਤੇ ਇਕੱਲਤਾ ਵਿਚ...ਕੱਲ ਤੜਕੇ ਆਉਣ ਦੀ ਖੇਚਲ ਕਰੇ ਤਾਂ ਕਿੰਨਾ ਚੰਗਾ ਹੋਵੇ...।'



Namdhari Elibrary NamdhariElibrary@gmail com

ਸੋ ਅਗਲੇ ਦਿਨ ਤੜਕੇ ਸਤਿਗੁਰੂ ਜੀ ਨੇ ਮੇਰੀਆਂ ਕਵਿਤਾਵਾਂ (ਮੈਂ ਸਟੇਜੀ ਜਾਂ ਸਟੇਜ ਲਈ ਕਵਿਤਾਵਾਂ ਬਿਲਕੁਲ ਨਹੀਂ ਲਿਖਦਾ...) ਸੁਣ ਕੇ, ਜਿਸ ਅਗਾਧ ਪ੍ਰੇਮ, ਦਿਲਚਸਪੀ ਬਹੁਮੁੱਲੇ ਵਿਚਾਰਾਂ ਤੇ ਆਸ਼ੀਰਵਾਦਾਂ ਦੀ ਕਿਰਪਾਲਤਾ ਕੀਤੀ, ਉਹ ਮੇਰੇ ਜੀਵਨ ਦੀਆਂ ਅੱਤ ਸਵਤੰਗੀ ਤੇ ਕਦੇ ਵੀ ਅੱਖੋਂ-ਨਾ ਉਹਲੇ ਹੋਣ ਵਾਲੀਆਂ ਘੜੀਆਂ ਹਨ...।

ਉਸ ਸਮੇਂ ਸੁਣਾਈਆਂ ਆਪਣੀਆਂ ਕੁਝ ਕਵਿਤਾਵਾਂ ਮੈਨੂੰ ਯਾਦ ਹਨ— ਸਚ (ਰਾਗ ਤੇ ਜੀਵਨ ਸੰਬੰਧੀ, ਜਿਸ ਬਾਰੇ ਉਹਨਾਂ ਨੇ ਕਾਫੀ ਚਿਰ ਆਪਣੇ ਬਹੁਮੁੱਲੇ ਵਿਚਾਰਾਂ ਦੀ ਵਰਖਾ ਕੀਤੀ ਰੱਖੀ), ਪੰਛੀ ਤੇ ਸਾਗਰ, ਚਾਨਣ ਘੇਰੇ ਤੇ ਰਫਤਾਰ, ਆਦਿ-ਆਦਿ। ਹੇਠ ਲਿਖੀ ਕਵਿਤਾ ਆਪ ਜੀ ਨੇ ਦੋ ਵਾਰ ਬੜਾ ਠਹਿਰ-ਠਹਿਰ ਕੇ ਸੁਣੀ ਤੇ ਬੜੇ ਹੀ ਉਮਾਹ ਨਾਲ ਥਾਪੜਾ ਦਿੱਤਾ—

# ਉਹ ਕੋਈ...

ਸੁਮੇਰ—

ਕੁਝ ਗੁੰਦੇ ਕੁਝ ਖੁੱਲ੍ਹੇ ਕੇਸ ਵਧਾਈ।
ਚਿਹਰੇ 'ਤੇ ਇਕ ਹੋ ਗਈ ਲਿਟ ਸੌਦਾਈ।
ਅੱਖਾਂ ਵਿਚ ਲਖ ਇਸ਼ਕਾਂ ਦੀ ਰੁਸ਼ਨਾਈ।
ਗਿਰਦੇ ਸੜ ਮਰ ਪੈਣੀ ਜੋਤ ਮਘਾਈ।

ਜਾਂਦਿਆਂ ਜਾਂਦਿਆਂ ਪੱਲਾ ਮਾਰ ਗਿਆ ਉਹ
ਭਿੰਨੀ ਭਿੰਨੀ ਮਹਿਕ ਖਿਲਾਰ ਗਿਆ ਉਹ

ਇਕ ਨਜ਼ਰ 'ਤੇ ਝਾਤ ਸਾਂਵਲੀ ਪਾਈ
ਇਕ ਨਜ਼ਰ 'ਤੇ ਮੱਚੀ ਪਈ ਦੁਹਾਈ
ਇਕ ਨਜ਼ਰ ਇਕ ਦੁਨੀਆ ਮੋੜ ਲਿਆਈ
ਇਕ ਨਜ਼ਰ ਗਈ ਤੌਤ ਤਕ ਨਾ ਆਈ
ਮਨ 'ਤੇ ਲੱਗੀ ਤਨ 'ਤੇ ਅਸਾਂ ਬੁਝਾਈ
ਸਿਰ 'ਤੇ ਆਈ ਝਲ ਲਈ ਅਸਾਂ ਖੁਦਾਈ

ਸਾਡੇ ਕੰਡਿਆਂ ਤੋਂ ਵੱਲ ਵਾਰ ਗਿਆ ਉਹ
ਭਿੰਨੀ ਭਿੰਨੀ ਮਹਿਕ ਖਿਲਾਰ ਗਿਆ ਉਹ

ਉਹ ਦਿਸਿਆ ਜਿਉਂ ਅੱਖ-ਚੁਰਾਉਣੀ ਝਾਤੀ
ਕਿਸਮਤ ਕੋਈ, ਕਿਸੇ ਆਣ ਸਿੰਞਾਤੀ
ਰਾਸ ਆਇਆ ਕੁਝ ਵਿਹੜਾ ਸਾਡਾ ਉਹਨੂੰ
ਰੱਬ ਹੋਣੋਂ ਰਹੇ ਮਸੀਂ ਮਸੀਂ ਦਿਨ-ਰਾਤੀਂ

ਕੁਫ਼ਰ ਅਸਾਡਾ ਜਾਣੇ ਤੋੜ ਨਿਭਾਉਣਾ
ਮੂੰਹ ਮੰਗੀ ਨਾ ਦਿੱਤੀ ਕਿਸੇ ਹਯਾਤੀ

ਸਾਡੇ ਦਮ 'ਤੇ ਲੰਘ ਲੰਘ ਪਾਰ ਗਿਆ ਉਹ
ਭਿੰਨੀ ਭਿੰਨੀ ਮਹਿਕ ਖਿਲਾਰ ਗਿਆ ਉਹ

ਘੁੱਪ ਹਨੇਰੇ ਕੇਸ ਜਾਂ ਛੰਡ ਸਵਾਰੇ
ਤੁਪਕਾ ਤੁਪਕਾ ਕਹਿਰਾਂ ਦੀ ਛਾਹ ਮਾਰੇ
ਮਾਤ ਖਾ ਗਏ ਚਿਹਰੇ ਤੋਂ ਅੰਗਾਰੇ
ਕੌਣ ਕੋਈ ਅੱਖ ਚੁੱਕ ਸਕੇ ਸਰਕਾਰੇ
ਪਰ, ਸ਼ੇਕ ਦੇ ਕਦਮਾਂ ਦੀ ਸਹੁੰ ਖਾਏ
ਚੰਗਿਆੜੇ ਬਿਨ ਅੱਗ ਕਿਵੇਂ ਦਮ ਮਾਰੇ

ਧੁਖਦੀ ਚਿਖਾ 'ਚ ਫੂਕਾਂ ਮਾਰ ਗਿਆ ਉਹ
ਭਿੰਨੀ ਭਿੰਨੀ ਮਹਿਕ ਖਿਲਾਰ ਗਿਆ ਉਹ

ਧੜਕੇ ਨਬਜ਼ ਕਿ ਚੀਝਾਂ ਲੱਖ ਕਰੋੜਾਂ
ਸਭ ਸੰਸਾਰ ਅਸਾਡਾ ਕਾਹਦੀਆਂ ਥੋੜਾਂ
ਕਿਉਂ ਕੋਈ ਰੁੱਸੇ, ਕਿਉਂ ਦੂਰਾਂ, ਕਿਉਂ ਮੋੜਾਂ
ਇਸ਼ਕ ਤਿਰੇ ਨੂੰ ਵੀ ਹਨ ਸੌ ਸੌ ਲੋੜਾਂ

ਆਪਣੀ ਖੇਡ 'ਚ ਸਾਨੂੰ ਹਾਰ ਗਿਆ ਉਹ
ਭਿੰਨੀ ਭਿੰਨੀ ਮਹਿਕ ਖਿਲਾਰ ਗਿਆ ਉਹ



Namdhari Elibrary NamdhariElibrary@gmail.com

# ਬਹੁਗੁਣੀ ਨੇਤਾ

ਡਾ: ਗੌਰਤਨ ਲਾਟੋ

ਡਾ: ਗੌਰਤਨ ਲਾਟੋ ਵਿਸਵ ਸ਼ਾਕਾਹਾਰੀ ਸੁਸਾਇਟੀ ਦੇ ਪ੍ਰਧਾਨ ਹਨ। ਆਪਣੀ ਗੱਲ ਨੂੰ ਛੋਟੀਆਂ ਛੋਟੀਆਂ ਕਹਾਣੀਆਂ ਨਾਲ ਸਜਾ ਕੇ ਬਹੁਤ ਸੁੰਦਰ ਬਣਾ ਦਿੰਦੇ ਹਨ। ਉਹਨਾਂ ਦੇ ਵਿਚਾਰ ਇਸ ਲੇਖ ਵਿਚ ਪੜ੍ਹ ਕੇ ਪਾਠਕ ਜ਼ਰੂਰ ਅਨੰਦ ਲੈਣਗੇ।

—ਸੰਪਾਦਕ

ਇਕ ਛੋਟਾ ਜਿਹਾ ਬੱਚਾ ਆਪਣੀ ਮਾਤਾ ਜੀ ਨਾਲ ਬਾਜ਼ਾਰ ਸਬਜ਼ੀਆਂ ਤੇ ਫਲ ਲੈਣ ਲਈ ਗਿਆ। ਜਦੋਂ ਸਬਜ਼ੀਆਂ ਤੇ ਫਲ ਖਰੀਦ ਲਏ ਗਏ ਤਾਂ ਦੁਕਾਨਦਾਰ ਨੇ ਬੱਚੇ ਨੂੰ ਆਖਿਆ ਕਿ ਉਹ ਟੋਕਰੇ ਵਿਚੋਂ ਕੁਝ ਚੇਰੀਆਂ (Cherries) ਲੈ ਲਵੇ। ਬੱਚੇ ਨੇ ਨਾਂਹ ਵਿਚ ਸਿਰ ਹਿਲਾ ਦਿਤਾ।

ਦੁਕਾਨਦਾਰ ਨੇ ਫਿਰ ਬੜੇ ਪਿਆਰ ਨਾਲ ਆਖਿਆ, "ਕੀ ਤੈਨੂੰ ਚੇਰੀਆਂ (Cherries) ਚੰਗੀਆਂ ਨਹੀਂ ਲੱਗਦੀਆਂ ?"

ਬੱਚੇ ਨੇ ਆਖਿਆ, "ਜੀ ਹਾਂ, ਚੰਗੀਆਂ ਲਗਦੀਆਂ ਹਨ।"

"ਫਿਰ ਲੈ ਲੈ !"

ਬੱਚੇ ਨੇ ਫਿਰ ਨਾਂਹ ਵਿਚ ਸਿਰ ਹਿਲਾ ਦਿਤਾ।

ਦੁਕਾਨਦਾਰ ਨੇ ਆਪਣੇ ਹਥ ਨਾਲ ਚੇਰੀਆਂ (Cherries) ਦਾ ਬੁਕ ਭਰਕੇ ਇਕ ਲਿਫ਼ਾਫ਼ੇ ਵਿਚ ਪਾ ਕੇ ਬੱਚੇ ਨੂੰ ਦੇ ਦਿੱਤਾ, ਜਿਹੜਾ ਬੱਚੇ ਨੇ ਲੈ ਲਿਆ। ਜਦੋਂ ਦੋਵੇਂ ਮਾਂ ਪੁੱਤਰ ਵਾਪਸ ਜਾ ਰਹੇ ਸਨ ਤਾਂ ਮਾਂ ਨੇ ਪੁੱਛਿਆ, "ਕਾਕਾ ਤੂੰ ਆਪਣੇ ਆਪ ਚੇਰੀਆਂ ਕਿਉਂ ਨਾ ਚੁਕੀਆਂ, ਜਦ ਕਿ ਦੁਕਾਨਦਾਰ ਆਪ ਤੈਨੂੰ ਕਹਿ ਰਿਹਾ ਸੀ।"

ਬੱਚੇ ਨੇ ਜਵਾਬ ਦਿੱਤਾ, "ਮਾਤਾ ਜੀ ! ਦੁਕਾਨਦਾਰ ਦਾ ਹਥ ਮੇਰੇ ਹੱਥ ਨਾਲੋਂ ਵੱਡਾ ਸੀ।"

ਉਸ ਨੇ ਉਸ ਮੌਕੇ ਦਾ ਪੂਰਾ ਲਾਭ ਉਠਾਇਆ।

ਮੈਂ ਮਹਿਸੂਸ ਕਰਦਾ ਹਾਂ ਕਿ ਜ਼ਿੰਦਗੀ ਵਿਚ ਇਨਸਾਨ ਨੂੰ ਮਨੁਖਤਾ ਦੀ ਸੇਵਾ ਕਰਨ ਦੇ ਬਹੁਤ ਮੌਕੇ ਮਿਲਦੇ ਹਨ। ਇਹ ਬਹੁਤ ਜ਼ਰੂਰੀ ਹੈ ਕਿ ਅਸੀਂ ਉਨ੍ਹਾਂ ਮੌਕਿਆਂ ਦਾ ਪੂਰਾ ਲਾਭ ਉਠਾਈਏ।

ਮੇਰੇ ਵੀਰ ਕੋਲ ਬਹੁਤ ਸੋਹਣੇ ਚਿੱਟੇ ਕਬੂਤਰ ਸਨ। ਮੈਨੂੰ ਯਾਦ ਹੈ ਕਿ ਹਰ ਰੋਜ਼ ਸਵੇਰ ਵੇਲੇ ਉਹ ਬਾਹਰ ਜਾ ਕੇ ਆਪਣੇ ਹਥ ਤੇ ਕੁਝ ਦਾਣੇ ਰਖ ਕੇ ਕਬੂਤਰਾਂ ਨੂੰ ਬੁਲਾਉਂਦਾ ਸੀ। ਉਨੀਂ ਦੇਰ ਤਕ ਕੋਈ ਵੀ ਕਬੂਤਰ ਦਾਣਾ ਖਾਣ ਲਈ ਅੱਗੇ ਨਹੀਂ ਸੀ ਵਧਦਾ, ਜਿੰਨੀ ਦੇਰ ਤਕ ਉਨ੍ਹਾਂ ਵਿਚੋਂ ਇਕ ਖਾਸ ਵਧ ਬਹਾਦਰ ਤੇ ਹੌਸਲੇ ਵਾਲਾ ਕਬੂਤਰ ਅਗੇ ਵੱਧ ਕੇ ਦਾਣਾ ਨਹੀਂ ਸੀ ਚੁਗਦਾ। ਬਾਕੀ ਦੇ ਫਿਰ ਉਸ ਦੇ ਮਗਰ ਲਗ ਜਾਂਦੇ ਸਨ। ਇਸੇ ਤਰ੍ਹਾਂ ਹੀ ਤੁਹਾਡੇ ਸਾਰਿਆਂ ਵਿਚੋਂ ਇਕ ਬਾਕੀਆਂ ਨਾਲੋਂ ਵਧ ਬਹਾਦਰ ਤੇ ਹੌਸਲੇ ਵਾਲਾ ਜਿਹੜਾ ਤੁਹਾਨੂੰ ਸਹਾਇਤਾ ਦੇ ਸਕਦਾ ਹੈ। ਤੁਸੀਂ ਬਹੁਤ ਖੁਸ਼-ਕਿਸਮਤ ਹੋ, ਜਿਨ੍ਹਾਂ ਦਾ ਨੇਤਾ ਬਹੁਗੁਣੀ ਹੈ। ਸ੍ਰੀ ਸਤਿਗੁਰੂ ਜੀ ਮੇਰੇ ਬੜੇ ਗੂਹੜੇ ਮਿੱਤਰ ਨੇ ਅਤੇ ਮੈਂ ਉਹਨਾਂ ਨਾਲ ਪਿਤਾ ਪੁਤਰ ਵਾਲਾ ਰਿਸ਼ਤਾ ਮਹਿਸੂਸ ਕਰਦਾ ਹਾਂ ਅਤੇ ਮੈਂ ਆਸ ਕਰਦਾ ਹਾਂ ਕਿ ਉਹ ਵੀ ਮੇਰੇ ਪ੍ਰਤੀ ਇਸੇ ਤਰ੍ਹਾਂ ਹੀ ਮਹਿਸੂਸ ਕਰਦੇ ਨੇ।

ਐਸੀਸੀ ਦੇ ਸੰਤ ਫਰਾਂਸਿਸ ਇਕ ਦਿਨ ਆਪਣੇ ਚੇਲਿਆਂ ਸਮੇਤ ਬਾਹਰ ਗਏ। ਜਦੋਂ ਵਾਪਸ ਆਏ ਤਾਂ



Namdhari Elibrary NamdhariElibrary@gmail.com

ਵੇਖਿਆ ਕਿ ਉਨ੍ਹਾਂ ਦੇ ਘਰ ਚੋਰੀ ਹੋ ਗਈ ਸੀ ਅਤੇ ਚੋਰ ਅਨਾਜ ਲੈ ਕੇ ਦੌੜ ਗਿਆ ਸੀ। ਉਨ੍ਹਾਂ ਦੇ ਚੇਲਿਆਂ ਨੂੰ ਬਹੁਤ ਤਕਲੀਫ ਮਹਿਸੂਸ ਹੋਈ। ਉਨ੍ਹਾਂ ਜੰਗਲ ਵਿਚ ਜਾ ਕੇ ਚੋਰ ਨੂੰ ਅਨਾਜ ਦੀ ਬੋਰੀ ਸਣੇ ਫੜ ਲਿਆਂਦਾ ਅਤੇ ਸੰਤ ਫਰਾਂਸਿਸ ਸਾਹਮਣੇ ਲਿਆ ਖੜਾ ਕੀਤਾ। ਸੰਤ ਫਰਾਂਸਿਸ ਨੇ ਕਿਹਾ, "ਮੇਰੇ ਵੀਰ! ਮੈਨੂੰ ਅਫਸੋਸ ਹੈ ਕਿ ਤੈਨੂੰ ਇੰਨੀ ਭੁਖ ਲੱਗੀ ਸੀ, ਤੂੰ ਜੀਅ ਭਰ ਕੇ ਅੰਨ ਖਾਹ ਅਤੇ ਬਾਕੀ ਬੱਚਿਆਂ ਦੇ ਦੇਈਂ।

ਇਹ ਪ੍ਰੇਮ ਦਾ ਸੁਨੇਹਾ ਸੀ ਅਤੇ ਇਸ ਵਾਰਦਾਤ ਤੋਂ ਬਾਅਦ ਉਹ ਚੋਰ ਫਰਾਂਸਿਸ ਦਾ ਚੇਲਾ ਬਣ ਗਿਆ। ਇਹ ਪ੍ਰੇਮ ਦੀ ਜਿੱਤ ਸੀ। ਤੁਹਾਡੇ ਸਤਿਗੁਰੂ ਜੀ ਤੋਂ ਪ੍ਰੇਮ ਫੁਟ ਫੁਟ ਪੈ ਰਿਹਾ ਹੈ। ਪ੍ਰੇਮ ਦੀ ਬਹੁਤ ਵੱਡੀ ਤਾਕਤ ਹੈ। ਮਨੁੱਖੀ ਪ੍ਰੇਮ ਅਤੇ ਆਤਮਿਕ ਪ੍ਰੇਮ ਦਾ ਫਰਕ ਹੈ। ਆਤਮਕ ਪ੍ਰੇਮ ਹਰ ਪਾਸੇ ਹੈ, ਮਨੁਖ ਪ੍ਰੇਮ ਇਕ ਤਰਫਾ ਹੈ। ਸਾਨੂੰ ਚਾਹੀਦਾ ਹੈ ਕਿ ਅਸੀਂ ਨਾ ਸਿਰਫ ਆਪਣੇ ਮਨੁਖੀ ਸਾਥੀਆਂ ਨਾਲ ਹੀ ਦਇਆ ਵਰਤੀਏ ਸਗੋਂ ਕੁਦਰਤ ਦੇ ਹੋਰ ਜੀਵਾਂ ਜੰਤੂਆਂ ਲਈ ਭੀ। ਮੈਂ ਇਹ ਭੀ ਮਹਿਸੂਸ ਕਰਦਾ ਹਾਂ ਕਿ ਸਾਨੂੰ ਧੀਰਜ ਅਤੇ ਸ਼ਾਂਤੀ ਸਿੱਖਣੀ ਚਾਹੀਦੀ ਹੈ। ਸ਼ੇਕਸਪੀਅਰ ਨੇ ਆਖਿਆ ਸੀ ਕਿ ਉਹ ਬੰਦੇ ਕਿੰਨੇ ਗਰੀਬ ਨੇ ਜਿਨ੍ਹਾਂ ਕੋਲ ਧੀਰਜ ਨਹੀਂ। ਸਾਨੂੰ ਧੀਰਜ ਵਾਲੇ ਹੋਣ ਦੀ ਬਹੁਤ ਲੋੜ ਹੈ ਤਾਕਿ ਅਸੀਂ ਸੰਸਾਰ ਦੀ ਠੀਕ ਢੰਗ ਨਾਲ ਸੇਵਾ ਕਰ ਸਕੀਏ।

ਚਰਚਿਲ ਇਕ ਬਹੁਤ ਹੀ ਸੂਝ ਵਾਲੇ ਵਿਅਕਤੀ ਸਨ। ਇਕ ਮੌਕੇ ਤੇ ਉਨ੍ਹਾਂ ਨੂੰ ਲੋਕਾਂ ਨੇ ਨੀਵਾਂ ਵੇਖਣਾ ਸ਼ੁਰੂ ਕਰ ਦਿੱਤਾ। ਬਰਨਾਰਡ ਸ਼ਾਹ ਨੇ ਉਸ ਨੂੰ ਇਕ ਚਿੱਠੀ ਲਿਖੀ ਜਿਸ ਵਿਚ ਉਸ ਨੇ ਇਹ ਆਖਿਆ, "ਮੇਰੇ ਨਵੇਂ ਨਾਟਕ ਨੂੰ ਪਹਿਲੇ ਦਿਨ ਜ਼ਰੂਰ ਵੇਖਣ ਆਉਣਾ। ਇਹ ਦੋ ਟਿਕਟਾਂ ਇਸ ਚਿੱਠੀ ਦੇ ਨਾਲ ਨੇ। ਇਕ ਤੁਹਾਡੇ ਲਈ ਅਤੇ ਇਕ ਤੁਹਾਡੇ ਮਿੱਤਰ ਲਈ, ਜੇ ਅਜੇ ਕੋਈ ਬਾਕੀ ਹੈਗਾ ਏ।"

ਚਰਚਿਲ ਨੇ ਜਵਾਬ ਲਿਖਿਆ, "ਪਿਆਰੇ ਬਰਨਾਰਡ, ਤੁਸੀਂ ਬਹੁਤ ਦਿਆਲੂ ਹੋ ਜਿਨ੍ਹਾਂ ਮੈਨੂੰ ਟਿਕਟਾਂ ਭੇਜੀਆਂ ਨੇ, ਮੈਂ ਚਾਹੁੰਦਾ ਸਾਂ ਕਿ ਮੈਂ ਤੁਹਾਡੇ ਨਾਟਕ ਦੀ ਪਹਿਲੀ ਰਾਤ ਸਮੇਂ ਆ ਕੇ ਵੇਖ ਸਕਦਾ ਪਰ ਸੰਭਵ ਨਹੀਂ। ਦੂਜੀ ਰਾਤ ਲਈ ਮੈਨੂੰ ਟਿਕਟਾਂ ਜ਼ਰੂਰ ਭੇਜਣੀਆਂ ਜੇ ਤੁਹਾਡਾ ਨਾਟਕ ਅਜੇ ਭੀ ਚਲ ਰਿਹਾ ਹੋਇਆ ਤਾਂ।"

ਦੋਵਾਂ ਵਿਚੋਂ ਹਰ ਆਦਮੀ ਨੇ ਇਕ ਦੂਜੇ ਦੇ ਚੰਗੇ ਗੁਣ ਸਾਹਮਣੇ ਲੈ ਆਂਦੇ। ਮੇਰਾ ਪੂਰਨ ਵਿਸ਼ਵਾਸ ਹੈ ਕਿ ਸ੍ਰੀ ਸਤਿਗੁਰੂ ਜੀ ਸਾਡੇ ਵਧੀਆ ਅੰਦਰੂਨੀ ਗੁਣਾਂ ਨੂੰ ਸਾਹਮਣੇ ਲੈ ਆਉਂਦੇ ਨੇ। ਇਹ ਉਨ੍ਹਾਂ ਦਾ ਇਕ ਬਹੁਤ ਵੱਡਾ ਗੁਣ ਹੈ। ਮੈਨੂੰ ਹਾਲੈਂਡ ਵਿਚ ਭੀ ਉਨ੍ਹਾਂ ਨੂੰ ਮਿਲਣ ਦਾ ਮੌਕਾ ਮਿਲਿਆ ਅਤੇ ਮੈਂ ਸ਼ਬਦਾਂ ਵਿਚ ਬਿਆਨ ਨਹੀਂ ਕਰ ਸਕਦਾ, ਜਿਹੜਾ ਅਸਰ ਉਨ੍ਹਾਂ ਦੇ ਦਰਸ਼ਨਾਂ ਦਾ ਮੇਰੇ ਉੱਤੇ ਹੋਇਆ।

ਆਪਣੇ ਧਰਮ ਵਿਚ ਵਿਸ਼ਵਾਸ ਰੱਖਣਾ ਇਕ ਬਹੁਤ ਹੀ ਵਧੀਆ ਚੀਜ਼ ਹੈ ਅਤੇ ਆਖਰ ਵਿਚ ਮੈਂ ਇਕ ਕਵਿਤਾ ਦੇ ਕੁਝ ਸ਼ਬਦ ਕਹਾਂਗਾ:—

And faith came singing into my room
Another guest took fight
Grief and anxiety, fear and gloom
sped out into the night
And I wondered that
such faith could mean
But faith said gently "Don't you see"?
That they can never live with me,
I know there are no errors
in God's great eternal plan
And all things work together
for the final good of man,

ਭਰੋਸਾ ਮੇਰੇ ਕਮਰੇ ਵਿਚ ਗਾਉਂਦਾ ਆਇਆ
ਇਕ ਹੋਰ ਅਤਿਥੀ ਨਠਉਂਦਾ ਆਇਆ
ਰਾਤ ਦੇ ਕਾਲੇ ਹਨੇਰੇ ਵਿਚ ਨੂੰ ਗਮ ਅਤੇ ਡਰ,
ਚਿੰਤਾ ਅਤੇ ਸੋਗ ਨੂੰ ਦੁੜਾਉਂਦਾ ਆਇਆ,
ਅਤੇ ਮੈਂ ਹੈਰਾਨ ਰਹਿ ਗਿਆ ਕਿ ਭਰੋਸੇ ਦਾ ਇਹ ਕਮਾਲ ਹੈ
ਭਰੋਸੇ ਨੇ ਪਿਆਰ ਨਾਲ ਆਵਾਜ਼ ਮਾਰੀ
"ਤੂੰ ਵੇਖ ਤਾਂ ਸਹੀ"
ਇਹ ਸਭ ਮੇਰੇ ਨਾਲ ਰਹਿ ਸਕਦੇ ਨਹੀਂ
ਮੈਨੂੰ ਪਤਾ ਹੈ ਅਕਾਲ ਪੁਰਖ ਦੀਆਂ ਸਦੀਵੀ ਯੋਜਨਾਵਾਂ ਵਿਚ ਕੋਈ ਗਲਤੀ ਨਹੀਂ
ਸਭ ਰਲ ਕੇ (ਕਾਇਨਾਤ ਤੇ ਯੋਜਨਾਵਾਂ) ਮਨੁੱਖਤਾ ਬਿਹਤਰੀ ਲਈ ਕੰਮ ਕਰਦੇ ਨੇ।



Namdhari Elibrary NamdhariElibrary@gmail com

# ਨਾਮਧਾਰੀ ਤੇ ਖੇਡਾਂ

ਸਿਖ ਜਨਮ ਤੋਂ ਖਿਡਾਰੀ ਹੈ। ਸ੍ਰੀ ਗੁਰੂ ਨਾਨਕ ਦੇਵ ਜੀ ਨੇ ਇਨ੍ਹਾਂ ਵਾਸਤੇ ਪੱਟੀ ਤੇ ਪੂਰਨੇ ਪਾ ਕੇ ਰੱਖ ਦਿਤੇ ਹਨ —

ਨਾਨਕ ਸਤਿਗੁਰ ਭੇਟੀਐ ਪੂਰੀ ਹੋਵੈ ਜੁਗਤਿ ।
ਹਸੰਦਿਆ ਖੇਲੰਦਿਆ ਪੈਨੰਦਿਆ ਖਾਵੰਦਿਆ ਵਿਚੇ ਹੋਵੈ ਮੁਕਤਿ

ਜੇ ਅਸੀਂ ਇਤਹਾਸ ਨੂੰ ਗਹੁ ਨਾਲ ਵੇਖੀਏ ਤਾਂ ਪੰਜਵੇਂ ਪਾਤਸ਼ਾਹ ਦੇ ਪਿਛੋਂ ਸ੍ਰੀ ਗੁਰੂ ਹਰਿਗੋਬਿੰਦ ਜੀ ਨੇ ਮੀਰੀ ਤੇ ਪੀਰੀ ਦੀਆਂ ਤਲਵਾਰਾਂ ਪਹਿਨਕੇ, ਸ੍ਰੀ ਗੁਰੂ ਨਾਨਕ ਦੇਵ ਜੀ ਦਰਸਾਏ ਰਸਤੇ 'ਹਸੰਦਿਆਂ ਖੇਡੰਦਿਆਂ' ਵਲ ਬੜੀ ਸਰਗਰਮੀ ਨਾਲ ਟੁਰਨਾ ਅਰੰਭ ਦਿਤਾ। ਘੁੜ ਸਵਾਰੀ, ਕੁਸ਼ਤੀ ਤੇ ਸ਼ੇਰਾਂ ਦਾ ਇਕਲਿਆਂ ਹੀ ਸ਼ਿਕਾਰ ਕਰ ਲੈਣਾ, ਇਨ੍ਹਾਂ ਦੇ ਹਿੱਸੇ ਆਇਆ। ਪਰ ਸਿਖਾਂ ਵਿਚ ਕੋਈ ਮੰਦੀ ਪ੍ਰਪਾਟੀ ਨ ਪੈ ਜਾਵੇ, ਹੁਕਮਨਾਮਿਆਂ ਰਾਹੀਂ 'ਮਾਸ ਮੱਛੀ' ਤੋਂ ਵਿਵਰਜਤ ਕਰ ਦਿੱਤਾ। ਸਾਹਿਬ ਗੁਰੂ ਗੋਬਿੰਦ ਸਿੰਘ ਜੀ ਨੇ ਸ਼ਾਹੀ ਠਾਠ ਨਾਲ ਭਗਤੀ ਨੂੰ ਜੋੜਿਆ ਤੇ ਖੇਡਾਂ ਨੂੰ ਵੀ ਚਮਕਾਇਆ। ਗਤਕਾ, ਘੁੜਸਵਾਰੀ, ਸ਼ਮਸ਼ੇਰਜਨੀ ਵਿਚ ਉਸਤਾਦ ਬਣੇ ਤੇ ਸਿਖਾਂ ਨੂੰ ਨਿਪੁੰਨ ਕੀਤਾ। ਸਾਹਿਬਾਂ ਨੇ ਹੋਲਾ ਖੇਡਕੇ ਮੁਰਦਿਆਂ ਵਿਚ ਹਰਕਤ ਪੈਦਾ ਕਰ ਦਿਤੀ। ਸਤਿਗੁਰੂ ਪ੍ਰਤਾਪ ਸਿੰਘ ਬਾਰੇ ਤਾਂ ਕਹਿਣਾ ਹੀ ਕੀ ਏ। ਆਪ ਰੂਹਾਨੀਅਤ ਦੇ ਚੋਟੀ ਦੇ ਮਲ ਹੋਕੇ, ਖੇਡਾਂ ਦੇ ਵੀ ਨਾਮੀ ਖਿਡਾਰੀ ਸਨ। ਕੁਸ਼ਤੀ ਕਰਨੀ ਘੁੜ ਸਵਾਰੀ, ਨੇਜ਼ਾ ਬਾਜ਼ੀ, ਤਰਨਾ ਉਨ੍ਹਾਂ ਦੇ ਮਨ-ਭਾਉਂਦੀਆਂ ਖੇਡਾਂ ਸਨ। ਉਨ੍ਹਾਂ ਦੇ ਬਾਲ ਸਖਾਈ ਤੇ ਮਿਤਰ ਸ੍ਰੀ ਬਖਸ਼ੀ ਹਰਦੇਵ ਸਿੰਘ ਜੀ ਬੜੇ ਉਤਸ਼ਾਹ ਨਾਲ ਵਰਨਣ ਕੀਤਾ ਕਰਦੇ ਹਨ ਕਿ ਸਤਿਗੁਰਾਂ ਨੂੰ ਖੇਡਾਂ ਵਿਚ ਅਥਾਹ ਦਾ ਸ਼ੌਕ ਸੀ। ਘੁੜ ਸਵਾਰੀ ਦੇ ਇਤਨੇ ਮਾਹਿਰ ਸਨ, ਜੋ ਕੂਹਣੀ ਦੀ ਉਤੇਜ ਦੇ ਕੇ ਦੋਹਾਂ ਕੰਨਾਂ ਨੂੰ ਪਕੜ ਘੋੜੀ ਤੇ ਪਲਾਕੀ ਮਾਰ ਬਹਿ ਜਾਂਦੇ ਸਨ। ਇਕ ਵੇਰ ਇਕ ਊਠ ਭਜ ਨਿਕਲਿਆ। ਸੇਵਾਦਾਰ ਬੜਾ ਘਬਰਾਇਆ ਊਠ ਫੜਿਆ ਨਾ ਜਾਵੇ। ਸਤਿਗੁਰੂ ਜੀ ਮਗਰ ਘੋੜਾ ਲਾ ਦਿੱਤਾ। ਘੋੜੇ ਨੂੰ ਐਨ ਲਾਗੇ ਕਰਕੇ, ਘੋੜੇ ਨੂੰ ਛਡ ਊਠ ਦੀ ਧੌਣ ਨੂੰ ਹੱਥ ਪਾ ਭਜਦੇ ਊਠ ਦੀ ਪਿਠ ਤੇ ਜਾ ਬੈਠੇ ਤੇ ਨਕੇਲ ਫੜ ਊਠ ਨੂੰ ਕਾਬੂ ਕਰ ਲਿਆ।

ਨਾਮਧਾਰੀਆਂ ਖੇਡ ਦੇ ਮੈਦਾਨ ਵਿਚ ਉਦੋਂ ਮੀਲ ਪੱਥਰ ਗਡਿਆ ਸੀ, ਜਦ ਭੈਣੀਆਂ ਨਗਰ ਦੇ ਕੂਕਿਆਂ ਦਿੱਲੀ ਵਿਚ ਰੋਡੋਂ ਜਾਰਜ ਦੀ ਤਾਜਪੋਸ਼ੀ ਸਮੇਂ 1911 ਈ: ਵਿਚ ਵਿਚ ਰੱਸਾ ਖਿਚਕੇ ਭਾਰਤ ਭਰ ਦੀਆਂ ਰੱਸੇ ਦੀਆਂ ਟੀਮਾਂ ਦੇ ਗੋਡੇ ਲਵਾ ਦਿਤੇ ਸਨ ਤੇ ਨਾਮਣਾ ਖਟਿਆ ਸੀ। ਫਿਰ ਵਾਧਾ ਇਹ ਸਰਕਾਰੀ ਰਸਦ ਜਾਂ ਹੋਰ ਮਠਿਆਈ ਕਬੂਲ ਨ ਕੀਤੀ ਜੋ ਮਿਲੀ ਤਾਂ ਗਰੀਬਾਂ ਵਿਚ ਵੰਡ ਛਡੀ। ਆਪਣੀ ਹੱਥੀਂ ਆਪਣਾ ਲੰਗਰ ਪਕਾ ਕੇ ਤੇ ਰਾਸ਼ਨ ਵੀ ਆਪਣਾ ਵਰਤਿਆ ਉਨ੍ਹਾਂ ਦੇ ਕਸਰਤ ਕਰਨ ਦਾ ਢੰਗ ਵੀ ਨਿਰਾਲਾ ਸੀ। ਜਦ ਕਿਸੇ ਦੰਗਲ ਵਿਚ ਜਾਣਾ ਹੁੰਦਾ ਤਾਂ ਧਰਮਸਾਲਾ ਡੇਰਾ ਲਾ ਲੈਂਦੇ। ਕਸਰਤ ਕਰਦੇ, ਖੁਰਾਕਾਂ ਖਾਂਦੇ ਤੇ ਬ੍ਰਹਮਚਰਜ ਦੇ ਧਾਰਨੀ ਬਣਦੇ। ਜੇ ਕੋਈ ਜਵਾਨ ਘਰ ਜਾਵੇ ਤਾਂ ਇਕੱਲਾ ਨ

ਵਰਿਆਮ



Namdhari Elibrary NamdhariElibrary@gmail.com

ਜਾਵੇ। ਦੋ ਜਾਣ ਤਾਂ ਤੀਸਰਾ ਮਗਰ ਸੁਹੀਆ ਜਾਂਦਾ ਤਾਕਿ ਬ੍ਰਹਮਚਰਜ ਵਿਚ ਫਰਕ ਨ ਪਵੇ ਤੇ ਟੀਮ ਨੂੰ ਹਾਰ ਦਾ ਮੂੰਹ ਨ ਵੇਖਣਾ ਪਵੇ। ਸਤਿਗੁਰੂ ਪ੍ਰਤਾਪ ਸਿੰਘ ਜੀ ਢੇਟੀਆਂ ਨਗਰ ਨੂੰ ਇਸੇ ਵਾਸਤੇ ਪਿਆਰਦੇ ਸਨ, ਕਿਉਂਕਿ ਉਥੇ ਜੱਠੀ ਸੱਤੀ ਪਹਿਲਵਾਨ ਸਨ।

ਸ੍ਰੀ ਸਤਿਗੁਰੂ ਜੀ ਨੌਜਵਾਨਾਂ ਨੂੰ ਹਰ ਪਹਿਲੂ ਤੋਂ ਭਾਵ ਲਿਖਾਈ, ਪੜ੍ਹਾਈ, ਦਸਤਕਾਰੀ ਵਿਦਿਆ ਦੇ ਨਾਲ ਨਾਲ ਸਰੀਰ ਨੂੰ ਅਰੋਗ ਰੱਖਣ ਤੇ ਸੁਖਾਲੀ ਸਵਾਸੀ ਜੀਵਨ ਗੁਜ਼ਾਰਨ ਹਿਤ, ਸ੍ਰੀ ਜੀਵਨ ਨਗਰ ਦੇ ਇਲਾਕੇ ਵਿਚ ਇਕ ਅਨੋਖਾ ਵਿਦਿਆਲਾ 1957 ਵਿਚ ਆਪਣੇ ਪੂਜ ਪਿਤਾ, ਗੁਰੂ ਹਰੀ ਸਿੰਘ ਜੀ, ਜਿਨ੍ਹਾਂ 35 ਵਰੇ ਅੰਗਰੇਜ਼ ਤੇ ਉਨ੍ਹਾਂ ਦੇ ਹਿਮਾਤੀਆਂ ਨਾਲ ਮੁਕਾਬਲਾ ਕਰਦਿਆਂ ਅਸਹਿ ਤੇ ਅਕਹਿ ਕਸ਼ਟ ਸਹਾਰੇ ਸਨ,ਦੀ ਯਾਦ ਵਿਚ ਚਾਲੂ ਕੀਤਾ। ਜਿਸਦੀ ਵਖਰੀ ਗਲ ਇਹ ਹੈ ਇਥੇ ਬਚਿਆਂ ਪਾਸੋਂ ਫੀਸ ਨਹੀਂ ਲਈ ਜਾਂਦੀ ਤੇ ਸਰਕਾਰ ਪਾਸੋਂ ਕੋਈ ਸਹਾਇਤਾ ਨਹੀਂ ਮੰਗੀ ਜਾਂਦੀ। ਸਗੋਂ ਗਰੀਬ ਵਿਦਿਆਰਥੀਆਂ ਨੂੰ ਪਾਠ ਪੁਸਤਕਾਂ ਦੇ ਨਾਲ ਰੁੱਤ ਰੁੱਤ ਦਾ ਕਪੜਾ ਲੋੜ ਅਨੁਸਾਰ ਭੋਜਨ ਵੀ ਮਿਲਦਾ ਹੈ।

ਸਤਿਗੁਰੂ ਜਗਜੀਤ ਸਿੰਘ ਜੀ ਮਹਾਰਾਜ ਇਲਾਕੇ ਦੇ ਲੋਕਾਂ ਵਿਚ ਭਰਾਤਰੀ ਭਾਵ ਪੈਦਾ ਕਰਨ ਖਾਤਰ, ਵਿਦਿਆਲੇ ਵਿਚ ਬਲਾਕ ਲੈਵਲ ਤਕ ਟੂਰਨਾਮੈਂਟ ਚਾਲੂ ਕਰ ਦਿਤਾ ਜਿਹੜਾ ਹੌਲੀ ਹੌਲੀ ਡਿਸਟ੍ਰਿਕਟ ਲੈਵਲ ਤੇ ਭਾਰਤ ਪੱਧਰ ਤਕ ਪੁਜ ਗਿਆ। ਆਮ ਟੂਰਨਾਮੈਂਟਾਂ ਨਾਲੋਂ ਅਨੋਖੀ ਗਲ ਇਹ ਹੈ ਕਿ ਟੂਰਨਾਮੈਂਟਾਂ ਦੇ ਸਮੇਂ ਖਡਾਰੀਆਂ ਨੂੰ ਲੰਗਰ ਆਦਿ ਸਤਿਗੁਰੂ ਜੀ ਵਲੋਂ ਮਿਲਦਾ ਹੈ।

ਵਿਦਿਆਰਥੀਆਂ ਨੂੰ ਖੇਡਾਂ ਵਿਚ ਨਿਪੁੰਨ ਕਰਨ ਖਾਤਰ 1974 ਵਿਚ ਇਕ ਸ੍ਰ: ਪਾਲ ਸਿੰਘ ਕੋਚ ਦੀਆਂ ਸੇਵਾਵਾਂ ਲੈ ਲਈਆਂ ਗਈਆਂ। ਉਨ੍ਹਾਂ ਦੇ ਦੋ ਮਹੀਨੇ ਪਿਛੋਂ ਸ੍ਰ: ਇਕਬਾਲ ਨੂੰ ਨਿਯੁਕਤ ਕਰ ਲਿਆ। ਇਨ੍ਹਾਂ ਜਨਵਰੀ 75 ਤੋਂ ਮਈ 76 ਤਕ ਜਾਂ ਫਸ਼ਾਨੀ ਨਾਲ ਕੰਮ ਕੀਤਾ। ਉਸਤੋਂ ਉਪਰੰਤ ਸ੍ਰ: ਮੋਹਨ ਜੀਤ ਨੇ ਬਚਿਆਂ ਨੂੰ ਸੰਭਾਲ ਲਿਆ। ਜਿਹੜੇ ਅਜ ਤੱਕ ਬਣੇ ਉਤਸ਼ਾਹ ਨਾਲ ਕੋਚਿੰਗ ਦੇ ਰਹੇ ਹਨ। ਸਿੱਟਾ ਇਹ ਨਿਕਲਿਆ ਹੈ, ਕਿ ਇਨ੍ਹਾਂ ਦੇ ਸਿਖਾਏ ਬਚਿਆ ਨੇ ਸਭ ਟੂਰਨਾਮੈਂਟਾਂ ਵਿੱਚ ਨਾਮਣਾ ਖਟਿਆ ਤੇ ਇਨਾਮ ਪ੍ਰਾਪਤ ਕੀਤੇ ਇਨ੍ਹਾਂ ਟੂਰਨਾਮੈਂਟਾਂ ਦੀ ਇਨਾਮ ਵੰਡ ਨਾਮੀ, ਹਾਕੀ ਖਿਡਾਰੀ ਸ੍ਰ: ਪ੍ਰਿਥੀਪਾਲ ਸਿੰਘ, ਸ੍ਰ: ਬਲਦੇਵ ਸਿੰਘ ਤੇ ਸ੍ਰੀ ਬਾਲਕਿਸ਼ਨ ਚੀਫ ਹਾਕੀ ਕੋਚ ਨੇ ਕੀਤੀ ਮਗਰ 1976 ਵਿੱਚ ਇਨਾਮ ਵੰਡਣ ਦੀ ਕਿਰਪਾਲਤਾ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਕਰ-ਕਮਲਾਂ ਨਾਲ ਕਰਕੇ ਖਡਾਰੀਆਂ ਨੇ ਨਵਾਜਿਆ।

ਵਿਦਿਅਲੇ ਦੀ ਟੀਮ ਉੱਚ ਪੱਧਰ ਦੇ ਖਡਾਰੀਆਂ ਤੇ ਮਨੀਆਂ ਹਸਤੀਆਂ ਦੀ ਤੱਵਜਾ ਦਾ ਕੇਂਦਰ ਉਸ ਵੇਲੇ ਬਣੀ ਜਦ ਵਿਦਿਆਲੇ ਨੇ Junior Nehru Hockey ਟੂਰਨਾ-ਮੈਂਟ ਵਿਚ ਹਰਿਆਣੇ ਵਲੋਂ 75-76 ਵਿਚ ਭਾਗ ਲਿਆ ਤੇ ਵੱਡੇ ਖਿਡਾਰੀਆਂ ਪਾਸੋਂ ਸ਼ਾਬਸ਼ ਪ੍ਰਾਪਤ ਕੀਤੀ। ਵਿਦਿਆਲੇ ਦੇ ਖਿਡਾਰੀਆਂ ਨੇ ਆਪਣੇ ਪ੍ਰਾਂਤ ਹਰਿਆਨੇ ਦੀ ਸ਼ੁਹਰਤ ਨੂੰ National Championship 1975 ਵਿਚ ਬੇਲਗਾਮ ਵਿਖੇ ਖੇਡ ਕੇ ਚਾਰ ਚੰਨ ਲਾਏ।

ਵਿਦਿਆਲੇ ਦੇ ਖਿਡਾਰੀਆਂ ਨੇ ਹੋਰ ਛਾਲ ਮਾਰੀ ਜਦ ਹਰਿਆਣੇ ਦੀ ਟੀਮ ਨੇ 1976 ਵਿਚ ਠਾਕੁਰ ਉਦੇ ਸਿੰਘ ਦੀ ਕਮਾਨ ਹੇਠਾਂ ਮਦਰਾਸ ਵਿਚ Junior National Hocky Chmpionship ਖਾਤਰ ਸਟੇਟ ਵਲੋਂ ਫੰਡਾਂ ਦੇ ਥੁੜ੍ਹ ਕਾਰਨ, ਸਤਿਗੁਰੂ ਜਗਜੀਤ ਸਿੰਘ ਜੀ ਪਾਸੋਂ ਮਾਲੀ ਸਹਾਇਤਾ ਪ੍ਰਾਪਤ ਕਰ ਖੇਡ ਖੇਡੀ ਤੇ ਹਰਿਆਣੇ ਪ੍ਰਾਂਤ ਨੂੰ ਹੋਰ ਚਮਕਾਇਆ।

ਬੜੇ ਮਾਣ ਨਾਲ ਕਹਿਣਾ ਪੈਂਦਾ ਹੈ ਕਿ ਸਤਿਗੁਰੂ ਜਗਜੀਤ ਸਿੰਘ ਜੀ ਦੀ ਛਤਰ ਛਾਇਆ ਹੇਠਾਂ ਨਾਮਧਾਰੀ ਨੌਜਵਾਨ ਖੇਡਾਂ ਦੇ ਮੈਦਾਨ ਵਿਚ ਛਾਲਾਂ ਮਾਰਦੇ ਅਗਾਹ ਵਧ ਰਹੇ ਹਨ। ਜਮੂੰ ਦੇ ਨਾਮਧਾਰੀ ਨੌਜਵਾਨ Junior ਤੇ— Senior National Hocky Championships ਵਿਚ ਮੱਲਾਂ ਮਾਰ ਰਹੇ ਹਨ ਤੇ ਆਪਣੇ ਪ੍ਰਾਂਤ ਜਮੂੰ ਕਸ਼ਮੀਰ ਵਾਸਤੇ ਨਾਮ ਪੈਦਾ ਕਰ ਰਹੇ ਹਨ। ਦਿੱਲੀ ਤੋਂ ਕ: ਕਾ ਬਲਵੰਤ ਸਿੰਘ ਬੈਡ-ਮਿੰਟਨ ਦੀ ਖੇਡ ਵਿਚ ਦਿਲੀ ਦੀ ਪ੍ਰਤੀਨਿਧਤਾ ਕਰਕੇ ਬਹੁਤ ਸਾਰੇ ਇਨਾਮ ਪ੍ਰਾਪਤ ਕੀਤੇ ਹਨ।

ਨਾਮਧਾਰੀ ਵਿਦਿਆਲੇ ਜਥਾ ਸ੍ਰੀ ਜੀਵਨ ਨਗਰ ਨੇ Northern Railways ਦੀ ਟੀਮ ਨੂੰ ਗੁਰੂ ਨਾਨਕ ਹਾਕੀ ਟੂਰਨਾਮੈਂਟ ਵਿੱਚ ਪਛਾੜ ਕੇ, ਸਭ ਪਾਸਿਆਂ ਤੋਂ ਬੱਲੇ ਬੱਲੇ ਹਾਸਲ ਕੀਤੀ ਹੈ। ਹੁਣ ਵਿਦਿਆਲੇ ਦੀਆਂ ਟੀਮਾਂ ਨੂੰ ਵਧੇਰੇ ਯੋਗ ਬਨਾਉਣ ਖਾਤਰ ਪੰਜਵੀਂ ਤੋਂ ਵਿਦਿਆਰਥੀ ਚੁਣੇ ਗਏ ਹਨ ਅਤੇ ਉਨ੍ਹਾਂ ਨੂੰ ਸ੍ਰੀ ਭੈਣੀ ਸਾਹਿਬ ਲਿਆਂਦਾ ਗਿਆ ਹੈ, ਕਿਉਂਕਿ ਇਲਾਕੇ ਵਿਚ ਮੁਕਾਬਲੇ ਹਿਤ ਟੀਮਾਂ ਨਹੀਂ ਮਿਲ-ਦੀਆਂ। ਹੁਣ ਦੋ ਕੋਚਾਂ ਦੀਆਂ ਯੋਗ ਸੇਵਾਵਾਂ ਲਈਆਂ ਗਈਆਂ ਹਨ। ਇਕ ਹਾਕੀ ਤੇ ਦੂਸਰਾ ਐਥਲੈਟਿਕਸ ਵਾਸਤੇ ਤਾਕੇ ਹਾਕੀ ਦੇ ਨਾਲ ਨਾਲ ਨਸਣ, ਭਜਣ, ਗੋਲਾ, ਛਾਲਾਂ ਆਦਿ ਵਿਚ ਵੀ ਮੁਹਾਰਤ ਹੋਵੇ।

ਕੂਕੇ ਖਿਡਾਰੀਆਂ ਦੀ ਵਿਲੱਖਣਤਾ ਇਹ ਹੈ ਕਿ ਇਹ ਸ਼ੇਰਾਂ ਦੇ ਬਚੇ ਚਿੱਟੇ ਬਸਤਰ ਰਖਦੇ ਹਨ। ਤੇੜ ਕਛਹਿਰਾ ਤੇ ਸਿਰ ਤੇ ਸਿੱਧੀ ਦਸਤਾਰ। ਇਹ ਪਕੇ ਵੈਸ਼ਨੋ ਹਨ ਇਥੋਂ ਤਕ ਕਿ ਚਾਹ ਦੀ ਵਰਤੋਂ ਕਰਨੋਂ ਵੀ ਸੰਕੋਚ ਕਰਦੇ ਹਨ।



Namdhari Elibrary NamdhariElibrary@gmail com

# ਛੋਟਾ ਮੂੰਹ ਵੱਡੀ ਗੱਲ

**ਕ੍ਰਿਸ਼ਨ ਭਾਰਦਵਾਜ**



ਲੇਖਕ

ਰੋਜ਼ਾਨਾ ਨਵਾਂ ਜ਼ਮਾਨਾ ਦੇ ਜਨਰਲ ਮੈਨੇਜਰ ਕਾਮਰੇਡ ਕ੍ਰਿਸ਼ਨ ਭਾਰਦਵਾਜ ਨੇ ਆਪਣੀ ਇਕੱ ਮਿਲਣੀ ਸਮੇਂ ਗ੍ਰਹਿਣ ਕੀਤੇ ਪ੍ਰਭਾਵ ਇਕ ਲਘੂ ਲੇਖ ਵਿਚ ਭਾਵ ਪੂਰਤ ਢੰਗ ਨਾਲ ਪੇਸ਼ ਕੀਤੇ ਹਨ।

—ਸੰਪਾਦਕ

ਕੁਝ ਲੋਕ ਜਾਣਕਾਰੀ ਪ੍ਰਸੰਸਾ ਸਤਿਕਾਰ ਤੇ ਮਾਣ ਦੇ ਸਬੰਧ ਵਿਚ ਕਿਸੇ ਵਿਅਕਤੀ ਦੀ ਲਿਖਤ ਜਾਂ ਗੁਣ ਗਾਇਣ ਦੇ ਮੁਥਾਜ ਹੁੰਦੇ ਹਨ ਪਰ ਕੁਝ ਮਹਾਪੁਰਸ਼ ਐਵੇਂ ਹੁੰਦੇ ਹਨ ਜੋ ਏਹਨਾਂ ਗਲਾਂ ਵਿਚੋਂ ਕਿਸੇ ਦੇ ਵੀ ਆਸਰੇ ਨਹੀਂ ਹੁੰਦੇ। ਉਹ ਆਪਣੇ ਆਪ ਵਿਚ ਇਕ ਬਹੁ ਪਖੀ ਸ਼ਖਸੀਅਤ ਹੁੰਦੇ ਹਨ ਤੇ ਆਪਣੀਆਂ ਖੂਬੀਆਂ ਤੇ ਗੁਣਾਂ ਕਾਰਨ ਸਮਾਜ ਵਿਚ ਉਹਨਾਂ ਦਾ ਸਥਾਨ ਬਣ ਜਾਂਦਾ ਹੈ। ਲੋਕ ਸਤਿਕਾਰ ਕਰਦੇ ਹਨ ਗੁਣ ਗਾਂਦੇ ਹਨ ਤੇ ਸ਼ਰਧਾ ਵੀ ਰੱਜ ਕੇ ਵਿਖਾਂਦੇ ਹਨ। ਇਸ ਤਰ੍ਹਾਂ ਦੀਆਂ ਖਾਸ ਸ਼ਖਸੀਅਤਾਂ ਵਿਚੋਂ ਮਹਾਰਾਜ ਜਗਜੀਤ ਸਿੰਘ ਵੀ ਹਨ।

ਕੂਕਾ ਲਹਿਰ ਦੇ ਆਗੂ ਸਤਿਗੁਰੂ ਰਾਮ ਸਿੰਘ ਦੀ ਗੱਦੀ ਤੇ ਬਰਾਜਮਾਨ ਇਹ ਮਹਾਂ ਪੁਰਸ਼ ਕਿਵੇਂ ਠੰਡੇ ਮਿਠੇ ਡੂੰਘੇ ਤੇ ਦਿਲਾਂ ਨੂੰ ਟੋਹਣ ਵਾਲੇ ਹਨ ਇਹ ਮਿਲ ਕੇ ਹੀ ਪਤਾ ਲਗਦਾ ਹੈ। ਮੈਂ ਇਹ ਗਲ ਕਹਿਣ ਵਿਚ ਕੋਈ ਆਰ ਮਹਿਸੂਸ ਨਹੀਂ ਕਰਦਾ ਕਿ ਮੈਂ ਕਿਸੇ ਦਾ ਏਸ ਲਈ ਸ਼ਰਧਾਲੂ ਨਹੀਂ ਹੋ ਸਕਦਾ ਕਿ ਕੋਈ ਧਾਰਮਕ ਆਗੂ ਹੈ ਜਾਂ ਗੁਰੂ। ਤੇ ਨਾ ਹੀ ਇਸ ਤਰ੍ਹਾਂ ਕਿ ਕਿਸੇ ਨੇ ਕਹਿ ਦਿਤਾ ਤੇ ਆਪਣੀ ਸ਼ਰਧਾ ਦੇ ਤਾਰ ਹਿਲਣੇ ਸ਼ੁਰੂ ਹੋ ਗਏ। ਏਸ ਮਾਮਲੇ ਵਿ ਮੈਂ ਇਕ ਰੁਖਾ ਜਿਹਾ ਮਕੈਨਕੀ ਮਨੁੱਖ ਹਾਂ ਇਸ ਲਈ ਕਈ ਵਾਰ ਜਦੋਂ ਸਾਥੀ ਪ੍ਰੀਤਮ ਸਿੰਘ ਕਵੀ ਗਲ ਕਰਦੇ ਸਨ ਤਾਂ ਦਿਲੋਂ ਖਿਝ ਵੀ ਜਾਂਦਾ ਸੀ ਕਿ ਕਵੀ ਹੈ ਇਕ ਕਮਿਊ-ਨਿਸਟ ਤੇ ਗਲਾਂ ਕਰਦਾ ਹੈ ਗੁਰੂਆਂ ਦੀ ਗੁਰਆਈ ਦੀਆਂ। ਪਰ ਅਚਣਚੇਤ ਇਕ ਵਾਰੀ ਜਲੰਧਰ ਬਸਤੀ ਗੁਜ਼ਾਂ ਖਾਂ ਵਿਖੇ ਨਾਮਧਾਰੀ ਜਗਦੀਸ਼ ਹੋਰਾਂ ਵਲੋਂ ਪਰਬੰਧ ਕੀਤੀ ਗਈ ਸੰਗੀਤ ਮਹਿਫਲ ਵਿਚ ਮਹਾਰਾਜ ਨਾਲ ਮੁਲਾਕਾਤ ਹੋ ਗਈ। ਜਿਸ ਪਿਆਰ ਨਿੱਘ ਤੇ ਨੇੜਤਾ ਨਾਲ ਉਹ ਮਿਲੇ ਉਸ ਨੇ ਮੇਰੇ ਮਨ ਤੇ ਇਹ ਡੂਘਾ ਅਸਰ ਛਡਿਆ ਕਿ ਇਹ ਮਨੁੱਖ ਵਾਕਈ ਮਹਾਨ ਹੈ। ਕੋਈ ਵਖਰਾ ਪਣ ਨਹੀਂ। ਹਰ ਇਕ ਨਾਲ ਨੇੜਿਓਂ ਤਾਲ ਮੇਲ ਇਹਨਾਂ ਦੀ ਆਦਤ ਹੈ। ਗਊ ਰਖਿਆ ਗਊ ਪਾਲਣ ਦੇ ਨਾਲ ਨਾਲ ਮਨੁੱਖ ਜਾਤੀ ਲਈ ਜੰਗ ਰਹਿਤ ਦੁਨੀਆਂ ਦਾ ਸੁਪਨਾ ਵੀ ਇਹਨਾਂ ਦਾ ਬਹੁਤ ਪਿਆਰਾ ਆਦਰਸ਼ ਹੈ ਜਿਸ ਵਿਚ ਸਮੇਂ ਸਮੇਂ ਆਪਣਾ ਹਿਸਾ ਪਾ ਕੇ ਰਹਿੰਦੇ ਹਨ। ਇਸ ਦੇ ਨਾਲ ਹੀ ਸੰਗੀਤ ਦੇ ਕੇਵਲ ਬਹੁਤ ਰਖੀਏ ਹੀ ਨਹੀਂ ਮੇਰੇ ਖਿਆਲ ਵਿਚ ਚੰਗੇ ਜਾਣੂ ਵੀ ਹਨ ਤੇ ਇਹਨਾਂ ਦਾ ਇਹ ਸ਼ੌਕ ਇਸ਼ਕ ਦੀ ਹਦ ਤੱਕ ਹੈ ਜਿਸ ਦਾ ਸਬੂਤ ਇਸ ਤੋਂ ਮਿਲਦਾ ਹੈ ਕਿ ਕਿਨੇ ਹੀ ਬੱਚੇ ਸਰੋਦ, ਸਿਤਾਰ ਤਬਲਾ, ਸ਼ਹਨਾ ਅਤੇ ਸੰਤੂਰ ਬੰਸਰੀ ਆਦਿਕ ਦੀ ਸਿਖਿਆ ਲੈਣ ਲਈ, ਵੱਡੇ ਵੱਡੇ ਉਸਤਾਦਾਂ ਜਿਹਾ ਕਿ ਉਸਤਾਦ ਵਲੈਤ ਖਾਂ, ਉਸਤਾਦ ਅਮਜਦ ਅਲੀ, ਪੰਡਤ ਕ੍ਰਿਸ਼ਨ ਮਹਾਰਾਜ, ਪੰ: ਸਾਮਤਾ ਪ੍ਰਸਾਦਿ, ਪੰ: ਪਰੇਮ ਵਲਭ, ਸ਼ਿਵ ਕੁਮਾਰ ਸ਼ਰਮਾ, ਹਰੀ ਪ੍ਰਸਾਦਿ ਚੌਰਸੀਆ। ਹੋਰਾਂ ਕੋਲ ਘਲੇ ਹੋਏ ਹਨ ਜਿਨ੍ਹਾਂ ਦੀ ਹਰ ਤਰ੍ਹਾਂ ਦੀ ਮਦਦ ਵੀ ਕਰਦੇ ਹਨ। ਇਸ ਸਬੰਧ ਵਿਚ ਮੈਂ ਸਮਝਦਾ ਹਾਂ ਕਿ ਇਹ ਸੰਗੀਤ ਕਲਾ ਰਾਹੀਂ ਪੰਜਾਬ ਤੇ ਪੰਜਾਬੀਆਂ ਦੀ ਬੜੀ ਵੱਡੀ ਸੇਵਾ ਹੈ।

★



Namdhari Elibrary NamdhariElibrary@gmail.com

# ਗਰੀਬ ਨਿਵਾਜ਼

ਮਾਸਟਰ ਨਿਹਾਲ ਸਿੰਘ

ਮੁਸ਼ਤੇ ਖਾਕ ਦਰਗਾਹੇ ਊ ਕੀਮੀਆ ਗਰ ਮੇ ਕੁੰਨਦ ।
ਹਰ ਗਦਾ ਰਾ ਬਾਦਸ਼ਾਹੇ ਹਫਤਕਿਸ਼ਵਰ ਮੇ ਕੁੰਨਦ ।

★ ★ ★

ਮੁੱਠੀ ਖਾਕ ਉਨ੍ਹਾਂ ਦੇ ਦਰਦੀ, ਕੁਰਤ ਰਸੈਣੀ ਕਰਦੀ ।
ਸਭ ਕੰਗਲਾਂ ਸ਼ਾਹ ਬਣਾਵੇਂ, ਸੱਤ ਵਲਾਇਤ ਬਰਦੀ ।

ਇਸ਼ਕ ਦੀ ਦੁਨੀਆਂ ਬਿਲਕੁਲ ਵੱਖਰੀ ਏ। ਨਦੀ ਸਾਗਰ ਵਲ ਦੌੜਦੀ ਏ, ਪਰ ਪਿਆਰ ਦੀ ਦੁਨੀਆਂ ਵਿਚ ਸਾਗਰ ਨਦੀ ਵਲ ਦੌੜਦਾ ਏ। ਪਤੰਗਾ ਸ਼ਮਾਂ ਤੇ ਕੁਰਬਾਨ ਹੁੰਦਾ ਏ, ਮਗਰ ਇਥੇ ਸ਼ਮਾਂ ਪਤੰਗੇ ਤੋਂ ਕੁਰਬਾਨ ਹੁੰਦੀ ਏ। ਫਨੀਅਰ ਬੀਨ ਦੀ ਆਵਾਜ਼ ਤੇ ਮਤਵਾਲਾ ਹੁੰਦਾ ਹੈ, ਪਰ ਸੰਸਾਰ ਨੂੰ ਚਲਾਉਣ ਵਾਲੀ ਧੁਨੀ ਸ਼ੇਸ਼ਨਾਗ ਦੁਆਲੇ ਪ੍ਰਕਰਮਾਂ ਕਰਦੀ ਏ। ਤਿਵੇਂ ਸਤਿਗੁਰੂ ਪ੍ਰਤਾਪ ਸਿੰਘ ਜੀ ਦੀ ਜਗਮਗ ਜੋਤ ਪਿਆਰੇ ਨੂੰ ਪਾਕਿਸਤਾਨ ਦੀਆਂ ਹੱਦਾਂ ਟੱਪ, ਸੰਤ ਗੁਲਜ਼ਾਰ ਸਿੰਘ ਤੇ ਪੰਡਿਤ ਗੋਪਾਲ ਸਿੰਘ ਨਾਲ ਝਿਮ ਝਿਮ ਕਰਦੀਆਂ ਅੱਖਾਂ ਨੂੰ ਠਾਰਨ ਵਾਸਤੇ ੧੯ ਸਤੰਬਰ ੧੯੬੧ ਨੂੰ ਲਾਹੌਰ ਗਏ। ਪਾਕਿਸਤਾਨੀ ਫੌਜੀਆਂ ਬੜੇ ਸਤਿਕਾਰ ਨਾਲ ਜੀ ਆਇਆਂ ਆਖਿਆ ॥

ਸ਼ੇਰ ਮੁਹੰਮਦ ਪਹਿਲਾਂ ਹੀ ਬਾਰਡਰ ਤੇ ਖੜਾ ਅੱਖਾਂ ਰਾਹ ਤੇ ਵਛਾਈ ਬੈਠਾ ਸੀ। ਜਦ ਉਸ ਨੇ ਚਿੱਟੀ ਝੰਡੀ ਵਾਲੀ ਕਾਰ ਵੇਖੀ ਤਾਂ, ਉਸਨੂੰ ਲਾਲੀਆਂ ਚੜ੍ਹ ਗਈਆਂ। ਚਰਨ ਛੁਹੇ ਤੇ ਮੁੜ ਪ੍ਰੇਮ ਨਾਲ ਗਲ ਵਿਚ ਫੁਲਾਂ ਦੇ ਹਾਰ ਪਾਏ। ਹੁਣ ਉਹ ਗੱਡੀ ਤੇ ਸਵਾਰ ਹੋ ਅਗੇ ਹੋ ਟੁਰਿਆਂ ਤੇ ਸ੍ਰ: ਗੁਰਦੇਵ ਸਿੰਘ ਨੇ ਗੱਡੀ ਨੂੰ ਉਸ ਦੇ ਮਗਰ ਲਾ ਦਿੱਤਾ। ਗੱਡੀ ਐਸ ਪੀ. ਦੇ ਦਫਤਰ ਅਗੇ ਜਾ ਪੁੱਜੀ। ਹਾਜ਼ਰੀ ਬਣਵਾਈ ਉਥੇ ਹੀ ਮਰਦਾਨ ਦਾ ਪਟਵਾਰੀ ਰਾਮ ਚੰਦ ਵੀ ਮਿਲਿਆ। ਜਦ ਪਟਵਾਰੀ ਨੇ ਸਤਿਗੁਰਾਂ ਦੇ ਦਰਸ਼ਨ ਕੀਤੇ ਤਾਂ ਉਹ ਖੁਸ਼ੀਆਂ ਵਿਚ ਫੁਲ ਨ ਸਮਾਏ। ਉਹ ਇਤਨਾ ਪ੍ਰਸੰਨ ਸੀ, ਜਿਵੇਂ ਉਸਨੂੰ ਸੱਤਾਂ ਵਲੈਤਾਂ ਦੀ ਬਾਦਸ਼ਾਹੀ ਮਿਲ ਗਈ ਹੋਵੇ। ਉਥੋਂ ਸਿਧੇ ਲਾਹੌਰੀ ਦਰਵਾਜ਼ੇ ਗਏ ਜਿਥੇ ਮੀਆਂ ਫਜ਼ਲ ਦੇ ਸਪੁੱਤਰ ਦਾ ਘਰ ਸੀ।

ਜਦ ਗੱਡੀਆਂ ਦੇ ਹਾਰਨ ਤੇ ਰੁਕਣ ਦੀ ਆਵਾਜ਼ ਆਈ ਤਾਂ ਬੱਚਿਆਂ ਨੇ ਬਾਹਰ ਝਾਕਿਆ। ਜਦ ਆਪਣੇ ਸਾਹਮਣੇ ਸਿਧੀਆਂ ਤੇ ਚਿੱਟੀਆਂ ਪੱਗਾਂ ਵਾਲੇ ਵੇਖੇ ਤਾਂ ਚਿਹਰੇ ਖਿੜ੍ਹ ਪਏ ਲਾਲੀਆਂ ਚੜ੍ਹ ਗਈਆਂ। ਗੱਲਾਂ ਬਾਤਾਂ ਦੀ ਆਵਾਜ਼ ਮੀਆਂ ਫਜ਼ਲ ਨੇ ਵੀ ਸੁਣ ਲਈ। ਭਾਵੇਂ ਅੱਖਾਂ ਵਿਚ ਜੋਤਿ ਨਹੀਂ ਸੀ, ਮਗਰ ਅੰਦਰਲੇ ਨੇਤਰ ਪੂਰੇ ਜੋਬਨ ਨਾਲ ਲਟ ਲਟ ਰੌਸ਼ਨ ਸਨ। ਦਿਲ ਰਾ ਦਿਲ ਰਾਹ ਅਸਰ। ਦਿਲਾਂ ਨਾਲ ਦਿਲਾ ਦੀ ਭਿਆਲੀ। ਮੀਆਂ ਸਮਝ ਗਿਆ ਕਿ ਮੇਰਾ ਮਹਿਬੂਬ ਆ ਗਿਆ ਏ; ਮੇਰਾ ਮਹਿਰਮ ਆ ਪੁੱਜਾ ਹੈ; ਮੇਰੇ ਦਿਲਦਾਰ ਦੀਦਾਰੇ ਆ ਬਖਸ਼ੇ ਨੇ; ਮੇਰੀਆਂ ਪੀੜ੍ਹਾਂ-ਹਰਨ ਆ ਪਹੁੰਚਾ ਏ; ਮੇਰੇ ਤੇ ਤਰਸ ਖਾਕੇ ਹੱਦਾਂ ਚੀਰ ਬਰੂਹਾਂ ਲੰਘ ਅੰਦਰ ਆ ਬੈਠਾ ਏ। ਉਪਰ ਹੀ ਦੀਵਾਨਾ ਹੋ ਗਿਆ ਤੇ ਕੂਕਣ ਲਗ ਪਇਆ। "ਲੁਕਾ ਈਏ ! ਲੱਖ ਲੱਖ ਮੁਬਾਰਕਾਂ, ਅੱਜ ਮੇਰੇ ਵਿਹੜੇ ਮੇਰਾ ਜਾਨੀ ਆਇਆ ਏ; ਮੇਰਾ ਯਾਰ ਆਇਆ ਏ, ਮੇਰਾ ਮਾਹੀ ਆਇਆ ਏ; ਸੂਰਜ ਚੰਨ ਤਾਰਿਓ ਅਰਸ਼ੋ ਫਰਸ਼ੋ ! ਸਭ ਨੂੰ ਲਖ ਲਖ ਵਧਾਈਆ।" ਮੀਆਂ ਇਹ ਕਹਿੰਦਾ ਕਹਿੰਦਾ ਸਤਿਗੁਰਾਂ ਪਾਸ ਆਇਆ। ਸ਼ੇਰੇ ਨੇ ਬਾਹੋਂ ਫੜ੍ਹਕੇ ਕੁਰਸੀ ਦੇ ਲਾਗੇ ਬਿਠਾ ਦਿੱਤਾ ਤੇ ਮੀਆਂ ਦਾ ਮੱਥਾਂ ਜਾਦਿਆਂ ਚਰਨਾਂ ਤੇ ਜਾ ਟਿਕਿਆ ਅੱਖਾਂ ਦਾ ਜਲ ਨਦੀਆਂ ਬਣ ਵਹਿ ਟੁਰਿਆ। ਪਤਾ ਨਹੀਂ ਹਾਉਕੇ ਭਰਦਾ ਚਰਨਾਂ ਤੇ ਲਿਪਟਿਆ ਰਹਿਆ। ਇਹ ਵੇਖ ਮੀਏ ਦਾ ਪ੍ਰਵਾਰ ਸਭ ਸ਼ਾਂਤ: ਪੁੱਤਰ ਪੋਤਰੀਆਂ ਸਭ ਹੈਰਾਨ ਚਿੜੀਆਂ ਘੁਗੀਆਂ ਸਭ ਵੈਰਾਗੀ; ਆਸ਼ਿਕ ਤੇ ਮਾਸ਼ੂਕ ਦੀ ਮਿਲਣੀ ਤਕ ਸੂਰਜ ਵੀ ਚਲਦਾ ਚਲਦਾ ਰੁਕ ਗਿਆ।



Namdhari Elibrary NamdhariElibrary@gmail com



ਸ: ਗੁਰਬਖਸ਼ ਸਿੰਘ ਪ੍ਰੀਤ ਲੜੀ ਦਾ ਸਤਿਗੁਰੂ ਜੀ ਨਾਲ ਬਹੁਤ ਸਨੇਹ ਸੀ। ਇਸ ਵਿਸ਼ੇਸ਼ ਅੰਕ ਵਾਸਤੇ ਸਰਦਾਰ ਜੀ ਨੇ ਲਿਖਿਆ ਸੀ ਕਿ ਉਹ ਚੰਡੀਗੜ੍ਹ ਤੋਂ ਵਾਪਸ ਆ ਕੇ ਲਿਖਣਗੇ ਪਰ ਹੋਣੀ ਨੂੰ ਕੁਝ ਹੋਰ ਹੀ ਮਨਜ਼ੂਰ ਸੀ।

ਸਰਦਾਰ ਜੀ ਦੀ ਪ੍ਰਣ ਪੁਸਤਕ ਜੋ ਉਹ ਰੋਜ਼ ਆਪਣੀ ਹਥੀਂ ਲਿਖਦੇ ਸਨ, ਵਿਚ ਅੰਤਮ ਅੰਦਰਾਜ 18 ਜੁਲਾਈ 1977 ਦਾ ਹੈ ਜਿਸ ਵਿਚ ਉਹਨਾ ਵਲੋਂ ਸਤਿਗੁਰੂ ਜਗਜੀਤ ਸਿੰਘ ਬਾਰੇ ਪ੍ਰੇਮ ਤੇ ਆਸਥਾ ਡੁਲ੍ਹ ਡੁਲ੍ਹ ਪੈਂਦੀ ਹੈ। ਇਸ ਵਿਚ ਨੀਂਦ ਬਿਨ ਗੋਲੀ, ਸੈਰ ਗੁਸਲ, ਵਰਜ਼ਸ਼, ਤਬੀਅਤ ਆਦਿਕ ਦਾ ਜ਼ਿਕਰ ਕਰਕੇ ਅਗੇ ਲਿਖਿਆ ਹੈ।

"ਸਤਿਗੁਰੂ ਆਉਣ ਰਹਿ ਆਵੇ ਚੰਡੀਗੜ੍ਹ ਦਾ ਕੰਮ ਬਣਾ ਦਿਓ, ਭੁਖ ਮੁੜ ਦਿਓ - ਥਕਾਵਟ ਨਾ ਹੋਵੇ, ਖੇੜਾ ਆਵੇ, ਬਖਸ਼ਸ਼ ਹੋਵੇ, ਸੰਦੇਸ਼ ਆਵੇ, ਮੱਝ ਬਾਰੇ ਚਿੰਤਾ ਜਾਵੇ—ਤੂੰ ਮੇਰਾ ਰਾਖਾ 1977-1995 ਤ੍ਰਿੰਗਰਫ ਤਾਜ਼ਗੀ।"

ਉਪਰਲੀ ਤਸਵੀਰ ਵਿਚ ਸ: ਪ੍ਰੀਤਮ ਸਿੰਘ ਨਵਯੁਗ ਪ੍ਰੈਸ, ਸ: ਪ੍ਰੀਤਮ ਸਿੰਘ ਕਵੀ, ਸਤਿਗੁਰੂ ਜਗਜੀਤ ਸਿੰਘ ਜੀ, ਮਹਾਰਾਜ ਬੀਰ ਸਿੰਘ ਜੀ, ਸ: ਗੁਰਬਖਸ਼ ਸਿੰਘ ਤੇ ਨਵਤੇਜ ਸਿੰਘ ਨਜ਼ਰ ਆ ਰਹੇ ਹਨ।

ਵਰਿਆਮ

ਅਮਨ ਕਾਨਫਰੰਸ ਦਿਲੀ ਹੋਲਾ ਮਹੱਲਾ 1966 ਖਬਿਓਂ ਸਜੇ : ਸੰਤ ਰਤਨ ਸਿੰਘ ਸੰਸਾਰ ਅਮਨ ਕੌਂਸਲ ਦੀ ਪਰਧਾਨ ਮੈਡਮ ਈਸਾਬਲ ਬਲੂਮ, ਮਹਾਰਾਜ ਬੀਰ ਸਿੰਘ, ਸਤਿਗੁਰੂ ਜਗਜੀਤ ਸਿੰਘ ਤੇ ਰਮੇਸ਼ ਚੰਦਰ ਅਜ ਕਲ ਸੰਸਾਰ ਅਮਨ ਕੌਂਸਲ ਦੇ ਸੈਕਟਰੀ ਜਨਰਲ ।





ਦਰਬਾਰ ਸਾਹਿਬ ਕਾਰ ਸੇਵਾ ਸਮੇਂ ਤੇਜਾ ਸਿੰਘ ਸਮੁੰਦਰੀ ਹਾਲ ਵਿਚ ਸਤਿਗੁਰੂ ਜੀ ਦਾ ਸ਼੍ਰੋਮਣੀ ਕਮੇਟੀ ਵਲੋਂ ਸੁਆਗਤ : ਸਤਿਗੁਰੂ ਜੀ ਨਾਲ ਸ: ਗੁਰਚਰਨ ਸਿੰਘ ਟੌਹੜਾ ਪਰਧਾਨ, ਗਿ: ਮਹਿੰਦਰ ਸਿੰਘ ਸਕਤਰ, ਸੇਠ ਤ੍ਰਲੋਕ ਸਿੰਘ ਅਤੇ ਹੋਰ ਸਾਧ ਸੰਗਤ ।

ਕਾਰ ਸੇਵਾ ਦੇ ਆਰੰਭ ਸਮੇਂ ਸਤਿਗੁਰੂ ਜੀ ਨਾਲ ਸੇਠ ਤ੍ਰਲੋਕ ਸਿੰਘ, ਗਿਆਨੀ ਮਹਿੰਦਰ ਸਿੰਘ, ਸ: ਢਿਲੋਂ ਅਤੇ ਸਿੰਘ ਸਭਾ ਸ਼ਤਾਬਦੀ ਕਮੇਟੀ ਦੇ ਜਨਰਲ ਸਕਤਰ ਗਿਆਨੀ ਗੁਰਦਿਤ ਸਿੰਘ ।



Namdhari Elibrary NamdhariElibrary@gmail com



ਬਚਿਆਂ ਨਾਲ ਪਿਆਰ : ਬਚੇ ਸਤਿਗੁਰੂ ਜੀ ਨੂੰ ਬਹੁਤ ਪਿਆਰੇ ਹਨ ਅਤੇ ਇਸੇ ਕਰਕੇ ਹੀ ਵਿਸ਼ੇਸ਼ ਕਿਰਪਾ ਦੇ ਪਾਤਰ। ਆਪ ਹਰ ਕੰਮ ਬਚਿਆਂ ਤੋਂ ਸ਼ੁਰੂ ਕਰਕੇ ਖੁਸ਼ੀ ਪ੍ਰਾਪਤ ਕਰਦੇ ਹਨ। ਤਸਵੀਰ ਵਿਚਲੇ ਬਚੇ ਹਨ, ਠਾਕਰ ਦਲੀਪ ਸਿੰਘ (ਖੜੇ) ਤੇ ਠਾਕਰ ਉਦੇ ਸਿੰਘ



ਕਾਰ ਸੇਵਾ : ਸੰਨ 1973 ਵਿਚ ਸ੍ਰੀ ਦਰਬਾਰ ਸਾਹਿਬ ਅਮ੍ਰਿਤਸਰ ਦੀ ਕਾਰ ਸੇਵਾ ਦੇ ਦੂਜੇ ਚਰਨ ਦਾ ਆਰੰਭ ਆਪ ਨੇ ਕੀਤਾ, ਇਸ ਸਮੇਂ ਆਪ ਪੰਜ ਹਜ਼ਾਰ ਨਾਮਧਾਰੀਆਂ ਨਾਲ ਜਾ ਕੇ ਕਾਰ ਸੇਵਾ ਵਿਚ ਸ਼ਾਮਲ ਹੋਏ— ਖਬਿਓਂ : ਸ: ਗੁਰਦਿਆਲ ਸਿੰਘ ਸਪੀਕਰ ਲੋਕ ਸਭਾ, ਗਿਆਨੀ ਮਹਿੰਦਰ ਸਿੰਘ ਸਕਤਰ ਸ਼੍ਰੋਮਣੀ ਕਮੇਟੀ, ਸਤਿਗੁਰੂ ਜੀ ਤੇ ਸੰਤ ਗੁਰਭਜਨ ਸਿੰਘ ਨਾਮਧਾਰੀ

Namdhari Elibrary NamdhariElibrary@gmail com



ਭਾਰਤ ਸਰਕਾਰ ਦੇ ਗੀਤ ਨਾਟ ਵਿਭਾਗ ਦੇ ਸਾਬਕਾ ਡਾਇਰੈਕਟਰ ਕਰਨਲ ਹੇਮ ਚੰਦਰ ਗੁਪਤੇ ਨਾਲ :

ਸਤਿਗੁਰੂ ਜਗਜੀਤ ਸਿੰਘ ਜੀ, ਮਹਾਰਾਜ ਬੀਰ ਸਿੰਘ ਜੀ, ਖਬੇ ਪਾਸੇ ਜਗਦੀਸ਼ ਸਿੰਘ ਸੰਪਾਦਕ

ਵਰਿਆਮ ਅਤੇ ਧੁਰ ਸਜੇ ਗੁਰਭਜਨ ਸਿੰਘ ਨਾਮਧਾਰੀ

ਕਰਨਲ ਗੁਪਤੇ ਦੇ ਨਿਰਦੇਸ਼ਨ ਹੇਠ ਧੁਨੀ ਪ੍ਰਕਾਸ਼ (light & sound) ਡਰਾਮਾ "ਬਢ੍ਹਤੇ ਕਦਮ" ਜਲੰਧਰ ਦੇ ਬਰਟਨ ਪਾਰਕ ਵਿਚ ਖੇਡਿਆ ਗਿਆ ਸੀ ਜਿਸ ਵਿਚ ਮਾਲੇਰਕੋਟਲੇ ਦੇ ਸਾਕੇ ਬਾਰੇ ਰੋਹ ਭਰੇ ਦ੍ਰਿਸ਼ ਸਨ ਇਨ੍ਹਾਂ ਨੂੰ ਜਨਤਾ ਨੇ ਬਹੁਤ ਸਲਾਹਿਆ ਸੀ ।

**ਵਰਿਆਮ**

Namdhari Elibrary NamdhariElibrary@gmail.com

ਸਤਿਗੁਰੂ ਜੀ ਮਿਹਰ ਭਰਿਆ ਹੱਥ ਮੀਏ ਫਜ਼ਲ ਦੀ ਕੰਢ ਤੇ ਰਖਿਆ ਤਾਂ ਮੀਏਂ ਜੀ ਦੀ ਸੁਰਤ ਹੇਠਾਂ ਉਤਰੀ। ਬੀਤੀਆਂ ਯਾਦਾਂ ਇਕ ਦਮ ਫਿਲਮ ਵਾਂਗੂ ਦਿਲ ਉਤੋਂ ਲੰਘ ਗਈਆਂ। ਮੀਆਂ ਆਪ ਮੁਹਾਰਾ ਸ੍ਰੀ ਭੈਣੀ ਸਾਹਿਬ, ਮਾਤਾ ਜੀਵਨ ਕੌਰ, ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਸੁਹਲੇ ਗਾਉਂਦਾ ਚਲਾ ਗਇਆ ਤੇ ਸਤਿਗੁਰੂ ਜਗਜੀਤ ਸਿੰਘ ਜੀ ਦੀ ਖੁਸ਼ੀਆਂ ਨਾਲ ਉਸਦੇ ਦਿਲ ਦੀਆਂ ਬਾਦਸ਼ਾਹੀਆਂ ਦੀਆਂ ਹੱਦਾਂ ਲੰਮੇਰੀਆਂ ਤੇ ਚੌਰੇਡੀਆਂ ਕਰਦੇ ਗਏ। ਸਰੋਤਾ ਗਣ ਜਿਉਂ ਜਿਉਂ ਸੁਣਦੇ ਗਏ, ਉਨ੍ਹਾਂ ਦੇ ਮਨ ਮੌਲਦੇ ਗਏ। ਪਾਸ ਬੈਠੇ ਪੰਡਿਤ ਗੋਪਾਲ ਸਿੰਘ ਜੀ ਪੁਛਿਆ, "ਮੀਆਂ ਸਾਹਿਬ ! ਇਹ ਮਿਹਰਾਂ ਕਿਵੇਂ ਹੋਈਆਂ ?" ਕਿਵੇਂ ਦਾ ਜਵਾਬ ਮੈਨੂੰ ਨਹੀਂ ਆਉਂਦਾ। ਮੈਂ ਤਾਂ ਇਨ੍ਹਾਂ ਜਾਣਦਾ ਹਾਂ, ਕਿ ਸਤਿਗੁਰੂ ਪ੍ਰਤਾਪ ਸਿੰਘ ਜੀ ਆਪ ਰਹਿਮਤਾਂ ਦੇ ਸਾਗਰ ਸਨ। ਉਸ ਮਿਹਰ ਸਾਗਰ ਤੋਂ ਮਿਹਰ ਦੀਆਂ ਗੱਲਾਂ ਹਰ ਵੇਲੇ ਉਡਦੀਆਂ ਰਹਿੰਦੀਆਂ ਸਨ;ਆਪਣੇ ਆਲੇ-ਦੁਆਲੇ ਨੂੰ ਲਬਾ ਲਬ ਭਰਪੂਰ ਰਖਦੀਆਂ ਸਨ। ਕੋਈ ਟੋਆ ਟਿੱਬਾ ਅਭਾਗਾ ਨਹੀਂ ਸੀ ਰਹਿੰਦਾ। ਸਭਨਾਂ ਨੂੰ ਸਰ ਸ਼ਾਰ ਕਰੀ ਜਾਂਦੇ ਸਨ ਪੰਡਿਤ ਜੀ ਮਹਾਰਾਜ ! ਉਨ੍ਹਾਂ ਦੇ ਇਕ ਝਲਕਾਰੇ ਨੇ ਮੇਰੀ ਕਖਾਂ ਦੀ ਕੁਲੀ ਨੂੰ ਲੱਟ ਲੱਟ ਨੂਰੋ ਨੂਰ ਕਰ ਦਿੱਤਾ। ਮੇਰੇ ਵਰਗੇ ਨਾਪਾਕ, ਸੂਹਦੇ ਤੇ ਹਕੀਰ ਨੂੰ ਮੋਮਨ ਬਣਾ ਦਿੱਤਾ। ਮੇਰੇ ਤੇ ਬਖਸਸ਼ ਪਲਾਂ ਵਿਚ ਹੋ ਗਈ। ਮੈਂ ਕਰਦਾ ਤਾਂ ਇਹ ਸਾਂ, ਕਿ ਕੇਵਲ ਤਾਊਸਾਂ ਨੂੰ ਤਾਰਾਂ ਪਾਣੀਆਂ ਤੇ ਸਾਜ਼ਾਂ ਦੀ ਗੰਢ ਤਰੁਪ ਕੇ ਬਸ। ਇਹ ਵੀ ਕੋਈ ਸੇਵਾ ਸੀ ? ਮਜ਼ੂਰੀ ਨਾਲੋਂ ਵਧ ਖਾ ਜਾਂਦਾ ਸਾਂ, ਮਗਰ ਇਕ ਮਿਹਰ ਨਜ਼ਰ ਨੇ ਇਤਨੀ ਵੱਡੀ ਬਖਸ਼ਸ਼ ਇਤਨਾਂ ਵੱਡਾ ਕਰਮ; ਇਤਨੀ ਵੱਡੀ ਰਹਿਮਤ, ਕੱਖ ਨੂੰ ਹੁਮਾ ਦਾ ਪਰ ਬਣਾ ਦਿੱਤਾ। ਲਓ ਪੰਡਿਤ ਜੀ ਸੁਣੋ। ਇਕ ਦਿਨ ਰਤਨ ਸਿੰਘ ਸਤਿਗੁਰਾਂ ਦੇ ਚਰਨ ਧੁਆ ਰਹਿਆ ਸੀ। ਚਰਨ ਧੋਤੇ ਗਏ। ਰਤਨ ਪਰਨੇ ਨਾਲ ਚਰਨਾਂ ਨੂੰ ਪੂੰਜਣ ਲਗਾ। ਮੈਂ ਕੋਲ ਬੈਠਾ ਸਾਂ। ਖਿਆਲ ਆਇਆ ਆਬੇ-ਹਯਾਤ ਦਾ ਚਸ਼ਮਾ ਵਹਿ ਰਹਿਆ ਹੈ, ਕਿਉਂ ਨਾ ਮੈਂ ਵੀ ਇਕ ਘੁਟ ਲੈ ਲਵਾਂ। ਅਗਾਂਹ ਹੱਥ ਵਧਾਏ। ਚਰਨਾਂ ਨਾਲੋਂ ਇਕ ਟੇਪਾ ਡਿਗਦਾ ਡਿਗਦਾ ਮੇਰੇ ਹੱਥਾਂ ਤੇ ਆ ਡਿਗਾ। ਮੈਂ ਉਹੀ ਅੰਦਰ ਲੰਘਾ ਗਿਆ। ਬਸ ਸਰੂਰ ਆ ਗਿਆ। ਰੰਗ ਚੜ੍ਹ ਗਿਆ ਕਪਾਟ ਖੁਲ ਗਏ। ਜਲਵਾ ਦਿਸ ਪਇਆ।" ਇਹ ਕਹਿੰਦਾ ਕਹਿੰਦਾ ਮੀਆਂ ਫਜ਼ਲ ਸਜਦੇ ਚਲਾ ਗਇਆ ਤੇ ਮੁੜ ਹੰਝੂਆਂ ਦੀ ਝੜੀ ਲਾ ਦਿੱਤੀ। ਤੇ ਸਿਸਕੀਆਂ ਲੈਂਦਿਆਂ ਮੁੜ ਰਾਮ ਕਹਾਣੀ ਸ਼ੁਰੂ ਕਰ ਦਿੱਤੀ। ਦੇਸ਼ ਦੀ ਵੰਡ ਹੋ ਗਈ। ਮੈਨੂੰ ਪ੍ਰਵਾਰ ਸਮੇਤ ਇਥੇ ਆਉਣਾ ਪਇਆ। ਮਗਰ ਮੇਰਾ ਮਨ ਭੈਣੀ ਸਾਹਿਬ ਰਹਿ ਗਿਆ। ਉਸਨੂੰ ਨਾ ਕੋਈ ਗੱਡੀ ਨਾ ਕੋਈ ਮੋਟਰ ਲਾਰੀ ਇਥੇ ਲਿਆ ਸਕੀ। ਇਕ ਦਿਨ ਰੇਡੀਓ ਤੇ ਸੁਣਿਆਂ ਸ੍ਰੀ ਭੈਣੀ ਸਾਹਿਬ ਦਾ ਸੂਰਜ ਡੁਬ ਗਿਆ ਤੇ ਬੇਅੰਤ ਗੁਰੂ ਜਲਵਾ ਫਰੋਸ਼ ਹੋਏ ਹਨ ਸੁਰਤ ਬਿਹਬਲ ਹੋ ਉਠੀ। ਕੋਈ ਮੁਬਾਰਕ ਸਾਇਤ ਆਵੇਗੀ ਕਿ ਬੇਅੰਤ ਪਾਤਸ਼ਾਹ ਦੇ ਦਰਸ਼ਨ ਨਸੀਬ ਹੋਣਗੇ। ਦਿਲ ਦੀ ਬੇ-ਕਾਰੀ ਨੂੰ ਹਰਫਾਂ ਵਿਚ ਪ੍ਰੋਤਾ ਤੇ ਡਾਕ ਵਿਚ ਪਾ ਦਿਤਾ। ਦੀਵਾਨਗੀ ਵਿਚ ਏਲਚੀ-ਪੱਤਰ ਨੂੰ ਇਹ ਇਲਤਜਾ ਕਰਨ ਦੀ ਪੱਕੀ ਕੀਤੀ—

ਪਰੇਸ਼ਾਨੀਆਂ ਮੇਰੀ ਨਾ ਉਨ ਸੇ ਕਹਿਣਾ
ਸੁਨੇਂਗੇ ਵਹ ਭੀ ਤੋਂ ਪਰੇਸ਼ਾਨ ਹੋਂਗੇ।

ਕਦੇ ਕਦੇ ਦਿਲ ਡਕੋ ਡੋਲੇ ਖਾਣ ਲਗ ਪੈਂਦਾ ਸੀ ਮਨ ਈ ਮਾਨ ਦੀਆਂ ਸੋਚਦਾ ਸੀ, "ਮੈਂ ਗਰੀਬ; ਮੈਂ ਕੰਗਾਲ; ਮੈਂ ਅਦਨਾ ਮੈਂ ਨਾਚੀਜ਼; ਰਾਜਨੀਤਕ ਪੰਡਤਾਂ ਦੀ ਗਲਤ ਸੋਚ ਨੂੰ ਪਾੜੇ ਪਾ ਦਿਤੇ, ਹੁਣ ਦਰਸ਼ਨ ਕਿਵੇਂ ? ਜੰਨਤ ਵਿਚ ਰਹਿਮਤਾਂ ਹੋ ਜਾਣ ਤਾਂ ਵੀ ਖੁਸ਼-ਕਿਸਮਤੀ ਮਗਰ ਅੱਜ ਧੰਨ ਭਾਗ ਹਨ। ਹਜ਼ੂਰ ਨੇ ਕਦਮ ਰੰਜਾ ਫਰਮਾਏ ਹਨ। ਆਪ ਨੇ ਤ ਭਗਵਾਨ ਰਾਮ ਦੀ ਯਾਦ ਤਾਜ਼ਾ ਕਰਾ ਦਿਤੀ ਜਿਸ ਨੇ ਭੀਲਣੀ ਨੂੰ ਨਵਾਜਿਆ ਸੀ; ਆਪ ਤਾਂ ਕ੍ਰਿਸ਼ਨ ਹੋ ਬਹੁੜੇ ਹੋ, ਜਿਹੜੇ ਰਾਜ ਮਹਿਲਾਂ ਨੂੰ ਛਡ ਬਿਦਰ ਦੀ ਕੁਟੀਆ ਨੂੰ ਭਾਗ ਲਾਏ ਸਨ; ਤੁਸੀ ਤਾਂ ਨਾਨਕ ਹੋ ਜਿਹੜੇ ਗਰੀਬ ਲਾਲੋ ਤਰਖਾਣ ਦੇ ਘਰ ਨੂੰ ਪਵਿੱਤਰ ਕੀਤਾ ਸੀ।" ਮੀਆਂ ਫਜ਼ਲ ਪ੍ਰੇਮ ਦੀਆਂ ਵੇਗਾਂ ਵਿਚ ਟੁੱਬੀਆਂ ਮਾਰਦਿਆਂ ਹੱਥ ਮੋਢੇ ਤੇ ਅਪੜ ਗਿਆ। ਮੋਢੇ ਤੇ ਹੱਥ ਫੇਰਦਿਆਂ ਮੂੰਹੋਂ ਆਖਿਆ ਇਹ ਹੈ (ਮੀਮ) ਹੱਥ ਕੂਹਨੀ ਤਕ ਪੁੱਜਾ ਤਾਂ ਆਵਾਜ਼ਾਂ ਨਿਕਲਿਆ ਇਹ (ਹੇ) ਤੇ ਕੂਹਨੀ ਤੋਂ ਚਲਕੇ ਗੁੱਟ ਆ ਗਿਆ ਤਾਂ ਉਚਾਰ ਹੋਇਆ ਇਹ ਵੀ ਹੈ (ਮੀਮ) ਪੰਜ ਨੂੰ ਮੋੜਦਿਆਂ ਲਬ ਕੁਸ਼ਾਈ ਕੀਤੀ ਇਹ ਹੈ (ਦਾਲ· (ਮੀਮ, ਹੇ, ਮੀਮ, ਦਾਲ) ਮਿਲਕੇ ਬਣ ਗਏ ਹਨ ਮੇਰੇ ਮੌਲਾ ਮੁਹੰਮਦ ਬਸ ਬਸ ਇਤਨਾਂ ਕਹਿ ਗਲਾ ਰੁਕ ਗਿਆ। ਚਰਨਾਂ ਨਾਲ ਲਿਪਟ ਗਿਆ। ਸ਼ੇਰ ਮੁਹੰਮਦ ਨੇ ਥਾਲ ਵਿਚ ਬਾਦਾਮ, ਸੌਗੀ, ਸੇਬ ਰਖ ਨਮਸਕਾਰ ਕੀਤੀ। ਗਰੀਬ ਨਵਾਜ਼ ਜੀ ਕੁਰਸੀ ਤੋਂ ਉਠੇ ਸਾਰਾ ਪ੍ਰਵਾਰ ਦਰਵਾਜ਼ੇ ਆਇਆ। ਸਭ ਨੇ ਹੱਥ ਜੋੜ ਸਲਾਮ ਕੀਤੀਆਂ।

ਸਤਿਗੁਰੂ ਜੀ ਮੁੜ ਗੱਡੀ ਵਿਚ ਬਹਿ ਗਏ। ਲਾਹੌਰ ਦੀਆਂ ਗਲੀਆਂ ਬਾਜ਼ਾਰਾਂ ਨੂੰ ਭਾਗ ਲਾਏ। ਮੁਜ਼ੰਗੀ ਗਏ ਜਿਥੇ ਭਾਈ ਨਸੀਰ, ਭਾਈ ਤਾਬਾ, ਭਾਈ ਸੁਹਣਾ ਤੇ ਸੰਦਲ ਰਹਿੰਦੇ ਸਨ। ਉਨ੍ਹਾਂ ਰਬਾਬੀਆਂ ਨੂੰ ੫੧-੫੧ ਰੁਪਏ ਤੇ ਗਰਮ ਚਾਦਰਾਂ ਦੇ ਸਰੋਪਾ ਬਖਸ਼ੇ। ਉਥੋਂ ਮੁੜੇ। ਵਾਪਸ ਹੱਦਾਂ ਪਾਰ ਕੀਤੀਆਂ ਤੇ ਰਾਤ ਬੁਹਾਰੇ ਜ਼ਿਲਾ ਜਲੰਧਰ ਦੀਆਂ ਸੰਗਤਾਂ ਦੇ ਮਨ ਹਰੇ ਕੀਤੇ।

★



Namdhari Elibrary NamdhariElibrary@gmail.com

# ਨਿਮਰਤਾ ਦੀ ਡਿਓੜੀ

— ਓਰਮਿਲਾ ਅਨੰਦ



ਉਰਮਿਲਾ ਅਨੰਦ, ਕਾਮਰੇਡ ਜਗਜੀਤ ਸਿੰਘ ਅਨੰਦ ਜੀ ਦੀ ਧਰਮ ਪਤਨੀ ਅਤੇ ਸ: ਗੁਰਬਖਸ਼ ਸਿੰਘ ਜੀ ਪ੍ਰੀਤ ਲੜੀ ਦੀ ਸਪੁਤਰੀ ਹਨ। ਬਚਪਨ ਤੋਂ ਹੀ ਇਹਨਾਂ ਨੂੰ ਸਤਿਗੁਰੂ ਪਰਿਵਾਰ ਨਾਲ ਸਨੇਹ ਰਿਹਾ ਹੈ। ਇਸਤਰੀ ਜਾਤੀ ਵਾਸਤੇ ਸੰਘਰਸ਼ਾਂ 'ਚ ਓਰਮਿਲਾ ਜੀ ਸਦਾ ਹੀ ਅਗੇ ਰਹੇ ਹਨ, ਨਿਜੀ ਯਾਦਾਂ ਦੇ ਅਧਾਰ ਤੇ ਇਹ ਲੇਖ ਅੰਕਿਤ ਕੀਤਾ ਹੈ।

— ਸੰਪਾਦਕ

ਨਾਮਧਾਰੀ ਪਰਵਾਰ ਨਾਲ ਜਦੋਂ ਤੋਂ ਹੋਸ਼ ਸੰਭਾਲੀ ਹੈ, ਪੇਕਿਆਂ ਦੇ ਘਰ ਤੋਂ ਪਤੀ ਦੇ ਘਰ ਤੀਕ ਇਕ ਅਟੁਟ ਸਾਂਝ ਪਾਈ ਹੈ। ਸਾਡੇ ਦਾਰ ਜੀ ਨਾਲ ਵਡੇ ਸਤਿਗੁਰ ਪਰਤਾਪ ਸਿੰਘ ਜੀ ਹੁਰਾਂ ਦਾ ਅਜੀਬ ਕਿਸਮ ਦਾ ਸਨੇਹ ਵੀ ਤੇ ਦੋਹਾਂ ਦੀ ਇਕ ਦੂਜੇ ਪ੍ਰਤੀ ਅਮੁਲੀ ਸਰਧਾ ਸੀ ਜਦੋਂ ਕਦੇ ਵੀ ਸਤਿਗੁਰ ਪਰਤਾਪ ਸਿੰਘ ਜੀ ਪ੍ਰੀਤ ਨਗਰ ਦੇ ਨੇੜੇ ਦੇ ਪਿੰਡਾਂ ਵਿਚ ਆਏ ਹੁੰਦੇ ਜ਼ਰੂਰ ਦਾਰ ਜੀ ਪਾਸ ਆਂਦੇ ਜਾਂ ਉਹਨਾਂ ਨੂੰ ਬੁਲਾ ਭੇਜਦੇ।

ਜਦੋਂ ਮੈਂ ਵਿਆਹੀ ਆਈ ਮੇਰੇ ਨਿਕੇ ਜਹੇ ਘਰ ਵਿਚ ਜਲੰਧਰ ਸਤਿਗੁਰੂ ਪਰਤਾਪ ਸਿੰਘ ਜੀ ਆਏ ਤੇ ਜਗਜੀਤ ਜੀ ਨੇ ਝਕੇ ਤੌਕਿਆਂ ਵਿਚ ਆਖਿਆ, ਤੁਸੀਂ ਜਿਨ੍ਹਾਂ ਨੂੰ ਮਿਲਣ ਆਏ ਹੋ ਉਹ ਤਾਂ ਜਾ ਚੁਕੇ ਹਨ।'' ਤਾਂ ਸਤਿਗੁਰ ਪਰਤਾਪ ਸਿੰਘ ਜੀ ਨੇ ਮੇਰੇ ਸਿਰ ਤੇ ਹੱਥ ਰਖਕੇ ਆਖਿਆ ''ਨਹੀਂ ਮੈਂ ਤਾਂ ਆਪਣੀ ਧੀ ਨੂੰ ਮਿਲਣ ਆਇਆ ਹਾਂ।'' ਤੇ ਉਹਨਾਂ ਅਗੇ ਸਿਰ ਝੁਕਾਈ ਮਾਨ ਨਾਲ ਮੈਂ ਉੱਚੀ ਹੋ ਗਈ। ਸਤਿਗੁਰ ਪਰਤਾਪ ਸਿੰਘ ਜੀ ਦਾ ਇਕ ਬੜਾ ਸੁਚੱਜਾ ਤੇ ਵਧੀਆ ਦਿਲ ਵਾਲਾ ਲਾਂਗਰੀ ਰਤਨ ਸਿੰਘ ਸੀ, ਉਸ ਇਕ ਵਾਰ ਸੁਕੀਰਤ (ਮੇਰੇ ਪੁਤਰ) ਲਈ ਆਪਣੇ ਹਥੀਂ ਦੁਆਈ ਵੀ ਬਣਾ ਕੇ ਭੇਜੀ ਸੀ।

ਸਤਿਗੁਰ ਪਰਤਾਪ ਸਿੰਘ ਜੀ ਦੇ ਗੁਜ਼ਰ ਜਾਣ ਬਾਅਦ ਸਤਿਗੁਰ ਜਗਜੀਤ ਸਿੰਘ ਜੀ ਨਾਲ ਵਧੇਰੇ ਮੇਲ ਮਿਲਾਪ ਦਾ ਮੌਕਾ ਨਿਕਲਿਆ। ਮੇਰੇ ਪਤੀ ਤੇ ਸਤਿਗੁਰ ਜਗਜੀਤ ਸਿੰਘ ਜੀ ਅਮਨ ਸਭਾਵਾਂ ਵਿਚ ਕਠੇ ਵਿਚਰਨ ਲਗੇ। ਹਰ ਮਿਲਣੀ ਤੇ ਉਹ ਜਗਜੀਤ ਜੀ ਨੂੰ ਇਕ ਜੱਫੀ ਵਿਚ ਲੈ ਲੈਂਦੇ, ਆਪਣੇ ਕੋਲ ਬਿਠਾ ਕੇ ਰਾਜ਼ੀ ਹੁੰਦੇ ਜਿਵੇਂ ਚਿਰਾਂ ਦੇ ਵਿਛੜੇ ਭਰਾ ਹੋਣ। ਕਦੀ ਮਿਲਿਆਂ ਚਿਰ ਹੋ ਜਾਂਦਾ ਤਾਂ ਚਿਠੀ ਆ ਜਾਂਦੀ ''ਵੇਹਲ ਕਢਕੇ ਮਿਲ ਜਾਓ ਮਿਲਿਆਂ ਦਿਰ ਹੋ ਗਿਆ ਹੈ।''

ਸਤਿਗੁਰ ਜਗਜੀਤ ਸਿੰਘ ਜੀ ਬੜੇ ਨਿਰਮਾਣ ਮਨੁਖ ਹਨ ਉਹਨਾਂ ਵਿਚ ਨਿਮਰਤਾ ਕੁਟ ਕੁਟ ਕੇ ਭਰੀ ਹੋਈ ਹੈ। ਬੜੇ ਹਲੀਮੀ ਨਾਲ ਉਹ ਬੋਲਦੇ ਹਨ, ਆਪਣੇ ਭਰਾ ਪ੍ਰਤੀ, ਪਤਨੀ ਸੰਬੰਧੀ ਭਰਾ ਦੇ ਬੱਚਿਆਂ ਪ੍ਰਤੀ, ਆਪਣੀ ਬੱਚੀ



Namdhari Elibrary NamdhariElibrary@gmail.com

ਤੇ ਸੰਗਤਾਂ ਪ੍ਰਤੀ ਉਹਨਾਂ ਦਾ ਵਿਵਹਾਰ ਬੜਾ ਸਿਫਤ ਭਰਿਆ ਹੈ।

ਉਹ ਸਹੀ ਅਰਥਾਂ ਵਿਚ ਲੋਕਾਂ ਦੇ ਕੰਮ ਆਣ ਵਾਲੇ ਮਨੁਖ ਹਨ—ਸੰਗੀਤ ਦੇ ਚਾਹਵਾਨ ਬੱਚਿਆਂ ਨੂੰ, ਖਿਡਾਰੀ ਬੱਚਿਆਂ ਨੂੰ ਆਪਣੇ ਕੋਲ ਬੁਲਾਕੇ ਉਹਨਾਂ ਦਾ ਖਰਚਾ ਕਰਦੇ ਤੇ ਟਰੇਨਿੰਗ ਦੁਆਂਦੇ ਹਨ। ਕਿਸੇ ਵੇਲੇ ਕੋਈ ਕਾਨਫਰੰਸ ਕਰਨੀ ਹੋਵੇ ਜਾਂ ਕਿਸੇ ਫੰਡ ਦੀ ਜ਼ਰੂਰਤ ਪਈ ਹੈ—ਮਾਣ ਨਾਲ ਜੋ ਉਹਨਾਂ ਕੋਲ ਗਏ ਹਾਂ ਉਹਨਾਂ ਸਾਡਾ ਕਦੇ ਮਾਣ ਨਹੀਂ ਤੋੜਿਆ ਉਹ ਕਈ ਵੇਰ ਆਪਣਾ ਅਹਿਸਾਨ ਚੁਪ ਚੁਪੀਤੇ ਹੀ ਕਰ ਜਾਂਦੇ ਹਨ।

ਕਿਸੇ ਵੇਲੇ ਮੈਂ ਇਕ ਕੰਬਲ ਦੀ ਤਾਰੀਫ ਕੀਤੀ ਸੀ। ਸਤਿਗੁਰ ਜੀ ਨੂੰ ਯਾਦ ਰਹਿ ਗਿਆ ਤੇ ਇਕ ਫੇਰੇ ਜਦ ਮੈਂ ਭੈਣੀ ਸਾਹਿਬ ਗਈ ਉਹਨਾਂ ਮੇਰੇ ਲਈ ਕੰਬਲ ਲਿਆਂਦਾ ਹੋਇਆ ਸੀ। ਮੇਰੀ ਧੀ ਨੂੰ ਬੜਾ ਪਸੰਦ ਸੀ ਤੇ ਬਹੁਤ ਉਹੀ ਲੈਂਦੇ ਸੀ। ਪਰ ਅਜਕਲ੍ਹ ਜਦ ਉਹ ਬਹੁਤ ਪੁਰਾਣਾ ਵੀ ਹੋ ਗਿਆ ਹੈ ਮੈਂ ਤਾਂ ਵੀ ਲੈਂਦੀ ਹਾਂ। ਇਕ ਤਾਂ ਸਤਿਗੁਰ ਜਗਜੀਤ ਸਿੰਘ ਜੀ ਦੀ ਨਿਸ਼ਾਨੀ ਤੇ ਦੂਜਾ ਮੇਰੀ ਧੀ (ਕਿਉਂਕਿ ਉਹ ਅਜਕਲ੍ਹ ਮੇਰੇ ਕੋਲ ਨਹੀਂ) ਉਸਦਾ ਨਿੱਘ ਮੈਨੂੰ ਕੰਬਲ ਵਿਚੋਂ ਆਂਦਾ ਹੈ।

ਮੇਰੇ ਪਤੀ ਨੂੰ ਉਹਨਾਂ ਨਾਲ ਇਹੋ ਜਿਹੀ ਉਨਸ ਹੈ। ਇਕ ਵੇਰਾਂ ਚੰਡੀਗੜ੍ਹ ਤੋਂ ਅਸੀਂ ਸਕੂਟਰ ਤੇ ਦੋਵੇਂ ਆ ਰਹੇ ਸੀ ਦੇਰ ਹੋ ਰਹੀ ਸੀ ਪਰ ਜਦ ਭੈਣੀ ਸਾਹਿਬ ਦੇ ਮੋੜ ਤੋਂ ਲੰਘਣ ਲਗੇ ਤਾਂ ਸਿੱਧਾ ਲੰਘ ਨਾ ਸਕੇ, ਚਲ ਮੀਲਾ ਥੋੜ੍ਹੀ ਜਿਹੀ ਸਤਿਗੁਰਾਂ ਦੀ ਸੰਗਤ ਕਰਕੇ ਚਲਾਂਗੇ। ਜੇ ਕਦੀ ਉਹਨਾਂ ਬੁਲਾਇਆ ਹੋਵੇ ਤਾਂ ਆਪਣੇ ਰੁਝੇਵਿਆਂ ਵਿਚੋਂ ਵੱਲ ਫੇਰ ਪਾ ਕੇ ਵੀ ਵਕਤ ਕੱਢਣ ਦੀ ਕੋਸ਼ਸ਼ ਕਰਨਗੇ।

ਇਕ ਵੇਰ ਹੰਗਰੀ ਤੋਂ ਇਕ ਲੜਕੀ ਆਈ ਹੋਈ ਸੀ ਉਹ ਤੇ ਸਾਡਾ ਪਰਵਾਰ ਤੇ ਸਤਿਗੁਰ ਜੀ ਦਾ ਪਰਵਾਰ ਅਸੀਂ ਕੱਠੇ ਮਨਾਲੀ ਗਏ। ਮਾਤਾ ਜੀ ਨੇ ਥਾਂ ਥਾਂ ਜਿਥੇ ਅਸੀਂ ਅਟਕੇ ਸਾਡਾ ਬੜਾ ਉਚੇਚੇ ਕਰਕੇ ਧਿਆਨ ਕੀਤਾ—ਲਾਂਗਰੀ ਉਹ ਨਾਲ ਲੈ ਕੇ ਗਏ ਸੀ। ਸਾਡੇ ਉਠਣ ਤੇ ਵੀ ਪਹਿਲਾਂ ਮਾਤਾ ਜੀ ਸਾਡੇ ਖਾਣ ਪੀਣ ਦਾ ਉਚੇਚਾ ਫਿਕਰ ਕਰਦੇ—ਸਾਡੇ ਕੋਲ ਠੰਡ ਤੋਂ ਬਚਣ ਲਈ ਕਪੜੇ ਪੂਰੇ ਹਨ ਕਿ ਨਹੀਂ। ਮਾਤਾ ਜੀ ਬੜੀ ਸੁਚੱਜੀ ਚੱਜ ਅਚਾਰ ਵਾਲੀ ਸੁਆਣੀ ਹਨ, ਮਾਤਾ ਜੀ ਨੂੰ ਜਦ ਵੀ ਮਿਲਣ ਦਾ ਮੌਕਾ ਮਿਲਿਆ ਹੈ, ਉਹ ਬੜਾ ਘਟ ਬੋਲਦੇ ਹਨ ਪਰ ਆਪਣੀਆਂ ਸਾਰੀਆਂ ਜ਼ਿੰਮੇਵਾਰੀਆਂ ਚੁਪਚਾਪ ਨਿਰਮਾਣ ਹੋ ਕੇ ਨਿਭਾਈ ਜਾਂਦੇ ਹਨ।

ਬੀਬਾ (ਉਹਨਾਂ ਦੀ ਬੱਚੀ) ਹਥ ਲਾਇਆਂ ਮੈਲੀ ਹੋਣ ਵਾਲੀ ਮੂਰਤ ਹੈ। ਜਦੋਂ ਨਿਕੀ ਜਹੀ ਸੀ ਉਦੋਂ ਵੀ ਤੇ ਹੁਣ ਵਡੀ ਸਾਰੀ ਹੋ ਗਈ ਹੈ, ਭੋਲੀ ਮੂਰਤ ਹੈ। ਬੜੇ ਪਿਆਰ ਤੇ ਸਨੇਹ ਨਾਲ ਬੁਲਾਂਦੀ ਹੈ।

ਵਡੇ ਠਾਕਰ ਜੀ ਇਕ ਸੁਚੱਜੀ ਹੋਣਹਾਰ ਸ਼ਖਸੀਅਤ ਹਨ—ਦੁਨੀਆਂ ਬਾਰੇ ਬੜਾ ਉਹਨਾਂ ਨੂੰ ਗਿਆਨ ਹੈ। ਹਲੀਮੀ ਇਸ ਖਾਨਦਾਨ ਦੀ ਸ਼ਾਇਦ ਸਭ ਤੋਂ ਵਡੀ ਗੁੜ੍ਹਤੀ ਹੈ ਪਰ ਨਿਕੇ ਨਿਕੇ ਮਖੌਲ ਵੀ ਸਤਿਗੁਰ ਜਗਜੀਤ ਸਿੰਘ ਜੀ ਵਾਂਗ ਉਹਨਾਂ ਦੇ ਮੂੰਹੋਂ ਚੰਗੇ ਲਗਦੇ ਹਨ।

ਸਤਿਗੁਰ ਜਗਜੀਤ ਸਿੰਘ ਜੀ ਸੰਗੀਤ ਦੇ ਬੜੇ ਪ੍ਰੇਮੀ ਅਤੇ ਸਿਰਫ ਪ੍ਰੇਮੀ ਹੀ ਨਹੀਂ ਆਪ ਵੀ ਸੰਗੀਤ ਵਿਚ ਨਿਪੁੰਨ ਹਨ।ਇਕ ਵਾਰੀ ਪਟਨੇ ਕੋਈ ਕਾਨਫਰੰਸ ਸੀ ਅਮਨ ਦੀ। ਸਾਨੂੰ ਪਤਾ ਲਗਾ ਸਤਿਗੁਰ ਜਗਜੀਤ ਸਿੰਘ ਜੀ ਕਿਸੇ ਥਾਂ ਠਹਿਰੇ ਹੋਏ ਹਨ। ਅਸੀਂ ਦੋਵੇਂ ਇਹਨਾਂ ਨੂੰ ਮਿਲਣ ਚਲੇ ਗਏ। ਦੋਹਾਂ ਭਰਾਵਾਂ ਆਲੇ-ਦੁਆਲੇ ਸੰਗੀਤ ਪ੍ਰੇਮੀਆਂ ਨੂੰ ਬਿਠਾਇਆ ਹੋਇਆ ਸੀ ਤੇ ਆਪ ਦੋਵੇਂ ਭਰਾ ਮਸਤ। ਇਕ ਗਾ ਰਿਹਾ ਸੀ ਦੂਜਾ ਤਬਲੇ ਤੇ ਤਾਲ ਦੇ ਰਿਹਾ ਸੀ। ਜਿਹਾ ਸੁਆਦ ਉਥੇ ਸੰਗੀਤ ਦਾ ਆਇਆ ਹੋਰ ਕਿਸ ਥਾਂ ਆ ਸਕਦਾ ਹੈ।

ਜੇ ਮਹਾਰਾਜ ਬੀਰ ਸਿੰਘ ਜੀ ਤੇ ਉਹਨਾਂ ਦੀ ਪਤਨੀ ਦਾ ਮੈਂ ਇਥੇ ਜ਼ਿਕਰ ਕਰਨਾ ਭੁਲ ਜਾਵਾਂ ਤਾਂ ਭੁਲ ਕਰਾਂਗੀ। ਦੋਵੇਂ ਹੀ ਭਰਾ ਮੈਨੂੰ ਲਗਦਾ ਹੈ ਇਕ ਦੂਜੇ ਦਾ ਪਰਛਾਵਾਂ ਹਨ, 'ਇਕ ਨੇ ਕਹੀ ਦੂਜੇ ਨੇ ਮਾਨੀ' ਮਹਾਰਾਜ ਬੀਰ ਸਿੰਘ ਜੀ ਦਾ ਵੀ ਉਹਨਾਂ ਹੀ ਲੋਕਾਂ ਵਿਚ ਸਤਿਕਾਰ ਹੈ ਤੇ ਉਹਨਾਂ ਦੀ ਧਰਮ-ਪਤਨੀ ਦਾ ਵੀ।

ਪਰ ਨਿਮਰਤਾ ਦੀ ਡਿਓੜੀ ਇਸ ਪਰਵਾਰ ਨੂੰ ਮੈਂ ਇਸ ਕਰਕੇ ਸੰਬੋਧਨ ਕੀਤਾ ਹੈ ਕਿ ਇਸ ਨਾਲ ਢੁਕਵਾਂ ਸ਼ਬਦ ਇਸ ਪਰਵਾਰ ਲਈ ਹੋਰ ਕੋਈ ਨਹੀਂ ਹੋ ਸਕਦਾ। ਡਿਓੜੀ ਲੰਘਣ ਲਗਿਆਂ ਹੀ ਘਰ ਦੇ ਭਾਗ ਦਿਸ ਪੈਂਦੇ ਹਨ ਤਾਂ ਇਸ ਪਰਵਾਰ ਦੀ ਨਿਮਰਤਾ ਸਭ ਨੂੰ ਮੋਹ ਲੈਂਦੀ ਹੈ।

★



Namdhari Elibrary NamdhariElibrary@gmail.com

# ਤੇਰੇ ਬੋਲਾਂ ਦੀ ਖੁਸ਼ਬੋਈ

ਕੁਲਦੀਪ ਸਿੰਘ 'ਮੀਲੂ' ਐਮ. ਏ.

ਇਕ ਮਿਲਣੀ ਦੀ ਮਹਿਕ ਕਿਵੇਂ ਕੁਲਦੀਪ ਸਿੰਘ ਹੋਰਾਂ ਸਾਂਭ ਕੇ ਰਖੀ ਹੈ ਉਸ ਨੂੰ ਪੜਦਿਆਂ ਇਹਨਾਂ ਦੀ ਆਪਣੀ ਰੂਹ ਮਹਿਕ ਵੀ ਪਾਠਕ ਅਨੁਭਵ ਕਰਣਗੇ।

—ਸੰਪਾਦਕ

ਗੱਲ ਉਨ੍ਹਾਂ ਦਿਨਾਂ ਦੀ ਹੈ ਜਦੋਂ ਪੰਜਾਬ ਦੀਆਂ ਹੱਦਾਂ ਦਿੱਲੀ ਤੋਂ ਪਰੇ ਹੁੰਦੀਆਂ ਸਨ। ਮਹਾਦੇਵ ਦੇਸਾਈ ਹਾਇਰ ਸੈਕੰਡਰੀ ਸਕੂਲ ਫਰੀਦਾਬਾਦ ਵਿਚ ਪੰਜਾਬੀ ਅਧਿਆਪਕ ਵਜੋਂ ਸੇਵਾ ਕਰ ਰਿਹਾ ਸਾਂ। "ਪੰਜਾਬੀ ਆਦਰਸ਼ ਸਭਾ" ਸਾਹਿਤਕ ਘੱਟ ਸਟੇਜੀ ਸਭਾ ਵਧੇਰੇ ਸੀ। ਕੁਝ ਸਜਣਾਂ ਦੇ ਮੇਲ ਮਿਲਾਪ ਨਾਲ ਇਸ ਨੂੰ ਸਾਹਿਤਕ ਬਨਾਣ ਦੇ ਯਤਨ ਕੀਤੇ ਗਏ। ਕੇਂਦਰੀ ਲੇਖਕ ਸਭਾ ਨਾਲ ਸਬੰਧਤ ਕੀਤੀ ਗਈ। ਘਰ ਮੈਂ ਗਿਆਨੀ ਬੁੱਧੀਮਾਨੀ ਦੀ ਕਲਾਸ ਸ਼ੁਰੂ ਕੀਤੀ। ਲਾਇਬ੍ਰੇਰੀ ਦੀ ਘਾਟ ਰੜਕਦੀ ਸੀ। ਮਾਇਕ ਮਜਬੂਰੀਆਂ ਦੀ ਦੀਵਾਰ ਸੀ। ਚਾਨਣ ਦੀ ਕਿਰਨ ਅਰਬੀ ਮੰਦਰ ਦੀ ਛੋਟੇ ਵਾਲੀ ਲਾਇਬ੍ਰੇਰੀ ਸੀ। ਸਾਡੀ ਪਹੁੰਚ ਤੋਂ ਪਰੇ।

ਸਾਡਾ ਇਕ ਸਾਂਝਾ ਮਿਤ੍ਰ ਨਾਮਧਾਰੀ ਕਾਲੋਨੀ ਦਿੱਲੀ ਰਹਿੰਦਾ ਸੀ। ਅਸੀਂ ਉਸਨੂੰ ਮਿਲਣ ਗਏ। ਸਬਬ ਨਾਲ ਨਾਮਧਾਰੀ ਗੁਰੂ ਬਾਬਾ ਜਗਜੀਤ ਸਿੰਘ ਜੀ ਉਸ ਦਿਨ ਕਾਲੋਨੀ ਵਿਚ ਪਧਾਰੇ ਸਨ। ਉਨ੍ਹਾਂ ਦੀ ਮਨੋਹਰ ਸ਼ਖਸ਼ੀਅਤ। ਬਾਦਸ਼ਾਹੀਆਂ ਨੂੰ ਮਾਤ ਪਾਉਂਦੀ ਪਹੁੰਚ। ਪੰਜਾਬੀ ਪ੍ਰਤੀ ਅਤਿ ਕੋਮਲ ਭਾਵਨਾਵਾਂ ਬਾਰੇ ਜਾਣਕੇ ਮਿਲਣ ਦੀ ਇੱਛਾ ਬਲਵਤੀ ਹੋਈ। ਸਾਹਿਤ ਸਭਾ ਦੀ ਸਕੱਤਰੀ ਦੀ ਢਾਲ ਬਣਾ ਕੇ ਬਾਬਾ ਜੀ ਦੇ ਚਰਨੀ ਪੁੱਜਾ।

ਮਿੱਤਰ ਨੇ ਸਾਡੀਆਂ ਸਰਗਰਮੀਆਂ, ਅਸੀਂ ਆਪਣੀਆਂ ਲੋੜਾਂ ਦੱਸੀਆਂ। ਧਾਰਮਿਕ ਮਾਰਗ ਤੋਂ ਸਾਹਿਤਕ ਲੋੜਾਂ ਦੀ ਪੂਰਤੀ ਕਰਵਾਣੀ ਕੁਝ ਹੋਛੂੰ ਜਿਹੀ ਲੱਗੀ। ਪਰ ਮਿੱਤਰ ਦੇ ਉਤਸ਼ਾਹ ਦੇਣ ਤੇ ਅਸੀਂ ਬੇਨਤੀ ਕਰਨ ਲਈ ਉਤਾਵਲੇ ਹੋਏ ਹੋਏ ਸਾਂ। ਇਕ ਸਹਿਜ ਮੁਸਕਾਨ ਜੋ ਸਾਡੇ ਚੁਫੇਰੇ ਫੈਲ ਗਈ ਉਨ੍ਹਾਂ ਨੇ ਪਿਆਰ ਨਾਲ ਅਵਾਜ਼ ਵਿਚ ਸੌਂਜ ਲਿਆ ਤੇ ਕਿਹਾ, "ਤੁਸੀਂ ਧੰਨ ਹੋ ਜੋ ਪੰਜਾਬੀ ਲਈ ਦਰਦ ਰਖਦੇ ਹੋ। ਪੰਜਾਬੀ ਦੀ ਤਰੱਕੀ ਲਈ ਯਤਨ ਕਰ ਰਹੇ। ਮੈਨੂੰ ਤੁਹਾਡੇ ਨਾਲ ਸਹਿਯੋਗ ਕਰਕੇ ਅਤੀ ਪ੍ਰਸੰਨਤਾ ਹੋਵੇਗੀ। ਉਨ੍ਹਾਂ ਦੇ ਬਚਨ ਮਹਿਕ ਵਾਂਗ ਸਾਡੇ ਦੁਆਲੇ ਪਸਰ ਗਏ, ਉਨ੍ਹਾਂ ਸਾਡੀ ਪ੍ਰਸੰਸਾ ਕੀਤੀ ਸਾਡੇ ਯਤਨਾਂ ਨੂੰ ਸਲਾਹਿਆ। ਉਨ੍ਹਾਂ ਦੇ ਬਚਨਾਂ ਤੋਂ ਬਾਅਦ ਸਾਨੂੰ ਆਪਣਾ ਨਿਗੂਣਾ ਜਿਹਾ ਯਤਨ ਬਹੁਤ ਵੱਡਾ ਜਾਪਣ ਲੱਗਾ। ਉਨ੍ਹਾਂ ਦੀ ਮਦਦ ਦਾ ਭਰੋਸਾ। ਛੇਤੀ ਹੀ ਸਾਡੇ ਕੋਲ ਇਕ ਨਿੱਕੀ ਜਿਹੀ ਲਾਇਬ੍ਰੇਰੀ ਬਣ ਗਈ। ਮੇਰੇ 1964 ਵਿਚ ਫਰੀਦਾਬਾਦ ਛੱਡਣ ਵੇਲੇ ਤੀਕਰ ਸਤਿਜੁਗ ਦੀਆਂ ਫਾਈਲਾਂ ਤੋਂ ਬਿਨਾ 300 ਦੇ ਲਗਭਗ ਪੁਸਤਕਾਂ ਸਾਡੇ ਕੋਲ ਹੋ ਗਈਆਂ ਸਨ।

"ਵਰਿਆਮ" ਸਤਿਗੁਰੂ ਜਗਜੀਤ ਸਿੰਘ ਨੰਬਰ ਕੱਢ ਰਿਹਾ ਹੈ, ਸ: ਜਗਦੀਸ਼ ਸਿੰਘ ਤੋਂ ਜਾਣਿਆਂ ਤਾਂ ਬੀਤੇ ਪਲਾਂ ਦੀ ਮਹਿਕ ਨੇ ਫਿਰ ਘੇਰ ਲਿਆ। ਮੁੜ ਕਦੇ ਮਨੋਹਾਰੀ ਦਰਸ਼ਨ ਨਹੀਂ ਹੋਏ ਪਰ ਉਨ੍ਹਾਂ ਪਲਾਂ ਦੀ ਮਿਠੀ ਯਾਦ ਤਾਂ ਹੈ। ਸਾਹਿਤਕਾਰਾਂ ਨੂੰ ਬਹੁਤਿਆਂ ਨੂੰ ਮਿਲਿਆ ਹਾਂ। ਪੰਜਾਬੀ ਪਿਆਰਿਆਂ ਨੂੰ ਪ੍ਰੇਰੂ ਜੋ ਦਰਦ ਜੋ ਕੋਮਲ ਅਹਿਸਾਸ ਬਾਬਾ ਜਗਜੀਤ ਸਿੰਘ ਜੀ ਨੇ ਦਰਸਾਇਆ ਸੀ ਇਹ ਅਹਿਸਾਸ ਕਿਸੇ ਹੋਰ ਦੇ ਬੋਲਾਂ ਦਾ ਕਦੇ ਭਿਣਾ ਨਹੀਂ। ਮੈਂ ਉਨ੍ਹਾਂ ਦੀ ਲੰਮੀ ਉਮਰਾ ਦੀ ਕਾਮਨਾ ਕਰਦਾ ਹਾਂ। ਪੰਜਾਬੀ ਲਈ ਉਨ੍ਹਾਂ ਦਾ ਕੋਮਲ ਅਹਿਸਾਸ ਉਨ੍ਹਾਂ ਦੀ ਅਸ਼ੀਰਵਾਦ ਵਾਂਗ ਮੇਰੇ ਕੋਲ ਹੈ।



Namdhari Elibrary NamdhariElibrary@gmail.com

ਪੁਸਤਕ ਚਰਚਾ —

# ਸਿਮਰਨ

(ਸ੍ਰੀਮਾਨ ਪ੍ਰੀਤਮ ਸਿੰਘ ਕਵੀ ਰਚਿਤ ਪੁਸਤਕ)

—ਸੁਰਜੀਤ ਖੁਰਸ਼ੀਦੀ

ਤਸਵੱਫ਼ (ਸੂਫ਼ੀਮੱਤ) ਅਨੁਸਾਰ ਇਸ਼ਕ ਮਜਾਜ਼ੀ ਇਸ਼ਕ ਹਕੀਕੀ ਦੀ ਇਕ ਮੰਜ਼ਿਲ ਭਾਵ ਪੜਾਅ ਹੈ। ਭਗਤੀ ਲਹਿਰ ਦੀ ਧਾਰਨਾ ਹੈ ਕਿ ਸਾਰੀ ਖੇਡ ਆਤਮਾ ਅਤੇ ਪਰਮਾਤਮਾ ਦੀ ਪਿਆਰ ਛੋਲ੍ਹਾ ਹੀ ਹੈ। ਪਰਮਾਤਮਾ ਕਾਨ੍ਹ ਰੂਪੀ ਹੈ ਅਤੇ ਆਤਮਾਵਾਂ ਉਸਦੀਆਂ ਗੋਪੀਆਂ ਮਾਤਰ ਹਨ। ਸੂਫ਼ੀਆਂ ਨੇ ਅਤੇ ਸਮੇਤ ਵੇਦਾਂਤੀਆਂ ਦੇ ਭਗਤੀ ਲਹਿਰ ਦਿਆਂ ਭਗਤਾਂ ਨੇ ਪਰਮਾਤਮਾ ਨੂੰ ਕੰਤ ਰੂਪੀ ਚਿਤਵ ਕੇ ਉਸਦੇ ਵਿਛੋੜੇ ਵਿਚ ਕਾਵਿ ਰਚੇ ਹਨ। ਇਸੇ ਧਾਰਨਾ ਅਨੁਸਾਰ ਸਿਖ ਗੁਰੂ ਸਾਹਿਬਾਨ ਨੇ ਵੀ ਆਪਣੇ ਆਪ ਨੂੰ ਮਹਲਾ ਦਸਿਆ ਹੈ। ਫਰੀਦ ਵੀ ਮਹਲਾ ਰੂਪ ਵਿਚ ਕਹਿੰਦਾ ਹੈ—

ਅੱਜ ਨਾ ਸੁੱਤੀ ਕੰਤ ਸਿਉ
ਅੰਗ ਮੁੜੇ ਮੁੜ ਜਾਏ।

ਹੋਰ ਸਾਡੇ ਦੇਸ਼ ਦੇ ਮਹਾਨ ਧਰਮਾਂ ਵਿਚ ਪਰਮਾਤਮਾ ਅਤੇ ਆਪਣੇ ਪਿਆਰੇ ਰਹਿਬਰ ਦੀ ਉਪਮਾ, ਆਰਾਧਨਾ, ਉਪਾਸਨਾ ਅਤੇ ਸਿਮਰਨ ਕੀਤਾ ਗਿਆ ਹੈ। ਹਿੰਦੂ ਮੱਤ ਦੇ ਭਜਨ ਭਾਵੇਂ :—

ਮੁਰਲੀਆ ਬਾਜੇ ਜਮਨਾ ਤੀਰ।
ਜਾਂ
ਮਈਆ ਮੈਂ ਨਹੀਂ ਮਾਖਣ ਖਾਇਓ।

ਵਾਂਗ ਹੀ ਹਨ। ਇਸ ਮਤ ਅਨੁਸਾਰ ਆਤਮਾ ਪਰ-ਮਾਤਮਾ ਦਾ ਹੀ ਇਕ ਅੰਸ਼ ਮਾਤਰ ਹੈ। ਜੋ ਮੁਕਤੀ ਪ੍ਰਾਪਤ ਹੋਣ ਤੇ ਵਸਾਲ ਪ੍ਰਾਪਤ ਕਰਦੀ ਹੈ ਅਤੇ ਜੋਤੀ ਜੋਤ ਸਮਾ ਜਾਂਦੀ ਹੈ। ਪਰ ਇਸਲਾਮ ਮਤ ਪਰਮਾਤਮਾ ਅਤੇ ਆਤਮਾ ਨੂੰ ਵਖ ਮੰਨਦਾ ਹੈ। ਇਸ ਧਰਮ ਵਿਚ ਹਮਦ ਅਤੇ ਨਾਅਤ ਕਲਾ ਦੀਆਂ ਸਿਖਰਾਂ ਛੋਂਹਦੀਆਂ ਹਨ। ਹਮਦ ਬਾਰੀਤਾਅਲਾ ਦੀ ਸਿਫਤਸਲਾਹ ਵਿਚ ਅਤੇ ਨਾਅਤ ਰਸੂਲ ਅਕਰਮ ਦੀ ਸ਼ਾਨ ਵਿਚ ਕਹੀ ਜਾਂਦੀ ਹੈ। ਇਨ੍ਹਾਂ ਅਰਥਾਂ ਵਿਚ ਗੁਰਬਾਨੀ ਨੇ ਆਪਣੇ ਆਪ ਨੂੰ ਹਮਦ ਤੀਕ ਹੀ ਸੀਮਤ ਰਖਿਆ ਹੈ। ਜਾਂ ਫੇਰ 'ਸੱਚੇ ਗੁਰੂ' ਤੀਕ। ਕਿਸੇ ਵਿਅਕਤੀਗਤ ਗੁਰੂ ਦੀ 'ਨਾਅਤ' ਨਹੀਂ ਲਿਖੀ ਗਈ।

ਸ੍ਰੀ ਸਤਿਗੁਰੂ ਜਗਜੀਤ ਸਿੰਘ ਦੇ ਅਨਿੰਨ ਸਿਖ ਪ੍ਰੀਤਮ ਸਿੰਘ ਕਵੀ ਹੋਰਾਂ ਨੇ ਆਪਣੀ ਕਾਵਿ ਪੁਸਤਕ ਸਿਮਰਨ ਵਿਚ ਹਮਦ ਅਤੇ ਨਾਅਤ ਪਰੰਪਰਾ ਦਾ ਸੁਮੇਲ ਕਰ ਕੇ ਭਗਤੀ ਕਾਵਿ ਵਿਚ ਸਾਹਿਤਕ ਪ੍ਰਯੋਗ ਕੀਤਾ ਹੈ। ਕਿਉਂ ਜੋ ਉਹ ਪਰਮਾਤਮਾ ਨੂੰ ਆਪਣੇ ਪਿਆਰੇ—ਗੁਰੂ—ਤੋਂ ਵਖ ਨਹੀਂ ਦੇਖਦੇ। ਇਥੋਂ ਤੱਕ ਕਿ ਗੁਰੂ ਪਿਆਰ ਵਿਚ ਪਰਮਾਤਮਾ ਤੋਂ ਬੇਨਿਆਜ਼ ਹਨ (ਸ਼ਾਇਦ ਇੰਜ ਮਾਰਕਸਵਾਦੀ ਹੋਣ ਕਰਕੇ ਹੀ ਹੋਵੇ)। ਉਹਨਾਂ ਦਾ ਗੁਰੂ ਪ੍ਰੀਤਮ ਇਕੋ ਸਮੇਂ ਸੂਖਸ਼ਮ ਵੀ ਹੈ ਅਤੇ ਸਾਖਸ਼ਾਤ ਵੀ ਹੈ। ਦੇਹਧਾਰੀ ਵੀ ਹੈ ਅਤੇ ਨਿਰਗੁਣ ਸਰਗੁਣ ਵੀ ਹੈ। ਉਹ ਕਹਿੰਦੇ ਹਨ :—

ਜਪ, ਤਪ, ਸੰਜਮ, ਮਾਲਾ ਸਿਮਰਨ,
ਜੀ ਨਹੀਂ ਲਾਂਦੇ ਮੇਰਾ।
ਮੈਨੂੰ ਤਾਂ ਚਾਹੀਦੈ ਪ੍ਰੀਤਮ ਦਰਸਨ ਪਰਸਨ ਤੇਰਾ
ਤੇਰੀ ਰੱਬਤਾ ਵੀ ਨਾ ਲੋੜਾਂ,
ਚਾਹਵਾਂ ਮਾਨੁਖ ਤਨ ਨੂੰ
ਅਠੋ ਪਹਿਰ ਕੋਲ ਰੱਖ ਮੈਨੂੰ,
ਦੂਰ ਰਿਹਾਂ ਨਹੀਂ ਜੇਰਾ। ਪੰਨਾ-13
ਅਤੇ
ਫੁੱਲਾਂ ਨੂੰ ਮੁੜ ਮੁੜ ਮੈਂ ਤਕਨੀ,
ਲਭਦੀ ਦੇ ਮੁਸਕਾਨ ਤਿਰੀ।



Namdhari Elibrary NamdhariElibrary@gmail.com

ਸੂਰਜ ਤੋਂ ਓਹਲੇ ਹੋ ਬਹਿਨਾਂ,
ਉਸ ਵਿਚ ਸ਼ਕਤਿ ਮਹਾਨ ਤਿਰੀ।
ਮਿਠੀ ਪੌਣ ਹੁਲਾਰੇ ਦੇਂਦੀ,
ਤੇਰੀ ਲਹਿਰ ਕਰਾਵੇ ਚੇਤੇ।
ਜਲ ਥਲ ਵਣ-ਪਰਬਤ ਵਿਚ ਪ੍ਰੀਤਮ,
ਸਭ ਥਾਂ ਦਿਸਦੀ ਸ਼ਾਨ ਤਿਰੀ। ਪੰਨਾ-40

ਅਤੇ

ਨਜ਼ਰਾਂ ਨਾਲ ਨ ਤੂੰ ਦਿਸਦਾ ਏਂ,
ਫਿਰ ਵੀ ਰਹਿਨਾ ਏਂ ਕੋਲ।
ਹੱਥਾਂ ਨਾਲ ਛੁਹਿਆ ਨਾ ਜਾਵੇਂ,
ਉਂਜ ਤੂੰ ਕਰੇਂ ਕਲੋਲ।
ਸੂਖਮ, ਸੁੱਚਾ ਪਿਆਰ ਸੋਹਣਿਆ,
ਦਵੇ ਨਚਾਰੇ ਹਰ ਪਲ।
ਅਣ-ਦਿਸਦਾ ਵੀ ਦਿਸਦਾ ਜਾਪੇਂ,
ਚੁਪ ਦੇ ਸੁਣਨਾਂ ਬੋਲ। ਪੰਨਾ-67

ਪਰ ਰੱਬ ਦੀ ਲੋੜ ਨਾ ਰਖਦਿਆਂ ਕਹਿੰਦੇ ਹਨ :—

ਕੀ ਪਰਕਾਸ਼ ਤੇਰੇ ਤੋਂ ਵਾਧੂ,
ਜੋ ਰੱਬ ਵਿਚੋਂ ਲਭਣਾ।
ਜਿਉਂਦਾ ਛੱਡ ਅਣਹੋਇਆਂ,
ਪਿਛੇ ਮੈਂ ਕਾਹਨੂੰ ਹੈ ਭੱਜਣਾ।
ਫਿਰੇਂ, ਫਿਰਾਵੇਂ, ਪਿਆਰੇ ਮਾਰੇਂ,
ਜੀਵਾਲੇਂ ਦੇ ਦਰਸ਼ਨ।
ਕੀ ਲੈਣਾ ਉਸ ਅੰਬਰੀ ਰੱਬ ਤੋਂ,
ਜੋ ਚਾਹਤ ਹੈ ਸਜਣ। ਪੰਨਾ-76

ਕਾਨ੍ਹ ਗੋਪੀਆਂ ਪਰੰਪਰਾ, ਭਗਤੀ ਪਰੰਪਰਾ ਅਨੁਸਾਰ ਉਹਨਾਂ ਨੇ ਵੀ ਆਪ ਮਹਲਾ ਰੂਪ ਧਾਰਨ ਕਰ ਕੇ ਆਪਣੇ ਪਿਆਰੇ ਗੁਰੂ ਦੇ ਵਿਛੋੜੇ ਵਿਚ ਬਿਰਹਾ ਦੀ ਤੜਪ ਵਿਚ ਵਾਰਤਾਲਾਪ ਕੀਤੇ ਹਨ :—

1. ਪ੍ਰੀਤਮ ਜੀ, ਮੈਂ ਪਲ ਪਲ ਸਿਮਰਾਂ
ਛਿਣ ਛਿਣ ਲੈਂਦੀ ਔੜਾਂ।
ਰੋਗੀ ਤਨ ਨੂੰ ਯਾਦ ਤੁਹਾਡੀ,
ਜਿਉਂ ਧਰਤੀ ਨੂੰ ਔੜਾਂ।
ਜਿਉਂ ਜਿਉਂ ਸੇਕ ਹਿਜਰ ਦਾ ਸਾੜੇ,
ਤਿਉਂ ਤਿਉਂ ਪੌਣ ਕੁੜੱਲਾਂ।
ਬਦਲੀ ਬਣ ਕਦ ਬਰਸੇਂਗੇ,
ਜਦ ਮੁੱਕਣ ਦੁਖ ਧਰੋੜਾਂ। ਪੰਨਾ 18

2. ਲੰਗੀਂ ਕਾਗ ਉਡਾਂਦੇ,
ਤੋਂ ਵੱਲ ਮੈਂ ਨਿਤ ਨਜ਼ਰ ਦੁੜਾਵਾਂ।
ਤੇ ਸਵਾਸਾਂ ਨੂੰ ਪੌਣ ਖਟੋਲੇ,
ਪਾਕੇ ਰੋਜ਼ ਉਡਾਵਾਂ।
ਭਲਾ ਕਿਤੇ ਦਰਸ਼ਨ ਤੇਰੇ ਦੀ,
ਝਲਕ ਨੂਰਾਨੀ ਪੈ ਜਾਇ।
ਸੁੰਦਰ, ਸੁਖਦ, ਸਜੀਲੇ, ਸਤਿਗੁਰ !
ਆ ਮੈਂ ਮਰਦੀ ਜਾਵਾਂ। ਪੰਨਾ-42

3. ਸਾਵਣ ਵਸਿਆ, ਠੰਢਕ ਹੋਈ
ਧਰਤੀ ਪੁਰ-ਪੁਰ ਰੱਜੀ।
ਮਨ ਸਰਸੇ ਨੇ ਗੀਤ ਗਾਵਿਆਂ—
ਪਰ—ਕੂਕ ਹਿਜਰ ਦੀ ਵੱਜੀ।
ਤੂੰ ਪਰਦੇਸ, ਦੇਸ ਸਭ ਸੁੰਨਾ,
ਕਿਸ ਬਿਧ ਸਾਵਣ ਮੰਨੇ।
ਆਓ ਸਜਣਾ ! ਚਰਨੀਂ ਲਾ ਲੈ,
ਮੈਂ ਜਾਂਦੀ ਓ ਢੱਠੀ। ਪੰਨਾ-62

4. ਵਾਏ ! ਨਾ ਵਗ, ਬੱਦਲਾ !! ਨਾ ਵਰ੍ਹ,
ਬੁਲ ਬੁਲ ਨੀ ! ਨਾ ਬੋਲ।
ਮੋਰਾ ! ਨਾ ਨੱਚ, ਮੋਰਾ ! ਨਾ ਮਚ,
ਨਾ ਕਰ ਹੰਸ ! ਕਲੋਲ।
ਮੈਂ ਦੁਖਿਆਰੀ ਅਤੀ ਬੇਚਾਰੀ,
ਤੜਪਾਂ ਸਾਜਣ ਦੇ ਲਈ :
ਸਾਰੇ ਤੁਸੀਂ ਸੁਖਾਂਦੇ, ਜੀਵੋ !
ਜੇ ਪ੍ਰੀਤਮ ਹੋਇ ਕੋਲ। ਪੰਨਾ-79

5. ਦੂਰ ਹੁੰਦਿਆਂ ਵੀ ਰਖ ਨੇੜੇ,
ਇਹ ਮੇਰੀ ਅਰਜੋਈ।
ਸੁਰਤ ਰਹੇ ਤੇਰੇ ਵਿਚ ਗੱਡੀ,
ਤੋੜ ਨਾ ਸਕੇ ਕੋਈ।
ਤੇਰਾ ਧਿਆਨ, ਜਿਊਣ ਦਾ ਤੋਸਾ,
ਇਸ ਵਿਚ ਥੋੜ੍ਹ ਨ ਆਵੇ।
ਸਤਿਗੁਰ ਮੇਰੇ, ਸਦਾ ਸੁਹਾਗਣ,
ਤੇਰੇ ਸੰਗ ਕਰ ਹੋਈ। ਪੰਨਾ-84

6. ਐਸਾ ਰੋਗ ਲਗਾਇਓ ਈ ਪ੍ਰੀਤਮ,
ਨਾ ਸੌਵਾਂ ਨਾ ਜੀਵਾਂ।
ਦੂਰ ਤੇਰੇ ਚਰਨਾਂ ਤੋਂ ਰਹਿੰਦੀ,
ਜ਼ਹਿਰ ਪਿਆਲੇ ਪੀਵਾਂ।

Namdhari Elibrary NamdhariElibrary@gmail.com

ਮੌਤ ਮਜ਼ਾਖਾਂ ਕਰ ਕਰ ਜਾਵੇ,
ਤੜਪਾਂ ਪਾਰੇ ਵਾਂਗਰ ।
ਤੇਰੀ ਮਿਹਰ ਉਡੀਕਾਂ ਬੈਠੀ,
ਸਹਿੰਦੀ ਦੁੱਖ ਅ-ਸੀਵਾਂ । ਪੰਨਾ—93

ਬਿਰਹਾਂ ਦੀ ਅਗਨੀ ਵਿਚ ਸੜਦਾ ਜਿਵੇਂ ਸਾਈਂ ਬੁੱਲ੍ਹੇ ਸ਼ਾਹ ਕਹਿ ਉਠਿਆ ਸੀ :—

ਰਾਂਝਾ ਰਾਂਝਾ ਕਰਦੀ ਨੀ
ਮੈਂ ਆਪੇ ਰਾਂਝਾ ਹੋਈ
ਸੱਦੋ ਨੀ ਮੈਨੂੰ ਧੀਦੋ ਰਾਂਝਾ
ਹੀਰ ਨਾ ਆਖੋ ਕੋਈ ।

ਇੰਜ ਕਵੀ ਜੀ ਕਹਿੰਦੇ ਹਨ :—

ਜੇ ਤੇਰੇ ਚਰਨਾਂ ਸੰਗ ਲਿਪਟਾਂ,
ਤਾਂ ਪਰਮੇਸ਼ਰ ਧਿਆਵਾਂ ।
ਜੇ ਤੇਰੇ ਬਚਨਾਂ ਤੇ ਚੱਲਾਂ,
ਤਾਂ ਸੁਖ ਸਦਹੀ ਪਾਵਾਂ ।
ਜੇ ਤੇਰੇ ਨੈਣਾਂ ਵਿਚ ਆਵਾਂ
ਜੀਵਨ ਮੁਕਤਿ ਕਹਾਵਾਂ ।
ਤੂੰ ਹੀ ਤੂੰ ਦਿਸੇਂ ਹਰ ਪਾਸੇ,
ਤਾਂ ਮੈਂ, ਤੂੰ ਹੋ ਜਾਵਾਂ । ਪੰਨਾ-99

ਬਿਰਹਾ ਦੇ ਬਾਣ ਖਾਦਿਆਂ ਦੁਖੀ ਮਨ ਦੀ ਵਿਆਕੁਲਤਾ ਇੰਜ ਦਰਸਾਈ ਹੈ :—

1. ਚਿੜੀਓ ਨੀ ! ਸੰਗੀਤ ਨਾ ਗਾਓ,
ਸੰਧਿਆ ਤੂੰ ਵੀ ਜਾ ।
ਨੀਂਦੇ ਨੀ ! ਨਹੀਂ ਲੋੜ ਤੇਰੀ ਵੀ,
ਸਾਹੋ ! ਹੋਉ ਬੇ-ਸਾਹ ।
ਲਹੂਆਂਵੇ ! ਤੂੰ ਵੀ ਸਸਤਾ ਲੈ,
ਅਜ ਪ੍ਰੀਤਮ ਨਹੀਂ ਕੋਲ ।
ਦਿਲ ਦੀ ਧੜਕਣ ! ਰੁਕ ਜਾ ਏਥੇ,
ਕੀ ਹੱਜ ਜੀਵਨ ਦਾ ।

2. ਚੰਨਾ ! ਤੇਰੀ ਚਮਕ ਨਾ ਭਾਵੇ,
ਨਾ ਲਟਕੰਦੜੇ ਤਾਰੇ ।
ਬਾਗਾਂ ਦੀ ਖ਼ੁਸ਼ਬੋ ਨਹੀਂ ਸੋਂਹਦੀ,
ਉਲਟਾ ਸਾਂਗਾਂ ਮਾਰੇ ।
ਵਸਦਾ ਜਗ ਉਜਾੜ ਦਿਸੰਦਾ
ਜਦ ਪ੍ਰੀਤਮ ਨਹੀਂ ਕੋਲ :
ਹਾਏ ਰੱਬਾ ! ਕਦ ਘੜੀ ਸੁਲੱਖਣੀ,
ਆਉ ਨਾਲ ਪਿਆਰੇ । ਪੰਨਾ-61

ਹੁਣ ਆਉ ਇਸ 'ਸਿਮਰਨ-ਕਾਵਿ-ਅਰਾਧਨਾ-ਪੁਸਤਕ ਵਿਚ ਕੁਝ ਉਕਾਈਆਂ ਤੇ ਵੀ ਝਾਤ ਮਾਰ ਲਈਏ । ਉਂਜ ਜੇਕਰ ਚੰਦਰਮਾ ਤੇ ਦਾਗ਼ ਨਾ ਹੁੰਦੇ ਤਾਂ ਹੋ ਸਕਦਾ ਹੈ ਕਿ ਉਹ ਇਤਨਾ ਸੋਹਣਾ ਨਾ ਲਗਦਾ । ਉਂਜ ਵੀ ਭਗਤ ਜਨ ਕਹਿੰਦੇ ਹੀ ਹਨ ਕਿ —

ਗਿਆਨ ਧਿਆਨ ਕਛੁ ਕਰਮ ਨਾ ਜਾਣਾ ।
ਸਾਰ ਨਾਂ ਜਾਣਾ ਤੇਰੀ ।

ਪਰ ਸਾਹਿਤ ਪੜਚੋਲ ਦੀ ਦਰਿਸ਼ਟੀ ਖਿਮਾ ਨਹੀਂ ਕਰਿਆ ਕਰਦੀ । (ਪੰਨਾ 85 ਤੇ ਕਿਹਾ ਹੈ)

ਤਾਰੇ ਦੂਰ ਸੂਰਜੋਂ ਕਿਤਨੇ,
ਬੀਜ ਪ੍ਰਥਵੀਉਂ ਕਿੰਨੀ ਦੂਰ ।
ਚਾਨਣ, ਨਿਘ ਦੋਹਾਂ ਨੂੰ ਮਿਲਦਾ,
ਰਹਿੰਦੇ ਆਪੇ ਵਿਚ ਭਰਪੂਰ ।
ਸਮਾ ਪੁਜਣ ਤੇ ਚਾਨਣ ਪਸਰੇ,
ਵਰਖਾ ਤੋਂ ਧਰਤੀ ਮਸਤੀਏ ।
ਦੂਰ ਲੁਕੇ ਪਲ ਵਿਚ ਪ੍ਰਗਟਾਂਦੇ,
ਐਸ ਉਸ ਦੇ ਚਰਨ ਹਜ਼ੂਰ ।

ਇਹ ਗੱਲ ਵਿਗਿਆਨਕ ਸੂਝ ਤੋਂ ਦੁਰੇਡੀ ਹੈ ਕਿ ਤਾਰੇ ਸੂਰਜ ਤੋਂ ਨਿਘ ਪ੍ਰਾਪਤ ਕਰਦੇ ਹਨ । ਤਾਰੇ ਸਾਰੇ ਤਾਂ ਆਪੂ ਸੂਰਜ ਹਨ ਸਗੋਂ ਸਾਡੇ ਸੂਰਜ ਨਾਲੋਂ ਕਿਤੇ ਵੱਡੇ ਵੀ ਹਨ ।

ਸਾਰੀ ਪੁਸਤਕ ਵਿਚ ਸੰਬੋਧਨ ਹੈ ਜਾਂ ਫਿਰ ਪ੍ਰੇਮਕਾ ਵਲੋਂ ਸਵੈ ਪ੍ਰਗਟਾਵਾ ਪਰ ਇਕ ਦੋ ਥਾਈਂ ਥਿੜਕ ਪੈ ਗਈ ਜਾਪਦੀ ਹੈ ਜਦੋਂ ਕਵੀ ਜੀ 'ਕਵਿਓ ਵਾਚਿ' ਕਰਦੇ ਲਗਦੇ ਹਨ ! ਦੇਖੋ—

1. ਹਰ ਸ਼ਬਦਾਂ ਵਿਚ ਸ਼ਬਦ ਏਸਦੇ,
ਸਭ ਕਰਮਾਂ ਵਿਚ ਆਪੇ ।
ਸਭ ਧਰਮਾਂ ਵਿਚ ਇਸਦੀ ਪੂਜਾ,
ਹਰ ਥਾਂ ਇਹੀ ਸਿਆਪੇ ।
ਉਚ-ਨੀਚ ਵਣ-ਤ੍ਰਿਣ ਨਦ-ਪਰਬਤ,
ਕਣ-ਕਣ ਵਿਚ ਸਮਾਇਆ ।
ਇਸਨੂੰ ਸਮਝ ਮੁਕਤ ਹੋ ਪ੍ਰਾਣੀ,
ਮੁਕਤ ਕ੍ਰੌਲ ਸਿਆਪੇ ।

(ਸਿਆਪੇ ਸ਼ਬਦ ਇਸ ਸਾਮਗਰੀ ਵਿਚ ਓਪਰਾ ਓਪਰ ਵੀ ਨਜ਼ਰੀਂ ਪੈਂਦਾ ਹੈ)

2. ਪਰਮ ਪੁਨੀਤ ਪ੍ਰੇਰਕ ਦਰਸ਼ਨ,
ਇਹ ਹਿਰਦੇ ਵਸ ਜਾਣ ।
ਕਲਾ, ਕਲੇਸ਼, ਕਸ਼ਟ ਦੁਨੀਆਂ ਦੇ,
ਦਿਲ ਤੇ ਕਦੇ ਨਾ ਆਣ ।


Namdhari Elibrary NamdhariElibrary@gmail.com

ਹਰ ਵਿਚ ਪਾ ਇਸ ਦਾ ਝਲਕਾਰਾ,
ਜੇ ਕਰ ਜਗ ਵਿਚ ਰਹੀਏ ।
ਚਰਨਾਂ ਵਿਚ ਆ ਜਾਂਦੇ ਆਪੇ,
ਭੁਗਤ, ਜੁਗਤ, ਕਲਿਆਣ ।

(ਪੰਨਾ—97)

3. ਜਿਸ ਦਾ ਰਾਖਾ ਆਪ ਸੁਆਮੀ,
ਕੌਣ, ਕਿਵੇਂ ਉਸ ਮਾਰੇ ।
ਮੌਤ ਉਹਦੇ ਰਾਹ ਛੱਡ ਛੱਡ ਤੁਰਦੀ,
ਰਾਹ ਰੁਸ਼ਨਾਂਦੇ ਤਾਰੇ ।
ਪਤ ਮਤ ਗਤ ਦਾ ਪ੍ਰੀਤਮ,
ਜੋ ਕੋਈ ਆਪਣੇ ਰਿਦੇ ਵਸਾਏ :
ਲੱਖ ਤੂਫਾਨ ਸੁਖਾਵੇਂ ਲੰਘਣ,
ਸਾਗਰ ਲਏ ਨਜ਼ਾਰੇ ।

(ਪੰਨਾ—95)

ਇਸ ਤਰ੍ਹਾਂ ਆਪਣੀ ਕਾਵਿ ਲੋੜ ਦੀ ਪੂਰਤੀ ਲਈ ਸ਼ਬਦ ਨੂੰ ਇਸ ਤਰ੍ਹਾਂ ਘੜ-ਕਢ ਛੱਡਿਆ ਕਿ ਅਰਥ ਦੇ ਅਨਰਥ ਹੋ ਗਏ ।

ਉਹ ਦੂਰ ਗਿਆ ਨਾਲ ਲੈ ਗਿਆ,
ਸਭ ਖੁਸ਼ੀਆਂ ਤੇ ਹਾਸੇ ।
ਤੂੰ ਆਇਓਂ ਤੇ ਉਹੋ ਦਿਸਿਓਂ,
ਜਿਉਂ ਸੂਰਜ ਵਿਚ ਕਾਸੇ ।
ਉਹ ਤੇ ਤੂ ਅੱਜ ਦੋ ਨਾ ਦਿਸੇ,
ਫਰਕ ਨ ਰੂਹ ਤੇ ਤਨ ਦੀ ।
ਹਰ ਪਲ ਸਦਕੇ ਹੋ ਦਿਆਂ ਤੇਥੋਂ,
ਜਿੰਦ ਨਿਗੂਣੀ ਭਾਸੇ ।

ਦੂਜੀ ਤੁੱਕ ਵਿਚ ਸ਼ਬਦ ਆਕਾਸ਼ੇ ਨੂੰ ਹਲਾਲ ਕਰ ਛਡਿਆ ਅਤੇ ਕਾਸੇ ਦਾ ਅਰਥ ਹੁੰਦਾ ਹੈ ਮੰਗਤੇ ਦਾ ਭੀਖ ਮੰਗਣ ਵਾਲਾ ਠੂਠਾ । ਕਿਥੇ ਆਕਾਸ਼ ਅਤੇ ਕਿਥੇ ਠੂਠਾ । ਪਰ ਜਦੋਂ ਰਾਂਝਾ ਰਾਂਝਾ ਕਰਦੀ ਹੀਰ ਆਪੇ ਰਾਂਝਾ ਬਣ ਜਾਵੇ ਉਦੋਂ ਇਹ ਉਕਾਈਆਂ ਵੀ ਪਿਆਰੀਆਂ ਹੀ ਲਗਦੀਆਂ ਹਨ ।

ਦੇਰ ਨਾ ਲਾ, ਹੁਣ ਦਰਸ ਪਰਸ ਦੇਹ,
ਮੈਨੂੰ ਕੁਝ ਕੁਝ ਹੋਵੇ,
ਤੇਰੀ ਪਿਆਰ-ਪੀੜ ਵਿਚ ਪ੍ਰੀਤਮ
ਰੋਮ ਰੋਮ ਅੱਜ ਰੋਵੇ ।
ਜੇ ਤੂੰ ਦੇਰ ਕਰੀ, ਤਾਂ ਵੇਖੀਂ
ਹੰਝੂਆਂ ਦਾ ਹੜ੍ਹ ਬੀਸਾਂ,
ਜਿਸ ਵਿਚ ਤੇਰੀ ਸਾਰੀ ਲੀਲਾ,
ਰੁੜ੍ਹਦੀ ਨਹੀਂ ਖਲੋਵੇ ।

(ਪੰਨਾ—102)

ਸ੍ਰੀ ਪ੍ਰੀਤਮ ਸਿੰਘ ਕਵੀ ਹੋਰੀਂ ਭਾਰਤੀ ਕਾਵਿਧਾਰਾ, ਸੂਫੀ ਕਾਵਿ ਅਤੇ ਫਾਰਸੀ ਕਾਵਿ ਪਰੰਪਰਾ ਦੇ ਜਾਣੂੰ ਵਿਦਵਾਨ ਪ੍ਰਤੀਤ ਹੁੰਦੇ ਹਨ । ਹਮਦ ਅਤੇ ਨਾਅਤ ਦਾ ਸੁਮੇਲ ਕਰਨ, ਮਜਾਜ਼ੀ ਅਤੇ ਹਕੀਕੀ ਇਸ਼ਕ ਦੀ ਸੁਰਮੇਲ ਕਰਨ ਵਿਚ ਫਾਰਸੀ ਕਾਵਿ ਪਰੰਪਰਾ ਦੇ ਨਿਭਾਅ ਵਿਚ ਕਮਾਲ ਦੀ ਸ਼ਿਲਪਕਾਰੀ ਵਿਖਾਈ ਹੈ । ਕਹਿੰਦੇ ਹਨ—

1. ਇਕ ਅਲਬੇਲੀ ਜ਼ੁਲਫ,
ਮਸਤ ਕੋਂ ਰੋਜ਼ ਦਿਲਕਦੀ ਤੱਕਾਂ ।
ਤਕ ਤਕ ਉਸ ਨੂੰ ਖੀਵਾਂ ਹੋਵਾਂ,
ਬਿੰਦ ਲਈ ਨਾ ਥੱਕਾਂ ।
ਚੋਰਕ ਚੁੰਮੇ ਚਿਹਰੇ ਉੱਤੇ,
ਨਾਗਣ ਜਿਉਂ ਵੱਲ ਖਾਵੇ ।
ਤਿਉਂ ਤਿਉਂ ਪੈਣ ਕੁੜਲਾਂ ਮੈਨੂੰ,
ਜਿਉਂ ਜਿਉਂ ਨਜ਼ਰਾਂ ਚੱਕਾਂ ।

(ਪੰਨਾ 30)

2. ਨਾ ਧਨ ਧਾਮ ਨਾ ਬਾਗ
ਬਗੀਚੇ ਨਾ ਘੂਕੰਦੀਆਂ ਕਾਰਾਂ ।
ਮੇਰੇ ਜੀਵਨ ਦਾ ਠਰਵਾਸਾ,
ਤੇਰੀ ਰੂਹ ਜੋ ਪਿਆਰਾਂ ।
ਲੱਖਾਂ ਗੇੜ ਜਿਉਣ ਦੇ ਲੰਘੇ,
ਇਕੋ ਸਿਕ ਰਹੀ ਮੇਰੀ ।
ਤਾਂ ਗਲ ਲੱਗਾਂ ਵੇਲ ਵਾਂਗ ਮੈਂ,
ਹੋਵਨ ਸਫਲ ਬਹਾਰਾਂ ।

3. ਸਾਕੀ ਦੀ ਨਹੀਂ ਲੋੜ ਅਸਾਨੂੰ,
ਨਾ ਚਾਹੀਏ ਮੈਖਾਨਾ ।
ਸਾਨੂੰ ਤੇਰੇ ਦਰਸ਼ਨ ਚੋਂ ਹੀ,
ਮਿਲਦੇ ਮਦ ਸ਼ਾਹਾਨਾ ।
ਇਕ ਵੇਰਾਂ ਜਦ ਭਰ ਕੇ ਨਜ਼ਰਾਂ,
ਤੂੰ ਸਾਡੇ ਵੱਲ ਤਕੇਂ ।
ਰੋਮ ਰੋਮ ਵਿਚ ਖੁਸ਼ੀਆਂ,
ਸਰਸਣ, ਮਨ ਹੋਵੇ ਮਸਤਾਨਾ ।

(ਪੰਨਾ—45)

ਇਹ ਤੇ ਸਨ ਕਵੀ ਜੀ ਵਲੋਂ ਸਾਕਾਰ ਸਤਿਗੁਰੂ ਪਿਆਰੇ ਵਲ ਪਾਤੀਆਂ ਹੁਣ ਸੂਖਸ਼ਮ ਸਤਿਗੁਰਾਂ ਨਾਲ ਵੀ ਕਲੋਲ ਕਰਦੇ ਤੱਕੋ ।

ਜੇਕਰ ਦੂਰ ਦੁਰਾਡਿਉਂ ਚੰਨਾ,
ਚਾਨਣ ਰਹੇ ਪੁਚਾਂਦਾ ।
ਜੇਕਰ ਦੂਰ ਸਾਗਰੋਂ ਬੁੱਲਾ,
ਠੰਢਾਂ ਲੈ ਲੈ ਆਂਦਾ ।
ਇਵੇਂ ਪਿਆਰੇ ਪ੍ਰੀਤਮ ਮੇਰੇ,
ਤੇਰੀਆਂ ਰੋਆਂ ਆਵਣ ।
ਜੋ ਸੁਖ-ਸੁਆਦ ਦੇਂਦੀਆਂ ਰਹਿਕੇ,
ਮੈਨੂੰ ਕਰਨ ਸੁਖਾਂਦਾ ।

(ਪੰਨਾ—26)


Namdhari Elibrary NamdhariElibrary@gmail.com

ਕਹਾਣੀ—

# ਸਾਡਾ ਪਹਿਰੇਦਾਰ ?



ਬੂਟਾ ਸਿੰਘ

ਸ: ਬੂਟਾ ਸਿਘ ਪੰਜਾਬੀ ਦੇ ਪਰਮੁਖ ਕਹਾਣੀ-ਕਾਰ ਹਨ। ਅਜ ਤਕ ਕੋਈ ਤਿੰਨ ਸੌ ਤੋਂ ਉਪਰ ਕਹਾਣੀਆਂ ਲਿਖ ਚੁਕੇ ਹਨ। ਪਿਛਲੇ ਸਾਲ ਹੀ ਸਾਹਿਤ ਕਲਾ ਪ੍ਰੀਸ਼ਦ ਦਿਲੀ ਵਲੋਂ ਇਹਨਾਂ ਨੂੰ ਸਨਮਾਨਿਆ ਗਿਆ ਹੈ। ਸਤਿਗੁਰੂ ਜਗਜੀਤ ਸਿੰਘ ਜੀ ਦਾ ਅਤਿਥੀ ਸਤਿਕਾਰ ਤੇ ਨਿਵਾਜ਼ਸ਼ ਵਿਤਕਰੇ ਰਹਿਤ ਹੈ। ਇਹ ਕਹਾਣੀ ਇਸੇ ਵਿਸ਼ੇ ਸਬੰਧੀ ਹੈ। ਪਲਾਟ ਲੇਖਕ ਦੇ ਆਪਣੇ ਦਿਮਾਗ ਦੀ ਉਪਜ ਹੈ ਅਤੇ ਇਸ ਦੇ ਸਰੋਤ ਦੀ ਜ਼ੁਮੇਵਾਰੀ ਵੀ ਲੇਖਕ ਦੀ ਹੈ।

— ਸੰਪਾਦਕ

ਉਹ ਤਿਨੇ ਖੇਤਾਂ ਵਿਚਲੇ ਕੋਠੇ ਅੰਦਰ ਸੁਤੇ ਪਏ ਸਨ, ਕਈਆਂ ਦਿਨਾਂ ਦੇ ਨੀ ਦਰੇ ਤੇ ਥਕਾਵਟ ਨੇ ਉਹਨਾਂ ਨੂੰ ਭਨ ਦਿਤਾ ਸੀ। ਕਈ ਦਿਨ ਬਿਨਾਂ ਅੰਨ ਪਾਣੀ ਖਾਦਿਆਂ ਲੰਘ ਗਏ ਸਨ।......ਰਜਵੀਂ ਰੋਟੀ ਤੇ ਪੂਰੇ ਆਰਾਮ ਨੇ ਬੇਹੋਸ਼ੀ ਵਰਗੀ ਨੀਂਦਰ ਲੈ ਆਂਦੀ। ਉਹ ਨਿਸਚਿੰਤ ਪਏ ਸਨ। ਨਾ ਗਰਮੀ ਦਾ ਅਹਿਸਾਸ ਨਾ ਕਿਸੇ ਸੋਹਸੇ ਦਾ ਡਰ।

ਕਈ ਵਾਰੀ ਫਿਕਰ ਹੁੰਦਿਆਂ ਵੀ ਆਦਮੀ ਆਪਣਾ ਆਪ ਭੁਲ ਜਾਂਦਾ ਹੈ। ਗਮਾਂ ਦੇ ਟੁਟੇ ਪਹਾੜ, ਮਨੁੱਖ ਵਿਚ ਨਵੀਂ ਸ਼ਕਤੀ ਪੈਦਾ ਕਰ ਦੇਂਦੇ ਹਨ।

ਮੁਹਿੰਦਰ ਸਾਹੋ ਸਾਹੀ ਹੋਇਆ ਆਇਆ ਤੇ ਹੌਲੀ ਜਿਹੀ ਬੂਹਾ ਖੜਕਾਉਂਦੇ ਨੇ ਕਿਹਾ, "ਓਏ ਬਾਈ...ਓਏ ਬਾਈ ਕਪੂਰ ਸਿੰਘ, ਬੂਹਾ ਖੋਲ੍ਹ .....ਓਏ ਜਲਦੀ ਕਰ। ਮੁਹਿੰਦਰ ਦੀ ਆਵਾਜ਼ ਵਿਚ ਘਬਰਾਹਟ ਸੀ, ਤਲਖੀ ਸੀ ਤੇ ਡਰ ਨਾਲ ਉਸ ਦੇ ਮੂੰਹ 'ਚ ਰਲ ਨਹੀਂ ਸੀ ਨਿਕਲਦੀ।... ਓਏ ਬਾਈ ਬੂਹਾ ਜਲਦੀ ਖੋਲ੍ਹ ਦੇ......

ਅੰਦਰ ਸੁਤੇ ਤਿਨੇ ਜਾਗ ਪਏ, ਕਪੂਰ ਸਿੰਘ ਨੂੰ ਸਮਝਣ ਵਿਚ ਦੇਰ ਨਾ ਲਗੀ, ਕੋਈ ਕਾਰਾ ਵਰਤ ਗਿਆ ਹੈ।

ਕਪੂਰ ਸਿੰਘ ਨੇ ਆਪਣਾ ਝੋਲਾ ਜਲਦੀ ਨਾਲ ਸੰਭਾਲ ਬਾਰੂ ਤੇ ਜਗਤੇ ਨੂੰ ਹਨੇਰੇ ਵਿਚ ਹਲੂਣਾ ਜਿਹਾ ਮਾਰ ਸੁਚੇਤ ਕੀਤਾ, ਤੇ ਮੁਹਿੰਦਰ ਕੋਲੋਂ ਪੁਛਿਆ, "ਓਏ ਤੇਰੇ ਨਾਲ ਹੋਰ ਕੌਣ ਹੈ ?"

ਅਜੇ ਤਾਂ ਕੋਈ ਨਹੀਂ, ਭਾਅ ਜਲਦੀ ਕਰ, ਪੁਲਿਸ ਦੀ ਪੂਰੀ ਗਾਰਦ ਪਿੰਡ ਆ ਵੜੀ ਜੇ, ਪਤਾ ਨਹੀਂ ਕਿਹੜੇ ਪਾਸੇ ਮੂੰਹ ਕਰ ਲਏ......

ਕਪੂਰ ਸਿੰਘ, ਬਲਬੀਰ ਸਿੰਘ ਤੇ ਜਗਤ ਸਿੰਘ ਤਿਨੇ ਆਪਣਾ ਆਪ ਸੰਭਾਲ ਖਲੋ ਗਏ। ਉਹਨਾਂ ਨੇ ਹਨੇਰੇ ਵਿਚ ਮੰਜੀਆਂ ਉੱਤੇ ਹੱਥ ਮਾਰ ਜਾਚਿਆ ਤੇ ਪਸਰਦੇ ਹਨੇਰੇ ਵਿਚ ਤਿਨੇ ਅਲੋਪ ਹੋ ਗਏ।

ਮੁਹਿੰਦਰ ਅੰਦਰ ਵੜਿਆ ਸਭ ਤੋਂ ਪਹਿਲਾਂ ਉਸ ਮਾਚਸ ਦੀ ਤੀਲੀ ਜਗਾ, ਸਾਰੇ ਕੋਠੇ ਵਿਚ ਪੜਤਾਲਵੀਂ ਨਿਗ੍ਹਾ ਮਾਰੀ। ਦੋ ਮੰਜੇ ਚੁਕ ਕੇ ਕੰਧ ਨਾਲ ਲਾ ਦਿੱਤੇ। ਉਹ ਦੇਖ ਰਿਹਾ ਸੀ ਕਮਰੇ ਵਿਚ ਕਾਮਰੇਡਾਂ ਦੀ ਕੋਈ ਸ਼ੈ ਤਾਂ ਨਹੀਂ ਰਹਿ ਗਈ।



Namdhari Elibrary NamdhariElibrary@gmail.com

ਉਸਨੇ ਮੁੜ੍ਹਕਾ ਪੂੰਝ ਬਾਹਰ ਵਲ ਤਕਿਆ ਜਿਵੇਂ ਜਾਚ ਰਿਹਾ ਹੋਵੇ, ਉਹ ਤਿੰਨੇ ਕਿੰਨੀ ਕੁ ਦੂਰ ਨਿਕਲ ਗਏ ਹੋਣਗੇ। ਜ਼ਰਾ ਸਾਹ ਪਰਤਿਆ ਤਾਂ ਉਸ ਨੇ ਆਚੇਤ ਹੀ ਟੀਊਬਵੈਲ ਦੀ ਬੱਤੀ ਜਗਾ ਟੀਊਬਵੈਲ ਚਾਲੂ ਕਰ ਦਿਤਾ।

ਕਈ ਵਾਰੀ ਆਦਮੀ ਇਕਾਂਤ ਤੋਂ ਘਬਰਾਉਂਦਾ ਹੈ ਤੇ ਉਸ ਨੂੰ ਕਿਸੇ ਹੋਰ ਆਵਾਜ਼ ਦੀ ਜਾਂ ਸਾਥ ਦੀ ਲੋੜ ਹੁੰਦੀ ਹੈ। ਤਾਂ ਕਿ ਆਪਣੇ ਆਪ ਨੂੰ ਇਕਲਾ ਤੇ ਸਖਣਾ ਮਹਿਸੂਸ ਨਾ ਕਰੇ।

ਉਹ ਚਾਹੁੰਦਾ ਸੀ ਕਾਮਰੇਡਾਂ ਤੇ ਪੁਲਿਸ ਦੀ ਗਲ ਭੁਲ ਜਾਏ। ਉਹ ਅੰਦਰ ਪਏ ਮੰਜੇ ਉੱਤੇ ਜੁੱਤੀ ਸਮੇਤ ਲੇਟ ਗਿਆ ਤੇ ਆਉਣ ਵਾਲੇ ਸਮੇਂ ਬਾਬਤ ਸੋਚਣ ਲਗ ਪਿਆ। ...ਜੇ ਮਾੜੀ ਜਿਹੀ ਦੇਰ ਹੋ ਜਾਂਦੀ, ਪੁਲਿਸ ਨੇ ਜਵਾਨਾਂ ਦੇ ਰੂੰਬੇ ਉਡਾ ਦੇਣੇ ਸਨ। ਤੇ ਸਾਡੇ ਘਰ ਵਾਲਿਆਂ ਦੀਆ ਲੱਤਾਂ ਨੂੰ ਰਸੇ ਪਾ ਕੇ ਪਿੰਡ ਵਿਚ ਧੂਣਾ ਸੀ।...ਓਏ ਮੇਰਿਆ ਰਬਾ, ਮੈਂ ਤਾਂ ਸਭ ਕੁਝ ਕਰ ਗੁਜ਼ਰਦਾ, ਪਰ ਮੇਰੀ ਸੁਰਜੀਤੋਂ ਦਾ ਕੀ ਹਾਲ ਹੁੰਦਾ।.. ਕੋਲ ਪਈ ਮੇਰੇ ਨਾਲ ਇਸ ਤਰ੍ਹਾਂ ਚੰਬੜਦੀ, ਜਿਵੇਂ ਉਸ ਕੋਲੋਂ ਮੈਨੂੰ ਕੋਈ ਖੋਹ ਕੇ ਲੈ ਚਲਿਆ ਏ। ਅਥਰੂ ਵਗਾਉਂਦੀ, ਹਾਉਕੇ ਭਰਦੀ, ਆਖਦੀ ਮੈਂ ਪੇਕੇ ਨਹੀਂ ਉ ਜਾਣਾ। ਤੂੰ ਅਜਿਹੇ ਕੰਮ ਫੜਦੇ, ਤੈਨੂੰ ਕੁਝ ਹੋ ਗਿਆ ਮੈਂ ਮਰ ਜਾਵਾਂਗੀ ਸਰਦਾਰ ਜੀ...ਭਾਅ ਦੀਆਂ ਚੌਲ ਦਾਰੀਆ ਮੇਰੇ ਕਿਸ ਕੰਮ। ਤੂੰ ਜਟਾਂ ਦਾ ਪੁੱਤ ਏ, ਵਰ ਟੋਕੀ ਰੇ ਲਾਹ ਦੇ ਮੇਰੀ ਧੌਣ, ਜੇ ਸੀ ਕਰ ਗਈ ਤਾਂ ਆਖੀ ਕਰਤਾਰ ਸਿੰਘ ਦੀ ਧੀ ਨਹੀਂ।...ਮਨ ਗੁਰੂ ਦਾ ਵਾਸਤਾ, ਵੇਖ ਮੇਰੀ ਹਾਲਤ, ਮੇਰੇ ਦਿਨ ਪੁਗੇ ਹੋਏ ਨੇ, ਇਹ ਕਹਿੰਦਿਆਂ ਸੁਰਜੀਤ ਦੀ ਰੋਂਦਿਆਂ ਹਿਚਕੀ ਬਝ ਗਈ।

ਮੁਹਿੰਦਰ ਸੋਚ ਰਿਹਾ ਸੀ ਮੋਹ ਕਿਡੀ ਪ੍ਰਬਲ ਸ਼ਕਤੀ ਹੈ। ਇਸਦਾ ਬਝਾ ਆਦਮੀ ਹਿਲ ਨਹੀਂ ਸਕਦਾ। ਪਰ ਉਹਨਾ ਸੂਰਮਿਆਂ ਜਿਨ੍ਹਾਂ ਸਿਰਾਂ ਉੱਤੇ ਖਫਣ ਬੰਨੇ ਹੋਏ ਨੇ, ਤੇ ਜਿਨ੍ਹਾਂ ਸ਼ਿਕਾਰੀ ਕੁੱਤਿਆਂ ਤੋਂ ਬਚਦੇ ਫਿਰਦੇ ਨੇ, ਉਹ ਵੀ ਤਾਂ ਮਾਵਾਂ ਦੇ ਹੀ ਪੁਤ ਨੇ, ਭੈਣਾਂ ਦੇ ਭਰਾ ਜਿਹੜੀਆਂ ਇਕ ਝਾਤ ਵੇਖਣ ਲਈ ਤੜਫਦੀਆਂ ਫਿਰਦੀਆਂ ਨੇ। ਸੁਰਜੀਤੀਏ ਤੇਰੇ ਮੋਹ ਦਾ ਮਾਰਿਆ ਕੋਠੇ ਅੰਦਰ ਨਿਸੱਲ ਹੋ ਕੇ ਪਿਆ ਹਾਂ, ਨਹੀਂ ਤਾਂ ਮੈਨੂੰ ਕਦੋਂ ਦੀ ਗੋਲੀ ਵਜ ਗਈ ਹੁੰਦੀ।...ਕਮਲੀਏ ਤੂੰ ਬਾਰੂ (ਬਲਬੀਰ ਸਿੰਘ) ਮੁੜਕਿਆਂ ਦਾ ਮੂੰਡਾ ਨਹੀਂ ਵੇਖਿਆ, ਉਸ ਦੇ ਪਿੰਡੇ ਉੱਤੇ ਡਾਂਗ ਵਜੇ, ਡਾਂਗ ਟੁਟ ਜਾਂਦੀਆਂ। ਮਾਵਾਂ ਸਾਰੀਆਂ ਹੀ ਕਮਲੀਆਂ ਹੁੰਦੀਆਂ ਨੇ, ਰੋ ਨਾਂ ਰਖ-ਦੇਂਦੀਆਂ ਦੇ ਬਲਬੀਰ ਸਿੰਘ ਤੇ ਉਹਨਾਂ ਨੂੰ ਪਤਾ ਨਹੀਂ ਹੁੰਦਾ ਕਿ ਬਲਬੀਰ ਸਿੰਘ ਨੂੰ ਸ਼ਿਕਾਰੀ ਕੁਤਿਆਂ ਪਾੜ ਖਾਣਾ ਹੈ।... ਸੁਰਜੀਤੀਏ ਜੇ ਬਾਰੂ ਦੀ ਮਾਂ ਭੁੱਖ ਨਾਲ ਲੁਸਦੇ ਪੁੱਤਰ ਨੂੰ ਵੇਖ ਲਏ ਉਹ ਥਾਂ ਉੱਤੇ ਹੀ ਮਰ ਜਾਏ।...ਸਦਕੇ ਓਏ ਤੁਹਾਡੀਆਂ ਜੰਮਣ ਵਾਲੀਆਂ ਦੇ। ..ਅਜਿਹੀਆਂ ਗਲਾਂ ਸੋਚ-ਦਿਆ ਮਹਿੰਦਰ ਦਾ ਜੀ ਘਬਰ ਗਿਆ। ਤੇ ਏਨੇ ਵਿਚ ਪੁਲਿਸ ਦੀ ਗਾਰਦ ਦਾੜ ਦਾੜ ਕਰਦੀ ਨੇ ਕੋਠੇ ਨੂੰ ਚੋਂਹਾਂ ਪਾਸਿਆਂ ਤੋਂ ਘੇਰ ਲਿਆ। ਮੁਹਿੰਦਰ ਨੂੰ ਬੁਰੀ ਤਰ੍ਹਾਂ ਕੁੱਟ ਚਾੜ੍ਹੀ। ਉਹ ਬੇਹੋਸ਼ ਪਿਆ ਸੀ, ਤੇ ਪਤਾ ਕੁਝ ਵੀ ਨਾ ਲਗਾ, ਏਨੇ ਵਿਚ ਕਿਸੇ ਨੇ ਆਣ ਦੱਸਿਆ ਤਿੰਨ ਜਵਾਨ ਨਹਿਰ ਦਾ ਪੁਲ ਪਾਰ ਕਰਦੇ ਵੇਖੇ ਨੇ...

ਬੇਸੁਰਤ ਪਏ ਮੁਹਿੰਦਰ ਨੂੰ ਉਥੇ ਹੀ ਸੁਟ, ਪੁਲਿਸ ਇਨਸਪੈਕਟਰ ਪੂਰੀ ਗਾਰਦ ਲੈ ਕੇ ਦਸੇ ਨਿਸ਼ਾਨ ਅਨੁਸਾਰ ਟਰਕ ਤੇ ਜੀਪ ਲੈ ਕੇ ਭਜ ਗਿਆ।

ਸ਼ਿਕਾਰ ਤੇ ਸ਼ਿਕਾਰੀ ਦੀ ਖੇਡ ਤੁਰ ਪਈ। ਸ਼ਿਕਾਰੀ ਕੁੱਤੇ ਸੁੰਘਦੇ ਫਿਰਦੇ ਪਰ ਸ਼ਿਕਾਰ ਉਹਨਾਂ ਦੇ ਹੱਥਾਂ ਵਿਚੋਂ ਇਕ ਵਾਰੀ ਨਿਕਲ ਗਿਆ ਸੀ।

ਭਾਦਰੋਂ ਦੇ ਆਖਰੀ ਦਿਨ, ਅਠ ਦਸ ਦਿਨ ਹੋ ਗਏ ਸਨ ਇਕ ਕਣੀ ਨਹੀਂ ਸੀ ਪਈ। ਰੁੱਖਾਂ ਥਲੇ ਖਲੋਤਿਆਂ ਸੰਘ ਸੁਕਦਾ। ਸਾਹ ਲੈਣਾ ਔਖਾ ਹੋ ਗਿਆ ਸੀ। ਕਹਿਰ ਦੀ ਗਰਮੀ, ਮੁੜ੍ਹਕੇ ਨਾਲ ਗੜੂਚ ਹੋਏ ਕਪੜਿਆਂ ਵਿਚੋਂ ਸੜ੍ਹਾਂਦ ਆਉਂਦੀ। ਹਵਾ ਦੇ ਇਕ ਬੁਲੇ ਲਈ ਜਾਨਾਂ ਤੜਫ ਰਹੀਆਂ ਸਨ।

ਹਨੇਰਾ ਡੂੰਘਾ ਹੋ ਗਿਆ ਤਾਂ ਕਮਾਦ ਵਿਚੋਂ ਤਿੰਨੇ ਜਵਾਨ ਬਾਹਰ ਨਿਕਲੇ ਤੇ ਖੇਤ ਦੀ ਵਟ ਉੱਤੇ ਬੈਠ ਕੰਨ ਖੜੇ ਕਰ ਇਧਰ ਉਧਰ ਝਾਕਦੇ। ਤਿੰਨਾਂ ਦੀਆਂ ਭੁਖ ਨਾਲ ਆਂਦਰਾ ਲੂਸੀਆਂ ਪਈਆਂ ਸਨ। ਮੂੰਹਾਂ ਉੱਤੇ ਮਿਟੀ ਦੀਆਂ ਪਿਪੜੀਆਂ ਜੰਮ ਗਈਆਂ ਸਨ। ਤੇ ਸੰਘ ਵਿਚੋਂ ਆਵਾਜ਼ ਨਹੀਂ ਸੀ ਨਿਕਲਦੀ। ਬਾਰੂ ਨੇ ਸਾਰੇ ਕਪੜੇ ਲਾ ਵੱਟ ਉੱਤੇ ਰਖ, ਪਿੰਡੇ ਉੱਤੇ ਹੱਥ ਫੇਰਦਿਆਂ ਫਿਕੀ ਜਿਹੀ ਹਾਸੀ ਨਾਲ ਕਿਹਾ, "ਵਾਹ ਉਏ ਕਪੂਰਿਆ ਲੋਕਾਂ ਠੀਕ ਹੀ ਕਿਹਾ ਹੈ" ਜੱਟ ਤੇ ਸੰਢੇ ਪਿਛੇ ਲਗਾ ਆਦਮੀ ਡੁਬਾ ਕਿ ਡੁਬਾ...

...ਓਏ ਤੂੰ ਵੀ ਤਾਂ ਅਧਾ ਜੱਟ ਏ... ?

...ਪਤਾ ਨਹੀਂ ਅਧਾ ਜਟ ਦਾ ਪੁਤਰ ਹਾਂ,

ਪਰ ਜਗਤਿਆਂ ਤੂੰ ਜ਼ਰੂਰ ਕਿਸੇ ਬਾਣੀਏ ਦੀ ਉਲਾਦ ਏ...ਜਟ ਤੇ ਮਜ਼੍ਹਬੀ ਵਿਚਕਾਰ ਕੋਈ ਲੀਕ ਨਹੀਂ ਵਾਹ ਸਕਦਾ, ਪਤਾ ਨਹੀਂ ਕੌਣ ਏ ਜਟ ਏ ਤੇ ਕੌਣ ਮਜ਼੍ਹਬੀ ਹੈ,



Namdhari Elibrary NamdhariElibrary@gmail.com

ਪਰ ਕੰਜਰ ਦਿਆ ਤੂ ਜ਼ਰੂਰ ਧਾਣੀਏ ਦਾ ਪੁਤ ਏ, ਆ ਰਲਿਆ ਜਟਾਂ ਨਾਲ...

ਉਏ ਰੌਲਾ ਨਾ ਪਾਓ, ਬਲਬੀਰਿਆ ਕਪੜੇ ਪਾ ਲੈ, ਸਮੇਂ ਦਾ ਕੋਈ ਪਤਾ ਨਹੀਂ...

ਕਪੜੇ ਪਾ ਲੈ ਭਾਓ ਜੱਟਾ, ਹਨੇਰੇ ਵਿਚ ਤੇਰੇ ਲਿਸ਼ਕਦੇ ਪਿੰਡੇ ਨੂੰ ਨਜ਼ਰ ਲਗ ਜਾਏਗੀ । ਜਗਤੇ ਨੇ ਫਿਰ ਬਾਰੂ ਨੂੰ ਟਿਚਕਰ ਕੀਤੀ ।

ਕਪੂਰ ਸਿੰਘੇ ਵੇਖ ਲੈ ਇਹ ਭੁਖੇ ਸ਼ੇਰ ਨਾਲ ਛੇੜਖਾਨੀ ਕਰਨ ਡਿਹਾ ਈ ।...ਸੌਂਹ ਗੁਰੂ ਦੀ ਜਾਨ ਤਾਂ ਰੱਬ ਨੇ ਉਹ ਬਖਸ਼ੀ, ਕੋਈ ਟੋਕਿਆਂ ਨਾਲ ਮਾਸ ਲਾਹੇ, ਤਾਂ ਵੀ ਲਹਿ ਨਹੀਂ ਸਕਦਾ...

ਬਲੇ ਓਏ ਬਨਾਸਪਤੀ ਜੱਟਾ ਅਜ ਤਾਂ ਭਾਈ ਮਨੀ ਸਿੰਘ ਬਣਿਆਂ ਬੈਠਾ ਏਂ...

ਜਗਤਿਆ ਭਾਈ ਮਨੀ ਸਿੰਘ ਵੀ ਏਸੇ ਹੀ ਤਰ੍ਹਾਂ ਬਣਿਆ ਸੀ । ਛੱਡ ਇਸ ਗਲ ਨੂੰ ਕੋਈ ਰੋਟੀ ਟੁਕ ਦੀ ਗੱਲ ਕਰ । ਉਹ ਨਾਂ ਹੋਵੇ ਬਿਨਾਂ ਕਿਸੇ ਗੱਲ ਤੋਂ ਭੁੱਖੇ ਹੀ ਮਰ ਜਾਈਏ...ਅਸੀਂ ਤੈਨੂੰ ਮਰਨ ਨਹੀਂ ਦੇਂਦੇ !

ਕਪੂਰਿਆ ਕਿਉਂ ਝੂਠੀਆਂ ਤਸਲੀਆਂ ਦੇਂਦਾ ਏਂ ਤਿੰਨ ਦਿਨ ਹੋ ਗਏ ਨੇ ਖਾਲਾਂ ਦਾ ਪਾਣੀ ਪੀ ਪੀ ਗੁਜ਼ਾਰਾ ਕਰਦਿਆਂ । ਕਾਮੇਰੜਾ ਤਿੰਨਾਂ ਦਿਨਾਂ ਵਿਚ ਤਾਂ ਉਠ ਦੀ ਕੰਹਨ ਬੈਠ ਜਾਂਦੀ ਏਂ, ਮੈਂ ਤਾਂ ਚਾਰ ਚਾਰ ਕਿਲੋ ਦੁੱਧ ਪੀ ਕੇ ਡਕਾਰ ਨਹੀਂ ਸਾਂ ਲੈਂਦਾ...

ਓਏ ਕਾਲਿਆ ਜਟਾ ਜੇ ਤੂੰ ਮਰ ਵੀ ਗਿਆ ਤੈਨੂੰ ਕੌਣ ਏ ਪਿਛੋਂ ਰੋਣ ਵਾਲਾ ?

ਜਗਤ ਸਿੰਘਾ, ਜਿਸ ਦਿਨ ਮੇਰੇ ਮਰਨ ਦੀਆਂ ਖਬਰਾਂ ਨਿਕਲੀਆਂ, ਪਿੰਡ ਪਿੰਡ ਵੂੜੀਆਂ ਪੈਣਗੀਆਂ । ਪੁਛ ਜਾ ਕੇ ਮੇਰੇ ਵਡੇ ਭਾਓ ਦੀ ਸਾਲੀ ਨੂੰ,ਮੇਰੇ ਡੋਲੇ ਨੂੰ ਚੂੰਡ ਭਰ ਆਖਣ ਲਗੀ "ਵੇ ਔਤਰਾਂ ਦਿਆ ਇਹ ਮਾਸ ਕਿਹੜੀ ਹਟੀ ਵੇਚਣ ਜੋਗਾ ਰਖਿਆ ਈ... ?"

...ਖੋਤੀਏ ਚੂੰਡੀ ਨਾਲ ਸਾਡਾ ਕੁਝ ਨਹੀਂਉ ਬਣਨਾ ਅੰਦਰੋਂ ਗੰਡਾਸੀ ਲਿਆ, ਤੇ ਜਿਨਾ ਤੇਰਾ ਜੀਅ ਕਰਦਾ ਏ ਲਾਹ ਲੈ । ਅਸਾਂ ਕਦੇ ਵੇਚਿਆ ਨਹੀਂ । ਤੈਨੂੰ ਖੁਲ੍ਹ ਏ,... ਸਹੁੰ ਗੁਰੂ ਦੀ ਤੂੰ ਚਕ ਮਾਰੇ ਤੇਰੇ ਦੰਦ ਟੁਟੇ ਜਾਣ, ਬਣੀ ਫਿਰਦੀ ਗਾਮੇ ਭਲਵਾਨ ਦੀ ਭੈਣ—

— ਰੁੜ ਜਾਣਿਆ, ਛੱਡ ਏਨਾਂ ਗਲਾਂ ਨੂੰ, ਤੈਨੂੰ ਕੋਈ ਤੀਵੀਂ ਨਹੀਂ ਟਕਰੀ, ਅਜ ਤਕ । ਵੇਲਨੀ ਵਾਂਗ ਇਕ ਵਾਰੀ ਤੇਰੀ ਰਤ ਨਿਚੋੜ ਸੁੱਟ ਦਿਆਂਗੀ ਪਛੀਆਂ ਬਨਾ, ਵੱਡੇ ਪੂਲ੍ਹੇ ਦੀਆਂ !

ਕਪੂਰ ਸਿੰਘ ਸਰਦਾਰਾ, ਖੋਤੀ ਕੋਈ ਤੀਵੀਂ ਏ, ਸ਼ੇਰ ਦੀ ਬਚੀ, ਜੇ ਕਦੇ ਆਪਣੀ ਆਈ ਤੇ ਆ ਜਾਵੇ, ਸਪਨੀ ਵਾਂਗ ਕੁੰਡਲੀ ਮਾਰ ਕੂਕਾ ਦੇਂਦੀਆਂ । ਇਹ ਬਲਬੀਰ ਸੌਂਹ ਹੀ ਸੀ, ਜਿਸ ਦਾ ਉਹ ਹੁਣ ਤਕ ਕਲਮਾਂ ਪੜ੍ਹਦੀ, ਆਖਦੀ ਸੀ ਕਤਮਿਆ ਚਾਰ ਦਿਨ ਹੋਰ ਰਹਿ ਜਾ, ਲਿਸਾ ਹੋ ਗਿਆ ਏਂ, ਤੇਰੀ ਸੇਵਾ ਕਰਾਂਗੀ, ਤੇਰੀਆਂ ਲਤਾਂ ਘੁਟ ਤੇਰੇ ਸਾਰੇ ਥਕੇਵੇਂ ਲਾਹ ਦਿਆਂਗੀ ਬਾਈ ਤੈਨੂੰ ਕੁਝ ਨਹੀਂ ਆਖਦਾ । ਜਗਤ ਸਿੰਘ ਉਸ ਦੀਆਂ ਅੱਖਾਂ ਭਰ ਆਈਆਂ । ਉਲਾਦ ਦੀ ਥੁੜ੍ਹ ਜਨਾਨੀ ਨੂੰ ਕਮਲਿਆਂ ਬਣਾ ਦੇਂਦੀਆ ।

ਦੂਜੀ ਮੇਰੀ ਭਾਬੀਆ ਫਿਟੇਂ, ਉਹਨੂੰ ਵੇਖੇ ਤੇਰੇ ਛੋਟੇ ਟਡੇ ਰਹਿ ਜਾਣ । ਮੈਂ ਜਾਵਾਂ ਮੈਨੂੰ ਦੇਹੀਂ ਪਾ ਪਾ ਨੁਹਾਉਂਦੀ ਆ । ਸਜਨਾ ਜਿਸ ਦਿਨ ਅਸੀਂ ਮਰ ਗਏ ਪਿੰਡ ਪਿੰਡ ਵੂੜੀਆਂ ਪੈਣਗੀਆਂ ।

ਮਾਪੇ ਤੈਨੂੰ ਘਟ ਰੋਣਗੇ
ਬਹੁਤਾ ਰੋਣਗੇ ਦਿਲਾਂ ਦੇ ਜਾਨੀ ।

ਇਸ ਦੇ ਨਾਲ ਹੀ ਬਾਰੂ ਦਾ ਹਓਕਾ ਨਿਕਲ ਗਿਆ ।

ਓਏ ਛੱਡ ਇਨ੍ਹਾਂ ਬੁਸੀਆਂ ਤਰੱਕੀਆਂ ਗਲਾਂ ਨੂੰ, ਕੋਈ ਨੇੜੇ ਪਿੰਡ ਨਹੀਂ ਦਿਸਦਾ—

ਕਪੂਰ ਸਿੰਘ ਕਈ ਵਰ੍ਹੇ ਕੂਕਿਆਂ ਨਾਲ ਢੋਲਕੀ ਕੁਟੀ । ਥਾਂ ਥਾਂ ਦੀਵਾਨ ਲਾਏ, ਪਰ ਹੁਣ ਬਓ ਪਤਾ ਨਹੀਂ ਲਗਦਾ ਇਸ ਪਿੰਡ ਦਾ ਬਾਰੂ ਨੇ ਇਧਰ ਉਧਰ ਝਾਕਦਿਆਂ ਕਿਹਾ, ਮੈਨੂੰ ਡਰ ਏ ਕਿਤੇ ਭੁਖ ਨਾਲ ਹੀ ਅਜਾਈ ਮੌਤੇ ਨਾ ਮਰ ਜਾਈਏ ।

ਅਸੀਂ ਤੈਨੂੰ ਮਰਨ ਨਹੀਂ ਦੇਂਦੇ, ਇਕ ਵਾਰੀ ਤੇਰੀ ਭਾਬੀ ਨਾਲ ਜ਼ਰੂਰ ਮਿਲਾ ਦੇਣਾ ਹੈ । ਤੇਰੇ ਤੋਂ ਪਹਿਲਾਂ ਅਸੀਂ ਦੋਵੇਂ ਮਰਾਂਗੇ ।

ਛੱਡ ਕਾਮਰੇਡਾਂ ਏਹ ਗੱਲਾਂ, ਜਟ ਹਮੇਸ਼ਾਂ ਦਾਅ ਬਚਾ ਕੇ ਨਿਕਲ ਜਾਂਦੇ ਏ, ਜਦ ਮਰਦ ਨੇ ਪਹਿਲਾਂ ਸੀਰੀ (ਮਜ਼੍ਹਬੀ) ਹੀ ਮਰਦੇ ਨੇ ।

ਬਾਰਿਆ ਹੁਣ ਮਜ਼੍ਹਬੀ ਤੇ ਜਟ ਦੀ ਗੱਲ ਨਹੀਂ ਰਹੀ । ਜੇ ਵੇਲਾ ਆ ਗਿਆ ਤੇਰੇ ਤੋਂ ਪਹਿਲਾਂ ਕਪੂਰ ਹੀ ਡਿਗੇਗਾ ।

ਹਵਾ ਠੰਡੀ ਚਲ ਪਈ, ਤੇ ਉਹਨਾਂ ਨੂੰ ਗੱਲਾਂ ਕਰਦਿਆਂ ਭੁਖ ਤ੍ਰੇਹ ਵਿਸਰ ਗਈ । ਏਨੇ ਵਿਚ ਸਾਹਮਣੇ ਪਾਸੇ ਵਲੋਂ ਦੋ ਆਦਮੀ ਅਗੜ ਪਿਛੜ ਆਉਂਦੇ ਦਿਸੇ ਬਾਰੂ ਨੇ ਕੁਰਤਾ ਪੱਗ



Namdhari Elibrary NamdhariElibrary@gmail com

ਭੋਇ ਉੱਤੇ ਸੁਟ ਥੈਲੇ ਵਿਚੋਂ ਪਸਤੌਲ ਕੱਢ ਆਵਾਜ਼ ਮਾਰੀ ਕੌਣ ਹੈ ਜਵਾਨ—

ਤੁਹਾਡੇ ਮਿੱਤਰ, ਪਿਆਰੀ ਜਿਹੀ ਆਵਾਜ਼ ਨੇ ਜਵਾਬ ਦਿੱਤਾ—

—ਵੱਡਿਆ ਮਿੱਤਰਾਂ ਉਥੇ ਹੀ ਖਲੋ ਜਾ ਨਹੀਂ ਤਾਂ ਗੋਲੀ ਮਾਰਦਿਆਂਗਾ, ਦਸ ਤੁਸੀਂ ਕੌਣ ਹੋ।

ਕਮਲਿਆਂ, ਗੋਲੀ ਜ਼ਰੂਰ ਮਾਰ ਦੇਵੀਂ, ਪਹਿਲਾਂ ਵੇਖ ਤਾ ਲੈ। ਆਵਾਜ਼ ਬਾਰੂ ਦੀ ਜਾਣੀ ਪਛਾਣੀ ਲਗਦੀ ਸੀ, ਪਰ ਸਮੇਂ ਦਾ ਕੀ ਪਤਾ ਹੈ ?

ਆਉਣ ਵਾਲਿਆਂ ਨੂੰ ਸਮਝਣ ਵਿਚ ਦੇਰ ਨਾ ਲਗੀ ਸਾਹਮਣੇ ਕੌਣ ਖਲੋਤੇ ਨੇ।

ਫਿਰ ਮਿਠੀ ਜਿਹੀ ਆਵਾਜ਼ ਆਈ ਸਜਨਾਂ ਗੋਲੀ ਜ਼ਰੂਰ ਚਲਾ ਦੇਵੀਂ, ਪਰ ਸਾਨੂੰ ਨੇੜੇ ਆ ਲੈਣ ਦੇ, ਮਤੇ ਤੇਰੀ ਗੋਲੀ ਦਾ ਨਿਸ਼ਾਨਾ ਖੁਝ ਜਾਏ। ਗੋਲੀ ਅਜਾਈਂ ਨਹੀਂ ਜਾਣੀ ਚਾਹੀਦੀ।—ਇਹ ਗੱਲ ਸੁਣ ਕਪੂਰ ਸਿੰਘ ਨੇ ਨੀਝ ਨਾਲ ਤਕਿਆ ਅਗੜ ਪਿਛੜ ਆਉਂਦੇ ਦੋ ਹੀ ਆਦਮੀ ਸਨ। ਇਕ ਦਰਮਿਆਨੇ ਕੱਦ ਦਾ ਫੀਟਕਾਂ ਜਿਹਾ ਜਿਸ ਦੇ ਕਦਮਾਂ ਵਿਚ ਬੜਾ ਠਰੰਮਾ ਸੀ ਤੇ ਪਿਛੇ ਆਉਂਦਾ ਉੱਚਾ ਲੰਮਾ ਗਭਰੂ ਜਿਸ ਦੇ ਹੱਥਾਂ ਵਿਚ ਕੁਝ ਫੜਿਆ ਹੋਇਆ ਸੀ।

ਤਿੰਨੇ ਪਸਤੌਲ ਤੇ ਗਰਨੇਡ ਹੱਥਾਂ ਵਿਚ ਲੈ ਵੱਖਰੀ ਵੱਖਰੀ ਪੋਜ਼ੀਸ਼ਨ ਤੇ ਖਲੋ ਗਏ। ਅੱਗੇ ਆਉਂਦੇ ਫੀਟਕੇ ਜਿਹੇ ਆਦਮੀ ਨੇ ਕਿਹਾ, ਮਿੱਤਰਾ ਹੁਣ ਗੋਲੀ ਚਲਾ। ਅਸੀਂ ਦੋਵੇਂ ਅੱਗੇ ਪਿਛੇ ਖਲੋਤੇ ਹਾਂ, ਸੋਚਿਆ ਪਤਾ ਨਹੀਂ ਜਵਾਨ ਕੋਲ ਬਹੁਤੀਆਂ ਗੋਲੀਆਂ ਹੀ ਨਾ ਹੋਣ। ਇਕ ਗੋਲੀ ਨਾਲ ਹੀ ਸਾਡਾ ਦੁਹਾਂ ਦਾ ਕੰਮ ਸਾਰ ਦੇਵੇ।

ਇਹ ਸੁਣ ਬਾਰੂ ਦਾ ਹੱਥ ਢਿਲਾ ਹੋ ਗਿਆ। ਤੇ ਸਾਹ-ਮਣੇ ਖਲੋਤੇ ਆਦਮੀ ਨੇ ਬਾਰੂ ਦੇ ਮੋਢੇ ਨੂੰ ਪਿਆਰ ਨਾਲ ਥਾਪੜਦਿਆਂ ਕਿਹਾ, ਚਲ ਮੇਰੇ ਨਾਲ ਚਲਕੇ ਪ੍ਰਸ਼ਾਦਾ ਛਕੀਏ, ਮੇਰੇ ਬੇਟੇ ਅੱਜ ਤੂੰ ਆਪਣਾ ਘਰ ਭੁਲ ਗਿਆ ਏ।

ਬਾਰੂ ਨੇ ਨੀਝ ਨਾਲ ਤਕਿਆ, ਤੇ ਦੋ ਤਿੰਨ ਅੱਖਾਂ ਦੇ ਝਪਕੇ ਮਾਰ, ਤੇ ਨਾਲ ਹੀ ਨੀਵਾਂ ਹੋ ਚਰਨੀ ਹੱਥ ਲਾਇਆ। ਉਹ ਸਮਝ ਗਿਆ ਸੀ ਕਿ ਇਹ ਸਤਿਗੁਰੂ ਜਗਜੀਤ ਸਿੰਘ ਜੀ ਹਨ। ਪਰ ਉਸ ਦੇ ਨਾਲ ਦਿਆਂ ਲਈ ਅੱਜ ਤਕ ਇਕ ਬੁਝਾਰਤ ਸੀ।

ਬਾਰੂ ਤੇ ਕਪੂਰ ਸਿੰਘ ਦੁਹਾਂ ਨੂੰ ਆਪਣੀਆਂ ਬਾਹਵਾਂ ਵਿਚ ਲੈਂਦਿਆਂ ਕਿਹਾ, ਚਲੋ ਮੇਰੇ ਠਾਕਰ ਜੀ, ਪਰਸ਼ਾਦ ਛਕੋ।

ਜਗਤੇ ਅਤੇ ਕਪੂਰ ਸਿੰਘ ਅੰਦਰ ਅਜੇ ਵੀ ਕਈ ਸੰਸੇ ਉਠ ਰਹੇ ਸਨ। ਇਹ ਕੌਣ ਹੈ ? ਸਾਨੂੰ ਕਿਥੇ ਲੈ ਜਾ ਰਿਹਾ ਹੈ ?

ਬਾਰੂ ਨੇ ਦੁਹਾਂ ਦੇ ਡਰ ਨੂੰ ਹਟਾਉਂਦਿਆਂ ਏਨਾ ਹੀ ਕਿਹਾ ਓਏ ਇਹ ਮੇਰੇ ਮਾਲਿਕ ਨੇ,.. ਅਜੇ ਇਹ ਗੱਲ ਬਾਰੂ ਮਜ਼ਬੀ ਦੇ ਮੂੰਹ ਵਿਚ ਹੀ ਸੀ ਤਾਂ ਸਤਿਗੁਰੂ ਜਗਜੀਤ ਸਿੰਘ ਜੀ ਨੇ ਪਿਆਰ ਭਰੇ ਸਵਰ ਨਾਲ ਜਗਤ ਸਿੰਘ ਤੇ ਕਪੂਰ ਸਿੰਘ ਦੇ ਗਲ ਵਿਚ ਬਾਂਹ ਪਾ ਕਿਹਾ, ਆਪਣਾ ਘਰ ਛੱਡ ਏਨੇ ਦਿਨ ਕਮਾਦ ਵਿਚ ਲੁਕ ਕੇ ਰਹਿਣ ਦਾ ਕੀ ਕੰਮ। ਏਨਾ ਰੋਸਾ ਨਹੀਂ ਚੰਗਾ ਹੁੰਦਾ।

ਬਾਰੂ ਦਾ ਮੁੜ੍ਹਕੇ ਨਾਲ ਭਿਜਾ ਜੁਸਾ ਜਿਸ ਵਿਚੋਂ ਬੋਅ ਆ ਰਹੀ ਸੀ, ਸਤਿਗੁਰੂ ਜੀ ਨੇ ਕਿਨੀ ਵਾਰੀ ਘੁਟ-ਘੁਟ ਆਪਣੇ ਨਾਲ ਲਾਇਆ। ਉਸ ਦੀ ਕੰਡ ਉੱਤੇ ਹੱਥ ਫੇਰਿਆ।

ਬਲਕਾਰ ਸਿੰਘ...?

ਜੀ ਪਾਤਸ਼ਾ...

ਤੂੰ ਅੱਗੇ ਅੱਗੇ ਭਜ ਕੇ ਜਾ, ਇਨਾਂ ਸਾਧਾਂ ਦੇ ਅਸ਼ਨਾਨ ਦਾ ਇੰਤਜ਼ਾਮ ਕਰੋ।

ਉਸ ਦਿਨ ਸਤਿਗੁਰੂ ਜੀ ਨੇ ਆਪ ਖੂਹੀ ਵਿਚੋਂ ਜਲ ਕੱਢ ਉਹਨਾਂ ਤਿੰਨਾਂ ਦਾ ਅਸ਼ਨਾਨ ਕਰਾ, ਨਵੇਂ ਬਸਤਰ ਪੁਆ ਦੇ। ਤੇ ਹੁਕਮ ਦਿੱਤਾ ਕੋਠੀ ਦੇ ਆਲੇ-ਦਵਾਲੇ ਪਹਿਰਾ ਲਾ ਦਿਓ, ਬਿਨਾਂ ਆਗਿਆ ਕੋਈ ਅੰਦਰ ਨਾ ਵੜੇ।

ਸਤਿਗੁਰੂ ਜੀ ਨੇ ਆਪਣੀ ਹੱਥੀਂ ਉਹਨਾਂ ਨੂੰ ਲੰਗਰ ਛਕਾਇਆ। ਉਹ ਤਿੰਨੇ ਪੱਖੇ ਥਲੇ ਨਵਾਰੀ ਪਲੰਘਾਂ ਉੱਤੇ ਸੁਤੇ ਸਨ। ਤੇ ਸ੍ਰੀ ਸਤਿਗੁਰੂ ਜੀ ਬਾਹਰ ਇਧਰ ਉਧਰ ਟਹਿਲਦੇ, ਹੱਥ ਵਿਚ ਮਾਲਾ ਫੜੀ ਪਹਿਰਾ ਦੇ ਰਹੇ ਸਨ।

★



Namdhari Elibrary NamdhariElibrary@gmail.com

## ਕਵਿਤਾ

ਬਲਬੀਰ ਸਿੰਘ ਢਿਲੋਂ

ਜਗਜੀਤ ਗੁਰੂ ਤੇਰੇ ਬਾਗਾਂ ਦੀ,
ਨਾ ਕੋਇਲ ਬਣਾ ਨਾ ਮੋਰ ਬਣਾ।
ਨਾਂ ਭਗਤ ਬਣਾ ਨਾ ਪੀਰ ਬਣਾ,
ਨਾ ਸਾਧ ਬਣਾ ਨਾ ਚੋਰ ਬਣਾ।
ਨਾਂ ਜੱਜ ਬਣਾਂ ਨਾਂ ਸੇਠ ਬਣਾਂ,
ਜੀ ਕਰਦੇ ਕੁਝ ਨਾਂ ਹੋਰ ਬਣਾਂ।
ਤੈਨੂੰ ਹਰ ਦੰਮ ਚੰਨਾਂ ਤਕਦਾ ਰਹਾਂ,
ਬਸ ਬਣਾਂ ਤਾਂ ਇਕ ਚਕੋਰ ਬਣਾਂ।
ਮੈਂ ਪਿਆਸਾ ਵਾਂਗ ਬੰਬੀਹੇ ਦੇ,
ਇਕ ਸੁਆਂਤ ਬੂੰਦ ਤਰਸੀਂਦਾ ਰਹਾਂ।
ਤੇਰੇ ਨੈਨੋਂ ਅੰਮ੍ਰਿਤ ਡੁਲਦਾ ਰਹੇ,
ਮੈਂ ਦਰਸ ਪਿਆਸਾ ਪੀਂਦਾ ਰਹਾਂ।
ਮੇਰੇ ਪ੍ਰੀਤਮ ਜੀ ਉਪਦੇਸ਼ ਤੇਰੇ,
ਹਿਰਦੇ ਦੇ ਵਿਚ ਵਸਾ ਲਈਏ।
ਇਸ ਮਨ ਦੇ ਸੁੰਞੇ ਮੰਦਰ 'ਚ,
ਕੋਈ ਨੂਰੀ ਜੋਤ ਜਗਾ ਲਈਏ।
ਇਹ ਜੀਵਨ ਬੜਾ ਅਮੋਲਾ ਏ,
ਨਾਂ ਮਿਟੀ ਵਿਚ ਮਿਲਾ ਲਈਏ।
ਜੋ ਬੀਤ ਗਈ ਸੋ ਬੀਤ ਗਈ,
ਬਾਕੀ ਨਾਂ ਐਂਵੇ ਗਵਾ ਲਈਏ।
ਮੈਨੂੰ ਨਾਮ ਪਦਾਰਥ ਦੇ ਏਨਾ,
ਮੈਂ ਖਾਂਦਾਂ ਰਹਾਂ ਖਰਚੀਂਦਾ ਰਹਾਂ।
ਤੇਰੇ ਨੈਨੋਂ.....
ਸਰ ਸਬਜ਼ ਤੇਰੀ ਇਸ ਧਰਤੀ ਤੇ,
ਕੋਈ ਕਿਰਤ ਨਿਰਾਸੀ ਹੋਏ ਨਾ।
ਕੋਈ ਲਹੂ ਕਿਸੇ ਦਾ ਪੀਵੇ ਨਾ,
ਕੋਈ ਰਤ ਕਿਸੇ ਦੀ ਚੋਏ ਨਾ।
ਕੋਈ ਹੱਕ ਕਿਸੇ ਦਾ ਮਾਰੇ ਨਾ,
ਕੋਈ ਹੱਕ ਕਿਸੇ ਦਾ ਖੋਹੇ ਨਾ।
ਕਿਸੇ ਤਨ ਤੇ ਲੀਰਾਂ ਲਮਕਨ ਨਾ,
ਕੋਈ ਢਿਡੋਂ ਭੁਖਾ ਹੋਏ ਨਾ।
ਮੈਂ ਪਾਟੇ ਦਿਲ ਮਜ਼ਲੂਮਾਂ ਦੇ,
ਕਰ ਮਿਹਰ ਕੇ ਸਾਈਆਂ ਸੀਂਦਾ ਰਹਾਂ।
ਤੇਰੇ ਨੈਨੋਂ......

ਤੇਰੇ ਦਰ ਤੇ ਗੁਰੂ ਜਗਜੀਤ ਜੀਓ,
ਝੱਲ ਪੱਖਾ ਪਾਣੀ ਢੋ ਜਾਵਾਂ।
ਜੇ ਜਾਗਾਂ ਤੇਰੇ ਚਰਨਾਂ 'ਚ,
ਤੇਰੀ ਗੋਦ 'ਚ ਸਜਨਾਂ ਸੌਂ ਜਾਵਾਂ।
ਤੇਰੇ ਪਿਆਰ ਦੀ ਪਿਆਰੀ ਦੁਨੀਆਂ ਚ,
ਮੈਂ ਪਿਆਰੇ ਏਦਾਂ ਖੋਹ ਜਾਵਾਂ।
ਨਾਂ ਮੈਂ ਰਹੇ ਨਾ ਮੇਰਾ ਰਹੇ,
ਬਸ ਤੂੰ ਹੀ ਤੂੰ ਜਪੀਦਾਂ ਰਹਾਂ।
ਤੇਰੇ ਨੈਨੋਂ.....

ਕਰੇ ਮਿਹਰਾਂ ਗੁਰੂ ਪ੍ਰਤਾਪ ਜੀਓ,
ਕੋਈ ਸਜਣ ਚਾਹਾਂ ਮੋਲੇ ਨਾ।
ਕੋਈ ਕੋੜਾ ਫੜ ਮਰਦਾਨੇ ਨੂੰ,
ਵਿਚ ਤੇਲ ਕੜਾਹਾਂ ਤੋਲੇ ਨਾ।
ਖੀਰਾਂ ਤੇ ਪੂੜੇ ਰਲ ਤਲ ਕੇ,
ਹੁਣ ਭਾਗੋ ਖਾਵਣ ਕੱਲੇ ਨਾ।
ਕੋਈ ਲਾਲੋ ਮਾਰਿਆ ਭੁਖਾਂ ਦਾ,
ਹੁਣ ਕੁੱਖ ਕੱਢ ਕੇ ਚੱਲੇ ਨਾ।
ਵਰਤਾਰਾ ਇਕੋ ਸਭਨਾਂ ਨੂੰ,
ਤੇਰੇ ਦਰ ਤੇ ਮੈਂ ਵਰਤੀਦਾਂ ਰਹਾਂ।
ਤੇਰੇ ਨੈਨੋਂ......

ਮੈਂ ਮੰਨ ਤੇਰੇ ਉਪਦੇਸਾਂ ਨੂੰ,
ਹੁਣ ਸੁੱਚੀ ਕਿਰਤ ਕਮਾਵਾਂ ਗਾਂ।
ਤੇ ਕਿਰਤ ਕਮਾਈ ਆਪਣੀ ਨੂੰ,
ਸਭਨਾ ਵਿਚ ਵੰਡ ਕੇ ਖਾਵਾਂਗਾ।
ਹੁਣ ਜੇਬ ਕਿਸੇ ਦੀ ਕਟਦਾ ਨਹੀਂ
ਨਾ ਸਨ੍ਹ ਕਿਸੇ ਨੂੰ ਲਾਵਾਂਗਾ।
ਮੈਂ ਚੇਲਾ ਭਗਤ ਕਬੀਰ ਦਾ ਹਾਂ,
ਹੁਣ ਖੱਡੀ ਖੂਬ ਚਲਾਵਾਂਗਾ।
ਜਗਜੀਤ ਗੁਰੂ ਤੇਰੇ ਚਰਨਾਂ ਦੀ,
ਮੈਂ ਹਰਦੰਮ ਧੂੜੀ ਬੀਦਾਂ ਰਹਾਂਗਾ।
ਤੇਰੇ ਨੈਨੋਂ......

●

Namdhari Elibrary NamdhariElibrary@gmail.com

# ਸਾਨੂੰ ਆਪਣੇ ਸਦਾ ਬਣਾਈ ਰਖੋ

—ਕੇਹਰ ਸਿੰਘ ਹਮਰਾਹੀ

ਮਾਹੀ ਮਾਨ ਮੇਰਾ ਮਲੀਆ ਮੇਟ ਕਰਕੇ,
ਮੈਨੂੰ ਮਸਤ ਫਕੀਰੀ ਦੀ ਦਾਤ ਦੇ ਦੇ।

ਦਿਸੇ ਹਰ ਪਾਸੇ ਇਕੋ ਨੂਰ ਤੇਰਾ,
ਮੈਨੂੰ ਐਸਾ ਕੋਈ ਆਬੇ-ਹਯਾਤ ਦੇ ਦੇ।

ਬਣਿਆ ਭੌਰ ਮੈਂ ਸਿਖੀ ਗੁਲਜ਼ਾਰ ਦਾ ਰਹਾਂ,
ਚਰਨ ਧੂੜੀ ਦੀ ਨੂਰੀ ਸੁਗਾਤ ਦੇ ਦੇ।

ਮੇਹਰ ਨਜ਼ਰ ਕਰ ਕੇ ਮਸਤਕ ਪਾਕ ਕਰਦੇ,
ਦਰ ਦਰ ਭਟਕਦੇ ਤਾਂਈ ਗਿਆਨ ਦੇ ਦੇ।

ਕਦੇ ਪਾਰਸ ਨੇ ਮੂੰਹੋ ਨਹੀਂ ਕਿਹਾ ਪਾਰਸ,
ਛੋਹ ਹੀ ਦਸਦੀ ਏ, ਇਹ ਸਮਝਾਈ ਰਖੋ।

ਖਿਚ ਪਾਲ ਗਿਆਨ ਦਾ ਬਾਣ ਲਾਕੇ,
ਸਾਨੂੰ ਆਪਣੇ ਸਦਾ ਬਣਾਈ ਰਖੋ।

"ਜਗ ਜਿਤ" ਜਹਾਂ ਦੇ ਵਿਚ ਰਮਿਓਂ,
ਜਲ ਥਲ ਇਲਾਹੀ ਉਹ ਨੂਰ ਹੈ ਤੂੰ।

ਮੈਨੂੰ ਵਿਚ ਭੁਲੇਖਿਆਂ ਪਾ ਨਾਹੀਂ,
ਜੋਤ ਰਾਮ ਪਰਤਾਪ ਹਜ਼ੂਰ ਹੈ ਤੂੰ।

ਮੇਰੀ ਭਟਕਣਾ ਭਟਕ ਦੀ ਅਟਕ ਗਈ ਏ,
ਲਟਕ ਰਹੇ ਕੇ ਓਹ ਸਰੂਰ ਹੈ ਤੂੰ।

ਜਿਸ ਨੂੰ ਪੂਜਿਆ ਹੋਵੇ ਆਮਰ ਮਸਤੀ,
ਨਾਨਕ ਰਾਮ ਅਕਾਲ ਹਜ਼ੂਰ ਹੈ ਤੂੰ।

ਦਾਤਾ, ਦੀਨ ਹਾਂ, ਦਿਆਲ, ਦੇ ਦਰ ਆਇਆਂ,
ਖੈਰ ਮੰਗਤੇ ਦੇ ਕਾਸੇ ਪਾਈ ਰਖੋ।

ਮੰਦਾ ਕੁੱਤਾ, ਪਰ ਖਸਮ ਨੂੰ ਗਾਲ ਕਢਣ,
ਸਾਨੂੰ ਆਪਣੇ ਸਦਾ ਬਣਾਈ ਰਖੋ।

ਭਰਿਆ ਔਗੁਣਾਂ ਦਾ ਮੇਰੇ ਜਿਹਾ ਕੋਈ ਨਹੀਂ,
ਤੇਰੇ ਜਿਹਾ ਮਾਹੀ ਬਖਸ਼ਣ ਹਾਰ ਕੋਈ ਨਹੀਂ।

ਤੇਰੇ ਦਰ ਤੋਂ ਵੀ ਜੇ ਮੈਂ ਭਟਕ ਜਾਵਾਂ,
ਮੈਨੂੰ ਦੋਹਾਂ ਜਹਾਨਾਂ 'ਚ ਸਾਰ ਕੋਈ ਨਹੀਂ।

ਦਰਦੇ-ਦਿਲ, ਮਰਦਾਂ ਤੇ ਧਰਮ ਪਾਲਕ,
ਤੇਰੇ ਜਿਹਾ ਹੋਰ ਵਿਚ ਸੰਸਾਰ ਕੋਈ ਨਹੀਂ।

ਦਰਗਾਹ ਫਿਟਕੇ ਨੂੰ ਤੂੰ ਤੇ ਬਖਸ਼ ਸਕਦੇ,
ਤੇਰੇ ਫਿਟਕੇ ਨੂੰ ਢੋਈ ਦਰਬਾਰ ਕੋਈ ਨਹੀਂ।

ਮੇਰੀ ਆਤਮਾ ਲਈ ਪਰਮ ਆਤਮਾ ਤੂੰ,
ਮੈਨੂੰ ਜੀਵਨ ਦੀ ਰੋਸ਼ਨੀ ਪਾਈ ਰਖੋ।

ਮੁਕਤੀ, ਤਖਤ ਤੇ ਤਾਜਾਂ ਦੀ ਲੋੜ ਨਾਹੀ,
ਮੈਨੂੰ ਆਪਣੇ ਸਦਾ ਬਣਾਈ ਰਖੋ।

ਲੁਟਿਆ ਜਾਂ ਜਹਾਂ ਤੋਂ ਮੈਂ ਬੇਸ਼ਕ,
ਮੇਰੀ ਇਕ ਨਾ ਲੁਟੀ ਪ੍ਰੀਤ ਜਾਵੇ।

ਮੇਰੇ ਜੀਵਨ ਦਾ ਓ ਹਮਰਾਜ਼ ਮੇਰੇ,
ਬੇਸ਼ਕ ਟੁਟ ਅਧਵਾਟਿਓਂ ਗੀਤ ਜਾਵੇ।

ਬ੍ਰਿਹਾ, ਪਰੇਮ, ਵਿਰਾਮ, ਵਿਸ਼ਵਾਸ, ਮਸਤੀ,
ਕਰਮ, ਧਰਮ, ਇਹ ਮਤੀ-ਸਰਜੀਤ ਜਾਵੇ।

ਲੈ ਲੈ ਜੀਵਨ ਪਰ ਇਕ ਪ੍ਰਤੀਤ ਦੇ ਦੇ,
ਕਿਧਰੇ ਟੁਟ ਨਾ ਮੇਰੀ ਪ੍ਰੀਤ ਜਾਵੇ।

ਬੇਸ਼ਕ ਖਾਕ ਭੁਰ ਖਾਕ ਹੀ ਖਾਕ ਕਰ ਦਈਂ,
(ਪਰ) ਮੇਹਰ ਭਰਿਆ ਹਥ ਸਿਰ ਟਿਕਾਈ ਰਖੋ।

ਮੇਰੇ ਜੀਵਨ ਦਾ ਮਾਹੀ ਹਮਰਾਹੀ ਬਣ ਕੇ,
ਸਾਨੂੰ ਆਪਣੇ ਸਦਾ ਬਣਾਈ ਰਖੋ।

•

Namdhari Elibrary NamdhariElibrary@gmail.com

# ਬਿਅੰਤ ਪ੍ਰਗਤੀਆਂ ਦੇ ਸੁਆਮੀ

ਆਤਮਾ ਸਿੰਘ ਸਨਖਤ੍ਰਵੀ



ਸੰਤ ਆਤਮਾ ਸਿੰਘ ਸਣਖਤ੍ਰਵੀ ਅੱਜ ਕਲ ਸਤਿਜੁਗ ਦੇ ਸੰਪਾਦਕ ਹਨ। ਨਾਮਧਾਰੀ ਪੰਥ ਸਬੰਧੀ ਬਚਪਨ ਤੋਂ ਹੀ ਕਵਿਤਾਵਾਂ ਅਤੇ ਲੇਖਾਂ ਰਾਹੀਂ ਸਾਹਿਤ ਸੇਵਾ ਕਰ ਰਹੇ ਹਨ। ਇਹਨਾਂ ਦਾ ਨਿਜੀ ਅਨੁਭਵ ਬਹੁਤ ਵਿਸ਼ਾਲ ਹੈ। ਜਲਦੀ ਹੀ ਇਹਨਾਂ ਦੀ ਇਕ ਪੁਸਤਕ 'ਸਿਖ ਗੁਰੂ ਪਰੰਪਰਾ' ਮਾਰਕੀਟ 'ਚ ਆ ਰਹੀ ਹੈ ਜੋ ਆਪਣੇ ਵਿਸ਼ੇ ਤੇ ਇਕ ਵਿਲਖਣ ਕ੍ਰਿਤ ਹੋਵੇਗੀ। —ਸੰਪਾਦਕ

ਹਿੰਦੀ ਦੀ ਇਕ ਕਹਾਵਤ ਹੈ ਕਿ "ਹੋਣਹਾਰ ਬਿਰਵਾ ਕੇ ਚਿਕਨੇ ਚਿਕਨੇ ਪਾਤ" ਇਸ ਕਹਾਵਤ ਦੇ ਅਨੁਸਾਰ ਮੇਰੇ ਸਾਹਵੇਂ ਅਜ ਵਰਤਮਾਨ ਕਾਲ ਦੇ ਨਾਮਧਾਰੀ ਪੰਥ ਦੇ ਰਹਿਬਰ ਬਰਕਤਾਂ ਦੇ ਭੰਡਾਰ ਨਹਿਮਤਾਂ ਦੇ ਦਾਤੇ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਸਚੇ ਪਾਤਸ਼ਾਹ ਦਾ ਉਹ ਅਦੁਤੀ ਜਲਾਲ ਚਾਰ ਚੁਫੇਰੇ ਘੁੰਮਦਾ ਨਜ਼ਰ ਆ ਰਿਹਾ ਹੈ ਜਦੋਂ ਇਹ ਅਜੇ ਕਿਸ਼ੋਰ ਅਵਸਥਾ ਵਾਲੇ ਕੇਵਲ ਬੇਅੰਤ ਜੀ ਹੀ ਸਨ। ਵੇਖਨ ਨੂੰ ਇਹਨਾਂ ਦਾ ਸਰੀਰ ਭਾਵੇਂ ਸਾਥੀ ਬੱਚਿਆਂ ਨਾਲੋਂ ਕੁਝ ਪਤਲਾ ਹੀ ਪ੍ਰਤੀਤ ਹੁੰਦਾ ਪਰ ਨਸਣ, ਭਜਣ, ਤੇ ਖੇਲਣ ਕੁਦਣ ਅਥਵਾ ਬਾਲਕ ਪਣ ਦੀਆਂ ਸਾਰੀਆਂ ਹਰਕਤਾਂ ਵਿਚ ਇਹ ਮੋਟੇ ਮੋਟੇ ਹਾਣੀਆਂ ਨੂੰ ਪਛਾੜ ਜਾਂਦੇ (ਹਾਲਾਂ ਕਿ ਇਨ੍ਹਾਂ ਦੋਹਾਂ ਵੀਰਾਂ ਉਤੇ ਡੇਰੇ ਦੇ ਪ੍ਰਬੰਧਕਾਂ ਵਿਦਿਆ ਤੇ ਸੰਗੀਤ ਦੇ ਉਸਤਾਦਾਂ ਦੀ ਨਿਗਰਾਨੀ ਤੇ ਕਰੜਾਈ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਹੁਕਮ ਅਨੁਸਾਰ ਬਾਕੀ ਦੇ ਸਾਥੀ ਬਚਿਆਂ ਨਾਲੋਂ ਕਿਤੇ ਜ਼ਿਆਦਾ ਹੁੰਦੀ)।

ਭਾਵੇਂ ਸ੍ਰੀ ਸਤਿਗੁਰੂ ਜਗਜੀਤ ਸਿੰਘ ਤੇ ਸ੍ਰੀ ਮਹਾਰਾਜ ਬੀਰ ਸਿੰਘ ਜੀ ਵੇਖਨ ਨੂੰ ਬਾਲ ਅਵਸਥਾ ਸਮੇਂ ਸ੍ਰੀ ਭੈਣੀ ਸਾਹਿਬ ਵਿਚ ਖੁਲ੍ਹੇ ਤੌਰ ਤੇ ਖੇਡਦੇ, ਪੜ੍ਹਦੇ, ਤੇ ਸੰਗੀਤ ਸਿਖਦੇ ਸਨ ਪਰ ਮੈਂ ਨਿਜੀ ਤੌਰ ਤੇ ਇਨ੍ਹਾਂ ਦੇ ਬਾਲ ਜੀਵਨ ਨੂੰ (ਸ੍ਰੀ ਭੈਣੀ ਸਾਹਿਬ ਨਿਵਾਸ ਸਮੇਂ) ਇਕ ਭੋਰੇ ਦਾ ਤਪਸਵੀ ਜੀਵਨ ਹੀ ਸਮਝਦਾ ਹਾਂ। ਸ੍ਰੀ ਗੁਰੂਦੇਵ ਪਿਤਾ ਜੀ ਦੇ ਹੁਕਮ ਦੀ ਸੀਮਾ ਦਾ ਇਨ੍ਹਾਂ ਨੇ ਆਪਣੇ ਦੁਆਲੇ ਉਹ ਭੋਰਾ ਬਣਾ ਰਖਿਆ ਸੀ, ਜਿਸ ਦਾ ਮੁਕਾਬਲਾ ਸ਼ਾਇਦ ਕਿਸੇ ਕਿਲ੍ਹੇ ਵਿਚਲਾ ਭੋਰਾ ਵੀ ਨ ਕਰ ਸਕੇ, ਸਗੋਂ ਇਸ ਹੁਕਮ ਦੀ ਸੀਮਾ ਵਾਲੇ ਭੋਰੇ ਵਿਚ ਇਹ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਅੰਤਲੇ ਸਵਾਸ ਤਕ ਹੀ ਨਿਵਾਸ ਰਖਦੇ ਰਹੇ।

ਮੈਨੂੰ ਯਾਦ ਹੈ ਕਿ ਇਕ ਵਾਰੀ ਅਸੂ ਦੇ ਪ੍ਰਯੋਗੀ ਮੇਲੇ ਤੇ ਬਹੁਤ ਬਾਰਸ਼ ਹੋ ਰਹੀ ਸੀ ਤੇ ਸ੍ਰੀ ਭੈਣੀ ਸਾਹਿਬ ਮੇਲੇ ਤੇ ਆਏ ਹਜ਼ਾਰਾਂ ਦਰਸ਼ਕ ਰਾਤ ਨੂੰ ਹੋ ਰਹੀ ਫਜ਼ੋਂ ਖਾਰੀਂ ਬਾਰਸ਼ ਵਿਚ ਛਪਰਾਂ ਕੋਠਿਆਂ ਤੇ ਤੰਬੂਆਂ ਵਿਚ ਦੜ ਵਟੀ ਬੈਠੇ ਸਨ ਅਤੇ ਅਟਲ ਪ੍ਰਤਾਪੀ ਸਤਿਗੁਰੂ ਜੀ ਗੋਲ ਛਪਰ ਵਿਚ ਸ਼ਸ਼ੋਭਿਤ ਸਨ। ਉਸ ਵਕਤ ਜਿਥੇ ਮੈਂ ਸਵੇਰੇ ਕਰਨ ਵਾਲੇ



Namdhari Elibrary NamdhariElibrary@gmail.com

ਅਨੰਦ ਕਾਰਜਾਂ ਦੀ ਪ੍ਰਵਾਨਗੀ ਲੈਣ ਵਾਸਤੇ ਸ੍ਰੀ ਸਤਿਗੁਰੂ ਜੀ ਦੇ ਦਰਸ਼ਨ ਕਰਨ ਲਈ ਛਪਰ ਵਿਚ ਗਿਆ ਉਥੇ ਇਹ ਦੋਵੇਂ (ਰਾਮ ਲਛਮਨ ਸਮਾਨ) ਵੀਰਾਂ ਵੀ ਹਨੇਰੀ ਠਕੇ ਤੇ ਬਾਰਸ਼ ਨਾਲ ਗਿਲੇ (ਨੁਚੜਦੇ) ਬਸਤਰਾਂ ਵਿਚ ਛਪਰ ਵਿਚ ਆ ਗੁਰੂਦੇਵ ਦੇ ਚਰਨਾਂ ਤੇ ਨਮਸਕਾਰ ਕੀਤੀ ਅਤੇ ਅਰਜ਼ ਕੀਤੀ ਸਚੇ ਪਾਤਸ਼ਾਹ ਇਸ ਵਕਤ ਹੋਰ ਤਾਂ ਸਭ ਸਰੀਰਾਂ ਨੂੰ ਮਾੜੇ ਚੰਗੇ ਡੇਰੇ ਮਿਲ ਗਏ ਹਨ ਪਰ ਦੋ ਸਰੀਰ (ਸੰਤ ਬਹਾਦਰ ਸਿੰਘ ਤੇ ਕਰਕਤ ਸਿੰਘ) ਹੁਣ ਹੀ ਆਏ ਹਨ ਉਹਨਾਂ ਵਾਸਤੇ ਕਿਵੇਂ ਕੀਤਾ ਜਾਏ। ਸਚੇ ਪਾਤਸ਼ਾਹ ਨੇ ਹੁਕਮ ਕੀਤਾ ਕਿ ਬਾਗਵਾਲੀ ਕੋਠੀ ਦੇ ਬਰਾਂਡੇ ਵਿਚ ਉਨ੍ਹਾਂ ਨੂੰ ਸਫ ਤੇ ਕਪੜੇ ਵਿਛਾ ਦੇਵੋ, ਇਹਨਾਂ ਨੇ ਇਸ ਹੁਕਮ ਦੀ ਪਾਲਨਾ ਵੀ ਉਸੇ ਵਕਤ ਕਰਕੇ ਉਨ੍ਹਾਂ ਨੂੰ ਤਾਂ ਡੇਰਾ ਕਰਵਾ ਦਿਤਾ। ਪਰ ਆਪ ਪਤਾ ਨਹੀਂ ਕਿਸ ਹਾਲਤ ਵਿਚ ਸਾਰੀ ਰਾਤ ਗੁਜ਼ਾਰੀ।

ਉਹ ਵੀ ਸਮਾਂ ਆਇਆ ਜਦੋਂ ਇਸ ਹੁਕਮਰੂਪੀ ਡੇਰੇ ਦੇ ਜੀਵਨ ਵਿਚੋਂ (ਸ੍ਰੀ ਗੁਰੂਦੇਵ ਪਿਤਾ ਜੀ ਵਲੋਂ ਦੇਹ ਦਾ ਓਹਲਾ ਕਰਨ ਉਪ੍ਰੰਤ) ਇਕ ਦਮ ਜ਼ੁਮੇਵਾਰੀ ਦਾ ਅਣਤੋਲਵਾਂ ਭਾਰ ਇਹਨਾਂ ਉਤੇ ਆ ਡਿੱਗਾ। ਕਈਆਂ ਹਮਾਤੜਾਂ ਨੇ ਅਨੁਮਾਨ ਲਾਉਣਾ ਸ਼ੁਰੂ ਕਰ ਦਿਤਾ ਕਿ ਇਸ ਜ਼ੁਮੇਵਾਰੀ ਦਾ ਭਾਰ ਇਹ ਨਹੀਂ ਚੁਕ ਸਕਣਗੇ। ਕਿਉਂਕਿ ਉਸ ਵੇਲੇ ਦੇ ਵਿਵਹਾਰਿਕ ਹਾਲਾਤ ਕੁਝ ਵਿਰੋਧੀ ਸਜਣਾਂ ਨੇ ਬੜੇ ਅਣ ਸੁਖਾਵੇਂ ਬਣਾ ਰਖੇ ਸਨ। ਪਰ ਇਸ ਸੂਖਮ ਮੂਰਤਿ ਵਾਲੇ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਵਿਚ ਪਤਾ ਨਹੀਂ ਕੁਦਰਤ ਨੇ ਕਿਤਨੀ ਕੁ ਦ੍ਰਿੜ੍ਹਤਾ ਪਾ ਰਖੀ ਹੋਈ ਸੀ ਕਿ ਨਾਮਧਾਰੀ ਪੰਥ ਦੀਆਂ ਧਾਰਮਿਕ ਸਮਾਜਿਕ ਵਿਵਹਾਰਿਕ ਤੇ ਨੈਤਕ ਜ਼ੁਮੇ-ਵਾਰੀਆਂ ਤੇ ਇਨਾਂ ਨੇ ਇਕ ਦਮ ਐਸਾ ਕੰਟਰੋਲ ਕੀਤਾ ਕਿ ਵੇਖਣ ਵਾਲੇ ਸਭ ਲੋਕ ਹੈਰਾਨ ਹੀ ਰਹਿ ਗਏ ਸਗੋਂ ਇਨ੍ਹਾਂ ਨੇ ਆਪਣੀ ਜਰਨ ਤੇ ਅਡੋਲ ਸ਼ਕਤੀ ਨਾਲ ਬਹੁਤ ਸਾਰੇ ਵਿਰੋਧੀਆਂ ਨੂੰ ਵੀ ਆਪਣੇ ਵਲ ਇੰਝ ਖਿਚ ਲਿਆ ਜਿਵੇਂ ਕੋਈ ਮਾਂਦਰੀ ਬੀਨ ਵਜਾਕੇ ਵੱਡੇ ਵੱਡੇ ਜ਼ਹਿਰੀ ਸੱਪਾਂ ਨੂੰ ਵੀ ਆਪਣੇ ਵਲ ਆਉਣ ਲਈ ਮਜਬੂਰ ਕਰ ਦਿੰਦਾ ਹੈ।

ਜਿਥੇ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਦੇਸ਼ ਦੇ ਦੌਰਿਆਂ ਤੋਂ ਇਲਾਵਾ ਕੇਵਲ ਥਾਈਲੈਂਡ ਤੇ ਅਫਰੀਕਾ ਵਿਚ ਹੀ ਦੌਰੇ ਕਰਦੇ ਰਹੇ ਉਥੇ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਬੀਤੇ ਸਾਲਾਂ ਵਿਚ ਥਾਈਲੈਂਡ ਰੰਗਮਈ ਕੀਨੀਆ ਕੈਨੇਡਾ ਅਮਰੀਕਾ ਇੰਗਲੈਂਡ ਆਦਿਕ ਅਨੇਕਾਂ ਦੇਸ਼ਾਂ ਵਿਚ ਕਈ ਦੌਰੇ ਕਰਕੇ ਹਜ਼ਾਰਾਂ ਸਜਣਾਂ ਨੂੰ ਗੁਰਮਤ ਮਾਰਗ ਤੇ ਨਵੇਂ ਸਿਰੇ ਤੋਰਿਆ। ਸਗੋਂ ਇੰਗਲੈਂਡ ਦੇ ਵਿਗਿਆਨੀਆਂ ਨੂੰ ਸੰਨ ੧੯੭੬ ਵਿਚ ਅਰਦਾਸ ਦੁਆਰਾ ਬਾਰਸ਼ ਪੁਆਕੇ ਉਹ ਮੁਅਜਜ਼ਾ ਵਿਖਾਇਆ ਜਿਸ ਨਾਲ ਉਨ੍ਹਾਂ ਨੂੰ ਗੁਰੂ ਤੇ ਰਬੀ ਸ਼ਕਤੀ ਮੰਨਣ ਲਈ ਮਜਬੂਰ ਹੋਣਾ ਪਿਆ।

ਸ੍ਰੀ ਜੀਵਨ ਨਗਰ ਦੇ ਇਲਾਕੇ ਵਿਚ ਅਜ ਦੇ ਮਸਤਾਨ ਗੜ੍ਹ ਵਾਲਾ ਰਕਬਾ ਇਤਨਾ ਬੇ ਆਬਾਦ ਸੀ ਕਿ ਜਿਸ ਦੀ ਆਬਾਦੀ ਬਾਬਤ ਕੁਝ ਸੋਚਣਾ ਵੀ ਮੁਸ਼ਕਿਲ ਸੀ। ਪਰ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਤੇ ਪੂਜਯ ਮਾਤਾ ਚੰਦ ਕੌਰ ਜੀ ਨੇ ਅਣਥਕ ਮੇਹਨਤ ਅਤੇ ਕੁਦਰਤੀ ਸ਼ਕਤੀ ਨਾਲ ਉਸ ਇਲਾਕੇ ਨੂੰ ਇਸ ਵਕਤ ਇਕ ਸੋਨੇ ਦੀ ਖਾਨ ਬਣਾ ਦਿਤਾ ਸੀ ਮਸਤਾਨ ਗੜ੍ਹ ਵਿਚ ਸਹਿਜੇ ਸਹਿਜੇ ਪ੍ਰਕਿਰਤੀ ਦਾ ਉਹ ਜਾਲ ਵਿਛਾਇਆ ਕਿ ਅਜ ਉਹ ਅੰਨ ਦਾ ਸੋਮਾ ਹੀ ਨਹੀਂ ਸਗੋਂ ਇਕ ਰਿਸ਼ੀਕੇਸ਼ ਅਸਥਾਨ ਦੀ ਮਹਤਤਾ ਰਖਦਾ ਹੈ। ਕੋਠੀ ਉਤੇ ਚੜ੍ਹਕੇ ਵੇਖਿਆਂ ਸਾਰੇ ਜੀਵਨ ਨਗਰ ਦੇ ਏਰੀਏ ਦਾ ਹੀ ਸਰਵੇਖਣ ਕੀਤਾ ਜਾ ਸਕਦਾ ਹੈ। ਜਦ ਮੇਰੇ ਚੰਗੇ ਪਾਤਸ਼ਾਹ ਸ੍ਰੀ ਜੀਵਨ ਨਗਰ ਦੇ ਦੁਆਲੇ ਪਕੀਆਂ ਸੜਕਾਂ ਦਾ ਜਾਲ ਵਿਛਾ ਰਹੇ ਤੇ ਮਸਤਾਨ ਗੜ੍ਹ ਵਾਲੀ ਧਰਤੀ ਨੂੰ ਆਬਾਦ ਕਰ ਰਹੇ ਅਥਵਾ ਕੋਠੀ ਤਿਆਰ ਕਰਵਾ ਰਹੇ ਸਨ, ਤੇ ਸਗੋਂ ਬਹੁਤਾ ਸਮਾਂ ਮਸਤਾਨ ਗੜ੍ਹ ਹੀ ਦਰਸ਼ਨ ਦਿੰਦੇ ਸਨ ਤਾਂ ਕਈ ਮੇਰੇ ਵਰਗੇ ਆਦਮੀਆਂ ਨੇ ਕਹਿਣਾ ਸ਼ੁਰੂ ਕਰ ਦਿਤਾ, ਕਿ ਸਤਿਗੁਰੂ ਜੀ ਤਾਂ ਹੁਣ ਮਸਤਾਨ ਗੜ੍ਹ ਜੋਗੇ ਹੀ ਰਹਿ ਗਏ ਹਨ। ਭੈਣੀ ਸਾਹਿਬ ਜਾਂ ਹੋਰ ਕਿਸੇ ਥਾਂ ਜਾਂ ਸੰਗਤ ਵਲ ਇਹਨਾਂ ਦੀ ਕੋਈ ਰੁਚੀ ਨਹੀਂ? ਪਰ ਜਦ ਹੁਣ ਸ੍ਰੀ ਭੈਣੀ ਸਾਹਿਬ ਜਾ ਕੇ ਵੇਖਿਆ ਜਾਏ ਤਾਂ ਇਉਂ ਪ੍ਰਤੀਤ ਹੁੰਦਾ ਹੈ ਕਿ ਦੁਨੀਆ ਭਰ ਦੀਆਂ ਸਕੀਮਾਂ ਤੇ ਮਕਾਨਾਂ ਦੇ ਡੀਜ਼ਾਇਨ ਸਾਰੇ ਸ੍ਰੀ ਭੈਣੀ ਸਾਹਿਬ ਵਾਸਤੇ ਹੀ ਸ੍ਰੀ ਸਤਿਗੁਰੂ ਜੀ ਨੇ ਰੀਜ਼ਰਵ ਕਰਾ ਰਖੇ ਹਨ ਜਿਸ ਅਸਥਾਨ ਉਤੇ ਪਕੀਆਂ ਇਟਾਂ ਕੇਵਲ ਨਾਮ ਮਾਤ੍ਰ ਹੀ ਵਿਖਾਈ ਦੇਂਦੀਆਂ ਸਨ, ਉਸ ਪਵਿਤ੍ਰ ਥਾਂ ਤੇ ਅਜ ਕੋਈ ਕਚੀ ਇਟ ਵੇਖਣ ਨੂੰ ਨਹੀਂ ਲਭਦੀ ਕਾਨਿਆਂ ਦੇ ਛਪਰ ਅਜ ਨਾਮਦੇਵ ਦੀ ਅਦੁੱਤੀ ਛੰਨ ਨਾਲੋਂ ਵੀ ਵਧ ਸ਼ਾਨਦਾਰ ਨਜ਼ਰੀਂ ਆ ਰਹੇ ਹਨ।

ਸ੍ਰੀ ਪ੍ਰਤਾਪ ਮੰਦਰ ਦੀ ਤਿਆਰੀ ਤੇ ਡੀਜ਼ਾਇਨ ਨੇ ਤਾਂ ਸ੍ਰੀ ਸਤਿਗੁਰੂ ਜੀ ਦੀਆਂ ਪ੍ਰਗਤੀਆਂ ਨੂੰ ਤਾਂ ਸਿਖਰ ਤੇ ਹੀ ਪਹੁੰਚਾ ਦਿਤਾ ਹੈ। ਸਚੇ ਪਾਤਸ਼ਾਹ ਜੀ ਦੀ ਇਛਾ



Namdhari Elibrary NamdhariElibrary@gmail.com

ਅਨੁਸਾਰ ਜਦ ਕਦੀ ਇਹ (ਸ੍ਰੀ ਪ੍ਰਤਾਪ ਮੰਦਰ) ਮੁਕੰਮਲ ਤੌਰ ਤੇ ਤਿਆਰ ਹੋ ਗਈਆਂ ਤਾਂ ਦੁਨੀਆਂ ਵਿਚ ਇਹ ਵੀ ਇਕ ਅਜੂਬਾ ਹੀ ਸਾਬਤ ਹੋਵੇਗਾ।

ਇਤਆਦਿਕ ਲੰਗਰ, ਉਪਜ, ਧਰਤੀ, ਪ੍ਰਦੇਸ਼ਕ ਦੌਰਿਆਂ, ਮੇਲਿਆਂ, ਵਿਦੇਸ਼ੀ ਸ਼ਾਕਾ ਹਾਰੀਆਂ, ਤੇ ਅਮਨ ਪਸੰਦ ਲੋਕਾਂ ਨਾਲ ਤਾਲ ਮੇਲ, ਨਵ ਉਸਾਰੀ ਵਾਲੇ ਮਕਾਨਾਂ ਆਦਿ ਵਿਚ ਸ੍ਰੀ ਸਤਿਗੁਰੂ ਜੀ ਵਲੋਂ ਹੋ ਰਹੀਆਂ ਅਨੇਕਾਂ ਪ੍ਰਗਤੀਆਂ ਨੂੰ ਵੇਖਦਿਆਂ ਵੇਖਦਿਆਂ ਜਦ ਕਦੇ ਸੁਭਾਵਿਕ ਹੀ ਸ੍ਰੀ ਸਤਿਗੁਰੂ ਜੀ ਦੀਆਂ ਸੰਗੀਤਕ ਰੁਚੀਆਂ ਤੇ ਸੰਗੀਤ ਨੂੰ ਨਾਮਧਾਰੀ ਪੰਥ ਦੇ ਪ੍ਰਚਾਰ ਦਾ ਇਕ ਰੌਸ਼ਨ ਮੀਨਾਰ ਬਣਾਉਣ ਵਾਲਾ ਕੀਤਾ ਜਾਂਦਾ ਪੁਰਸਾਰਥ ਤਕੀਏ, ਤਾਂ ਇੰਞ ਪ੍ਰਤੀਤ ਹੁੰਦਾ ਹੈ ਕਿ ਸਚੇ ਪਾਤਸ਼ਾਹ ਜੀ ਦੀ ਰੁਚੀ ਕੇਵਲ ਸੰਗੀਤ ਦੀਆਂ ਮੀਂਡਾਂ ਤੇ ਧੁਨਾਂ ਨਾਲ ਹੀ ਓਤ ਪੋਤ ਹੋਈ ਹੋਈ ਹੈ।

ਥੋੜੇ ਚਿਰ ਦੀ ਗਲ ਹੈ ਜਦ ਨਾਮਧਾਰੀ ਸਮਾਜ ਵਿਚ ਆਮ ਤੌਰ ਤੇ ਇਹ ਆਖਿਆ ਜਾਣ ਲਗ ਪਿਆ ਸੀ, ਕਿ ਨਾਮ-ਧਾਰੀ ਸੰਗਤ ਵਿਚ ਰਾਗੀਆਂ ਰਬਾਬੀਆਂ ਦਾ ਸਿਲਸਿਲਾ ਹੁਣ ਖਤਮ ਹੀ ਹੋ ਗਿਆ ਹੈ, ਅਤੇ ਸਗੋਂ ਆਸਾ ਦੀ ਵਾਰ ਦੀ ਥਾਂ ਵੀ ਢੋਲਕੀ ਛੈਣਿਆਂ ਵਾਲੇ ਵਾਰੇ ਨੇ ਹੀ ਸਾਂਭ ਲਿਆ ਹੈ। ਕਿਸੇ ਹਦ ਤਕ ਇਹ ਗਲ ਇਸ ਵਾਸਤੇ ਠੀਕ ਸੀ, ਕਿ ਦੇਸ਼ ਦੇ ਵੰਡਾਰੇ ਤੋਂ ਬਾਦ ਨਾਮਧਾਰੀ ਸੰਗਤ ਵਿਚ ਕੀਰਤਨ ਕਰਨ ਵਾਲੇ ਰਬਾਬੀ ਘਰਾਣੇ ਪਾਕਸਤਾਨ ਵਿਚ ਰਹਿ ਗਏ ਤੇ ਹੋਰ ਨਾਮਵਰ ਰਾਗੀ ਸਿਵਾਏ ਸੰਤ ਦਰਸ਼ਨ ਸਿੰਘ ਖਜ਼ਾਨ ਸਿੰਘ ਜੀ ਤੋਂ ਹੋਰ ਘਟ ਹੀ ਸਨ। ਪਰ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਨੇ ਪੰਥ ਵਿਚ ਆ ਰਹੇ ਸੰਗੀਤਕ ਘਾਟੇ ਨੂੰ ਅਨੁਭਵ ਕਰਕੇ ਇਸ ਦੀ ਪ੍ਰਗਤੀ ਵਾਸਤੇ ਜੋ ਕਦਮ ਪੁੱਟੇ, ਅਜ ਤੋਂ 4—5 ਸਾਲ ਪਹਿਲਾਂ ਕਿਸੇ ਨੂੰ ਚਿਤ ਚੇਤਾ ਵੀ ਨਹੀਂ ਸੀ, ਅਚਨ ਚੇਤ ਸ੍ਰੀ ਸਤਿਗੁਰੂ ਜੀ ਨੇ ਜੰਮੂ, ਜਲੰਧਰ, ਅੰਮ੍ਰਿਤਸਰ, ਦਿਲੀ, ਸ੍ਰੀ ਜੀਵਨ ਨਗਰ, ਸ੍ਰੀ ਭੈਣੀ ਸਾਹਿਬ, ਆਦਿ ਥਾਵਾਂ ਤੇ ਸੰਗੀਤ ਕੇਂਦਰ ਖੋਹਲ ਦਿਤੇ, ਜਿਸ ਵਿਚ ਉਘੇ ਉਘੇ ਸੰਗੀਤ ਕਲਾ ਕਾਰਾਂ ਉਸਤਾਦਾਂ ਦਾ ਪ੍ਰਬੰਧ ਕਰ ਦਿਤਾ। ਜੇਕਰ ਇਹ ਆਖ ਲਿਆ ਜਾਵੇ ਕਿ ਨਾਮਧਾਰੀ ਸਮਾਜ ਵਿਚ ਸੰਗੀਤ ਦੀ ਖੁਸ਼ਬੂ ਵਾਲੇ ਫੁਲ ਪੈਦਾ ਕਰਨ ਵਾਸਤੇ ਸੰਗੀਤ ਬਾਗਬਾਨ ਸਤਿਗੁਰੂ ਜੀ ਨੇ ਪਨੀਰੀ ਤੋਂ ਹੀ ਇਹ ਕੰਮ ਅਰੰਭਿਆ, ਤਾਂ ਅਨਥਾ ਨਹੀਂ ?

ਸ੍ਰੀ ਸਤਿਗੁਰੂ ਜੀ ਵਲੋਂ ਪਨੀਰੀ ਬੀਜਨ ਤੋਂ ਆਰੰਭ ਕੀਤੀ ਸੰਗੀਤ ਫੁਲਵਾੜੀ ਅਜ ਵਡੇ ਵਡੇ ਸੰਗੀਤ ਦਰਬਾਰਾਂ ਤੇ ਟੀ.ਵੀ ਸਟੇਸ਼ਨਾਂ ਦੁਆਰਾ ਨਾਮਧਾਰੀ ਪੰਥ ਦੀ ਖੁਸ਼ਬੋ ਪ੍ਰਸਾਰਤ ਕਰਦੀ ਨਜ਼ਰ ਆ ਰਹੀ ਹੈ। ਜਦ ਸਮਾਜਿਕ ਪੱਧਰ ਤੇ ਗੈਰ ਨਾਮਧਾਰੀ ਸਜਨ ਇਨਾਂ ਨਾਮਧਾਰੀ ਪਹਿਰਾਵੇ ਵਾਲੇ ਸੰਗੀਤ ਸਿਖਯਾ ਪ੍ਰਾਪਤ ਕਰ ਰਹੇ ਛੋਟੇ ਛੋਟੇ ਬਚਿਆਂ ਦੇ ਤਬਲਾ, ਸਿਤਾਰ, ਵਾਇਲਨ. ਬੰਸਰੀ ਸਰੋਦ ਤਾਊਸ ਤੇ ਸ਼ਹਿਨਾਈ ਆਦਿ ਸਾਜਾਂ ਦਾ ਵਾਦਨ ਤੇ ਧਰੁਪਦ ਦੁਆਰਾ ਰਾਗਾਂ ਦੇ ਗਾਇਨ ਨੂੰ ਸੁਣ ਸੁਣ ਕੇ ਤੇ ਵੇਖ ਵੇਖ ਕੇ ਅਸ਼ ਅਸ਼ ਕਰ ਉਠਦੇ ਹਨ।

ਏਥੇ ਹੀ ਬਸ ਨਹੀਂ ਸ੍ਰੀ ਸਤਿਗੁਰ ਜੀ ਨੇ ਨਾਮਧਾਰੀ ਨੌਜਵਾਨਾਂ ਤੇ ਸਕੂਲ ਦੇ ਵਿਦਯਾਰਥੀਆਂ ਦੁਆਰਾ ਨਾਮਧਾਰੀ ਵਿਦਯਕ ਜਥੇ ਦੀ ਇਕ ਸੰਸਥਾ ਜੋ ਕਾਇਮ ਕੀਤੀ, ਉਸ ਸੰਸਥਾ ਅਨੁਸਾਰ ਪੰਥ ਵਿਚ ਧਾਰਮਿਕ, ਸਮਾਜਿਕ, ਸੁਧਾਰਿਕ ਅਤੇ ਖੇਡਾਂ ਦੇ ਮੈਦਾਨ ਵਿਚ ਥਾਂ ਥਾਂ ਨਾਮਧਾਰੀ ਬਾਲਿਕ ਤੇ ਨੌਜਵਾਨ ਭਾਗ ਲੈ ਰਹੇ ਹਨ—ਸਗੋਂ ਹਰ ਇਕ ਸੰਗੀਤ ਕੇਂਦਰ ਵਿਚ ਰਾਗ ਸਿਖਣ ਵਾਲੇ ਸਿਖਯਾਰਥੀ ਵੀ ਸਰਬ ਹਿੰਦ ਨਾਮਧਾਰੀ ਵਿਦਯਕ ਜਥੇ ਦਾ ਹੀ ਇਕ ਭਾਗ ਹਨ।

ਉਪ੍ਰੋਕਤ ਕੁਝ ਸੰਕੇਤ ਦੇਣ ਤੋਂ ਮੇਰਾ ਭਾਵ ਹੈ, ਕਿ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਨੇ ਸੰਮਤ ੨੦੧੬ ਦੇ ਭਾਦਰੋਂ ਤੋਂ ਲੈ ਕੇ ਹੁਣ ਤਕ ਜੋ ਪ੍ਰਗਤੀ ਸ਼ੀਲ ਵਿਹਾਰ ਕੀਤੇ ਜਾਂ ਹੁਣ ਨਿਰੰਤਰ ਕਰਦੇ ਜਾ ਰਹੇ ਹਨ, ਨਾਮਧਾਰੀ ਪੰਥ ਵਾਸਤੇ ਇਹ ਇਕ ਕਾਇਆ ਕਲਪ ਅਵਸਥਾ ਦੀ ਮਹੱਤਤਾ ਰਖਦੇ ਹਨ।

★

---


ਮੈਂ ਦਰਦ-ਕਹਾਣੀ ਰਾਤਾਂ ਦੀ ਮੈਨੂੰ ਕੋਈ ਸਵੇਰਾ ਕੀ ਜਾਣੇ ?
ਜੋ ਰਾਤ ਪਈ ਸੌਂ ਜਾਂਦਾ ਹੈ ਉਹ ਪੰਧ ਲੰਮੇਰਾ ਕੀ ਜਾਣੇ।

## ਦਰਦ ਕਹਾਣੀ ਰਾਤਾਂ ਦੀ

(ਸੁਰਜੀਤ ਰਾਮਪੁਰੀ ਦਾ ਗੀਤ-ਸੰਗ੍ਰਹਿ)

"ਇਕ ਜਮਾਂਦਰੂ ਕਵੀ ਵਾਂਗ ਉਸ ਦੀ ਰਚਨਾ ਧੁਨੀ-ਕਾਵਿ ਹੈ। ਸ਼ਬਦਾਂ ਦੇ ਤਲਿਸਮ ਦੇ ਸਹਾਰੇ ਅਤੇ ਸੁਰਤਾਲ ਦੀਆਂ ਅਨੰਤ ਸੰਗਤੀਆਂ ਨੂੰ ਮਿਲਾਕੇ ਉਹ ਹਿਰਦੇ ਦੀਆਂ ਵਿਸਿਮਰਤ ਭਾਵਨਾਵਾਂ ਤੇ ਸੰਸਕਾਰਾਂ ਨੂੰ ਜਗਾਉਣ ਦੇ ਸਮਰੱਥ ਹੈ। ਅਜੋਕੇ ਜੀਵਨ ਦੀ ਨੀਰਸਤਾ ਨੂੰ ਘਟਾਉਣ ਲਈ ਸਾਨੂੰ ਸੁਰਜੀਤ ਰਾਮਪੁਰੀ ਵਰਗੇ ਸਮਰੱਥ ਰਸਦਾਤਾਵਾਂ ਦੀ ਚੋਖੀ ਲੋੜ ਹੈ।"

ਡਾ: ਰਣਧੀਰ ਸਿੰਘ 'ਚੰਦ' (ਮੁਖਬੰਦ 'ਚੋਂ)

ਮਿਲਣ ਦਾ ਪਤਾ :—

ਸੁਰਤਾਲ ਪ੍ਰਕਾਸ਼ਨ, ਪਰਤਾਬਪੁਰਾ (ਜ਼ਿਲਾ ਜਲੰਧਰ)





Namdhari Elibrary NamdhariElibrary@gmail com

# ਮੇਰੀ ਪ੍ਰਥਮ ਭੇਂਟ



ਪ੍ਰੋ: ਜੋਗਿੰਦਰ ਬਾਵਰਾ ਐਮ. ਏ. (ਗਾਇਨ ਅਤੇ ਵਾਦਨ)
ਮੁੱਖੀ ਸੰਗੀਤ ਵਿਭਾਗ ਗੌ: ਕਾਲਜ ਆਫ ਐਜੂਕੇਸ਼ਨ
ਜਲੰਧਰ

ਨਾਮਧਾਰੀਆਂ ਦੇ ਨਾਮ ਤੋਂ ਮੈਂ ਬੜੇ ਚਿਰਾਂ ਤੋਂ ਵਾਕਿਫ ਸਾਂ। ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਸੰਗੀਤ ਪ੍ਰੇਮ ਤੋਂ ਵੀ ਜਾਣੂ ਸਾਂ। ਸਤਿਗੁਰੂ ਜਗਜੀਤ ਸਿੰਘ ਜੀ ਦਾ ਨਾਮ ਸੁਣਿਆ ਕਰਦਾ ਸੀ ਪਰ ਪ੍ਰਤੱਖ ਦਰਸ਼ਨ ਨਹੀਂ ਸਨ ਹੋਏ ' ਗਲ ਬੜੀ ਪੁਰਾਣੀ ਹੈ ਪਰ ਮੈਨੂੰ ਯਾਦ ਇਸ ਤਰ੍ਹਾਂ ਹੈ ਜਿਵੇਂ ਤਾਜ਼ੀ ਹੋਵੇ। ਇਕ ਵਾਰ ਮੈਂ ਤੇ ਜਗਜੀਤ ਸਿੰਘ ਊਟਾਕਮਾਂਡ ਮਦਰਾਸ ਸੰਗੀਤ ਪ੍ਰੋਗਰਾਮ ਲਈ ਜਾ ਰਹੇ ਸਾਂ। ਜਗਜੀਤ ਸਿੰਘ ਨੇ ਗਜ਼ਲ ਅਤੇ ਮੈਂ ਸਿਤਾਰ ਦੇ ਪ੍ਰੋਗਰਾਮ ਦੇਣੇ ਸਨ। ਦਿੱਲੀ ਤੋਂ G. T. Express ਸ਼ਾਮ ਨੂੰ ਗੱਡੀ ਪਕੜਨੀ ਸੀ। ਸਾਡੇ ਪਾਸ ਕਾਫ਼ੀ ਸਮਾਂ ਸੀ। ਜਗਜੀਤ ਸਿੰਘ ਦਾ ਮੇਰੇ ਨਾਲ ਚੰਗਾ ਪਿਆਰ ਸੀ ਕਿਉਂਕਿ ਅਸੀਂ ਗੁਰਭਾਈ ਹੋਣ ਤੋਂ ਇਲਾਵਾ ਡੀ. ਏ. ਵੀ ਕਾਲਜ ਜਲੰਧਰ ਦੇ ਵਿਦਿਆਰਥੀ ਸਾਂ ਅਤੇ ਸਾਡੀ ਸੰਗੀਤ ਟੀਮ ਸੀ। ਅਸੀਂ ਬਹੁਤ ਸਾਰੇ ਕਾਲਜਾਂ ਦੀਆਂ ਟਰਾਫੀਆਂ ਜਿਤ ਚੁਕੇ ਸਾਂ। ਉਹ ਮੈਨੂੰ ਨਾਲ ਲੈ ਕੇ ਦਿਲੀ ਦੀ ਕਿਸੇ ਕਾਲੋਨੀ ਵਿਚ ਆਪਣੀ ਭੈਣ ਦੇ ਘਰ ਚਲਾ ਗਿਆ। ਉਸੇ ਕਾਲੋਨੀ ਵਿਚ ਸਤਿਗੁਰੂ ਜਗਜੀਤ ਸਿੰਘ ਜੀ ਵੀ ਪਧਾਰੇ ਹੋਏ ਸਨ। ਮੈਂ ਉਸ ਨੂੰ ਕਿਹਾ ਚਲ ਦਰਸ਼ਨ ਕਰ ਆਈਏ, ਪਰ ਉਹ ਡਰਦਾ ਮਾਰਾ ਨਾ ਗਿਆ। ਕਿਉਂਕਿ ਉਸ ਦੀ ਰਹਿਤ ਬਹਿਤ ਪੂਰੀ ਨਹੀਂ ਸੀ। ਜਗਜੀਤ ਸਿੰਘ ਅਜ ਕਲ ਦੇਸ਼ ਦਾ ਪ੍ਰਸਿਧ ਗਜ਼ਲ ਗਾਇਕ ਹੈ, ਨਾਮਧਾਰੀ ਪਰਵਾਰ ਦਾ ਜੰਮਪਲ ਹੈ।

ਪੰਜਾਂ ਕੁ ਵਰ੍ਹਿਆਂ ਦੀ ਗੱਲ ਹੈ ਕਿ ਮੇਰੇ ਇਕ ਮਿਤਰ ਨੇ ਦਸਿਆ ਕਿ ਮਹਾਰਾਜ ਜੀ ਜਲੰਧਰ ਥੋੜੇ ਦਿਨਾਂ ਤਕ ਆਉਣਗੇ। ਤੁਹਾਡਾ ਸੰਗੀਤ ਪ੍ਰੋਗਰਾਮ ਵੀ ਸਤਿਗੁਰੂ ਜੀ ਨੂੰ ਸੁਣਵਾਵਾਂਗੇ। ਮੈਂ ਤਾਂ ਪਹਿਲਾ ਹੀ ਦਰਸ਼ਨ ਕਰਨ ਦਾ ਚਾਹਵਾਨ ਸੀ। ਬਿਨ ਭਾਗਾਂ ਕੁਝ ਪਾਈਏ ਨਾਹੀਂ—ਮੈਨੂੰ ਫਲੂ ਹੋ ਗਿਆ ਤੇ ਦਰਸ਼ਨਾਂ ਤੋਂ ਵਾਂਝਾ ਰਹਿ ਗਿਆ।

ਮਾਰਚ 1976 ਦਿਲੀ ਵਿਚ ਇਕ ਸੰਗੀਤ ਕਾਨਫਰੰਸ ਸੀ। ਐਡੀਟਰ ਵਰਿਆਮ ਨੇ ਮੈਨੂੰ ਉਥੇ ਚਲਣ ਲਈ ਵੜੇ ਦਿਨ ਪਹਿਲਾਂ ਹੀ ਕਿਹਾ ਹੋਇਆ ਸੀ। ਜਗਦੀਸ਼ ਸਿੰਘ ਆਪ ਤਾਂ ਪਹਿਲਾਂ ਹੀ ਚਲੇ ਗਏ ਮੈਂ 8-3-1976 ਨੂੰ ਦੁਪਹਿਰ ਦੋ ਵਜੇ ਦੀ ਗਡੀ ਫੜੀ ਪਰ ਰਬ ਦੀ ਕੁਦਰਤ ਸਵੇਰੇ ਜਦ ਮੈਂ ਨਾਸ਼ਤਾ ਆਦਿ ਕਰਕੇ ਕਾਲਜ ਜਾਣ ਲਗਾ ਤਾਂ ਮੇਰਾ ਸਰੀਰ ਟੁਟਦਾ ਭਜਦਾ ਜਾਪਿਆ। ਥਰਮਾਮੀਟਰ



Namdhari Elibrary NamdhariElibrary@gmail com

ਲਗਾਇਆ ਤਾਂ ਬੁਖਾਰ ਸੀ। ਨੱਠਾ ਡਾਕਟਰ ਵਲ। ਕਈ ਕੈਪਸੂਲ ਸਿਪਾਹੀ ਦੇ ਅਸਲ ਵਾਂਗ ਲੈ ਕੇ ਮੈਂ 2 ਵਜੇ ਦਿਲੀ ਨੂੰ ਚਲ ਹੀ ਪਿਆ। ਸਾਰੇ ਰਾਹ ਲੰਮਾ ਪਿਆ ਰਿਹਾ ਤੇ ਕੈਪਸੂਲ ਖਾਂਦਾ ਰਿਹਾ। ਰਾਤ ਤਕ ਬੁਖਾਰ ਹਟ ਗਿਆ। ਮੈਂ ਦੀਵਾਨ-ਏ ਗਾਲਿਬ ਹਾਲ ਦਿਲੀ ਪੁਜ ਗਿਆ। ਇੰਟਰਵਲ ਹੋ ਚੁੱਕਾ ਸੀ। ਥੋੜ੍ਹਾ ਬੁਖਾਰ ਸੀ ਪਰ ਸ਼ਰੀਰ ਬੜਾ ਕੰਮਜ਼ੋਰ ਹਾਲ ਦੇ ਬਾਹਰ ਸਫੇਦ ਵਸਤਰਾਂ ਵਿਚ ਨਾਮਧਾਰੀ ਹੀ ਨਾਮਧਾਰੀ ਨਜ਼ਰ ਆ ਰਹੇ ਸਨ। ਇੰਟਰਵਲ ਸਮਾਪਤ ਹੋਇਆ। ਜਗਦੀਸ਼ ਸਿੰਘ ਮੈਨੂੰ ਹਾਲ ਵਿਚ ਲੈ ਗਏ ਤੇ ਸਾਰਿਆਂ ਨਾਲੋਂ ਅਗਲੀ ਕਤਾਰ ਵਿਚ ਬੈਠ ਗਏ। ਉਸਤਾਦ ਹਲੀਮ ਜਾਫ਼ਰ ਖਾਂ ਨੇ ਸਿਤਾਰ ਤੇ ਰਾਗ ਜੈ ਜੈ ਵੰਤੀ ਦਾ ਆਰੰਭ ਕੀਤਾ। ਹਾਲ ਵਿਚ ਪੂਰਨ ਸਨਾਟਾ ਸੀ। ਬ੍ਰਾਡਕਾਸਟ ਮਨਿਸਟਰ ਸ਼੍ਰੀ ਐਲ. ਕੇ. ਅਡਵਾਨੀ ਵੀ ਉਪਸਥਿਤ ਸਨ। ਸਾਹਮਣੇ ਉਸਤਾਦ ਅਮਜਦ ਅਲੀ ਖਾਂ ਚੂੜੀਦਾਰ ਪਜਾਮਾ ਕੁਰਤਾ ਪਾਈ ਬੈਠੇ ਸਨ।

### ਪ੍ਰਥਮ ਭੇਂਟ

ਸਟੇਜ ਦੇ ਇਕ ਪਾਸੇ ਗੁਰੂ ਜੀ ਬਿਰਾਜਮਾਨ ਸਨ। ਸੇਠ ਤਿਰਲੋਕ ਸਿੰਘ ਚਵਰ ਕਰ ਰਹੇ ਸਨ। ਮੈਂ ਪਹਿਲੀ ਵਾਰ ਦਰਸ਼ਨ ਕੀਤੇ। ਪ੍ਰੋਗਰਾਮ 11½ ਵਜੇ ਰਾਤੀਂ ਸਮਾਪਤ ਹੋਇਆ ਤੇ ਸ: ਜਗਦੀਸ਼ ਸਿੰਘ ਨੇ ਮੈਨੂੰ ਗੁਰੂ ਜੀ ਨਾਲ ਮਿਲਾਇਆ। ਗੁਰੂ ਜੀ ਨਾਮ ਤੋਂ ਪਹਿਲਾਂ ਹੀ ਵਾਕਿਫ ਸਨ ਕਿਉਂਕਿ ਵਰਿਆਮ ਵਿਚੋਂ ਮੇਰੇ ਸਾਰੇ ਲੇਖ ਪੜ੍ਹ ਚੁਕੇ ਸਨ। ਮਿਲਦੇ ਹੀ ਕਹਿਣ ਲਗੇ, "ਤੁਸੀਂ ਬੜਾ ਸੋਹਣਾ ਲਿਖਦੇ ਹੋ।" "ਮੈਂ ਸਟੇਜ ਤੇ ਵੀ ਕੁਝ ਕਰਦਾ ਹਾਂ" ਇਹ ਮੇਰੇ ਸ਼ਬਦ ਸਨ। 'ਉਹ ਤਾਂ ਤੁਹਾਡੇ ਲੇਖਾਂ ਤੋਂ ਹੀ ਸਪਸ਼ਟ ਜਾਪਦਾ ਹੈ" ਗੁਰੂ ਦੇਵ ਜੀ ਨੇ ਫਰਮਾਇਆ। ਗੁਰੂ ਜੀ ਬਹੁਤ ਸਾਰੇ ਪ੍ਰੇਮੀਆਂ ਵਿਚ ਘਿਰੇ ਹੋਏ ਸਨ। ਮੈਂ ਆਗਿਆ ਲੈ ਕੇ ਇਕ ਪਾਸੇ ਹੋ ਗਿਆ। ਮੇਰਾ ਸਰੀਰ ਜ਼ਿਆਦਾ ਟੁਟ ਰਿਹਾ ਸੀ ਬੁਖਾਰ ਵੱਧ ਗਿਆ ਸੀ ਕਿਉਂਕਿ ਹਾਲ Air-conditioned ਸੀ। ਰਾਤ ਤੇ ਇਕ ਵਜੇ ਜਾ ਕੇ ਜਿਥੇ ਵੀ ਮੈਨੂੰ ਪ੍ਰਬੰਧਕ ਲੈ ਗਏ ਜਾ ਕੇ ਲੇਟ ਗਿਆ ਬਸ ਦੋ ਦਿਨ ਹੋਸ਼ ਨਹੀਂ ਰਹੀ। ਕਾਨਫਰੇਂਸ ਦਾ ਆਨੰਦ ਨਾ ਮਾਣ ਸਕਿਆ ਨਾ ਹੀ ਫਿਰ ਗੁਰੂ ਜੀ ਦੇ ਦਰਸ਼ਨ ਕਰ ਸਕਿਆ।


## ਥੋਕ ਦੁਕਾਨਦਾਰਾਂ ਲਈ

## ਰਬੜ ਤੇ ਪੀ. ਵੀ. ਸੀ ਦੀਆਂ ਚਪਲਾਂ

## ਮਨਜੀਤ ਟਾਪ ਚਪਲਾਂ

## ਮਨਜੀਤ ਰਬੜ ਚਪਲਾਂ

ਬਨਾਉਣ ਵਾਲੇ

# ਪ੍ਰੀਤਮ ਸਿੰਘ ਐਂਡ ਸਨਜ਼

## 445 ਕਟੜਾ ਨਬੀ ਬਖਸ਼

## ਨਵਾਰ ਵਾਲੀ ਗਲੀ

## ਸਦਰ ਬਾਜ਼ਾਰ ਦਿੱਲੀ

**ਫੋਨ—513036**





Namdhari Elibrary NamdhariElibrary@gmail com

## ਨਾਮਧਾਰੀ ਵਾਰਸਿਕ ਸਮਾਗਮ

## 14 ਅਕਤੂਬਰ ਤੋਂ 16 ਅਕਤੂਬਰ 1977

ਨਾਮਧਾਰੀ ਸਾਲਾਨਾ ਸਮਾਗਮ ਉਤੇ ਮੇਰੀ ਚਿਰਾਂ ਦੀ ਇੱਛਾ ਪੂਰੀ ਹੋਈ ਤੇ ਮੈਂ ਭੈਣੀ ਸਾਹਿਬ ਪੁਜਾ। ਛੋਟਾ ਜਿਹਾ ਪਿੰਡ ਪਰ ਇਤਿਹਾਸਕ ਦਰਿਸ਼ਟੀ ਵਿਚ ਬਹੁਤ ਵੱਡਾ। ਲੁਧਿਆਣੇ ਤੋਂ ਸਪੈਸ਼ਲ ਬੱਸਾਂ ਜਾ ਰਹੀਆਂ ਸਨ। ਬਸ ਤੋਂ ਉਤਰਦਿਆਂ ਹੀ ਚਹਿਲ ਪਹਿਲ ਵਖਾਈ ਦਿੱਤੀ। ਕਈ ਵਾਕਿਫਕਾਰ ਮਿਲਨੇ ਆਰੰਭ ਹੋ ਗਏ। ਹਰ ਪਾਸੇ ਚਿੱਟੇ ਵਸਤਰਧਾਰੀ ਹੀ ਦਿਖਾਈ ਦੇ ਰਹੇ ਸਨ। ਇਕ ਦੂਜੇ ਨੂੰ ਬੜੇ ਪਿਆਰ ਤੇ ਸਤਿਕਾਰ ਨਾਲ ਮਿਲ ਰਹੇ ਸਨ। 1977 ਦਾ ਵਾਰਸ਼ਿਕ ਸਮਾਗਮ 14 ਅਕਤੂਬਰ ਨੂੰ ਸੀ, ਮੈਂ ਵੀ ਆਪਣੇ ਨਿਸ਼ਚਤ ਪ੍ਰੋਗਰਾਮ ਤੋਂ ਇਕ ਦਿਨ ਪਹਿਲਾਂ ਸੀ ਪੁਜ ਗਿਆ। ਜਗਦੀਸ਼ ਸਿੰਘ ਨੂੰ ਲਭਣ ਲਈ ਮੈਨੂੰ ਕੋਈ ਕੋਸ਼ਿਸ਼ ਹੀ ਨਹੀਂ ਕਰਨੀ ਪਈ। ਉਹ ਮੈਨੂੰ ਅਗੋਂ ਆਉਂਦੇ ਹੋਏ ਮਿਲੇ ਜਿਵੇਂ ਮੈਨੂੰ ਲੈਣ ਲਈ ਆ ਰਹੇ ਹੋਣ। ਰਾਤੀਂ ਯਤਨ ਕਰਨ ਦੇ ਬਾਵਜੂਦ ਗੁਰੂ ਜੀ ਦੇ ਦਰਸ਼ਨ ਨਾ ਹੋ ਸਕੇ। ਤੜਕੇ ਅੰਮ੍ਰਿਤ ਵੇਲੇ ਤਿੰਨ ਵਜੇ ਦੀਵਾਨ ਲੱਗਾ। ਸਾਰੇ ਨਹਾ ਧੋ ਕੇ (ਧੋ ਸ਼ਬਦ ਕੇਸਾਂ ਲਈ ਪ੍ਰਯੋਗ ਕੀਤਾ ਹੈ) ਦੀਵਾਨ ਵਿਚ ਪੁੱਜਣ ਲਗੇ। ਮੈਂ ਵੀ ਚਾਰ ਵਜੇ ਉਠ ਕੇ ਅਸ਼ਨਾਨ ਕਰਨ ਤੋਂ ਬਾਅਦ ਦੀਵਾਨ ਵਿਚ ਜਾ ਬੈਠਾ।

ਸਤਿਗੁਰੂ ਜੀ ਮਹਾਰਾਜ ਦਿਲਰੁਬਾ ਵਜਾਂਦੇ ਕੀਰਤਨ ਕਰ ਰਹੇ ਸਨ, ਵਿਚੋਂ ਸ਼ਬਦ ਬੰਦ ਹੋ ਜਾਂਦਾ ਤੇ ਸਰੋਦ, ਸਿਤਾਰ ਦੀਆਂ ਸੁਰ ਲਹਿਰੀਆਂ ਪੰਡਾਲ ਵਿਚ ਗੂੰਜ ਉਠਦੀਆਂ। ਗੁਰਦੇਵ ਸਿੰਘ, ਧਰਮਵੀਰ ਸਿੰਘ, ਖਜ਼ਾਨ ਸਿੰਘ ਲੜੀਵਾਰ ਸਰੋਦ, ਸਿਤਾਰ, ਤਬਲਾ ਬਜਾ ਰਹੇ ਸਨ। ਕਿਸੇ ਵੇਲੇ ਮੈਨੂੰ ਕਿਸੇ ਤਾਰਾਂ ਵਾਲੇ ਸਾਜ਼ ਦੀ ਵਖਰੀ ਧੁੰਨੀ ਸੁਣਾਈ ਦਿੰਦੀ ਜਿਹੜੀ ਸੰਤੂਰ ਦੀ ਆਵਾਜ਼ ਨਾਲ ਮਿਲਦੀ ਸੀ। ਪਰ ਸੰਤੂਰ ਕਿਤੇ ਨਜ਼ਰ ਨਹੀਂ ਆ ਰਿਹਾ ਸੀ। ਵੈਸੇ ਵੀ ਹਾਲੇ ਹਨੇਰਾ ਹੀ ਸੀ। ਪੰਡਾਲ ਵਿਚ ਰੌਸ਼ਨੀ ਵੀ ਬੜੀ ਮਧਮ ਸੀ। ਇਸ ਸਾਜ਼ ਬਾਰੇ ਮੈਂ ਸੋਚਦਾ ਹੀ ਰਿਹਾ। ਇਸ ਦਾ ਜ਼ਿਕਰ ਅਗੇ ਚਲ ਕੇ ਕਰਾਂਗਾ। ਗੁਰੂ ਬਾਣੀ ਦਾ ਕੀਰਤਨ ਸਵੇਰ ਦੇ ਰਾਗਾਂ ਵਿਚ ਹੋ ਰਿਹਾ ਸੀ। ਆਸਾ, ਭੈਰਵ, ਟੋਡੀ, ਭੈਰਵੀ ਜੌਨਪੁਰੀ ਤੇ ਕਦੇ ਲਲਿਤ 'ਚ ਇਸੇ ਤਰ੍ਹਾਂ ਤਾਲ ਹੀ ਬਦਲ ਬਦਲ ਕੇ ਵਜਾਏ ਜਾ ਰਹੇ ਸਨ, ਦਾਦਰਾ, ਕਹਿਰਵਾ, ਤੀਨਤਾਲ, ਇਕ-ਤਾਲ, ਚਾਰਤਾਲ, ਧਮਾਰ ਦੀਪ ਚੰਦੀ ਆਦਿ। ਇਹ ਦਰਬਾਰ ਸਾਢੇ ਸਤ ਵਜੇ ਸਮਾਪਤ ਹੋਇਆ। ਅਰਦਾਸ ਤੋਂ ਬਾਅਦ ਗੁਰੂ ਜੀ ਨੇ 'ਵਰਿਆਮ' ਵਲ ਇਸ਼ਾਰਾ ਕਰਦੇ ਹੋਏ ਮੈਨੂੰ ਕਿਹਾ ਜਿਸ ਦਾ ਇਸ ਵਿਚ ਸੰਗੀਤ ਸੰਬੰਧੀ ਲੇਖ ਛਪਿਆ ਹੈ ਉਹ ਕੋਠੀ ਪੁਜ ਜਾਵੇ।

### ਸਾਦਗੀ

ਅਜਕਲ ਸਾਰਾ ਸੰਸਾਰ ਗਲੈਮਰ ਦੇ ਪਿਛੇ ਨਠਿਆ ਫਿਰਦਾ ਹੈ। ਪਤਾ ਨਹੀਂ ਲੋਕ ਕੀ ਕੀ ਪਾਪੜ ਵੇਲਦੇ ਹਨ। ਉਹ ਅਸਲੀ ਗਲੈਮਰ ਨੂੰ ਛਡ ਕੇ ਨਕਲੀ ਦੇ ਪਿਛੇ ਦੌੜ ਰਹੇ ਹਨ। ਸ਼ਾਇਦ ਉਹ ਇਸ ਝੂਠੇ ਗਲੈਮਰ ਵਿਚੋਂ ਸੱਚੀ ਖੁਸ਼ੀ ਭਾਲ ਰਹੇ ਸਨ। ਜਿਵੇਂ Musk-deer ਨਹੀਂ ਜਾਣਦਾ ਕਿ ਕਸਤੂਰੀ ਤਾਂ ਉਸ ਦੀ ਆਪਣੀ ਨਾਫ ਵਿਚ ਹੀ ਹੈ। ਉਹ ਉਸ ਦੀ ਭਾਲ ਕਰਦਾ ਫਿਰਦਾ ਰਹਿੰਦਾ ਹੈ। ਇਵੇਂ ਹੀ ਸੰਸਾਰੀ ਲੋਕ ਹਨ। ਪਰ ਸੰਤ ਮਹਾਤਮਾ ਸਾਦਗੀ ਨੂੰ ਹੀ ਸੱਚਾ ਗਲੈਮਰ ਸਮਝਦੇ ਹਨ ਅਤੇ ਉਸ ਗਲੈਮਰ ਨਾਲ ਦੂਜਿਆਂ ਨੂੰ ਵੀ ਆਪਣੇ ਵਲ ਮਿਕਨਾਤੀਸ ਵਾਂਗੂ ਖਿੱਚ ਲੈਂਦੇ ਹਨ। ਅੱਠ ਵਜੇ ਕੋਠੀ ਵਿਚ ਸ੍ਰੋਤੇ ਇਕੱਠੇ ਹੋ ਗਏ। ਗੁਰੂ ਜੀ ਮੇਰੇ ਲਈ ਚੁਬਾਰੇ ਤੋਂ ਆਪ ਹੀ ਤਾਨ ਪੂਰਾ ਚੁੱਕ ਕੇ ਲੈ ਆਏ। ਹਾਲਾਂ ਕਿ ਕਈ ਸੇਵਾਦਾਰ ਮੌਜੂਦ ਸਨ ਕਿਸੇ ਨੂੰ ਵੀ ਹੁਕਮ ਕੀਤਾ ਜਾ ਸਕਦਾ ਸੀ। ਖਜ਼ਾਨ ਸਿੰਘ ਮਜ਼ਾਕ ਕਰਨ ਵਿਚ ਤਬਲੇ ਵਜਾਉਣ ਦੀ ਤਰ੍ਹਾਂ ਹੀ ਮਾਹਿਰ ਹੈ। ਮਿਠਾ ਮਿਠਾ ਹਾਸਾ ਮਖੌਲ ਵੀ ਹੋ ਰਿਹਾ ਸੀ। ਤਾਨ ਪੂਰਾ ਲੋੜੀ ਸੀ ਪਰ ਫਿਰ ਵੀ ਉਸੇ ਨਾਲ ਗਾਨਾ ਸ਼ੁਰੂ ਕਰ ਦਿਤਾ। ਪੰਜਾਂ-ਸਤਾਂ ਮਿੰਟਾਂ ਬਾਅਦ ਮਰਦਾਨਾ ਤਾਨ ਪੂਰਾ ਵੀ ਆ ਗਿਆ। ਗੁਰੂ ਜੀ ਨੇ ਹੀ ਸੁਰ ਕਰ ਕੇ ਮੈਨੂੰ ਫੜਾ ਦਿਤਾ। ਗਾਨਾ ਚਾਲੂ ਰਿਹਾ ਤੇ ਤਾਨ ਪੂਰੇ ਬਦਲ ਲਏ। ਗੁਰੂ ਜੀ ਦੇ ਨਾਲ ਉਹਨਾ ਦੇ ਭਾਈ ਸਾਹਿਬ ਮਹਾਰਾਜ ਬੀਰ ਸਿੰਘ ਜੀ ਵੀ ਬੈਠੇ ਹੋਏ ਸਨ। ਇਸ ਸਭਾ 'ਚ ਬਹੁਤੇ ਕਲਾਕਾਰ ਹੀ ਸਨ। ਮੇਰਾ ਪਹਿਲਾ ਅਵਸਰ ਸੀ ਕਿ ਇਕ ਮਹਾਨ ਆਤਮਾ ਨੂੰ ਰਾਗ ਦੇਸੀ ਸੁਣਾ ਰਿਹਾ ਸਾਂ। ਕਿਨਾਂ ਕੁ ਪਸੰਦ ਆਇਆ ਉਹੀ ਜਾਣਦੇ ਹਨ। ਪਰ ਉਹਨਾਂ ਦਾ ਆਸ਼ੀਰਵਾਦ ਮੈਨੂੰ ਅਵਸ਼ ਪ੍ਰਾਪਤ ਹੋ ਗਿਆ। ਜਦੋਂ ਮੈਂ ਉਸ ਦਿਨ ਵਾਪਿਸ ਜਾਣ ਦੀ ਆਗਿਆ ਮੰਗੀ ਜੋ ਨਾ ਮਿਲੀ। ਇਸ ਲਈ ਸ਼ਾਮ ਦਾ ਕੀਰਤਨ ਦਰਬਾਰ ਵੀ ਸੁਣਨ ਨੂੰ ਮਿਲ ਗਿਆ।

### ਸੰਗੀਤ ਦੇ ਪ੍ਰਚਾਰਕ—

ਕੁਝ ਸਾਲ ਪਹਿਲਾਂ ਇਹ ਇਕ ਆਮ ਸੰਗੀਤ ਅਧਿ-ਆਪਕਾਂ ਦੇ ਮੂੰਹ ਦਾ ਵਾਕਯ ਸੀ। ਜੀ ਸੰਗੀਤ ਦਾ ਪ੍ਰਚਾਰ



Namdhari Elibrary NamdhariElibrary@gmail.com

ਕੇਰ ਰਹੇ ਹਾਂ । ਉਹਨਾਂ ਪ੍ਰਚਾਰਕਾਂ ਨੇ ਅਜ ਤਕ ਕੋਈ ਕਲਾਕਾਰ ਪੈਦਾ ਨਾ ਕੀਤਾ ਅਤੇ ਹੁਣ ਤਕ ਪ੍ਰਚਾਰ ਕੀ ਕਰੀ ਟੁਰੀ ਜਾ ਰਹੇ ਹਨ । ਸ਼ਾਇਦ ਧੁਰ ਦਰਗਾਹੋਂ ਪ੍ਰਚਾਰ ਦਾ ਪੱਟਾ ਲਿਖਵਾ ਕੇ ਲੈ ਆਏ ਹਨ । ਗੁਰੂ ਜੀ ਨੇ ਅਸਲੀ ਪ੍ਰਚਾਰ ਕੀਤਾ । ਚੰਗੇ ਚੰਗੇ ਵਿਦਿਆਰਥੀਆਂ ਨੂੰ ਦੇਸ਼ ਦੇ ਉਘੇ ਉਸਤਾਦਾਂ ਪਾਸੋਂ ਤਾਲੀਮ ਦਿਲਵਾਨ ਦੇ ਪ੍ਰਬੰਧ ਕੀਤੇ। ਉਹਨਾਂ ਦੀ ਨਿਗਰਾਨੀ ਵੀ ਕਰਦੇ ਹਨ । ਉਹ ਵਿਲਾਇਤ ਖਾਂ ਤੋਂ ਸਿਤਾਰ, ਉ: ਅਮਜਦ ਅਲੀ ਖਾਂ ਪਾਸੋਂ ਸਰੋਦ, ਸ੍ਰੀ ਰਾਜਨ-ਸਾਜਨ ਪਾਸੋਂ ਗਾਇਨ, ਪੰ: ਕਿਸ਼ਨ ਮਹਾਰਾਜ ਪਾਸੋਂ ਤਬਲਾ ਸਿਖਵਾ ਰਹੇ ਹਨ। ਆਪਣੇ ਕਈ ਬਚਿਆਂ ਨੂੰ ਤਾਲੀਮ ਦਿੰਦੇ ਹਨ । ਮੈਨੂੰ ਗੁਰੂ ਜੀ ਨੇ ਆਪਣੇ ਪਾਸ ਬਿਠਾ ਕੇ ਛੋਟੇ ਛੋਟੇ ਬਚਿਆਂ ਪਾਸੋਂ $14\frac{1}{2}$, $14\frac{3}{4}$. $13\frac{1}{4}$ ਮਾਤ੍ਰਾਵਾਂ ਦੀਆਂ ਚੀਜ਼ਾਂ ਸੁਣਵਾਈਆਂ । ਇਹਨਾਂ ਦੀ ਰਚਨਾ ਉਹਨਾਂ ਆਪ ਹੀ ਕੀਤੀ ਸੀ। ਵੈਸੇ ਤਾਂ ਤਾਕ (ਜਿਹੜਾ ਦੋ ਤੇ ਤਕਸੀਮ ਨਾ ਹੋਵੇ) । ਮਾਤਰਾ ਦੀ ਤਾਲ ਵਿਚ ਗਾਇਨ ਵਾਦਨ ਮੁਸ਼ਕਿਲ ਹੁੰਦਾ ਹੈ ਪਰ ਸਾਡੇ ਵਾਲੇ ਤਾਂ ਬਹੁਤ ਹੀ ਕਠਿਨ ਹੁੰਦੇ ਹਨ । ਛੋਟਾ ਜਿਹਾ ਬੱਚਾ ਤਬਲੇ ਤੇ ਠੇਕਾ ਬੜੇ ਆਰਾਮ ਨਾਲ ਲਗਾ ਰਿਹਾ ਸੀ । ਇਵੇਂ ਗੁਰੂ ਜੀ ਦਾ ਸੰਗੀਤ ਪ੍ਰੇਮ ਅਤੇ ਸੰਗੀਤ ਗਿਆਨ ਦਾ ਅਨੁਮਾਨ ਬੜੀ ਆਸਾਨੀ ਨਾਲ ਲਗਾਇਆ ਜਾ ਸਕਦੇ ।

### ਦਿਲਰੁਬਾ

ਪਿਛਲੀਆ ਸਤਰਾਂ ਵਿਚ ਮੈਂ ਇਕ ਸਾਜ਼ ਬਾਰੇ ਜ਼ਿਕਰ ਕਰਨ ਲਈ ਲਿਖ ਆਇਆ ਹਾਂ । ਕੀਰਤਨ ਵਿਚ ਮੈਨੂੰ ਕੇਵਲ ਤਾਰਾਂ ਦੀ ਝਨਕਾਰ ਰਾਗਾਂ ਦੀ ਸਰੂਪ ਬਣਾਉਂਦੀ ਸੁਣਾਈ ਦਿੰਦੀ ਸੀ । ਮੈਂ ਕਾਫੀ ਦੇਰ ਸੋਚਦਾ ਰਿਹਾ ਕਿ ਇਹ ਕਿਹੜਾ ਸਾਜ਼ ਹੈ । ਇਹ ਕੋਈ ਨਵਾਂ ਸਾਜ਼ ਨਹੀਂ ਸੀ ਪਰ ਉਸ ਵਿਚ ਤਾਰਾਂ ਦੀ ਫਿਟੰਗ ਨਵੇਂ ਢੰਗ ਨਾਲ ਕੀਤੀ ਹੋਈ ਸੀ । ਦਿਲਰੁਬਾ ਕੀਰਤਨ ਲਈ ਇਕ ਵਧੀਆ ਸਾਜ਼ ਹੈ। ਪਰ ਪਤਾ ਨਹੀਂ ਰਾਗੀ ਜੱਥੇ ਇਸ ਦਾ ਪ੍ਰਯੋਗ ਕਿਉਂ ਛੱਡੀ ਜਾ ਰਹੇ ਹਨ । ਗੁਰੂ ਜੀ ਨੇ ਦਿਲਰੁਬਾ ਦੀਆਂ ਤਰਬਾਂ ਇਸ ਢੰਗ ਨਾਲ ਫਿਟ ਕੀਤੀਆਂ ਹਨ। ਉਹ ਸੁਰ-ਮੰਡਲ ਦੀ ਤਰ੍ਹਾਂ ਆਪਣੇ ਨੌਹਾਂ ਨਾਲ ਸੁਰ ਲਹਿਰਿਆਂ ਝਨਕਾਰਿਤ ਕਰਦੇ ਹਨ ।

### ਚਰਿੱਤਰ-ਨਿਰਮਾਣਕ

ਰਿਸ਼ੀਆਂ, ਮੁਨੀਆਂ, ਗੁਰੂਆਂ, ਸਾਧੂਆਂ, ਵਿਦਵਾਨਾਂ ਦਾ ਲਕਸ਼ ਈਸ਼ਵਰ ਦੀ ਭਜਨ ਬੰਦਗੀ ਕਰਨ ਦੇ ਨਾਲ ਨਾਲ ਆਮ ਲੋਕਾਂ ਦਾ ਚਰਿਤਰ ਉੱਚਾ ਉਠਾਣਾ, ਕੁਰਾਹੇ ਜਾਂਦਿਆਂ ਨੂੰ ਸਿਧੇ ਰਾਹ ਚਲਣ ਦੀ ਸਿਖਿਆ ਅਤੇ ਪ੍ਰੇਰਨਾ ਦੇਣੀ । ਸਿਖਿਆ ਜਿੰਨੀ ਸਾਦਾ ਹੋਵੇਗੀ ਉਹ ਉਤਨੀ ਹੀ ਸਫਲ ਹੋਵੇਗੀ । ਜਿਹੜਾ ਵਿਅਕਤੀ ਆਪਣੀ ਗ਼ਲਤੀ ਨੂੰ ਸ਼ਰੇਆਮ ਭਰੇ ਦੀਵਾਨ ਵਿਚ ਸਵੀਕਾਰ ਕਰਨ ਦਾ ਹੌਸਲਾ ਰਖਦਾ ਹੈ । ਉਸਦਾ ਪ੍ਰੇਰਨਾ ਸਰੋਤ ਕੋਈ ਮਹਾਨ ਹੀ ਹੋ ਸਕਦਾ ਹੈ । ਸ਼ਾਮ ਦੇ ਕੀਰਤਨ ਵਿਚ ਕਈ ਲੋਕਾਂ ਨੇ ਮਾਸ ਸ਼ਰਾਬ ਖਾਣ ਪੀਣ ਦੀ ਗਲਤੀ ਕਰਨ ਦੀ ਖਿਮਾ ਮੰਗੀ ਅਤੇ ਅਗੋਂ ਬਰਤ ਦਾ ਪਾਲਨ ਕਰਨ ਦਾ ਵਚਨ ਕੀਤਾ। ਗੁਰੂ ਜੀ ਨੇ ਬੜੇ ਸਾਦੇ ਸ਼ਬਦਾਂ ਵਿਚ ਇਕ ਮਿਸਾਲ ਦੇ ਕੇ ਸਮਝਾਇਆ । ਪੁਰਾਣੇ ਵਕਤਾਂ ਵਿਚ ਲੋਕ ਗੰਗਾ ਅਸ਼ਨਾਨ ਲਈ ਜਾਂਦੇ ਤਾਂ ਕੋਈ ਨਾ ਕੋਈ ਬੁਰਾਈ ਛੱਡ ਆਉਂਦੇ । ਸ਼ਰਾਬ ਮਾਸ ਜੂਆ ਜਾਂ ਕੋਈ ਹੋਰ ਨਸ਼ੇ ਵਾਲੀ ਸ਼ੈ ਆਦਿ । ਇਕ ਮਿੱਤਰ ਨੇ ਦੂਜੇ ਪਾਸੋਂ ਪੁਛਿਆ, "ਤੂੰ ਕੀ ਛਡਿਆ ਹੈ" ? ਦੂਜੇ ਨੇ ਉੱਤਰ ਦਿੱਤਾ "ਮੈਂ ਅਗੇ ਤੋਂ ਗੰਗਾ ਆਉਣਾ ਛਡਿਆ ।" ਗੁਰੂ ਜੀ ਨੇ ਫਰਮਾਇਆ ਕਿ 'ਸਤ ਸੰਗ ਵਿਚ ਆਉਂਦੇ ਰਹੋ । ਇਸ ਦੇ ਪ੍ਰਭਾਵ ਨਾਲ ਬੁਰਾਈਆਂ ਤੋਂ ਧੀਰੇ ਧੀਰੇ ਛੁਟਕਾਰਾ ਹੋ ਜਾਵੇਗਾ ।" ਇਹਨਾਂ ਸ਼ਬਦਾਂ ਵਿਚ ਕਿੰਨੀ ਸਚਾਈ, ਪਿਆਰ ਅਤੇ ਚਰਿਤਰ ਨਿਰਮਾਣ ਦੀ ਸ਼ਕਤੀ ਸੀ । ਚਰਿਤਰ ਨਿਰਮਾਣ ਭੈਅ ਨਾਲ ਨਹੀਂ ਸਗੋਂ ਪ੍ਰੇਮ ਅਤੇ ਉਚ ਸਿਖਿਆ ਅਤੇ ਉਚ ਵਿਚਾਰਾਂ ਨਾਲ ਹੁੰਦੇ ਹਨ । ਜੋ ਗੁਰੂ ਜੀ ਅਜਿਹਾ ਕਰ ਰਹੇ ਹਨ ।

ਸਤਿਗੁਰੂ ਜੀ ਵਿਚ ਕਿੰਨੇ ਕੁ ਗੁਣ ਹਨ। ਇਹ ਲਿਖਣ ਦੀ ਮੇਰੀ ਸ਼ਕਤੀ ਨਹੀਂ । ਪਹਿਲੀ ਭੇਂਟ ਵਿਚ ਮੈਂ ਜੋ ਕੁਝ ਸਮਝਿਆ ਤੇ ਦੇਖਿਆ ਉਸ ਦਾ ਨਿੱਕਾ ਜਿਹਾ ਨਕਸ਼ਾ ਅਖਰਾਂ ਰਾਹੀਂ ਖਿਚਣ ਦਾ ਉਪਰਾਲਾ ਕੀਤਾ ਹੈ ।

ਜਾਨੇ ਗੁਣੀ ਗੁਣ ਦੇ ਨਿਰਗੁਣ ਕਿਆ ਜਾਨੇ
ਜਾਨੇ ਬਲੀ ਬਲ ਦੇ ਨਿਰਬਲ ਕਿਆ ਜਾਨੇ

★



Namdhari Elibrary NamdhariElibrary@gmail.com

# ਦੋ ਦੇਸ਼ਾਂ ਦੇ ਧਰਮਾਂ ਦੀ ਮਿਲਣੀ

ਨਾਮਧਾਰੀ ਕੇਂਦਰ, ਭੈਣੀ ਸਾਹਿਬ, ਗੁਰੂ ਨਾਨਕ ਦੇਵ ਜੀ ਦੇ ਜਨਮ ਦਿਹਾੜੇ 25-11-77 ਨੂੰ ਦੋ ਦੇਸ਼ਾਂ ਤੇ ਦੋ ਧਰਮਾਂ ਦੇ ਪਰਸਪਰ ਸਨਮਾਨ, ਸਹਿਯੋਗ ਅਤੇ ਮੂੰਹ-ਜ਼ੁਬਾਨ ਨਾਲ ਧੜਕ ਉਠਿਆ। ਸਿਖ ਪੰਥ ਦੇ ਵਰਤਮਾਨ ਸਤਿਗੁਰੂ ਅਤੇ ਥਾਈਲੈਂਡ ਦੇ ਸ਼ਾਂਤੀ ਦੂਤ ਹਿਜ਼ ਐਕਸਲੈਂਸੀ ਡਾਕਟਰ ਸੁਚਾਟ ਅਜੇ ਹੁਣੇ (20, 21, 22, 23 ਨਵੰਬਰ 1976) ਹੀ ਸੰਸਾਰ ਸ਼ਾਕਾਹਾਰੀ ਸੰਮੇਲਨ ਦੇ ਚੌਵੀਵੇਂ ਸਮਾਗਮ ਵਿਚ ਸ਼ਾਮਲ ਹੋ ਕੇ ਨੇਤ੍ਰਤਾ ਪ੍ਰਾਪਤ ਕਰ ਚੁਕੇ ਸਨ। ਸਬਜ਼ੀਖੋਰਿਆਂ ਦਾ ਇਹ ਸਮਾਗਮ ਦਿੱਲੀ ਦੇ ਵਿਗਿਆਨ ਭਵਨ ਵਿਚ ਹੋਇਆ। ਏਥੇ ਵੀ 50 ਦੇਸ਼ਾਂ ਦੇ ਡੇਲੀਗੇਟਾਂ ਸਾਹਵੇਂ ਹਿਜ਼ ਐਕਸੀਲੈਂਸੀ ਡਾਕਟਰ ਸੁਚਾਟ ਨੇ ਬਾਰ ਬਾਰ ਕ੍ਰਿਤੱਗਤਾ ਪਰਗਟ ਕਰਦਿਆਂ ਸਤਿਗੁਰੂ ਜਗਜੀਤ ਸਿੰਘ ਜੀ ਦਾ ਧਨਵਾਦ ਕੀਤਾ ਸੀ ਕਿ ਉਹਨਾਂ ਬੜੀ ਆਤਮੀਅਤਾ ਅਤੇ ਆਗ੍ਰਹਿ ਕਰ ਕੇ ਸ਼ਾਕਾਹਾਰੀ ਸੰਮੇਲਨ ਵਿਚ ਸ਼ਾਮਲ ਹੋਣ ਦੀ ਪ੍ਰੇਰਨਾ ਦਿਤੀ ਸੀ।

ਪਰ ਸਭ ਤੋਂ ਵੱਡੀ ਗੱਲ ਇਹ ਸੀ ਕਿ ਥਾਈਲੈਂਡ ਦਾ ਇਹ ਸ਼ਾਂਤੀ ਦੂਤ ਜੋ ਆਪ ਤਾਂ ਇਕ ਖ਼ੂਬਸੂਰਤ ਨੌਜੁਆਨ ਹੈ, ਤੇ ਪਹਿਰਾਵਾ ਸਫੈਦ ਕੋਟ ਪੈਂਟ ਰਖਦਾ ਹੈ, ਸ੍ਰੀ ਭੈਣੀ ਸਾਹਿਬ ਨੂੰ ਭਾਰਤ ਦਾ ਮਹਾਨ ਤੀਰਥ ਮੰਨਦਿਆਂ, ਭਾਰਤ ਤੋਂ ਵਿਦੈਗੀ ਤੋਂ ਪਹਿਲੋਂ ਆਪ ਪਹੁੰਚ ਕੇ ਸ਼ਰਧਾ ਸਤਿਕਾਰ ਸੰਜੁਗਤ ਉਸ ਨੂੰ ਪਰਸਣਾ ਚਾਹੁੰਦਾ ਸੀ। ਉਸ ਦਿਨ ਸੈਂਕੜਿਆਂ ਦੀ ਤਦਾਦ ਵਿਚ ਨਾਮਧਾਰੀ ਇਸਤਰੀ ਪੁਰਖ ਸਮਰਾਲਾ-ਚੰਡੀਗੜ੍ਹ ਰੋਡ ਤੇ ਲੁਧਿਆਣਿਉਂ ਵੀਹਵੇਂ ਕਿਲੋਮੀਟਰ ਤੇ ਆਪਣੇ ਤੀਰਥ ਵਿਚ ਇੰਤਜ਼ਾਰ ਦੀ ਘੜੀਆਂ ਗਿਣਦੇ ਭੈਣੀ ਸਾਹਿਬ ਵੱਲ ਮੁੜਨ ਵਾਲੀ ਹਰ ਕਾਰ ਨੂੰ ਉਤਸੁਕਤਾ ਨਾਲ ਵੇਖ ਰਹੇ ਸਨ ਸਤਿਗੁਰੂ ਜਗਜੀਤ ਸਿੰਘ ਜੀ ਤਾਂ ਵਡ ਤੀਰਥ (ਗੁਰੂ ਨਾਨਕ ਦੇਵ ਜੀ ਦਾ ਇਕ ਪਵਿਤਰ ਸਥਾਨ) ਹਰੀਪੁਰੋਂ, ਦੋ ਸੌ ਤੋਂ ਵੱਧ ਕਿਲੋਮੀਟਰ ਦਾ ਫਾਸਲਾ ਤੈ ਕਰਕੇ ਸੱਤ ਵਜੇ ਸਵੇਰ ਤਕ

---


ਸਮੇਂ ਦੇ ਬੋਲ ਤੋਂ ਬਾਅਦ ਕੁਲਵੰਤ ਜਗਰਾਓਂ ਦਾ

**ਅਨੂਠਾ ਕਾਵਿ ਸੰਗ੍ਰਹਿ ਸੁਲਗਦੇ ਪਲ**

ਜਿਸ ਬਾਰੇ ਪੀ. ਏ. ਯੂ. ਦੇ ਵਿਦਵਾਨ ਪ੍ਰੋ: ਅਰਜਨ ਜੋਸ਼ਨ ਜੀ ਲਿਖਦੇ ਹਨ ਕਿ ਮੈਨੂੰ ਤਾਂ ਇੰਜ ਲਗਾ ਹੈ ਕਿ ਇਸ ਵਿਚ ਅੰਕਿਤ ਦਰਦ ਤੇ ਸ਼ਿਕਵੇ ਮੇਰੇ ਆਪਣੇ ਹੋਣ। ਸ਼ਿਵ ਤੋਂ ਪਿਛੋਂ ਬਹੁਤ ਦੇਰ ਬਾਅਦ ਅਜਿਹੀ ਇਕ ਕਿਤਾਬ ਪੜ੍ਹਣ ਨੂੰ ਮਿਲੀ ਹੈ। ਇਸ ਤੋਂ ਵਧ ਕੋਈ ਵੀ ਦਰਦ ਨੂੰ ਉਜਾਗਰ ਨਹੀਂ ਕਰ ਸਕਦਾ। ਮੱਕਿਉਂ ਪਰੇ ਉਜਾੜ...।

ਸਵਰਗੀ ਦਲੀਪ ਦੇ ਆਰਟ ਨਾਲ ਸ਼ਿੰਗਾਰੀ ਸੁੰਦਰ ਕੋਟ ਆਪ ਵਾਲੀ 100 ਪੰਨਿਆਂ ਦੀ ਪੁਸਤਕ ਦਾ ਮੁੱਲ ਹੈ ਸਿਰਫ 6/-ਰੁਪਏ।

**ਪ੍ਰਕਾਸ਼ਕ : ਰਵੀ ਸਾਹਿਤ ਪ੍ਰਕਾਸ਼ਨ ਹਾਲ ਬਾਜ਼ਾਰ ਅੰਮ੍ਰਿਤਸਰ**



Namdhari Elibrary NamdhariElibrary@gmail.com

ਪਹੁੰਚੇ । ਦਰਸ਼ਨ ਅਭਿਲਾਸ਼ੀਆਂ ਨੂੰ ਆਪਣੇ ਸਤਿਗੁਰ ਜੀ ਅਗੇ ਸਿਰ ਝੁਕਾਂਦਿਆਂ ਭਾਵੇਂ ਆਤਮ ਤ੍ਰਿਪਤੀ ਹੋ ਰਹੀ ਸੀ, ਪਰ ਉਡੀਕਾਂ ਅਜੇ ਵੀ ਬਰਕਰਾਰ ਸਨ ।

ਵਿਸ਼ੇਸ ਤੀਰਥ ਯਾਤਰੀਆ ਨੂੰ ਲੈ ਕੇ ਥਾਈ ਜ਼ਬਾਨ ਨੂੰ ਪੂਰੀ ਤਰ੍ਹਾਂ ਸਮਝਣ ਵਾਲੇ ਸੇਠ ਤ੍ਰਿਲੋਕ ਸਿੰਘ ਤੇ ਉਨ੍ਹਾਂ ਦੇ ਸਪੁਤਰ ਬਖਸ਼ੀਸ਼ ਸਿੰਘ ਜੀ ਲੈ ਕੇ ਮਸਾਂ ਦੋ ਵਜੇ ਪਹੁੰਚ ਸਕੇ ਹਿਜ਼ ਹਾਈਨੈਸ, ਸ਼ਾਂਤੀਦੂਤ, ਡਾਕਟਰ ਸੁਜਾਟ ਆਪਣੀ ਟੀਮ ਨਾਲ ਕਾਰਾਂ ਵਿਚੋਂ ਉਤਰੇ । ਡਾਕਟਰ ਸੁਜਾਟ ਦੇ ਸਹਾਇਕ ਵਿਅਕਤੀਆਂ ਨਾਲ ਆਏ, ਇਕ ਕੈਮਰਾ ਮੈਨ, ਇਕ ਸਟੈਨੋ, ਇਕ ਟੇਪਰੀਕਾਰਡਰ ਇਕ ਇੰਗਲਿਸ਼ ਦੁਭਾਸ਼ੀਆ, ਇਕ ਬੋਧ ਸਾਧੂ ਅਤੇ ਇਕ ਇਸਤਰੀ ਥਾਈ ਖਾਣਿਆਂ ਦੀ ਮਾਹਿਰ । ਏਨੀ ਟੀਮ ਡਾਕਟਰ ਸੁਜਾਟ ਦੀ ਯਾਤਰਾ ਦੇ ਨੋਟ ਲੈਂਦੀ, ਉਹਦੇ ਕਥਨ ਅੰਕਿਤ ਕਰਦੀ, ਫੋਟੋਗ੍ਰਾਫ ਲੈਂਦੀ ਅਤੇ ਦੂਜਿਆਂ ਨਾਲ ਵਾਰਤਾਲਾਪ ਵਿਚ ਸਹਾਇਕ ਹੁੰਦੀ ਹੈ ।

ਸਤਿਗੁਰੂ ਜੀ ਦੇ ਛੋਟੇ ਭਾਈ ਮਹਾਰਾਜ ਬੀਰ ਸਿੰਘ ਜੀ ਨੇ ਆਏ ਪ੍ਰਾਹੁਣਿਆਂ ਦਾ ਸੁਆਗਤ ਸਤਿਕਾਰ ਤੇ ਖਾਣ-ਪਾਣ ਵਿਚ ਅਗਵਾਈ ਕੀਤੀ । ਸ੍ਰੀ ਭੈਣੀ ਸਾਹਿਬ ਦੇ ਦਰਸ਼ਨੀ ਸਥਾਨਾਂ ਦੀ ਯਾਤਰਾ ਕਰਵਾਕੇ ਜਦੋਂ ਮਹਾਰਾਜ ਜੀ ਅਤੇ ਸੇਠ ਤ੍ਰਿਲੋਕ ਸਿੰਘ ਦੀਵਾਨ ਸਥਾਨ ਵਿਚ ਲਿਆਏ ਤਾਂ ਡਾਕਟਰ ਸੁਜਾਟ ਤੇ ਨਾਲ ਦੇ ਸਾਥੀਆਂ ਥਾਈ ਢੰਗ ਨਾਲ ਅਤਿਅੰਤ ਸਰਲ ਅਤੇ ਸਤਿਕਾਰ ਨਾਲ ਸ੍ਰੀ ਸਤਿਗੁਰੂ ਜੀ ਨੂੰ ਨਮਸਕਾਰ ਕੀਤੀ ਅਤੇ ਆਪਣੇ ਯੋਗ ਸਥਾਨ ਤੇ ਬੈਠਦਿਆਂ ਹੀ ਸ਼ਾਂਤੀ ਦੇ ਦੂਤ ਨੇ ਜੋ ਸਫੇਦ ਬਸਤਰਧਾਰੀ ਦੇਵਤਿਆਂ ਵਿਚ ਇਕ ਖੂਬਸੂਰਤ ਫ਼ਰਿਸ਼ਤਾ ਹੀ ਲਗਦਾ ਸੀ ਕੁਝ ਬਕਸੇ ਖੁਲ੍ਹਵਾਏ, ਜਿਨ੍ਹਾਂ ਵਿਚ ਸਤਿਗੁਰੂ ਜੀ ਨੂੰ ਭੇਟਾ ਕਰਨ ਲਈ 45 ਪੁਸਤਕਾਂ ਵਿੱਤੀਆਂ, ਚਿੱਟੀਆਂ, ਕਾਲੀਆਂ ਥਾਈ ਮਾਲਾਵਾਂ ਦੇ ਪੈਕਟ, ਇਕ ਥਾਈਲੈਂਡ ਦੇ ਮਹਾਂਬੋਧੀ ਸੰਤ ਦੀ ਫੋਟੋ ਮੰਦਰ ਨੂੰ ਪਿਛਵਾੜੇ ਰਖਦਿਆਂ ਜਿਸ ਉਤੇ ਸਤਿਗੁਰੂ ਜੀ ਨੂੰ ਭੇਟਾ ਕਰਦਿਆਂ ਉਸਦੇ ਦਸਤਖਤ ਸਨ, ਆਪਣੀ ਸ਼ਾਕਾਹਾਰ ਸੁਸਾਇਟੀ ਅਤੇ ਥਾਈਲੈਂਡ ਦੇ ਬਾਦਸ਼ਾਹ ਵਲੋਂ ਦੋ ਸੁਨਹਿਰੀ ਚਿੰਨ੍ਹ, ਬਹੁਤ ਸਾਰੇ ਪੈਂਫਲਿਟ, ਕਈ ਪੈਕਟ ਤਸਵੀਰਾਂ, ਇਕ ਰੰਗੀਨ ਫੋਟੋਜ਼ ਦੀ ਐਲਬਮ ਜਿਸ ਵਿਚ ਸਤਿਗੁਰੂ ਜੀ ਦੇ ਥਾਈਲੈਂਡ ਵਿਚ ਇਕ ਬੋਧ ਮੰਦਰ ਦੀ ਯਾਤਰਾ ਦਾ ਰੀਕਾਰਡ ਹੈ ਕੱਢੇ ਅਤੇ ਇਕ ਹਜ਼ਾਰ ਰੁਪੱਈਆ ਨਕਦ ਲੈ ਕੇ ਸ੍ਰੀ ਸਤਿਗੁਰੂ ਜੀ ਨੂੰ ਸਾਹਵੇਂ ਆ ਕੇ ਦੋ ਤਿੰਨ ਪੁਸਤਕਾਂ ਹੱਥ ਵਿਚ ਉਠਾ ਸਾਰੀ ਸਾਮਗਰੀ ਭੇਟਾ ਕੀਤੀ । ਸਤਿਗੁਰੂ ਜੀ ਨੇ ਇਹ ਸਮਗਰੀ ਪ੍ਰਵਾਨ ਕਰਦਿਆਂ 1000/- ਵਾਪਸ ਕਰਨਾ ਚਾਹਿਆ ਉਨ੍ਹਾਂ ਦੀ ਦੂਰੋਂ ਆਉਂਦੇ ਤੇ ਖਰਚ ਨੂੰ ਮੁਖ ਰਖਦਿਆਂ । ਪਰ ਡਾ: ਸੁਜਾਟ ਨੇ ਅਰਜ਼ ਕੀਤੀ : ਇਹ ਮੇਰੀ ਤੇ ਮੇਰੀ ਸੰਸਥਾ ਦੇ ਮੈਂਬਰਾਂ ਵਲੋਂ ਪੁੰਨ ਕਾਰਜਾਂ ਲਈ ਭੇਟਾ ਹੈ । ਜਿਸਨੂੰ ਅਸੀਂ ਵਾਪਸ ਨਹੀਂ ਲੈ ਜਾ ਸਕਦੇ । ਆਪ ਜੀ ਬੇਸ਼ਕ ਹੜ੍ਹ-ਪੀੜਤਾਂ ਦੀ ਸਹਾਇਤਾ ਲਈ ਭੇਜ ਦਿਓ ।

ਇਹ ਪਲ ਪਰਸਪਰ ਸਤਿਕਾਰ, ਸ਼ਰਧਾ ਤੇ ਉਤਸ਼ਾਹ ਨਾਲ ਭਰਪੂਰ ਸਨ । ਡਾਕਟਰ ਸੁਜਾਟ ਨੇ ਆਪਣੇ ਕਥਨ ਵਿਚ ਸਤਿਗੁਰੂ ਜਗਜੀਤ ਸਿੰਘ ਜੀ ਦੀ ਕ੍ਰਿਪਾ ਭਰੇ ਆਗ੍ਰਹਿ ਦਾ ਧਨਵਾਦ ਕੀਤਾ ਜਿਨ੍ਹਾਂ ਕਾਰਨ ਉਹ ਆਪਣੇ ਮਹਾਂ ਗੁਰੂ ਬੁੱਧ ਦੇ ਦੇਸ਼ ਦੇ ਦਰਸ਼ਨ ਕਰਸਕੇ ਆ ਅਤੇ ਭਾਰਤੀ ਆਗੂਆਂ ਨਾਲ ਮੁਲਾਕਾਤ ਦਾ ਮਾਣ ਲੈ ਸਕਿਆ । ਉਸ ਦੱਸਿਆ ਕਿ ਉਹ ਥਾਈਲੈਂਡ ਜਾ ਕੇ ਲੋਕਾਂ ਨੂੰ ਦੱਸੇਗਾ ਕਿ ਭਾਰਤ ਦੀ ਆਜ਼ਾਦੀ ਦੇ ਪਹਿਲੇ ਅਲਮ ਬਰਦਾਰ ਸਤਿਗੁਰੂ ਰਾਮ ਸਿੰਘ ਜੀ ਦੇ ਨਗਰ ਦੀ ਯਾਤਰਾ ਕਰਕੇ ਆਇਆ ਹੈ । ਪੁਸਤਕਾਂ ਬਾਰੇ ਜ਼ਿਕਰ ਕਰਦਿਆਂ ਡਾਕਟਰ ਸੁਜਾਟ ਨੇ ਕਿਹਾ ਕਿ ਇਹ


ਕਲਾ, ਸਾਹਿੱਤ ਤੇ ਸਭਿਆਚਾਰ ਦੇ ਮਾਸਕ ਪੱਤਰ

## ਮੀਰ

### ਚਿੱਤਰਕਾਰ ਸਰਦਾਰ ਸੋਭਾ ਸਿੰਘ ਵਿਸ਼ੇਸ਼ ਅੰਕ

ਪ੍ਰਸਿੱਧ ਚਿੱਤਰਕਾਰ ਸਰਦਾਰ ਸੋਭਾ ਸਿੰਘ ਜੀ ਬਾਰੇ **ਮੀਰ ਦਾ ਇਕ ਵਿਸ਼ੇਸ਼ ਅੰਕ** ਪ੍ਰਕਾਸ਼ਤ ਕਰਨ ਦਾ ਫੈਸਲਾ ਕੀਤਾ ਗਿਆ ਹੈ । ਵੱਡੇ ਆਕਾਰ ਦੇ ਇਸ ਅੰਕ ਵਿਚ ਮਹਾਨ ਕਲਾਕਾਰ ਦੇ ਜੀਵਨ ਅਤੇ ਕਿਰਤਾਂ ਬਾਰੇ ਵਿਸ਼ੇਸ਼ ਜਾਣਕਾਰੀ ਭਰਪੂਰ ਲੇਖ ਛਾਪੇ ਜਾ ਰਹੇ ਹਨ । ਸਰਦਾਰ ਸੋਭਾ ਸਿੰਘ ਜੀ ਦੀਆਂ ਬਹੁਤ ਸਾਰੀਆਂ ਪੇਂਟਿੰਗਜ਼ ਵੀ ਇਸ ਅੰਕ ਦਾ ਸ਼ਿੰਗਾਰ ਬਣਨਗੀਆਂ ।

**ਕੀਮਤ ਦਸ ਰੁਪਏ** ਰੱਖੀ ਗਈ ਹੈ ਸਾਲਾਨਾ ਗਾਹਕਾਂ ਨੂੰ ਸਾਧਾਰਨ ਚੰਦੇ ਵਿਚ ਹੀ ਪ੍ਰਾਪਤ ਹੋਵੇਗਾ ਜਿਹੜੇ 15 ਜਨਵਰੀ 1978 ਤੱਕ ਆਪਣਾ ਚੰਦਾ **ਪੰਦਰਾਂ ਰੁਪਏ** ਅਤੇ ਰਜਿਸਟਰਡ ਡਾਕ ਦਾ ਖਰਚਾ **ਦੋ ਰੁਪਏ** (ਕੁੱਲ ਸਤਾਰਾਂ ਰੁਪਏ) ਭੇਜ ਦੇਣਗੇ । ਦੋ ਸਾਲਾਂ ਦਾ ਚੰਦਾ **ਪੱਚੀ ਰੁਪਏ** ਭੇਜਣ ਵਾਲੇ ਗਾਹਕਾਂ ਤੋਂ ਰਜਿਸਟਰੀ ਡਾਕ ਖਰਚ ਨਹੀਂ ਲਿਆ ਜਾਵੇਗਾ ।

**ਮੈਨੇਜਰ, ਮੀਰ, 1405, ਬੇਰੀ ਰੋਡ**
**ਸਿਵਲ ਲਾਈਨਜ਼ ਲੁਧਿਆਣਾ-141001**





Namdhari Elibrary NamdhariElibrary@gmail.com

ਪੁਸਤਕਾਂ ਥਾਈ ਭਾਸ਼ਾ ਵਿਚ ਹਨ ਜਿਨ੍ਹਾਂ ਵਿਚ ਬੁੱਧ ਧਰਮ ਦੇ ਅਸੂਲ, ਇਤਿਹਾਸ ਤੇ ਪ੍ਰਾਪਤੀਆਂ ਉਤੇ ਮਹਾਨ ਸੰਤਾਂ ਦੇ ਬਚਨ ਹਨ। ਇਹ ਇਸ ਲਈ ਏਥੇ ਲਿਆਂਦੀਆਂ ਗਈਆਂ ਹਨ ਕਿ ਜਿਸ ਦੇਸ਼ ਵਿਚੋਂ ਬੁਧ ਧਰਮ ਨੇ ਜਨਮ ਲਿਆ ਉਸ ਵਿਚ ਉਸਦਾ ਨਿਘਾਰ ਹੋ ਰਿਹਾ ਹੈ,ਉਸਦਾ ਮੁੜ ਤੋਂ ਪ੍ਰਚਾਰ ਪ੍ਰਸਾਰ ਹੋ ਸਕੇ। ਉਸਨੇ ਇਹ ਵੀ ਆਖਿਆ ਕਿ ਭਾਰਤ ਵਿਚ ਬਹੁਤ ਸਾਰੇ ਥਾਈ ਵਿਦਿਆਰਥੀ ਵਿਦਿਆ ਅਧਿਐਨ ਲਈ ਆਉਂਦੇ ਹਨ ਉਹਨਾਂ ਨੂੰ ਅਸੀਂ ਆਪਣੇ ਦੇਸ਼ ਵਿਚੋਂ ਹੀ ਦੱਸ ਭੇਜਾਂਗੇ ਕਿ ਉਹ ਬੁੱਧ ਧਰਮ ਦਾ ਆਪਣੀ ਜ਼ਬਾਨ ਵਿਚ ਮੁਤਾਲਿਆ ਕਰਨ ਹਿਤ ਸ੍ਰੀ ਭੈਣੀ ਸ ਹਿਬ ਜਾਣ। ਅੰਤ ਉਤੇ ਡਾਕਟਰ ਸੁਥਾਟ ਨੇ ਬੇਨਤੀ ਕੀਤੀ ਕਿ ਇਹ ਜੋ ਮੇਰੀ ਪ੍ਰਾਹੁਣਚਾਰੀ ਕਰ ਕੇ ਮੈਨੂੰ ਨਿਵਾਜਿਆ ਗਿਆ ਹੈ ਜਦੋਂ ਸਤਿਗੁਰੂ ਥਾਈਲੈਂਡ ਜਾਣ ਉਸਦੀ ਕਾਲੋਨੀ ਤੇ ਮੰਦਰ ਵਿਚ ਜ਼ਰੂਰ ਦਰਸ਼ਨ ਦੇਣ ਤੇ ਇਕ ਰਾਤ ਰਹਿਣ। (ਡਾਕਟਰ ਸੁਥਾਟ ਨੇ 100 ਏਕੜ ਜ਼ਮੀਨ ਖਰੀਦ ਕੇ ਉਸ ਵਿਚ ਕੇਵਲ ਸ਼ਾਕਾਹਾਰੀ ਲੋਕਾਂ ਵਾਸਤੇ ਹੀ ਰਹਾਇਸ਼ੀ ਪਲਾਟ, ਸਾਰੀਆਂ ਅਜੋਕੀਆਂ ਸਹੂਲਤਾਂ ਸਮੇਤ ਰਖੇ ਹਨ)।

ਸਤਿਗੁਰੂ ਜਗਜੀਤ ਸਿੰਘ ਜੀ ਮਹਾਰਾਜ ਨੇ ਉੱਤਰ ਵਿਚ ਨਿੱਘ ਤੇ ਸਤਿਕਾਰ ਭਰੇ ਸ਼ਬਦਾਂ ਨਾਲ ਸ਼ਾਂਤੀ ਦੂਤ ਦੇ ਨਾਮਧਾਰੀ ਕੇਂਦਰ ਵਿਖੇ ਪਧਾਰਨ ਦਾ ਸੁਆਗਤ ਕੀਤਾ ਅਤੇ ਦੱਸਿਆ ਕਿ ਇਹ ਦੋ ਦੇਸ਼ਾਂ ਤੇ ਦੋ ਧਰਮਾਂ ਦੀ ਮਿਲਣੀ ਹੈ। ਮੇਲਣ ਤੇ ਮਿਲਣ ਵਾਲੇ ਉਹਨਾਂ ਨੁਕਤਿਆਂ ਤੇ ਹੀ ਜ਼ੋਰ ਦਿੰਦੇ ਹਨ ਜੋ ਪਰਸਪਰ ਸਾਂਝੇ ਹੁੰਦੇ ਹਨ। ਸਤਿਗੁਰੂ ਜੀ ਕ੍ਰਿਮਾ ਲਿਆ ਕਿ ਉਹ ਪੁਸਤਕਾਂ ਦੀ ਪੂਰੀ ਸੰਭਾਲ ਅਤੇ ਵਿਦਿਆ ਅਧਿਐਨ ਕਰਨ ਆਇਆਂ ਦੀ ਸੁਖ ਸਹੂਲਤ ਦਾ ਖਿਆਲ ਰਖਣਗੇ ਅਤੇ ਅਜਿਹੀਆਂ ਮਿਲਣੀਆਂ ਦਾ ਪ੍ਰਬੰਧ ਕਰਦੇ ਰਹਿਣਗੇ ਜਿਸ ਵਿਚ ਦੋਹਾਂ ਦੇਸ਼ਾਂ ਦਾ ਸਹਿਯੋਗ ਵਧੇ ਫੁਲੇ। ਸਤਿਗੁਰੂ ਜੀ ਬਚਨ ਕੀਤਾ : ਜਿਨ੍ਹਾਂ ਮੇਲਣਾ ਤੇ ਮਿਲਣਾ ਹੁੰਦਾ ਹੈ ਉਹ ਉਸੇ ਚੀਜ਼ ਦਾ ਉਸਾਰੂ ਅਰਥ ਕਢਦੇ ਹਨ ਜਦੋਂ ਕਿ ਵਿਰੋਧ ਪੈਦਾ ਕਰਨ ਵਾਲੇ ਉਸੇ ਗੱਲ ਨੂੰ ਨਕਾਰਾਤਮਕ ਅਰਥਾਂ ਵਿਚ ਲੈਂਦੇ ਹਨ ਅਤੇ ਸਤਿਗੁਰ ਜੀ ਨੇ ਆਸ ਪ੍ਰਗਟ ਕੀਤੀ ਇਹ ਸਾਡੇ ਸਾਂਝੇ ਉਦੇਸ਼—ਧਰਮ ਉਦੇਸ਼ ਵਧੇ ਫੁਲੇ ਤੇ ਪਰਸਪਰ ਮਿਲਣੀਆਂ ਹੋਰ ਵੀ ਖੇੜਿਆਂ ਲੱਦੀ ਬਹਾਰ ਪੈਦਾ ਕਰਨਗੀਆਂ।

ਆਦਰ ਯੋਗ ਪ੍ਰਾਹੁਣੇ ਤੇ ਉਸਦੇ ਸਾਥੀਆਂ ਨੂੰ ਕੁਝ ਚਿਰ ਸਤਿਗੁਰੂ ਜੀ ਆਪਣੇ ਨਿਵਾਸ ਵੱਲ ਲੈ ਜਾਕੇ ਨਿਕੀ-ਮੋਟੀ ਵਾਰਤਾਲਾਪ ਕਰਦੇ ਰਹੇ। ਪੰਜਾਬੀਉਂ ਥਾਈ ਤੇ ਥਾਈਉਂ ਪੰਜਾਬੀ ਅਨੁਵਾਦ ਸੇਠ ਤ੍ਰਿਲੋਕ ਸਿੰਘ ਅਤੇ ਬਖਸ਼ੀਸ਼ ਸਿੰਘ ਨੇ ਕੀਤਾ। 5-35 ਸ਼ਾਮੀ ਵਿਦਾਇਗੀ ਸਮੇਂ ਸ਼ਾਂਤੀ ਦੇ ਦੂਤ ਨੇ ਆਖਿਆ : ਕਿਰਪਾ ਕਰਕੇ ਥਾਈਲੈਂਡ ਆ ਕੇ ਮੈਨੂੰ ਜ਼ਰੂਰ ਦਰਸ਼ਨ ਦੇਣੇ। ਅਤੇ ਇਕ ਭਾਰਤੀ ਬੂਟਾ ਸਾਡੇ ਪਾਰਕ ਵਿਚ ਆਪਣੇ ਹਥੀਂ ਆਕੇ ਲਗਾਣਾ ਜਿਹੜਾ ਸਾਡੀ ਪਰਸਪਰ ਸਾਂਝ ਤੇ ਦੋਸਤੀ ਦਾ ਲਖਾਇਕ ਹੋਵੇਗਾ। ਕੀ ਕਰਾਂ ਜਾ ਰਿਹਾ ਹਾਂ ਥਾਈਲੈਂਡ ਪਰ ਮੇਰਾ ਦਿਲ ਏਥੇ ਆਪਦੇ ਚਰਨਾਂ ਵਿਚ ਰਹਿ ਗਿਆ ਹੈ।

# ਗੁਰੂ ਰਾਮ ਸਿੰਘ

—ਵੀਰ ਸਿੰਘ "ਸੂਰਾ"

ਉਨਵੀ ਸਦੀ ਦੇ ਇਨਕਲਾਬੀਆਂ ਵੇ,
ਤੂੰ ਹਿੰਦ ਦੇ ਕਸ਼ਟ ਮੁਕਾ ਦਿਤੇ।
ਲੱਖਾਂ ਕਸ਼ਟ ਝਲੇ ਆਪਣੀ ਜਾਨ ਉਤੇ,
ਐਪਰ ਦਾਗ ਗੁਲਾਮੀ ਦੇ ਲਾਹ ਦਿਤੇ।
ਜਿਹੜੇ ਚਿਰਾਂ ਤੋਂ ਸੁਤੇ ਸਨ ਘੂਕ ਹਿੰਦੀ,
ਝੂਣ ਝੂਣ ਕੇ ਤੂੰ ਜਗਾ ਦਿਤੇ।
ਐਸੀ ਚੋਟ ਮਾਰੀ ਇਨਕਲਾਬੀਆਂ ਨੇ,
ਵੈਰੀ ਦੇਸ਼ ਦੇ ਵਿਚੋਂ ਭਜਾ ਦਿਤੇ।

ਖਾਤਰ ਵਤਨ ਦੀ ਜਾਣਾ ਪਰਦੇਸ ਪਿਆ।

ਹਸ ਹਸ ਕੇ ਤੂੰ ਮਨਜ਼ੂਰ ਕੀਤਾ।
ਤੇਰੀ ਲਾਈ ਹੋਈ ਅੱਗ ਨਾ ਬੁਝ ਸਕੀ।
ਭਾਵੇਂ ਵਤਨ ਨਾਲੋਂ ਤੈਨੂੰ ਦੂਰ ਕੀਤਾ।

ਆਪਣਾ ਦੇਸ਼ ਅਜ਼ਾਦ ਕਰਾਉਣ ਖਾਤਰ,
ਝੋਟਾ ਦਿਤੀ ਤੂੰ ਲੱਖਾਂ ਜਵਾਨੀਆਂ ਦੀ।
ਤੋਪਾਂ ਨਾਲ ਉਡਾਏ ਗਏ ਸਿਖ ਤੇਰੇ,
ਹਦ ਮੁਕ ਗਈ ਉਦੋਂ ਕੁਰਬਾਨੀਆਂ ਦੀ।
ਉਹ ਮੌਤ ਨੂੰ ਘੁਟ ਘੁਟ ਪਾਉਣ ਜਫੀਆਂ।
ਤੂੰ ਜਿੰਨਾ ਦੇ ਕੰਨ ਵਿਚ ਫੂਕ ਮਾਰੀ।
ਤੱਖਤ ਸ਼ਾਹੀ ਫਰੰਗੀ ਦਾ ਹਿਲ ਗਿਆ।
ਜਦੋਂ ਤੂੰ ਅਜ਼ਾਦੀ ਦੀ ਕੂਕ ਮਾਰੀ।

ਤੇਰੀ ਉਨ ਦੀ ਚਿਟੀ ਮਾਲਾ ਵਿਚੋਂ,
ਲਾਟਾ ਮਾਰ ਬਗਾਵਤ ਦੀ ਲੋ ਨਿਕਲੀ।
ਤੇਰੀ ਖੱਦਰ ਦੀ ਚਿੱਟੀ ਦਸਤਾਰ ਵਿਚੋਂ,
ਤਕਦੀਰ ਭਾਰਤ ਦੀ ਸਿਧੀ ਹੋ ਨਿਕਲੀ।
ਹਿੰਦੀ ਪੂਜਣ ਗੇ ਤੈਨੂੰ ਬਾਗੀਆ ਵੇ,

ਬਾਗੀ ਬਣ ਤੂੰ ਦੇਸ਼ ਨੂੰ ਭਾਗ ਲਾਇਆ।
ਧੰਨ ਮਾਤਾ ਉਹ ਕਰਮਾਂ ਵਾਲੜੀ ਸੀ,
ਵਡੇ ਭਾਗਾਂ ਵਾਲਾ ਜਿਨੇ ਪੁਤ ਜਾਇਆ।
ਹਿੰਦੁਸਤਾਨ ਦੀ ਕਿਸਮਤ ਦੇ ਤਾਰਿਆ ਵੇ।
ਮਹਿਮਾ ਹੋ ਨਾ ਸਕੇ ਬਿਆਨ ਤੇਰੀ।
ਜਦ ਤਕ ਅੰਬਰ ਤੇ ਰਹਿਣਗੇ ਚੰਨ ਤਾਰੇ।
ਤਦ ਤਕ ਅਟੱਲ ਰਹਿਸੀ ਦਾਸਤਾਨ ਤੇਰੀ।



Namdhari Elibrary NamdhariElibrary@gmail.com

# ਸ: ਗੁਰਬਖਸ਼ ਸਿੰਘ ਪ੍ਰੀਤਲੜੀ ਦੀ ਯਾਦ 'ਚ ਸਮਾਗਮ

ਪਿਛਲੇ ਦਿਨੀਂ ਹੋਟਲ ਸਕਾਈਲਾਰਕ ਜਲੰਧਰ ਦੇ ਲਾਅਨ ਵਿਚ ਜਾਇੰਟਸ ਗਰੁਪ ਜਲੰਧਰ ਵਲੋਂ ਪ੍ਰਸਿਧ ਲੇਖਕ ਸ: ਗੁਰਬਖਸ਼ ਸਿੰਘ ਪ੍ਰੀਤ ਲੜੀ ਦੀ ਯਾਦ ਵਿਚ ਇਕ ਵਿਸ਼ੇਸ਼ ਸਮਾਗਮ ਦਾ ਪ੍ਰਬੰਧ ਕੀਤਾ ਗਿਆ। ਇਸ ਦੀ ਪ੍ਰਧਾਨਗੀ ਵਿਦਿਆ ਮੰਤ੍ਰੀ ਪੰਜਾਬ ਸ੍ਰ: ਸੁਖਜਿੰਦਰ ਸਿੰਘ ਨੇ ਕੀਤੀ। 'ਇਸ ਯਾਦ ਸਮਾਰੋਹ ਵਿਚ ਪੰਜਾਬ ਤੇ ਬਾਹਰ ਦੇ ਪ੍ਰਸਿਧ ਲਿਖਾਰੀਆਂ, ਪੱਤਰਕਾਰਾਂ ਤੇ ਸਾਹਿਤ ਪ੍ਰੇਮੀਆਂ ਵਲੋਂ ਗੁਰਬਖਸ਼ ਸਿੰਘ ਜੀ ਨੂੰ ਭਾਵ-ਭਿੰਨੀਆਂ ਸ਼ਰਧਾਜਲੀਆਂ ਭੇਟ ਕੀਤੀਆਂ ਗਈਆਂ।

ਜਾਇੰਟਸ ਗਰੁਪ ਜਲੰਧਰ ਵਲੋਂ ਕਰਾਏ ਗਏ ਸਰਦਾਰ ਪ੍ਰੀਤ ਲੜੀ ਲੇਖ ਮੁਕਾਬਲੇ ਦੇ ਜੇਤੂਆਂ ਡਾਕਟਰ ਹਰਿਭਜਨ ਸਿੰਘ, ਪ੍ਰੋ: ਪ੍ਰੀਤਮ ਸੈਣੀ, ਸ੍ਰ: ਬਲਦੇਵ ਸਿੰਘ ਗਿਲ, ਸ੍ਰੀ ਗੁਰਨਾਮ ਬਾਗੜੀ ਤੇ ਕੁਮਾਰੀ ਮਨਜੀਤ ਕੌਰ ਜੀ ਨੂੰ ਲੜੀ ਵਾਰ 500, 300, 200, 100 ਤੇ 50 ਰੁਪਏ ਦੇ ਨਕਦ ਇਨਾਮ ਤੇ ਪ੍ਰਮਾਣ ਪਤ੍ਰ ਦਿਤੇ ਗਏ।

ਇਸ ਤੋਂ ਇਲਾਵਾ ਇਸ ਸਮਾਗਮ ਵਿਚ ਪੱਤਰਕਾਰਾਂ ਤੇ ਸਾਹਿਤਕਾਰਾਂ ਦੀਆਂ ਵਿਸ਼ੇਸ਼ ਸੇਵਾਵਾਂ ਨੂੰ ਮੁੱਖ ਰਖਦਿਆਂ ਗਿਆਨੀ ਸ਼ਾਦੀ ਸਿੰਘ (ਅਕਾਲੀ ਪਤ੍ਰਕਾ) ਸ੍ਰੀ ਵਿਜੈ ਚੋਪੜਾ (ਪੰਜਾਬ ਕੇਸਰੀ), ਕਾਮਰੇਡ ਜਗਜੀਤ ਸਿੰਘ ਅਨੰਦ (ਨਵਾਂ ਜ਼ਮਾਨਾ) ਕਾਮਰੇਡ ਸੋਹਨ ਸਿੰਘ ਜੋਸ਼, ਸ੍ਰ: ਨਤਵੇਜ ਸਿਘ (ਪ੍ਰੀਤ ਲੜੀ), ਸ੍ਰ: ਬਰਜਿੰਦਰ ਸਿੰਘ ਹਮਦਰਦ (ਦ੍ਰਿਸ਼ਟੀ), ਬੀਬੀ ਊਮਾ ਤੇ ਸ੍ਰੀ ਐਸ. ਐਸ. ਮੀਸ਼ਾ ਜੀ ਨੂੰ ਸਨਮਾਨਤ ਕੀਤਾ ਗਿਆ।

ਸਮਾਗਮ ਦੇ ਅੰਤ ਵਿਚ ਸ੍ਰੀਮਤੀ ਜੀ. ਐਸ. ਸਾਬੀ ਨੇ ਵਿਦਿਆ ਤੇ ਭਾਸ਼ਾ ਮੰਤਰੀ ਜੀ ਨੂੰ ਮੋਮੈਂਟੋ ਤੇ ਪ੍ਰਮਾਣ ਪੱਤਰ ਦੇ ਕੇ ਸਨਮਾਨਤ ਕੀਤਾ।

ਸ੍ਰ: ਪ੍ਰੇਮ ਸਿੰਘ ਐਡਵੋਕੇਟ ਨੇ ਸਰੋਤਿਆਂ ਦਾ ਧੰਨਵਾਦ ਕਰਦਿਆਂ ਦਸਿਆ ਕਿ ਇਸ ਲੇਖ ਮੁਕਾਬਲੇ ਵਿਚ ਲਗਭਗ 100 ਵਧੀਆ ਲੇਖ ਆਏ ਸਨ ਤੇ ਇਹਨਾਂ ਲੇਖਾਂ ਤੇ ਅਧਾਰਤ ਸ੍ਰੀ ਸਾਬੀ ਜੀ ਇਕ ਵਧੀਆਂ ਪੁਸਤਕ ਛਪਾਉਣ ਦੇ ਯਤਨ ਕਰ ਰਹੇ ਹਨ ਜੋ ਬਹੁਤ ਹੀ ਸ਼ਲਾਘਾ ਯੋਗ ਕਦਮ ਹੈ।

★



ਰਾਤ ਦੇ ਖਾਣੇ ਸਮੇਂ—
ਖਬਿਉਂ ਸ: ਜਗਦੀਸ਼ ਸਿੰਘ ਸੰਪਾਦਕ ਵਰਿਆਮ, ਸ: ਪ੍ਰੇਮ ਸਿੰਘ ਐਡਵੋਕੇਟ, ਗੁਰਦੀਪ ਸਾਜਨ ਗੀਤ ਪੇਸ਼ ਕਰਦੇ ਹੋਏ, ਸ੍ਰੀ ਵਿਜੈ ਚੋਪੜਾ (ਹਿੰਦ ਸਮਾਚਾਰ) ਤੇ ਬਰਜਿੰਦਰ ਹਮਦਰਦ ਸੰਪਾਦਕ ਦ੍ਰਿਸ਼ਟੀ।



Namdhari Elibrary NamdhariElibrary@gmail.com

# ਪੁਸਤਕ ਵਿਮੋਚਨ ਸਮਾਰੋਹ

ਜਾਬੀ ਰਾਈਟਰਜ਼ ਕੋਆਪਰੇਟਿਵ ਇੰਡਸਟਰੀਅਲ ਸੁਸਾਇਟੀ ਲਿਮਟਿਡ, ਨਵੀਂ ਦਿੱਲੀ ਦੀਆਂ ਸਤ ਪੰਜਾਬੀ ਪੁਸਤਕਾਂ ਦਾ ਵਿਮੋਚਨ ਸਮਾਰੋਹ 4 ਨਵੰਬਰ 1977 ਨੂੰ ਕਾਨਸਟੀਚਿਊਸ਼ਨ ਕਲੱਬ ਨਵੀਂ ਦਿੱਲੀ ਵਿਖੇ, ਸ੍ਰ: ਸੁਖਜਿੰਦਰ ਸਿੰਘ, ਵਿਦਿਆ ਮੰਤਰੀ ਪੰਜਾਬ ਦੀ ਪ੍ਰਧਾਨਗੀ ਹੇਠਾਂ ਹੋਇਆ ਪਸਤਕਾਂ ਦਾ ਵਿਮੋਚਨ ਸ੍ਰੀ ਪੀ. ਸੀ. ਚੰਦਰ, ਯੂਨੀਅਨ ਵਿਦਿਆ ਮੰਤਰੀ ਜੀ ਨੇ ਕੀਤਾ।

ਇਸ ਸਮੇਂ ਪੰਜਾਬੀ ਦੀਆਂ ਚੋਣਵੀਆਂ ਪੁਸਤਕਾਂ ਦੀ ਇਕ ਪ੍ਰਦਰਸ਼ਨੀ ਦਾ ਪ੍ਰਬੰਧ ਵੀ ਕੀਤਾ ਗਿਆ।

ਕੋਆਪਰੇਟਿਵ ਦੇ ਵਾਈਸ ਪ੍ਰਧਾਨ ਸ੍ਰ: ਕੁਲਦੀਪ ਸਿੰਘ ਨੇ ਵਾਰੋ ਵਾਰ ਹੇਠ ਲਿਖੇ ਸਤਾਂ ਲੇਖਕਾਂ ਦੀ ਜਾਣ-ਪਛਾਣ ਕਰਾਈ ਜਿਨ੍ਹਾਂ ਦੀਆਂ ਪੁਸਤਕਾਂ ਦਾ ਵਿਮੋਚਨ ਹੋ ਰਿਹਾ ਸੀ :

1. ਡਾ. ਮਹਿੰਦਰ ਕੌਰ ਗਿੱਲ
   ਕਾਤਰਾਂ (ਕਾਵਿ ਸੰਗ੍ਰਹਿ)
2. ਸ੍ਰੀਮਤੀ ਬਚਿੰਤ ਕੌਰ
   ਕੁੱਬਲ ਦੀ ਅਗ (ਕਹਾਣੀ ਸੰਗ੍ਰਹਿ)
3. ਸ੍ਰੀਮਤੀ ਰਾਜਿੰਦਰ ਕੌਰ
   ਆਪਣਾ ਸ਼ਹਿਰ (ਕਹਾਣੀ ਸੰਗ੍ਰਹਿ)
4. ਸ੍ਰ: ਗੁਰਮੁਖ ਸਿੰਘ ਜੀਤ
   ਸੁਪਨੇ ਦੀ ਰਾਜਪੌਸ਼ੀ (ਕਹਾਣੀ ਸੰਗ੍ਰਹਿ)
5. ਡਾ: ਸੋਹਿੰਦਰ ਸਿੰਘ ਬੇਦੀ
   ਲੋਕਧਾਰਾ ਅਤੇ ਸਾਹਿਤ (ਆਲੋਚਨਾ)
6. ਡਾ: ਸਵਿੰਦਰ ਸਿੰਘ ਉੱਪਲ
   ਮਹਿਕਾਂ (ਕਹਾਣੀ-ਸੰਗ੍ਰਹਿ)
7. ਡਾ: ਮਹੀਪ ਸਿੰਘ
   ਇਹ ਵੀ ਨਹੀਂ (ਨਾਵਲ)

ਪੰਜਾਬ ਦੇ ਵਿਦਿਆ ਮੰਤਰੀ ਸ੍ਰ: ਸੁਖਜਿੰਦਰ ਸਿੰਘ ਨੇ ਸਤਾਂ ਪੁਸਤਕਾਂ ਦਾ ਸੈੱਟ ਸ੍ਰੀ ਪੀ ਸੀ. ਚੰਦਰ ਨੂੰ ਭੇਟ ਕੀਤਾ ਜਿਨ੍ਹਾਂ ਵਾਰੋ ਵਾਰੀ ਉਪਰਲੇ ਲੇਖਕਾਂ ਨੂੰ ਉਨ੍ਹਾਂ ਦੀ ਆਪਣੀ ਪੁਸਤਕ ਦੀ ਕਾਪੀ ਭੇਟ ਕੀਤੀ।

ਪ੍ਰਸਿਧ ਹਿੰਦੀ ਲੇਖਕ ਸ੍ਰੀ ਜੈਨੇਂਦਰ ਕੁਮਾਰ ਨੇ ਖੁਸ਼ੀ ਪ੍ਰਗਟ ਕੀਤੀ ਕਿ ਪੰਜਾਬੀ ਵਿਚ ਇਹੋ ਜਿਹਾ ਸਹਿਕਾਰੀ ਕੰਮ ਹੋ ਰਿਹਾ ਹੈ। ਮਲਿਆਲਮ ਦੀ ਸਹਿਕਾਰੀ ਸੰਸਥਾ ਨੂੰ ਸਰਕਾਰ ਲੇਖਕਾਂ ਅਤੇ ਲੋਕਾਂ ਦਾ ਸਹਿਯੋਗ ਮਿਲ ਰਿਹਾ ਹੈ। ਪੰਜਾਬੀ ਲੇਖਕਾਂ ਦਾ ਇਹ ਉਤਸ਼ਾਹ ਇਸ ਗਲ ਦਾ ਸੂਚਕ ਹੈ ਕਿ ਇਹ ਪ੍ਰਯੋਗ ਜ਼ਰੂਰ ਸਫਲ ਹੋਵੇਗਾ। ਇਹੋ ਜਹੀਆਂ ਸੰਸਥਾਵਾਂ ਦੀ ਬੜੀ ਲੋੜ ਹੈ ਜੋ ਲੇਖਕਾਂ ਦਾ ਹਕ ਮੰਗੇ।

ਸ੍ਰ: ਸੁਖਜਿੰਦਰ ਸਿੰਘ ਨੇ ਆਪਣੇ ਪ੍ਰਧਾਨਗੀ ਭਾਸ਼ਨ ਵਿਚ ਕਿਹਾ ਕਿ ਮੈਨੂੰ ਅਜਿਹੇ ਸਾਹਿਤਕ ਸਮਾਗਮ ਤੇ ਆਉਣ ਦੀ ਖੁਸ਼ੀ ਹੈ ਅਤੇ ਜਿਨ੍ਹਾਂ ਲੇਖਕਾਂ ਦੀਆਂ ਪੁਸਤਕਾਂ ਦਾ ਅਜ ਵਿਮੋਚਨ ਹੋਇਆ ਹੈ, ਮੈਂ ਉਹਨਾਂ ਨੂੰ ਮੁਬਾਰਕਬਾਦ ਦੇਂਦਾ ਹਾਂ।

ਸਵਿੰਦਰ ਸਿੰਘ ਉੱਪਲ
ਸਕੱਤਰ




ਸ: ਸੁਖਜਿੰਦਰ ਸਿੰਘ ਵਿਦਿਆ ਮੰਤਰੀ ਪੰਜਾਬ ਤਕਰੀਰ ਕਰ ਰਹੇ ਹਨ। ਨਾਲ ਡਾ: ਮਹੀਪ ਸਿੰਘ ਬੈਠੇ ਹਨ।



Namdhari Elibrary NamdhariElibrary@gmail com

With best compliments

ON THE AUSPICIOUS OCCASION OF

RELEASE OF

## SATGURU JAGjIT SINGH ISSUE

## of

## WARIAM

Grams : BELTMEN

: 522666
Telephone : 522333

# Satandard Fastners Pvt. Ltd.

Manufactures & Exporters of :

ALL TYPES OF STEEL FASTNERS

I E/18 Jhandewala Ext.

NEW DELHI.



Namdhari Elibrary NamdhariElibrary@gmail com

Manufacturers & Suppliers of :

SUPERIOR QUALITY

- M. S. PIPE
- HAND PUMP
- FILTERS & JALI





# GURU NANAK JALI WORKS

1 C/T39 Namdhari Colony

Ramesh Nagar,

NEW DELHI—15




Namdhari Elibrary NamdhariElibrary@gmail com

Phone : 3 3444

# ਦੀ ਟਰੇਡਰਜ਼ ਬੈਂਕ ਲਿਮਿਟਿਡ

ਰਜਿਸਟਰਡ ਤੇ ਸਦਰ ਦਫਤਰ ੯੦੧੯ ਜੀ, ਕਨਾਟ ਸਰਕਸ.

ਨਵੀ ਦਿਲੀ

(ਸਰਪ੍ਰਸਤ ਸੇਠ ਤਰਲੋਕ ਸਿੰਘ ਜੀ ਚਾਵਲਾ)

ਇਹ ਬੈਂਕ ਹਰ ਪ੍ਰਕਾਰ ਦੇ ਕਾਰੋਬਾਰ ਅਤੇ ਖਾਸ ਤੌਰ ਤੇ ਕੌਮੀ ਅਹਿਮੀਅਤ ਰੱਖਣ ਵਾਲੇ ਧੰਦਿਆ ਲਈ ਥੋੜੇ ਅਤੇ ਲੰਬੇ ਸਮੇਂ ਲਈ ਸਹਾਇਤਾ ਦਿੰਦਾ ਹੈ ।

ਇਹ ਬੈਂਕ ਘਰੋਗੀ ਵਰਤੋਂ ਵਾਲੀਆਂ ਵਸਤੂਆਂ,

ਸਕੂਟਰ, ਮੋਟਰ ਸਾਈਕਲ, ਟੈਲੀਵੀਯਨ, ਫਰਿਜ ਆਦਿ

ਖਰੀਦਣ ਲਈ ਭੀ ਕਰਜ਼ੇ ਦਿੰਦਾ ਹੈ ।



Namdhari Elibrary NamdhariElibrary@gmail com

ਸਦਾ ਯਾਦ ਰਖੋ!

- ਸਿਤਾਰ
- ਤਾਨਪੂਰਾ
- ਹਾਰਮੋਨੀਅਮ
- ਤਬਲਾ

ਅਤੇ ਹੋਰ ਸਾਜ਼

ਤਿਆਰ ਕਰਨ ਵਾਲੇ

ਅਤੇ ਮੁਰੰਮਤ ਕਰਨ ਵਾਲੇ



ਸਤਿਗੁਰੂ ਜਗਜੀਤ ਸਿੰਘ ਜੀ ਫਰਮ ਦੇ ਸ਼ੋ ਰੂਮ ਵਿਚ
ਸਜੇ ਸ: ਗੁਰਦਿਆਲ ਸਿੰਘ ਮਾਲਕ ਖੜੇ ਹਨ।

## ਗੁਰਦਿਆਲ ਇੰਘ ਐਂਡ ਸਨਜ਼
## ਫਗਵਾੜਾ ਗੇਟ ਜਲੰਧਰ



Namdhari Elibrary NamdhariElibrary@gmail com

# ਖ਼ਾਲਸਾ ਜੀ ! ਪਗੜੀਆਂ ਵਸਾਤੇ




**ਸੇਲ ਆਫਿਸ :—**

## ਨਾਮਧਾਰੀ ਸੇਲਜ਼ ਕਾਰਪੋਰੇਸ਼ਨ

**ਕਟੜਾ ਮਹੇਸ਼ ਦਾਸ, ਨਵੀਂ ਸੜਕ,**

**ਦਿੱਲੀ—110006**



Namdhari Elibrary NamdhariElibrary@gmail com

Approved By Department of :

AGRICULTURE PUNJAB GOVERNMENT

High Class Manufacturers of :



- QUALITY WHEAT THRASHERS
- MAIZE SHELLERS
- FERTI SEED DRILLS
- AND OTHER AGRICULTURAL IMPLEMENTS



QUALITY MARKED

DEPARTMENT OF AGRICULTURE
QUALITY
MARK
PUNJAB GOVT

ਕੁਆਲਟੀ ਮਾਰਕਡ



ਖੇਤੀ ਬਾੜੀ ਦੇ ਵਧੀਆ ਸਾਜ਼ ਸਾਮਾਨ ਬਨਾਉਣ ਵਾਲੇ।

RADE **JASPAL** MARK

Grams : HABI INDUSTRIES

Phone : 2737

## *HABI INDUSTRIES (Regd.)*

10 Industrial Area

PHAGWARA 144401 (Pb.)




Namdhari Elibrary NamdhariElibrary@gmail com

For

PVC CHAPPAL

NAGRA, SHOES

M S Bright Steel Bars of

Any Size

And

Jali for Hand Pump Filter

PLEASE CONTACT :

# Namdhari Jali Filter Manufacturers

C 300, Phase II, Maya Puri,

NEW DELHI-64



Namdhari Elibrary NamdhariElibrary@gmail com

# ਪੰਜਾਬ ਵਿਚ ਅਕਾਲੀ-ਜਨਤਾ ਸਰਕਾਰ ਦੇ 6 ਮਹੀਨਿਆਂ ਵਿਚ ਉਨਤੀ ਦੇ ਪ੍ਰਤੀਬਿੰਬ

- ਸਰਬਪੱਖੀ ਪੇਂਡੂ ਵਿਕਾਸ ਲਈ 302 ਕਰੋੜ ਰੁਪੈ : ਪੇਂਡੂ ਨਵ-ਉਭਾਰ ਲਈ ਨਵੀਂ ਜਾਗਰਤੀ ਪੈਦਾ ਕਰਨਾ।
- ਕੀਮਤਾਂ ਤੇ ਕਾਬੂ ਪਾਉਣਾ : ਸਾਰਾ ਸਾਲ ਸਥਿਰ ਕੀਮਤਾਂ ਤੇ ਕਣਕ ਦਾ ਆਟਾ, ਬਨਸਪਤੀ ਘਿਓ ਅਤੇ ਦਾਲਾਂ ਮੁਹੱਈਆ ਕਰਨ ਲਈ 2528 ਰੀਟੇਲ ਦੁਕਾਨਾਂ ਖੋਹਲੀਆਂ ਗਈਆਂ ਹਨ।
- ਸਿੰਚਾਈ ਤੇ ਊਰਜਾ ਉਤਪਾਦਨ ਵਧਾਉਣਾ : 9 ਲੱਖ ਏਕੜ ਭੌਂ ਦੀ ਸਿੰਚਾਈ ਅਤੇ 500 ਮੈਗਾਵਾਟ ਬਿਜਲੀ ਉਤਪਾਦਨ ਲਈ ਥੀਨ ਡੈਮ ਪ੍ਰਾਜੈਕਟ ਸ਼ੁਰੂ ਕਰਨਾ।
  : ਰੂਪ ਨਗਰ ਵਿਖੇ 1000 ਮੈਗਾਵਾਟ ਦਾ ਸੁਪਰ ਥਰਮਲ ਪਾਵਰ ਸਟੇਸ਼ਨ ਦਾ ਕੰਮ ਸ਼ੁਰੂ ਕਰਨਾ।
  : 500 ਕਿ: ਮੀ: ਕੈਨਾਲ ਡਿਸਟਰੀਬਿਊਟਰੀਜ਼ ਪੱਕੀਆਂ ਕਰਨ ਅਤੇ 4000 ਕਿ: ਮੀ: ਫੀਲਡ ਚੈਨਲ ਮੁਕੰਮਲ ਹੋਣ ਦੇ ਨੇੜੇ।
- ਸਪੈਸ਼ੇਲਾਈਜ਼ਡ ਟੈਕਨਾਲੋਜੀ ਆਫ ਪ੍ਰੀਸੀਜ਼ਨ ਟੂਲਿੰਗ : ਸਾਹਿਬਜ਼ਾਦਾ ਅਜੀਤ ਸਿੰਘ ਨਗਰ ਵਿਖੇ 16 ਕਰੋੜ ਰੁਪੈ ਦੀ ਲਾਗਤ ਵਾਲੇ ਇਲੈਕਟਰਿਕ ਪ੍ਰਾਜੈਕਟ ਛੇਤੀ ਹੀ ਇਹ ਸਹੂਲਤਾਂ ਮੁਹੱਈਆ ਕਰਨੀਆਂ ਸ਼ੁਰੂ ਕਰ ਦਏਗਾ।
- ਪਿੰਡਾਂ ਨੂੰ ਸਹੂਲਤਾਂ : 700 ਪਿੰਡਾਂ ਤਕ ਪੱਕੀਆਂ ਸੜਕਾਂ ਅਤੇ ਬਾਕੀ ਦੇ 2300 ਪਿੰਡਾਂ ਨੂੰ ਸੜਕਾਂ ਨਾਲ ਜੋੜਨਾ।
  : 586 ਥੁੜ੍ਹ ਵਾਲੇ ਪਿੰਡਾਂ ਵਿਚ ਪੀਣ ਵਾਲੇ ਪਾਣੀ ਦੀਆਂ ਸਹੂਲਤਾਂ ਮੁਹੱਈਆ ਕਰਨ ਲਈ 4.50 ਕਰੋੜ ਰੁਪੈ ਖਰਚ ਕਰਨਾ।
  : ਚਾਲੂ ਮਾਲੀ ਸਾਲ ਦੌਰਾਨ ਕੋਆਪਰੇਟਿਵ ਫਾਰਮ ਲਈ ਕਰਜ਼ੇ ਦੀ ਰਕਮ ਪਿਛਲੇ ਸਾਲ ਦੇ ਮੁਕਾਬਲੇ 73 ਕਰੋੜ ਰੁਪੈ ਤੋਂ ਵਧਾ ਕੇ 90 ਕਰੋੜ ਰੁਪਏ ਕਰਨਾ।
  : ਟਿਊਬਵੈਲਾਂ ਲਈ ਬਿਜਲੀ ਦੇ ਫਲੈਟ ਰੇਟ 19 ਰੁਪੈ ਪ੍ਰਤੀ ਹਾਰਸ ਪਾਵਰ ਤੋਂ ਘਟਾ ਕੇ 11.50 ਪੈਸੇ ਪ੍ਰਤੀ ਹਾਰਸ ਪਾਵਰ ਕਰਨਾ ਅਤੇ ਮੀਟਰਡ ਰੇਟ 19 ਪੈਸੇ ਤੋਂ ਘਟਾ ਕੇ 12.5 ਪੈਸੇ ਪ੍ਰਤੀ ਯੂਨਿਟ ਕਰਨਾ।
- ਕੱਲਰੀ ਅਤੇ ਖਾਰੀ ਭੂਮੀ ਨੂੰ ਵਾਹੀਯੋਗ ਬਣਾਉਣਾ : ਰਾਜ ਵਿਚ ਬਾਕੀ ਰਹਿੰਦੀ ਸਾਰੀ 6.96 ਲੱਖ ਹੈਕਟੇਅਰ ਕੱਲਰੀ ਤੇ ਖਾਰੀ ਭੌਂ ਨੂੰ ਵਾਹੀਯੋਗ ਬਨਾਉਣ ਦਾ ਕੰਮ ਸ਼ੁਰੂ ਕਰਨਾ।
- ਹਰੀਜਨਾਂ ਲਈ ਘਰ : ਮਾਰਚ 31, 1978 ਤਕ ਇਸ ਕੰਮ ਤੇ ਕਰੀਬ ਦੋ ਕਰੋੜ ਰੁਪਏ ਖਰਚ ਕੀਤੇ ਜਾਣਗੇ
- ਸਾਫ ਸੁਥਰਾ ਪ੍ਰਸ਼ਾਸਨ ਦੇਣ ਲਈ ਵਚਨ ਬੱਧ : ਪੰਜਾਬ ਨੇ ਭਰਿਸ਼ਟਾਚਾਰ ਖਤਮ ਕਰਨ ਲਈ ਸਖਤ ਕਦਮ ਚੁਕੇ ਹਨ।

**—ਵਿਕਾਸ ਵਲ ਤੇਜ਼ ਪੁਲਾਂਘਾਂ ਭਰਨ ਦੇ ਰਸਤੇ ਦੇ ਇਹ ਕੁਝ ਗਿਣਵੇ ਮੀਲ ਪੱਥਰ ਹਨ।**

**—ਪੰਜਾਬ ਖੁਸ਼ਹਾਲੀ ਦੇ ਰਾਹ ਤੇ ਅਗੇ ਵਧ ਰਿਹਾ ਹੈ।**

ਪੀ. ਆਰ. ਪੀ 1-78



Namdhari Elibrary NamdhariElibrary@gmail.com

# ਸੋਵੀਅਤ-ਭਾਰਤੀ ਸੰਬੰਧਾਂ ਦੇ ਵਿਕਾਸ ਨੂੰ ਤਾਜ਼ਾ ਉਤਸ਼ਾਹ

—ਐਨ. ਪੀ. ਫਿਰੀਊਬਿਨ—

ੰਵੀਅਤ ਯੂਨੀਅਨ ਦੇ ਬਦੇਸ਼ੀ ਮਾਮਲਿਆਂ ਦਾ ਡਿਪਟੀ ਮੰਤ੍ਰੀ)

ਜਦੋਂ ਤੋਂ ਸੋਵੀਅਤ-ਭਾਰਤੀ ਰਾਜਦੂਤਕ ਸਬੰਧ ਸਥਾਪਤ ਹੋਏ ਹਨ, ਉਦੋਂ ਤੋਂ ਹੀ ਦੋਹਾਂ ਦੇਸ਼ਾਂ ਦੇ ਆਗੂਆਂ ਵਾਲੇ ਸਿਖਰੀ ਮਿਲਣੀਆਂ ਬਕਾਇਦਾ ਘਟਨਾਵਾਂ ਬਣ ਗੀਆਂ ਹਨ ਅਤੇ ਹਰ ਵਾਰ ਇਹ ਦੋਸਤੀ ਨੂੰ ਮਜ਼ਬੂਤ ਬਣਾਉਣ ਵਿਚ ਨਵਾਂ ਉਤਸ਼ਾਹ ਪੈਦਾ ਕਰਦੀਆਂ ਹਨ। ਇਸ ਬ ਦੀ ਪੂਰਨ ਪਰੋੜ੍ਹਤਾ ਭਾਰਤ ਦੇ ਪ੍ਰਧਾਨ ਮੰਤਰੀ ਸ੍ਰੀ ਰਾਰਜੀ ਡੀਸਾਈ ਦੇ ਸੋਵੀਅਤ ਯੂਨੀਅਨ ਦੇ 21 ਅਕਤੂਬਰ 26 ਅਕਤੂਬਰ ਦੇ ਦੌਰੇ ਤੋਂ ਹੁੰਦੀ ਹੈ।

ਸੋਵੀਅਤ-ਭਾਰਤੀ ਗੱਲਾਂਬਾਤਾਂ ਵਿਹਾਰਕ ਢੰਗ ਨਾਲ ਮਿਤਰਤਾ ਪੂਰਨ ਵਾਤਾਵਰਨ ਵਿਚ ਹੋਈਆਂ। ਦੂਰ੍ਰਲੇ ਧਾਂ ਦੇ ਵਿਸ਼ਾਲ ਰਜ਼ੋਂ ਵਾਲੇ ਸੁਆਲ ਵਿਚਾਰੇ ਗਏ।

ਦੋਹਾਂ ਧਿਰਾਂ ਨੇ ਜ਼ੋਰ ਦਿਤਾ ਕਿ ਸੋਵੀਅਤ ਭਾਰਤੀ ਦੋਸਤੀ ਸਮੇਂ ਦੀ ਕਸਵੱਟੀ ਉਤੇ ਪੂਰੀ ਉਤਰੀ ਹੈ। ਉਹਨਾਂ ਨੇ ਸੋਵੀਅ ਯੂਨੀਅਨ ਤੇ ਭਾਰਤ ਵਿਚਾਲੇ ਰਵਾਇਤੀ ਦੋਸਤੀ ਤੇ ਮਿਲਵਰਤਣ ਦੇ ਵਿਕਾਸ ਬਾਰੇ ਤਸੱਲੀ ਪ੍ਰਗਟ ਕੀਤੀ ਅਤੇ ਇਸ ਨੂੰ ਅਗਸਤ 1971 ਵਿਚ ਅਮਨ, ਦੋਸਤੀ ਤੇ ਮਿਲ-ਵਰਤਣ ਦੀ ਸੰਧੀ ਦੀ ਭਾਵਨਾ ਦੇ ਅਨੁਕੂਲ ਆਖਿਆ।

ਇਹ ਗੱਲ ਨੋਟ ਕੀਤੀ ਗਈ ਕਿ ਸੋਵੀਅਤ ਭਾਰਤੀ ਸਬੰਧ ਦੋਹਾਂ ਦੇਸ਼ਾਂ ਦੇ ਸਾਂਝੇ ਹਿੱਤਾਂ ਉਤੇ ਅਧਾਰਤ ਹਨ, ਇਹ ਹਿਤ ਅਮਨ ਤੇ ਕੌਮਾਂਤਰੀ ਮਿਲਵਰਤਣ ਦੀ ਜਦੋਜਹਿਦ ਨਾਲ ਸਬੰਧਤ ਹਨ, ਸੋਵੀਅਤ ਯੂਨੀਅਨ ਤੇ ਭਾਰਤ ਵਿਚਾਲੇ ਸਬੰਧ ਵਖ ਵਖ ਸਮਾਜਕ ਪਰਬੰਧਾਂ ਵਾਲੇ ਰਾਜਾਂ ਦੀ ਸ਼ਾਂਤ-ਮਈ ਸਹਿਹੋਂਦ ਦੀ ਚੰਗੀ ਉਦਾਹਰਣ ਹਨ।

ਦੋਹਾਂ ਧਿਰਾਂ ਨੇ ਵਖ ਵਖ ਖੇਤਰਾਂ ਵਿਚ ਬਹੁ-ਪੱਖੀ ਮਿਲਵਰਤਣ ਨੂੰ ਹੋਰ ਵਿਕਸਤ ਕਰਨ ਤੇ ਮਜ਼ਬੂਤ ਬਨਾ-ਉਣ ਦਾ ਆਪਣਾ ਦ੍ਰਿੜ੍ਹ ਇਰਾਦਾ ਪਰਗਟ ਕੀਤਾ। ਉਹ ਭਾਰਤੀ ਆਰਥਕਤਾ ਦੇ ਜ਼ਰੂਰੀ ਖੇਤਰਾਂ ਦੇ ਵਿਕਾਸ ਵਿਚ ਪਰੱਸਪਰ ਲਾਹੇਵੰਦ ਆਰਥਕ ਮਿਲਵਰਤਣ ਦੇ ਲੰਮੇ ਸਮੇਂ ਦੇ ਪਰੋਗਰਾਮ ਉਤੇ ਸਹਿਮਤ ਹੋਈਆਂ।

ਸੋਵੀਅਤ ਭਾਰਤੀ ਗਲਾਂਬਾਤਾਂ ਵਿਚਾਲੇ ਸਾਂਝੀ ਦਿਲ-ਚਸਪੀ ਦੀਆਂ ਮੁਖ ਕੌਮਾਂਤਰੀ ਸਮਸਿਆਵਾਂ ਬਾਰੇ ਰਾਵਾਂ ਦੇ ਵਟਾਂਦਰੇ ਨੂੰ ਇਕ ਜ਼ਰੂਰੀ ਸਥਾਨ ਪਰਾਪਤ ਸੀ।

ਏਸ਼ੀਆਈ ਮਹਾਂਦੀਪ ਉਤੇ ਮਾਮਲਿਆਂ ਦਾ ਵਿਕਾਸ ਸੋਵੀਅਤ ਯੂਨੀਅਨ ਤੇ ਭਾਰਤ ਲਈ ਸਿੱਧੀ ਫਿਕਰਮੰਦੀ ਹੈ। ਏਸ਼ੀਆ ਵਿਚ ਸੁਲਾਹ-ਸਫਾਈ ਤੇ ਸੁਰਖਿਆ ਵਾਲਾ ਜਾਂਦਾ ਯਕੀਨੀ ਮਾਰਗ ਏਸ਼ੀਆਈ ਰਾਜਾਂ ਦੇ ਸਾਂਝੇ ਯਤਨਾਂ ਵਿਚ ਸਥਿਤ ਹੈ। ਦੋਹਾਂ ਧਿਰਾਂ ਨੇ ਇਹ ਪਰਵਾਨ ਕੀਤਾ ਕਿ ਏਸ਼ੀਆਈ ਰਾਜਾਂ ਵਿਚਾਲੇ ਪਰੱਸਪਰ ਲਾਹੇਵੰਦ ਮਿਲ-ਵਰਤਣ ਏਸ਼ੀਆ ਨੂੰ ਇਕ ਸਦੀਵੀ ਅਮਨ ਦੇ ਮਹਾਂਦੀਪ ਵਿਚ ਬਦਲਣ ਵਿਚ ਸਹਾਈ ਹੋਵੇਗਾ ਤੇ ਇਸ ਤਰ੍ਹਾਂ ਸਾਰੇ ਸੰਸਾਰ ਵਿਚ ਅਮਨ ਮਜ਼ਬੂਤ ਹੋਵੇਗਾ।

ਕੌਮਾਂਤਰੀ ਪਿੜ ਵਿਚ ਸੋਵੀਅਤ-ਭਾਰਤੀ ਮਿਲਵਰਤਣ ਦੇ ਹੋਰ ਵਿਕਾਸ ਨੂੰ ਵਿਚਾਰਦਿਆਂ ਹਥਿਆਰਾਂ ਦੀ ਦੌੜ ਖਤਮ ਕਰਨ ਨਿਊਕਲਿਆਈ ਜੰਗ ਨੂੰ ਰੋਕਣ ਤੇ ਨਿਸ਼ਸਤਰੀਕਰਣ ਦੀ ਪਰਾਪਤੀ ਜਿਹੇ ਤੇ ਭਖਦੇ ਮਸਲੇ ਵਲ ਮੁਖ ਧਿਆਨ ਦਿਤਾ ਗਿਆ।



Namdhari Elibrary NamdhariElibrary@gmail.com

ਕੌਮਾਂਤਰੀ ਸੰਬੰਧਾਂ ਵਿਚ ਅਜ ਤਾਕਤ ਦੀ ਵਰਤੋਂ ਜਾਂ ਧਮਕੀ ਦੇ ਯਤਨਾਂ ਨੂੰ ਹਰ ਹਾਲਤ ਵਿਚ ਗੈਰਕਾਨੂੰਨੀ ਕਰਾਰ ਦਿਤਾ ਜਾਣਾ ਚਾਹੀਦਾ ਹੈ, ਅਤੇ ਸੋਵੀਅਤ ਯੂਨੀਅਤ ਤੇ ਭਾਰਤ ਇਕ ਵਾਰ ਫੇਰ ਕੌਮਾਂਤਰੀ ਸਬੰਧਾਂ ਵਿਚ ਤਾਕਤ ਦੀ ਵਰਤੋਂ ਨਾ ਕਰਨ ਬਾਰੇ ਸੰਸਾਰ ਸੰਧੀ ਕਰਨ ਦੇ ਹੱਕ ਵਿਚ ਨਿਤਰੇ ।

ਇਹ ਸਾਰੇ ਜਾਣਦੇ ਹਨ ਕਿ ਸੋਵੀਅਤ ਯੂਨੀਅਨ ਗੁਟ-ਨਿਰਲੇਪ ਲਹਿਰ ਵਿਚ ਭਾਰਤ ਦੇ ਉਘੇ ਰੋਲ ਦੀ ਬਹੁਤ ਭਾਰੀ ਕਦਰ ਕਰਦਾ ਹੈ ਜੋ ਸੰਸਾਰ ਅਮਨ ਤੇ ਕੌਮਾਂ ਦੀ ਸੁਰਖਿਆ ਦੀ ਮਜ਼ਬੂਤੀ ਲਈ, ਸਾਮਰਾਜ, ਹਮਲੇ ਦੇ ਵਿਰੁਧ ਬਸਤੀਵਾਦ ਦੀ ਰਹਿੰਦ-ਖੂੰਹਦ ਖਤਮ ਕਰਨ ਲਈ ਸਾਂਝੀ ਜਦੋਜਹਿਦ 'ਵਿਚ ਇਕ ਜ਼ਰਰੀ ਹਿੱਸਾ ਪਾਉਂਦੀ ਹੈ ।

ਹਿੰਦ ਮਹਾਂਸਾਗਰ ਨੂੰ ਅਮਨ ਦੇ ਖੇਤਰ ਵਿਚ ਬਦਲਣ ਦੀ ਇਲਾਕੇ ਦੇ ਲੋਕਾਂ ਦੀ ਇੱਛਾ ਦੀ ਪੂਰਤੀ ਏਸ਼ੀਆ ਦੀ ਕੌਮਾਂ ਦੇ ਹਿਤਾਂ ਅਤੇ ਵਿਸ਼ਵਵਿਆਪੀ ਅਮਨ ਦੇ ਹਿਤਾਂ ਨੂੰ ਪੂਰਾ ਕਰੇਗੀ । ਸੋਵੀਅਤ ਧਿਰ ਨੇ ਹਿੰਦ ਮਹਾਂਸਾਗਰ ਨਾਲ ਸੰਬੰਧਤ ਸੁਆਲਾਂ ਬਾਰੇ ਭਾਰਤ ਨਾਲ ਮਿਲਵਰਤਣ ਕਰਨ ਦੀ ਤਤਪਰਤਾ ਪਰਗਟ ਕੀਤੀ ।

ਸੋਵੀਅਤ ਯੂਨੀਅਨ ਤੋਂ ਪਰਤਣ ਤੋਂ ਐਨ ਪਹਿਲਾਂ ਕੀਤੀ ਗਈ ਇਕ ਪਰੈਸ ਕਾਨਫਰੰਸ ਵਿਚ ਸ੍ਰੀ ਮੋਰਾਰਜੀ ਡੇਸਾਈ ਨੇ ਇਸ ਗੱਲ ਤੇ ਜ਼ੋਰ ਦਿਤਾ ਕਿ ਭਾਰਤੀ ਸੋਵੀਅਤ ਗਲਬਾਤਾਂ ਦੋਸਤੀ ਨੂੰ ਮਜ਼ਬੂਤ ਬਨਾਉਣ ਵਿਚ ਅਤੇ ਦੋਹਾਂ ਦੇਸ਼ਾਂ ਦੇ ਲੋਕਾਂ ਵਿਚਾਲੇ ਨੇੜਵੀਂ ਪਰੱਸਪਰ ਸੂਝਬੂਝ ਸਥਾਪਤ ਕਰਨ ਵਿਚ ਸਹਾਈ ਹੋਣਗੀਆਂ ।

ਮਿਸਟਰ ਮੋਰਾਜੀ ਡੇਸਾਈ ਦੇ ਦੌਰੇ ਨੇ ਸਾਮਾਨ ਤੌਰ ਤੇ ਸੋਵੀਅਤ-ਭਾਰਤੀ ਸੰਬੰਧਾਂ ਦੇ ਵਿਰੋਧੀਆਂ ਵਲੋਂ ਇਹਨਾ ਝੂਠੇ ਬਿਆਨਾਂ ਨੂੰ ਗਲਤ ਸਿੱਧ ਕਰ ਦਿਤਾ ਹੈ ਕਿ ਇਹਨਾਂ ਨੂੰ ਵਧਣੋਂ ਰੋਕਿਆ ਜਾ ਰਿਹਾ ਹੈ ।

ਕਰੈਮਲਿਨ ਵਿਚ ਬੋਲਦਿਆਂ, ਐਲ. ਆਈ. ਬਰੈਜ਼ਨੇਵ ਨੇ ਆਖਿਆ : "ਜਿਉਂ ਜਿਉਂ ਸਾਡੇ ਸੰਬੰਧ ਵਿਕਸਤ ਹੁੰਦੇ ਹਨ, ਸੋਵੀਅਤ ਯੂਨੀਅਨ ਤੇ ਭਾਰਤ, ਦੋਹਾਂ ਮਹਾਨ ਦੇਸ਼ਾਂ ਦੇ ਲੋਕਾਂ ਵਿਚਾਲੇ ਡੂੰਘੀ ਦੋਸਤੀ ਰੂਪ ਧਾਰਦੀ ਜਾ ਰਹੀ ਹੈ ਅਤੇ ਪਰੱਸਪਰ ਸਤਿਕਾਰ ਤੇ ਪਰੱਸਪਰ ਵਿਸ਼ਵਾਸ ਦੇ ਆਧਾਰ ਉਤੇ ਮਜ਼ਬੂਤ ਹੁੰਦੀ ਜਾਂਦੀ ਹੈ । ਜਿਵੇਂ ਕਿ ਸਾਨੂੰ ਵਿਸ਼ਵਾਸ ਹੈ : ਇਹ ਦੋਸਤੀ ਜੁਗ ਜੁਗ ਜੀਵੇਗੀ ।"



ਐਲ. ਆਈ. ਬਰੈਜ਼ਨੇਵ

## ਕਰੋੜਾਂ ਲੋਕਾਂ ਦੀ ਮਿਤਰਤਾ

—ਐਨ. ਵੀ. ਗੋਲਦਿਨ—

(ਸੋਵੀਅਤ ਯੂਨੀਅਨ ਦਾ ਮੰਤਰੀ ਅਤੇ ਸੋਵੀਅਤ-ਭਾਰਤੀ ਮਿਤਰਤਾ ਸੁਸਾਇਟੀ ਦਾ ਪ੍ਰਧਾਨ)

ਇਕ ਅਹਿਮ ਤਕਰੀਰ ਵਿਚ ਐਲ. ਆ‍ ਬਰੈਜ਼ਨੇਵ ਨੇ ਆਖਿਆ ਸੀ, "ਅਸੀਂ ਉਹਨਾਂ ਰਾਜਾਂ ਜਿਹੜੇ ਬਸਤੀਵਾਦੀ ਪਰਣਾਲੀ ਦੇ ਖੰਡਰਾਂ ਉਤੇ ਉ ਭਾਰੀ ਬਹੁ ਗਿਣਤੀ ਨਾਲ ਅਮਨ ਅਤੇ ਆਜ਼ਾਦੀ ਦੀ ਸ ਡੂੰਘੀ ਸਾਂਝੀ ਵਫਾਦਾਰੀ ਰਾਹੀਂ, ਅਤੇ ਹਮਲੇ ਤੇ ਗਲਬੇ ਸਾਰੇ ਰੂਪਾਂ ਵਲ ਅਤੇ ਇਕ ਦੇਸ਼ ਹਥੋਂ ਦੂਜੇ ਦੀ ਲੁਟ ਚੋ ਵਲ ਸਾਡੀ ਘਿਰਣਾ ਰਾਹੀਂ ਇਕ ਹੋ ਗਏ ਹਾਂ । ਬੁਨਿਆ ਉਮੰਗਾਂ ਦੀ ਇਹ ਏਕਤਾ ਇਕ ਅਮੀਰ ਤੇ ਫਲਦਾ ਜ਼ਮੀਨ ਹੈ, ਜਿਸ ਉਤੇ ਸਾਡੀ ਮਿਤਰਤਾ ਵਧਣਾ ਤੇ ਪ੍ਰਫੁ ਹੋਣਾ ਜਾਰੀ ਰਖੇਗੀ ।" ਇਹ ਉਮੰਗਾਂ ਦੀ ਅਜਿਹੀ ਏ ਹੈ ਜਿਸ ਨੇ ਸੋਵੀਅਤ-ਭਾਰਤੀ ਦੋਸਤੀ ਦੇ ਵਾਧੇ ਨੂੰ ਪ੍ਰਫੁ



Namdhari Elibrary NamdhariElibrary@gmail.com

ਕੀਤਾ, ਜਿਸ ਵਿਚ ਖੁਦ ਐਲ. ਆਈ. ਬਰੈਜ਼ਨੇਵ ਨੇ 1973 ਵਿਚ ਭਾਰਤ ਦੇ ਆਪਣੇ ਦੌਰੇ ਰਾਹੀਂ ਭਾਰੀ ਦੇਣ ਦਿਤੀ ਹੈ।

ਸੋਵੀਅਤ-ਭਾਰਤੀ ਮਿਤਰਤਾ ਸੁਸਾਇਟੀ (ਐਸ.ਆਈ. ਐਫ. ਐਸ.) ਅਤੇ ਭਾਰਤ-ਸੋਵੀਅਤ ਸਭਿਆਚਾਰਕ ਸੁਸਾਇਟੀ (ਇਸਕਸ) ਨੇ ਦੋਵਾਂ ਦੇਸ਼ਾਂ ਦੇ ਕਰੋੜਾਂ ਲੋਕਾਂ ਨੂੰ ਇਕ ਦੂਜੇ ਦੇ ਹੋਰ ਨੇੜੇ ਲਿਆਉਣ ਵਿਚ ਬਹੁਤ ਵੱਡਾ ਰੋਲ ਅਦਾ ਕਰਨਾ ਹੈ।

ਸੋਵੀਅਤ-ਭਾਰਤੀ ਮਿਤਰਤਾ ਦੀਆਂ ਬਹੁਤ ਪੁਰਾਣੀਆਂ ਤੇ ਅਮੀਰ ਰਵਾਇਤਾਂ ਹਨ। ਇਸ ਸਾਲ ਭਾਰਤ ਸੋਵੀਅਤ ਸਭਿਆਚਾਰਕ ਸੁਸਾਇਟੀ ਦੀ ਜੋ ਕਿ ਭਾਰਤ ਵਿਚ ਸੋਵੀਅਤ ਯੂਨੀਅਨ ਦੇ ਸਾਰੇ ਮਿੱਤਰਾਂ ਨੂੰ ਇਕ ਥਾਂ ਕਰਨ ਵਾਲੀ ਜਨਤਕ ਜਥੇਬੰਦੀ ਹੈ, ਸਥਾਪਨਾ ਦੀ 25ਵੀਂ ਵਰ੍ਹੇਗੰਢ ਮਨਾਈ ਗਈ।

ਡਿਪਲੋਮੈਟਿਕ ਸਬੰਧਾਂ ਦੀ ਸਥਾਪਨਾ ਤੋਂ ਮਗਰੋਂ ਦੇ ਸਾਲਾਂ ਵਿਚ ਸੋਵੀਅਤ ਯੂਨੀਅਨ ਅਤੇ ਭਾਰਤ ਕੌਮਾਂਤਰੀ ਪਿੜ ਵਿਚ ਵਿਸ਼ਾਲ ਮਿਲਵਰਤਣ ਸਫਲਤਾ ਨਾਲ ਵਿਕਸਤ ਕਰਦੇ ਆ ਰਹੇ ਹਨ। ਸੋਵੀਅਤ ਯੂਨੀਅਨ ਨੇ ਹਮੇਸ਼ਾਂ ਹੀ ਬਦੇਸ਼ ਨੀਤੀ ਦਾ ਆਦਰ ਕੀਤਾ ਹੈ, ਜਿਹੜੀ ਗੁਟ ਨਿਰਲੇਪਤਾ ਅਤੇ ਸ਼ਾਂਤਮਈ ਸਹਿਹੋਂਦ ਦੇ ਅਸੂਲਾਂ ਉਤੇ ਆਧਾਰਤ ਹੈ ਆਪਣੀ ਇਕਸਾਰ ਸ਼ਾਂਤਮਈ ਬਦੇਸ਼ ਨੀਤੀ ਰਾਹੀਂ ਅਤੇ ਗੁਟ-ਨਿਰਲੇਪਤਾ ਦੀ ਲਹਿਰ ਵਿਚ ਆਪਣੇ ਆਗੂ ਤੇ ਸਰਗਰਮ ਰੋਲ ਰਾਹੀਂ, ਭਾਰਤ ਨੇ ਏਸ਼ੀਆ ਦੇ ਲੋਕਾਂ ਵਿਚ ਅਤੇ ਸੰਸਾਰ ਵਿਚ ਹੋਰਨੀਂ ਥਾਈਂ ਮਾਣਤਾ ਤੇ ਉਚਾ ਆਦਰ ਪਰਾਪਤ ਕਰ ਲਿਆ ਹੈ, ਜਿਸ ਦਾ ਉਹ ਪੂਰੀ ਤਰ੍ਹਾਂ ਹੱਕਦਾਰ ਹੈ।

ਸੋਵੀਅਤ ਲੋਕਾਂ ਨੂੰ ਇਸ ਤੱਥ ਉਤੇ ਡੂੰਘੀ ਤਸੱਲੀ ਹੈ ਕਿ-ਸਮੇਂ ਦੇ ਬਹੁਤ ਸਾਰੇ ਪ੍ਰਸੰਸਗਤ ਮਸਲਿਆਂ ਬਾਰੇ ਸੋਵੀਅਤ ਯੂਨੀਅਨ ਅਤੇ ਭਾਰਤ ਦੀਆਂ ਪੁਜ਼ੀਸ਼ਨਾਂ ਨੇੜਵੀਆਂ ਹਨ ਜਾਂ ਮਿਲਦੀਆਂ-ਜੁਲਦੀਆਂ ਹਨ। ਉਹ ਖਿਚੋਤਾਣ ਵਿਚ ਨਰਮੀ ਦੇ ਅਮਲ ਨੂੰ ਡੂੰਘਾ ਕਰਨ ਲਈ, ਅਮਨ ਤੇ ਕੌਮਾਂਤਰੀ ਸੁਰਖਿਆ ਲਈ, ਨਸਲਵਾਦ ਤੇ ਨਸਲੀ ਅਛੂਤ-ਵਾਦ ਦੀਆਂ ਰਹਿੰਦਾਂ ਖੂੰਹਦਾਂ ਦੇ ਖਾਤਮੇ ਲਈ ਅਤੇ ਬਸਤੀ-ਵਾਦ ਵਿਰੁਧ ਕੌਮਾਂ ਦੇ ਸਾਂਝੇ ਸੰਗਰਾਮ ਵਿਚ ਭਾਰਤ ਵਲੋਂ ਦਿਤੀ ਜਾ ਰਹੀ ਨਿਗਰ ਦੇਣ ਦਾ ਉਚਾ ਮੁੱਲ ਪਾਉਂਦੇ ਹਨ।

ਸੋਵੀਅਤ ਯੂਨੀਅਨ ਅਤੇ ਭਾਰਤ ਵਿਚਕਾਰ 1971 ਵਿਚ ਸਹੀਬੰਦ ਕੀਤੀ ਗਈ ਅਮਨ, ਮਿਤਰਤਾ ਤੇ ਮਿਲ-ਵਰਤਣ ਦੀ ਸੰਧੀ ਨੇ ਸੋਵੀਅਤ-ਭਾਰਤੀ ਮਿਲਵਰਤਣ ਨੂੰ ਹੋਰ ਵਿਕਸਤ ਤੇ ਡੂੰਘਾ ਕਰਨ ਲਈ ਨਵੀਆਂ ਵਿਸ਼ਾਲ ਸੰਭਾਵਨਾਵਾਂ ਖੋਲ੍ਹ ਦਿੱਤੀਆਂ ਹਨ। 1973 ਵਿਚ ਐਲ. ਆਈ. ਬਰੈਜ਼ਨੇਵ ਦੇ ਭਾਰਤ ਦੇ ਇਤਿਹਾਸਕ ਦੌਰੇ ਨੇ ਦੋਵਾਂ ਦੇਸ਼ਾਂ ਵਿਚਕਾਰ ਮਿਤਰਤਾ ਤੇ ਮਿਲਵਰਤਣ ਨੂੰ ਹੋਰ ਮਜ਼ਬੂਤ ਕਰ ਦਿਤਾ ਅਤੇ ਉਹਨਾਂ ਨੂੰ ਲੰਮੀ ਮਿਆਦ ਦੀ ਸੰਭਾਵਨਾ ਬਖਸ਼ੀ।

ਸੋਵੀਅਤ ਅਤੇ ਭਾਰਤੀ ਆਗੂਆਂ ਦੇ ਪ੍ਰਸਪਰ ਦੌਰਿਆਂ ਦੇ ਨਤੀਜੇ ਵਜੋਂ ਸੋਵੀਅਤ-ਭਾਰਤੀ ਸੰਬੰਧਾਂ ਨੂੰ ਹੋਰ ਅਮੀਰ ਬਣਾਇਆ ਗਿਆ ਅਤੇ ਨਵੇਂ ਵਿਸ਼ੇਵਸਤੂ ਨਾਲ ਭਰਿਆ ਗਿਆ ਹੈ। ਸੋਵੀਅਤ ਅਤੇ ਭਾਰਤੀ ਆਗੂਆਂ ਵਿਚਕਾਰ 1977 ਦੀ ਸਿਖਰੀ ਮੀਟਿੰਗ ਨੇ ਇਹਦੇ ਵਿਰੁਧ ਲਾਈਆਂ ਜਾ ਰਹੀਆਂ ਅਟਕਲਾਂ ਦੇ ਬਾਵਜੂਦ ਭਾਰਤ-ਸੋਵੀਅਤ ਸੰਬੰਧਾਂ ਦੀ ਮਜ਼ਬੂਤੀ ਦੀ ਮੁੜ ਪੁਸ਼ਟੀ ਕਰ ਦਿਤੀ ਹੈ। ਸਾਂਝੇ ਐਲਾਨਨਾਮੇ ਵਿਚ ਕੇਵਲ ਇਸ ਮਿਤਰਤਾ ਤੇ ਮਿਲਵਰਤਣ ਦੇ ਲਾਹੇਵੰਦੇ ਲੱਛਣ ਦੀ ਹੀ ਮੁੜ ਪੁਸ਼ਟੀ ਨਹੀਂ ਕੀਤੀ ਗਈ, ਸਗੋਂ ਚੰਗੇ ਭਵਿਖ ਵਿਚ ਉਹਨਾਂ ਦੇ ਵਿਕਾਸ ਦੀਆਂ ਸੰਭਾਵਨਾਵਾਂ ਦੀ ਰੂਪ-ਰੇਖਾ ਵੀ ਬਿਆਨ ਕੀਤੀ ਗਈ ਹੈ।

ਸੋਵੀਅਤ-ਭਾਰਤੀ ਸੰਬੰਧਾਂ ਦਾ ਮਜ਼ਬੂਤ ਲੱਛਣ ਕੇਵਲ ਲੰਮੇਂ ਸਮੇਂ ਦੀ ਤਿਮੱਰਤਾ ਦੀਆਂ ਰਵਾਇਤਾਂ ਅਤੇ ਮਿਲਵਰਤਣ ਦੇ ਵਿਕਸਤ ਰੂਪਾਂ ਵਿਚ ਹੀ ਲੁਕਿਆ ਹੋਇਆ ਨਹੀਂ। ਸਾਡੇ ਦੇਸ਼ਾਂ ਨੂੰ ਜੋੜਨ ਵਾਲੇ ਰਿਸ਼ਤੇ ਸਾਨੂੰ ਬਾਕੀ ਦੀ ਮਨੁੱਖਜਾਤੀ ਨਾਲੋਂ ਵਖ ਨਹੀਂ ਕਰਦੇ ਸਗੋਂ ਉਹ ਤਾਂ ਸੰਸਾਰ ਵਿਚਲੀ ਸਥਿਤੀ ਨੂੰ ਬਿਹਤਰ ਬਣਾਉਣ ਦੇ ਕਾਜ ਵਿਚ ਸਾਡੀ ਦੇਣ ਦਾ ਵਾਧਾ ਕਰਨ ਵਿਚ ਮਦਦ ਕਰਦੇ ਹਨ।

ਨਵੰਬਰ 1973 ਵਿਚ ਐਲ. ਆਈ. ਬਰੈਜ਼ਨੇਵ ਦੇ ਭਾਰਤ ਦੇ ਦੌਰੇ ਦੀ ਚੌਥੀ ਵਰ੍ਹੇਗੰਢ ਦੇ ਦਿਨ ਅੱਜ ਸਾਰੇ ਸੋਵੀਅਤ ਲੋਕ ਅਪਣੇ ਭਾਰਤੀ ਮਿੱਤਰਾਂ ਨਾਲ ਮਿਲਕੇ ਦੋਵਾਂ ਦੇਸ਼ਾਂ ਦੇ ਭਲੇ ਲਈ ਅਤੇ ਏਸ਼ੀਆ ਵਿਚ ਤੇ ਸਮੁੱਚੇ ਸੰਸਾਰ ਵਿਚ ਅਮਨ ਨੂੰ ਹੋਰ ਮਜ਼ਬੂਤ ਕਰਨ ਦੇ ਹਿੱਤਾਂ ਵਿਚ ਮਿਤਰਤਾ ਤੇ ਫਲਦਾਇਕ ਮਿਲਵਰਤਣ ਦੇ ਇਹਨਾਂ ਸੰਬੰਧਾਂ ਨੂੰ ਇਕਸਾਰ ਮਜ਼ਬੂਤ ਕਰਦੇ ਰਹਿਣ ਲਈ ਦ੍ਰਿੜ੍ਹ ਹਨ। ●



Namdhari Elibrary NamdhariElibrary@gmail.com

# ਸੋਵੀਅਤ-ਭਾਰਤੀ ਵਪਾਰ ਦੇ ਨਵੇਂ ਦਿਸਹੱਦੇ

—ਆਈ. ਟੀ. ਗਰੀਸ਼ਿਨ

(ਸੋਵੀਅਤ ਯੂਨੀਅਨ ਦਾ ਬਦੇਸ਼ ਵਪਾਰ ਦਾ ਉਪ ਮੰਤਰੀ)

ਸੋਵੀਅਤ ਯੂਨੀਅਨ ਅਤੇ ਭਾਰਤ ਦੇ ਆਗੂਆਂ ਵਿਚਕਾਰ ਸਿਖਰੀ ਪੱਧਰ ਉਤੇ ਮੀਟਿੰਗਾਂ ਸਭ ਤੋਂ ਦੁਵੱਲੇ ਸਬੰਧਾਂ ਉਤੇ, ਖਾਸ ਕਰਕੇ ਵਪਾਰ ਦੇ ਖੇਤਰ ਵਿਚ ਭਾਰੀ ਅਹਿਮੀਅਤ ਰਖਦੀਆਂ ਹਨ।

ਨਵੰਬਰ 1973 ਵਿਚ ਲਿਓਨਿਦ ਬਰੇਜ਼ਨੇਵ ਦੇ ਭਾਰਤ ਦੇ ਇਤਿਹਾਸਕ ਦੌਰੇ ਨੇ ਅਤੇ ਉਸ ਦੌਰੇ ਦੌਰਾਨ ਸਹੀਬੰਦ ਕੀਤੀਆਂ ਗਈਆਂ ਦਸਤਾਵੇਜ਼ਾਂ ਨੇ ਲੰਮੀ ਮਿਆਦ ਤੇ ਸਥਿਰ ਅਧਾਰ ਉਤੇ ਸੋਵੀਅਤ ਭਾਰਤੀ ਵਪਾਰ ਦੇ ਹੋਰ ਪਸਾਰ ਲਈ ਨਵੀਆਂ ਸੰਭਾਵਨਾਵਾਂ ਖੋਲ੍ਹ ਦਿਤੀਆਂ।

ਸੋਵੀਅਤ ਭਾਰਤੀ ਵਪਾਰ ਦਾ ਲੇਖਾ ਜੋਖਾ ਕਰਦਿਆਂ ਉਹਦੀ ਤਰੱਕੀ ਦੀ ਉਚੀ ਦਰ [ਔਸਤ 12.5 ਫੀਸਦੀ ਸਲਾਨਾ] ਦਾ ਧਿਆਨ ਰਖਿਆ ਜਾਣਾ ਚਾਹੀਦਾ ਹੈ। 1975 ਵਿਚ ਇਹ 68 ਕਰੋੜ 50 ਲੱਖ ਰੂਬਲ ਤੋਂ ਵਧ ਸੀ ਜਦੋਂ ਕਿ ਇਹਦੇ ਵਿਚ 1971 ਵਿਚ ਇਹ ਕੇਵਲ 37 ਕਰੋੜ 20 ਲਖ ਰੂਬਲ ਹੀ ਸੀ। ਇਸ ਤੱਥ ਨੂੰ ਧਿਆਨ ਵਿਚ ਰਖਦਿਆਂ ਕਿ 1960 ਤੇ 1970 ਵਿਚਕਾਰਲੇ 10 ਸਾਲਾਂ ਵਿਚ ਦੋਵਾਂ ਦੇਸ਼ਾਂ ਵਿਚਕਾਰ ਵਪਾਰ ਵਿਚ 3.5 ਗੁਣਾਂ ਵਾਧਾ ਹੋਇਆ, ਇਹ ਗੱਲ ਆਖੀ ਜਾ ਸਕਦੀ ਹੈ ਕਿ ਦੋਵਾਂ ਦੇਸਾਂ ਵਿਚਕਾਰ ਚੀਜ਼ਾਂ ਦੇ ਲੈਣ ਦੇਣ ਦੇ ਤੇਜ਼ ਵਾਧੇ ਨੇ ਸਥਿਰ ਲੱਛਣ ਗ੍ਰਹਿਣ ਕਰ ਲਿਆ ਹੈ।

ਬੀਤੇ ਕੁਝ ਸਾਲਾਂ ਵਿਚ ਬਹੁਤ ਸਾਰੇ ਕਚੇ ਮਾਲਾਂ ਸਬੰਧੀ ਭਾਰਤੀ ਆਰਥਕਤਾ ਦੀਆਂ ਵਧਦੀਆਂ ਮੰਗਾਂ ਦੇ ਉਤਰ ਵਿਚ ਅਤੇ ਆਪਣੇ ਵਪਾਰਕ ਭਾਈਵਾਲ ਦੀ ਇੱਛਾ ਦੀ ਪੂਰਤੀ ਕਰਦਿਆਂ ਸੋਵੀਅਤ ਯੂਨੀਅਨ ਨੇ ਇਹਨਾਂ ਚੀਜ਼ਾਂ ਦੇ ਭੁਗਤਾਣਾਂ ਵਿਚ ਤਿੱਖਾ ਵਾਧਾ ਕਰ ਦਿਤਾ ਹੈ। ਕੇਵਲ 1971 ਤੇ 1976 ਵਿਚਕਾਰਲੇ 5 ਸਾਲਾਂ ਸਮੇਂ ਵਿਚ ਸੋਵੀਅਤ ਯੂਨੀਅਨ ਨੇ ਭਾਰਤ ਨੂੰ 35,00 000 ਟਨ ਤੇਲ ਉਪਜਾਂ, ਲਗਪਗ 10 ਲਖ ਟਨ ਖਾਦਾਂ ਕੋਈ 70,000 ਟਨ ਅਲੋਹ ਧਾਤਾਂ ਅਤੇ 2,00,000 ਟਨ ਅਖਬਾਰੀ ਕਾਗਜ਼ ਆਦਿ ਸਪਲਾਈ ਕੀਤਾ। ਭਾਰਤ ਦੀਆਂ ਲੋੜਾਂ ਬਾਰੇ ਸੋਵੀਅਤ ਯੂਨੀਅਨ ਦੀ ਫਿਕਰਮੰਦੀ ਨੂੰ ਭਾਰਤ ਨੂੰ 1980 ਦੇ ਸਮੇਂ ਤਕ 55 ਲਖ ਟਨ ਕਚੇ ਤੇਲ ਦਾ ਭੁਗਤਾਣ ਕਰਨ ਵਾਲੇ ਸਮਝੌਤੇ ਤੋਂ ਵੇਖਿਆ ਜਾ ਸਕਦਾ ਹੈ। ਤੇਲ ਬਦਲੇ ਅਦਾਇਗੀ ਭਾਰਤ ਆਪਣੀਆਂ ਹੀ ਚੀਜ਼ਾਂ ਰਾਹੀਂ ਕਰਦਾ ਹੈ ਜਦੋਂ ਕਿ ਇਹਦੇ ਮੁਕਾਬਲੇ ਵਿਚ ਪੱਛਮ ਦਾ ਅਮਲ ਇਹ ਹੈ ਕਿ ਤੇਲ ਦੇ ਭੁਗਤਾਨਾਂ ਲਈ ਅਦਾਇਗੀ ਕੇਵਲ ਅਜ਼ਾਦੀ ਨਾਲ ਬਦਲੀਯੋਗ ਸਿਕੇ ਵਿਚ ਹੀ ਕੀਤੀ ਜਾ ਸਕਦੀ ਹੈ।

ਜਿਥੋਂ ਤਕ ਸੋਵੀਅਤ ਯੂਨੀਅਨ ਨੂੰ ਕੀਤੀਆਂ ਜਾਂਦੀਆਂ ਭਾਰਤੀ ਬਰਾਮਦਾਂ ਦਾ ਸਬੰਧ ਹੈ, ਇਸ ਸਮੇਂ ਸੋਵੀਅਤ ਯੂਨੀਅਨ ਭਾਰਤੀ ਚੀਜ਼ਾਂ ਦਾ ਸੰਸਾਰ ਵਿਚ ਸਭ ਤੋਂ ਵੱਡਾ ਖਰੀਦਦਾਰ ਹੈ। ਸੋਵੀਅਤ ਯੂਨੀਅਨ ਨੂੰ ਚੀਜ਼ਾਂ ਦੀ ਭਾਰਤੀ ਬਰਾਮਦ ਬੀਤੇ 10 ਸਾਲਾਂ ਵਿਚ ਤਿਗੁਣੀ ਤੋਂ ਵੀ ਵਧ ਹੋ ਗਈ ਹੈ। ਭਾਰਤ ਤੋਂ ਸੋਵੀਅਤ ਦਰਾਮਦਾਂ ਦਾ ਵਿਸ਼ੇਸ਼ ਲੱਛਣ ਦਿਤੀਆਂ ਜਾਣ ਵਾਲੀਆਂ ਤਿਆਰ ਚੀਜ਼ਾਂ ਦਾ ਵਧਦੇ ਜਾਣਾ ਹੈ। ਅੱਜ ਅਸੀਂ ਭਾਰਤ ਤੋਂ ਗੋਦਾਮ ਸਾਜ਼-ਸਾਮਾਨ, ਬਿਜਲਈ ਤਾਰਾਂ, ਸਵੈਕਾਰ ਰੂਪ ਵਿਚ ਮਾਲ ਲੱਦਣ ਵਾਲੀਆਂ ਮਸ਼ੀਨਾਂ, ਵਖ ਵਖ ਯੰਤਰ, ਕਾਰਾਂ ਦੇ ਟਾਇਰ, ਵਾਰਨਿਸ਼ ਪਿਆਨੋ ਅਤੇ ਬਹੁਤ ਸਾਰੀਆਂ ਹੋਰ ਤਿਆਰ ਚੀਜ਼ਾਂ ਖਰੀਦਦੇ ਹਾਂ।

ਭਾਰਤੀ ਇੰਜੀਨੀਅਰੀ ਚੀਜ਼ਾਂ ਦੀਆਂ ਸੋਵੀਅਤ ਖਰੀਦਾਂ ਵਿਚ ਵਾਧਾ ਹੋ ਗਿਆ ਹੈ, ਖਾਸ ਕਰਕੇ ਬੀਤੇ ਪੰਜ ਸਾਲਾਂ ਵਿਚ ਇਹ ਲਗਭਗ ਪੰਜ ਗੁਣਾਂ ਹੋ ਗਈਆਂ ਹਨ। ਭਾਰਤ ਦੀਆਂ ਰਵਾਇਤੀ ਬਰਾਮਦੀ ਚੀਜ਼ਾਂ ਦੀਆਂ ਖਰੀਦਾਂ ਵੀ ਵਧ ਰਹੀਆਂ ਹਨ।

ਸਾਡੇ ਦੇਸ਼ਾਂ ਵਿਚਕਾਰ ਪੈਦਾਵਾਰੀ ਮਿਲਵਰਤਣ ਉਤੇ ਵੀ ਜ਼ੋਰ ਦਿਤਾ ਜਾਣਾ ਚਾਹੀਦਾ ਹੈ। ਇਹ ਮਿਲਵਰਤਣ ਦਾ ਹੋਣਹਾਰ ਤੇ ਸੁਯੋਗ ਰੂਪ ਹੈ ਜਿਸ ਦਾ ਵਿਕਾਸ ਦੋਵਾਂ ਦੇਸ਼ਾਂ ਦੇ ਹਿਤਾਂ ਦੀ ਪੂਰਤੀ ਕਰਦਾ ਹੈ। ਖਾਸ ਕਰਕੇ, ਰੇਡੀਓ-ਇਲੈਕਤਰਾਨਿਕਸ ਤੇ ਕੰਪਿਊਟਰ ਸਾਜ਼-ਸਾਮਾਨ ਦੇ ਖੇਤਰ ਵਿਚ ਮਿਲਵਰਤਣ ਕਾਇਮ ਕਰਨ ਲਈ ਅਮਲੀ ਕਦਮ ਲਏ ਵੀ ਜਾ ਚੁਕੇ ਹਨ। ਪੰਜਵੇਂ ਵਪਾਰ ਸਮਝੌਤੇ (1976-1980) ਅਧੀਨ ਸੋਵੀਅਤ ਯੂਨੀਅਨ ਭਾਰਤ ਨੂੰ ਬਿਜਲਈ ਕੰਪਿਊਟਰ, ਯੰਤਰ ਤੇ ਟੈਲੀ-ਸੰਚਾਰ ਸਾਜ਼-ਸਾਮਾਨ ਦੇ ਰਿਹਾ ਹੈ ਜਦੋਂ ਕਿ ਭਾਰਤ ਸੋਵੀਅਤ ਯੂਨੀਅਨ ਨੂੰ ਇਲੈਕਟ੍ਰਾਨਿਕ ਕੈਲਕੂਲੇਟਰ, ਹਿਸੇ ਪੁਰਜ਼ੇ ਅਤੇ ਹਲਕੀਆਂ-ਫੁਲਕੀਆਂ ਚੀਜ਼ਾਂ ਸਪਲਾਈ ਕਰ ਰਿਹਾ ਹੈ।

ਸੋਵੀਅਤ ਯੂਨੀਅਨ ਅਤੇ ਭਾਰਤ ਵਿਚਕਾਰ ਪੰਜਵੇਂ ਵਪਾਰ ਸਮਝੌਤੇ ਅਧੀਨ ਉਹਨਾਂ ਵਿਚਕਾਰ ਵਪਾਰ 1980 ਤਕ 50 ਫੀ ਸਦੀ ਵਧ ਜਾਵੇਗਾ। ਇਸ ਤਰ੍ਹਾਂ ਚਾਲੂ ਪੰਜ ਸਾਲਾ ਸਮੇਂ ਵਿਚ ਦੋਵਾਂ ਦੇਸ਼ਾਂ ਵਿਚਕਾਰ ਵਪਾਰ ਤਿੰਨ ਸਾਬਕਾ ਵਪਾਰ ਸਮਝੌਤਿਆਂ (1954 1970) ਅਧੀਨ ਉਹਨਾਂ ਦੀ ਮਿਲਵਰਤਣ ਦੇ ਸਮੁੱਚੇ ਸਮੇਂ ਦੇ ਵਪਾਰ ਨਾਲੋਂ ਵਧ ਜਾਵੇਗਾ।

ਅੰਤ ਵਿਚ ਮੈਂ ਸੋਵੀਅਤ ਯੂਨੀਅਨ ਅਤੇ ਭਾਰਤ ਦੀਆਂ ਵਪਾਰਕ ਜਥੇਬੰਦੀਆਂ ਵਲੋਂ ਅਮਨ, ਮਿਤਰਤਾ ਤੇ ਮਿਲਵਰਤਣ ਦੀ ਸੰਧੀ ਦੀ ਸਹੀਬੰਦੀ ਮਗਰੋਂ ਅਤੇ ਐਲ. ਆਈ. ਬਰੈਜ਼ਨੇਵ ਦੇ ਭਾਰਤ ਦੇ ਦੌਰੇ ਮਗਰੋਂ ਉਹਨਾਂ ਨੂੰ ਪ੍ਰਾਪਤ ਵਿਸ਼ਾਲ ਮੌਕਿਆਂ ਦੀ ਸਫਲ ਵਰਤੋਂ ਉਤੇ ਜ਼ੋਰ ਦੇਵਾਂਗਾ। ਪਰਧਾਨ ਮੰਤਰੀ ਸ੍ਰੀ ਮੋਰਾਰਜੀ ਡੀਸਾਈ ਦੇ ਸੋਵੀਅਤ ਯੂਨੀਅਨ ਦੇ ਪਿਛੇ ਜਿਹੇ ਦੇ ਦੌਰੇ ਨੇ ਸਾਡੇ ਦੇਸ਼ਾਂ ਵਿਚਕਾਰ ਰਵਾਇਤੀ ਦੋਸਤਾਨਾ ਸਬੰਧਾਂ ਦੀ ਹੋਰ ਮਜ਼ਬੂਤੀ ਲਈ ਅਤੇ ਸੋਵੀਅਤ-ਭਾਰਤੀ ਵਪਾਰਕ ਸਬੰਧਾਂ ਦਾ ਹੋਰ ਪਸਾਰ ਕਰਨ ਦੀਆਂ ਨਵੀਆਂ ਸੰਭਾਵਨਾਵਾਂ ਦੀ ਤਲਾਸ਼ ਕਰਨ ਲਈ ਰਾਹ ਪੱਧਰਾ ਕਰ ਦਿਤਾ ਹੈ। ●



Namdhari Elibrary NamdhariElibrary@gmail.com

ੴ

ਸ੍ਰੀ ਸਤਿਗੁਰੂ ਰਾਮ ਸਿੰਘ ਜੀ ਸਹਾਇ

Phones : Office : 269656
: 275938
Resi. : 213054

# ਟੈਂਟ ਹਾਊਸ ਵਾਲਿਆਂ ਵਾਸਤੇ ਖੁਸ਼ਖਬਰੀ

ਛਪੀਆ, ਦਿਲਕਸ਼ ਵੰਨ ਸੁਵੰਨੇ ਸੁੰਦਰ ਡੀਜ਼ਾਈਨਾਂ ਤੇ ਗਰੰਟੀ ਸ਼ੁਦਾ ਪੱਕੇ ਰੰਗਾਂ ਵਿਚ ਬਣੇ
ਟੁਕੜੀਦਾਰ ਪਰਿੰਟ ਸ਼ਾਮਿਆਨੇ, ਕਨਾਤਾਂ, ਲਕੜੀ ਤੇ ਸਟੀਲ ਦੇ
ਫਰਨੀਚਰ ਲਈ ਪਧਾਰੋ ਜਾਂ ਲਿਖੋ।

## ਨਾਮਧਾਰੀ ਏਜੰਸੀਜ਼

੨/੨੦੬੮ ਚਾਹ ਅੰਦਾਰਾ, ਜੁਬਲੀ ਸਿਨਮਾ ਦੇ ਪਿਛੇ

ਚਾਂਦਨੀ ਚੌਂਕ ਦਿਲੀ ੧੧੦੦੦੬.

Manufacturers & Suppliers of :

TUKRIDAR PRINTED SHAMIANAS & KANATS

OR ALL KINDS, IN ATTRACTIVE AND GUARANTEED FAST COLOURS;

WOODEN & STEEL FURNITURE

PLEASE CONTACT

# NAMDHARI AGENCIES

**2/2068 CHAH ANDARA.**

**(Behind Jubilee Cinema)**

**CHANDNI CHOWK, DELHI-110006**





Namdhari Elibrary NamdhariElibrary@gmail.com

Registered : P/JL—97 MONTHLY WARIAM Special
Registered with the registrar of News Papers for India No. 26453/75

੧ੴ
ਸ੍ਰੀ ਸਤਿਗੁਰੂ ਰਾਮ ਸਿੰਘ ਜੀ ਸਹਾਇ।

# ASOKA BI CUIT

ਭਰਪੂਰ ਤੰਦਰੁਸਤੀ ਅਤੇ ਵਧੀਆ ਲਈ ਵਰਤੋ




**WANTED SUB DEALERS**

ਡੀਲਰ ਸ਼ਿਪ ਲਈ ਲਿਖੋ ਜਾਂ ਮਿਲੋ

Phone : 2

## *NAMDHARI SALES AGENCIES*

***CHANDIGARH***

---

Phone : 5

# BAKSHISH SWEETS BHANDAR

**·Satguru Partap Singh Market, 10166 Gurdwara Road.**

**KAROL BAGH — NEW DELHI-110005**

ਐਡੀਟਰ, ਪ੍ਰਿੰਟਰ, ਪ੍ਰਕਾਸ਼ਕ ਤੇ ਮਾਲਕ ਜਗਦੀਸ਼ ਸਿੰਘ ਨੇ ਨਾਮਧਾਰੀ ਪ੍ਰਿੰਟਰਜ਼, ਲਾਡੋਵਾਲੀ ਰੋਡ, ਜਲੰਧਰ ਤੋਂ ਛਪਵਾ
ਦਫ਼ਤਰ ਵਰਿਆਮ ਲਾਡੋਵਾਲੀ ਰੋਡ ਜਲੰਧਰ ਤੋਂ ਪ੍ਰਕਾਸ਼ਤ ਕੀਤਾ। ਪ੍ਰਕਾਸ਼ਨ ਮਿਤੀ 25-1-1978

Namdhari Elibrary NamdhariElibrary@gmail.com